PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

3rd - 10th April 2025 • Issue No. 3074

Europe's Leading Panjabi Weekly Since 1965

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

# ਪਾਸਟਰ ਬਜਿੰਦਰ ਦਾ ਨਹੀਂ ਚਲਿਆ ਜਾਦੂ, ਮੁਹਾਲੀ ਕੋਰਟ ਨੇ ਸੁਣਾਈ ਉਮਰ ਕੈਦ ਦੀ ਸਜ਼ਾ

**ਕਵਰ ਸਟੋਰੀ**

## ✡ ਜੀਉਂਦੇ ਰਹਿਣ ਤੱਕ ਭੋਗੇਗਾ ਜੇਲ ✡ ਪੀੜਤ ਬੀਬੀਆਂ ਦੇ ਹੱਕ ਵਿਚ ਡਟੇ ਜਥੇਦਾਰ ਅਕਾਲ ਤਖ਼ਤ ਸਾਹਿਬ, ਨਿਆਂ ਦਿਵਾਉਣ ਦਾ ਕੀਤਾ ਵਾਅਦਾ ✡ ਜਥੇਦਾਰ ਵਲੋਂ ਸਰਕਾਰ ਨੂੰ ਤਾੜਨਾ ਬਲਾਤਕਾਰੀ, ਪਖੰਡੀ, ਠੱਗ ਸਾਧਾਂ ਨੂੰ ਪ੍ਰਮੋਟ ਨਾ ਕਰੇ ਸਰਕਾਰ

ਜਿਹੜਾ ਪਾਸਟਰ ਬਜਿੰਦਰ ਸਿੰਘ ਜਾਦੂਈ ਸ਼ਕਤੀਆਂ ਦਾ ਦਾਅਵਾ ਕਰਦਾ ਸੀ ਕਿ ਉਹ ਲੋਕਾਂ ਦੇ ਰੋਗ ਦੂਰ ਕਰ ਸਕਦਾ ਹੈ। ਮੁਰਦਿਆਂ ਵਿਚ ਜਾਨ ਫੂਕ ਸਕਦਾ ਹੈ, ਜੇਲਾਂ ਵਿਚੋਂ ਬੰਦੇ ਛੁਡਾ ਸਕਦਾ ਹੈ,ਪਰ ਅਦਾਲਤ ਸਾਹਮਣੇ ਉਸਦਾ ਜਾਦੂ ਨਹੀਂ ਚਲ ਸਕਿਆ।ਬਲਾਤਕਾਰ ਦੇ ਕੇਸ ਵਿਚ ਮੋਹਾਲੀ ਦੀ ਅਦਾਲਤ ਨੇ ਉਮਰ ਕੈਦ ਸੁਣਾ ਦਿੱਤੀ। ਇਸ ਦੇ ਨਾਲ ਹੀ ਅਦਾਲਤ ਨੇ ਉਸ ਨੂੰ 1 ਲੱਖ ਰੁਪਏ ਜ਼ੁਰਮਾਨਾ ਵੀ ਲਗਾਇਆ ਗਿਆ ਹੈ। ਜਾਣਕਾਰੀ ਅਨੁਸਾਰ, ਪਾਸਟਰ ਬਜਿੰਦਰ 'ਤੇ ਬਲਾਤਕਾਰ ਦੇ ਗੰਭੀਰ ਦੋਸ਼ ਸਨ, ਜਿਸ ਦੀ ਸ਼ਿਕਾਇਤ ਪੀੜਤਾ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਗਈ ਸੀ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਸਾਰੇ ਸਬੂਤਾਂ ਅਤੇ ਗਵਾਹੀਆਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਖ਼ਤ ਫੈਸਲਾ ਸੁਣਾਇਆ।ਇਸ ਫੈਸਲੇ ਨੂੰ ਸਮਾਜ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਨਿਆਂ ਪ੍ਰਣਾਲੀ ਦੀ ਮਜ਼ਬੂਤੀ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਸਥਾਨਕ ਲੋਕਾਂ ਅਤੇ ਸਮਾਜਿਕ ਸੰਗਠਨਾਂ ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਅਪਰਾਧੀਆਂ ਲਈ ਸਖ਼ਤ ਸੁਨੇਹਾ ਕਰਾਰ ਦਿੱਤਾ ਹੈ। ਇਸ ਫੈਸਲੇ ਨਾਲ ਪੀੜਤ ਪਰਿਵਾਰ ਨੂੰ ਵੀ ਇਨਸਾਫ ਮਿਲਣ ਦੀ ਉਮੀਦ ਜਾਗੀ ਹੈ।

### 2018 ਦਾ ਹੈ ਇਹ ਮਾਮਲਾ

ਬਜਿੰਦਰ ਪਾਸਟਰ ਵਿਰੁੱਧ 2018 ਵਿੱਚ ਮੋਹਾਲੀ ਦੇ ਜ਼ੀਰਕਪੁਰ ਪੁਲਿਸ ਸਟੇਸ਼ਨ ਵਿੱਚ ਬਲਾਤਕਾਰ, ਹਮਲੇ ਅਤੇ ਧਮਕੀਆਂ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਸੀ। ਔਰਤ ਨੇ ਕਿਹਾ ਕਿ ਉਹ ਵਿਦੇਸ਼ ਵਿੱਚ ਸੈਟਲ ਹੋਣਾ ਚਾਹੁੰਦੀ ਹੈ। ਇਸ ਲਈ ਉਸਨੇ ਬਜਿੰਦਰ ਨਾਲ ਸੰਪਰਕ ਕੀਤਾ। ਬਜਿੰਦਰ ਉਸਨੂੰ ਮੋਹਾਲੀ ਦੇ ਸੈਕਟਰ 63 ਵਾਲੇ ਆਪਣੇ ਘਰ ਲੈ ਗਿਆ। ਜਿੱਥੇ ਉਸਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਵੀਡੀਓ ਬਣਾਈ। ਇਸ ਮਾਮਲੇ ਵਿੱਚ ਕੇਸ ਦਰਜ ਹੋਣ ਤੋਂ ਬਾਅਦ, ਬਜਿੰਦਰ ਸਿੰਘ ਨੂੰ 2018 ਵਿੱਚ ਹੀ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਬਜਿੰਦਰ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਇਸ ਮਹੀਨੇ ਦੇ ਸ਼ੁਰੂ ਵਿੱਚ, 3 ਮਾਰਚ ਨੂੰ, ਅਦਾਲਤ ਨੇ ਬਜਿੰਦਰ ਅਤੇ ਪੰਜ ਹੋਰ ਮੁਲਜ਼ਮਾਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ। 28 ਮਾਰਚ ਨੂੰ ਮੋਹਾਲੀ ਅਦਾਲਤ ਨੇ ਇਸ ਮਾਮਲੇ ਵਿੱਚ ਬਜਿੰਦਰ ਸਿੰਘ ਨੂੰ ਦੋਸ਼ੀ ਪਾਇਆ। ਬਾਕੀ ਪੰਜ ਦੋਸ਼ੀਆਂ ਪਾਸਟਰ ਜਤਿੰਦਰ ਕੁਮਾਰ ਅਤੇ ਅਕਬਰ ਭੱਟੀ, ਰਾਜੇਸ਼ ਚੌਧਰੀ, ਸਿਤਾਰ ਅਲੀ ਅਤੇ ਸੰਦੀਪ ਪਹਿਲਵਾਨ ਨੂੰ ਬਰੀ ਕਰ ਦਿੱਤਾ ਗਿਆ। ਇੱਕ ਦੋਸ਼ੀ, ਸੁੱਚਾ ਸਿੰਘ, ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਹੈ।

ਅਦਾਰਾ ਪੰਜਾਬ ਟਾਈਮਜ਼ ਨੇ ਪਿਛਲੇ 15 ਸਾਲਾਂ ਤੋਂ ਅਜਿਹੇ ਪਖੰਡੀ ਨਜੂਮੀ ਅਤੇ ਧਰਮ ਦੇ ਨਾਂ ਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਬਾਬਿਆਂ ਦੇ ਖਿਲਾਫ਼ ਮੁਹਿੰਮ ਚਲਾਈ ਹੋਈ ਹੈ। ਬਾਬਿਆਂ ਵੱਲੋਂ ਲੱਖਾਂ ਪੌਂਡਾਂ ਦੇ ਇਸ਼ਤਿਹਾਰ ਦੇਣ ਦੀ ਕਈ ਵਾਰ ਪੇਸ਼ਕਸ਼ ਕਰਨ ਤੇ ਵੀ ਅਦਾਰੇ ਨੇ ਇਹਨਾਂ ਦੇ ਇਸ਼ਤਿਹਾਰ ਸਵੀਕਾਰ ਨਹੀਂ ਕੀਤੇ ਅਤੇ ਇਹਨਾਂ ਦੇ ਖਿਲਾਫ਼ ਅਦਾਲਤਾਂ ਤੱਕ ਵੀ ਕਾਰਵਾਈ ਵਿੱਚ ਉਹਨਾਂ ਲੋਕਾਂ ਦੀ ਮਦਦ ਕੀਤੀ ਜਿਹਨਾਂ ਦਾ ਇਹ ਆਰਥਿਕ ਤੇ ਸਰੀਰਕ ਸ਼ੋਸ਼ਣ ਕਰਦੇ ਸਨ। ਕੁੱਝ ਇੱਕ ਨੂੰ ਜੇਹਲ ਵੀ ਕਰਵਾਈ ਗਈ। ਅਦਾਰਾ ਪੰਜਾਬ ਟਾਈਮਜ਼ ਅਪੀਲ ਕਰਦਾ ਹੈ ਕਿ ਅਜਿਹੇ ਨਕਲੀ ਬਾਬਿਆਂ ਦਾ ਡਟ ਕੇ ਵਿਰੋਧ ਕੀਤਾ ਜਾਵੇ। ਇਹਨਾਂ ਵਿੱਚ ਲੱਗ ਭੱਗ ਬਹੁਤੇ ਠੱਗ ਹੀ ਹੁੰਦੇ ਹਨ। ਜਿੱਥੇ ਇਹ ਲੋਕਾਂ ਦਾ ਸਰਮਾਇਆ ਲੁੱਟਦੇ ਹਨ, ਉਥੇ ਅਣਭੋਲ ਤੇ ਪਹਿਲਾਂ ਹੀ ਦੁਖੀ ਔਰਤਾਂ ਦਾ ਸਰੀਰਕ ਸ਼ੋਸ਼ਣ ਵੀ ਕਰਦੇ ਹਨ। ਇਹੋ ਜਿਹੇ ਪੁੱਠੇ ਕੰਮ ਕਰਨ ਵਾਲੇ ਨਕਲੀ ਬਾਬੇ ਇੰਗਲੈਂਡ ਵਿੱਚ ਵੀ ਬਥੇਰੇ ਹਨ, ਜਿਹਨਾਂ ਨੂੰ ਅਸੀਂ ਨੱਥ ਪਾਈ ਸੀ। ਜਿਸ ਕਿਸੇ ਨਾਲ ਵੀ ਕਿਸੇ ਧਰਮ ਦੇ ਬਾਬੇ ਨੇ ਸ਼ੋਸ਼ਣ ਕੀਤਾ ਹੋਵੇ ਉਹਨਾਂ ਨੂੰ ਸਾਹਮਣੇ ਆ ਕੇ ਅਦਾਲਤਾਂ ਵਿੱਚ ਕੇਸ ਕਰਨੇ ਚਾਹੀਦੇ ਹਨ। ਇਹਨਾਂ ਬਾਬਿਆਂ ਦਾ ਕੋਈ ਧਰਮ ਨਹੀਂ ਹੁੰਦਾ। ਇਹ ਕਿਸੇ ਵੀ ਧਰਮ ਦਾ ਪਹਿਰਾਵਾ ਪਾ ਲੈਂਦੇ ਨੇ ਤੇ ਕੰਮ ਲੋਕਾਂ ਦਾ ਸ਼ੋਸ਼ਣ ਕਰਨਾ ਹੀ ਹੁੰਦਾ ਹੈ। ਅਦਾਰਾ ਹੋਰ ਵੀ ਪੰਜਾਬੀ ਪੇਪਰ ਤੇ ਸੋਸ਼ਲ ਮੀਡੀਏ ਨੂੰ ਅਪੀਲ ਕਰਦਾ ਹੈ ਕਿ ਉਹ ਆਪਣੇ ਚੈਨਲਾਂ ਉਤੇ ਇਹਨਾਂ ਬਾਬਿਆਂ ਦੇ ਇਸ਼ਤਿਹਾਰ ਚਲਾਉਣੇ ਬੰਦ ਕਰਨ ਤਾਂ ਕਿ ਸਾਡਾ ਸਮਾਜ ਇਹਨਾਂ ਦੇ ਚੁੰਗਲ ਵਿੱਚ ਫਸਣ ਤੋਂ ਬਚ ਸਕੇ ਅਤੇ ਮਾਸੂਮ ਲੋਕਾਂ ਦਾ ਸ਼ੋਸ਼ਣ ਨਾ ਹੋਵੇ। -ਅਦਾਰਾ ਪੰਜਾਬ ਟਾਈਮਜ਼



### ਪਾਸਟਰ ਬਜਿੰਦਰ ਕੌਣ ਹੈ ?

ਪਾਸਟਰ ਬਜਿੰਦਰ ਦਾ ਸਬੰਧ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਨਾਲ ਹੈ ਅਤੇ ਉਹ ਜਾਟ ਭਾਈਚਾਰੇ ਨਾਲ ਸਬੰਧਤ ਹੈ। ਉਸ ਦੇ ਚਰਚ ਦੀਆਂ ਪੂਰੇ ਦੇਸ਼ ਵਿੱਚ 260 ਇਕਾਈਆਂ ਹਨ ਅਤੇ ਸਭ ਤੋਂ ਵੱਡੀ ਬਰਾਂਚ ਮੁਹਾਲੀ ਜ਼ਿਲ੍ਹੇ ਦੇ ਨਿਊ ਚੰਡੀਗੜ੍ਹ ਵਿੱਚ ਹੈ। ਪਾਸਟਰ ਬਜਿੰਦਰ ਜਲੰਧਰ ਜ਼ਿਲ੍ਹੇ ਦੇ ਪਿੰਡ ਤਾਜਪੁਰ ਵਿੱਚ ਇੱਕ ਚਰਚ ਚਲਾਉਂਦਾ ਹੈ। ਜਿਸ ਨੂੰ 'ਗਲੋਰੀ ਆਫ ਵਿਜ਼ਡਮ ਚਰਚ' ਕਿਹਾ ਜਾਂਦਾ ਹੈ। ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਜਾਟ ਪਰਿਵਾਰ ਵਿੱਚ ਜੰਮੇ, ਬਜਿੰਦਰ ਨੇ ਲਗਭਗ 15 ਸਾਲ ਪਹਿਲਾਂ ਇੱਕ ਕਤਲ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹੋਣ 'ਤੇ ਈਸਾਈ ਧਰਮ ਅਪਣਾ ਲਿਆ ਸੀ।

**ਸੂਰਤ ਭੋਲੀ, ਪਰ ਕੰਮ ਹੈਵਾਨਾਂ ਵਾਲੇ**

### ਜਥੇਦਾਰ ਅਕਾਲ ਤਖਤ ਪੀੜਤ ਬੀਬੀਆਂ ਦੇ ਹੱਕ ਵਿਚ ਡਟੇ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਖੌਤੀ ਪਾਸਟਰ ਬਜਿੰਦਰ ਵੱਲੋਂ ਪੀੜਤ ਦੋ ਬੀਬੀਆਂ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਲਾਕਾਤ ਕੀਤੀ। ਅੰਮ੍ਰਿਤਸਰ ਪੁੱਜੀਆਂ ਪੀੜਤ ਬੀਬੀਆਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਦੌਰਾਨ ਦੋਸ਼ੀ ਬਜਿੰਦਰ ਵੱਲੋਂ ਉਨ੍ਹਾਂ ਉੱਤੇ ਕੀਤੇ ਗਏ ਜ਼ੁਲਮਾਂ ਦੀ ਜਾਣਕਾਰੀ ਵਿਸਥਾਰ ਵਿੱਚ ਸਾਂਝੀ ਕੀਤੀ।

ਬਾਕੀ ਖਬਰ ਪੰਨਾ 6 'ਤੇ ਦੇਖੋ

## ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪੰਜਾਬੀ ਸਿੱਖਿਆ ਅਧਿਆਪਕ ਸਿਖਲਾਈ (ਯੂ ਕੇ) ਅਤੇ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੁਆਰਾ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਵੈਸਟ ਮਿਡਲੈਂਡਜ਼ ਪੰਜਾਬੀ ਕਾਨਫਰੰਸ ਕਰਵਾਈ







ਖਬਰ ਅੰਦਰ ਦੇਖੋ



# ਸੰਖੇਪ ਬਿਮਾਰੀ ਤੋਂ ਬਾਅਦ ਕਿੰਗ ਚਾਰਲਸ ਵੱਲੋਂ ਕੰਮ-ਕਾਜ ਸ਼ੁਰੂ



ਬਰਤਾਨੀਆ ਦੇ ਕਿੰਗ ਚਾਰਲਸ ਆਪਣੇ ਕੰਮ ਕਾਜ ਤੇ ਪਰਤ ਆਏ ਹਨ। ਇਹ ਪਤਾ ਲੱਗਿਆ ਹੈ ਕਿ ਉਹ ਪੱਛਮੀ ਇੰਗਲੈਂਡ ਵਿੱਚ ਆਪਣੇ ਹਾਈਗਰੋਵ ਘਰ ਵਿੱਚ ਆਰਾਮਦਾਇਕ ਵੀਕਐਂਡ ਮਨਾਉਣ ਬਾਅਦ ਵਿੰਡਸਰ ਕੈਸਲ ਗਏ ਜਿੱਥੇ ਉਹ ਇੱਕ ਆਮ ਕੰਮਕਾਜੀ ਹਫ਼ਤੇ ਦੀ ਤਿਆਰੀ ਕਰਨਗੇ। ਇਸ ਤੋਂ ਪਹਿਲਾਂ ਕਿੰਗ ਚਾਰਲਸ ਤੀਜੇ ਨੂੰ ਕੈਂਸਰ ਦੇ ਇਲਾਜ ਤੋਂ ਬਾਅਦ ਸਮੱਸਿਆ ਆਉਣ ਕਾਰਨ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਬਕਿੰਘਮ ਪੈਲੇਸ ਦੇ ਬੁਲਾਰੇ ਨੇ ਦੱਸਿਆ ਕਿ ਚਾਰਲਸ (76) ਨੂੰ ਕੁਝ ਸਮੇਂ ਲਈ ਹਸਪਤਾਲ ਲਿਜਾਇਆ ਗਿਆ। ਦੱਸਣਾ ਬਣਦਾ ਹੈ ਕਿ ਕਿੰਗ ਚਾਰਲਸ ਨੂੰ ਪਿਛਲੇ ਸਾਲ ਫਰਵਰੀ ਚ ਕੈਂਸਰ ਦੀ ਬਿਮਾਰੀ ਦਾ ਪਤਾ ਲੱਗਿਆ ਸੀ। ਹਾਲੇ ਇਹ ਪਤਾ ਨਹੀਂ ਲੱਗਿਆ ਕਿ ਕੈਂਸਰ ਦੇ ਇਲਾਜ ਦੇ ਉਨ੍ਹਾਂ ਤੇ ਕੀ ਪ੍ਰਭਾਵ ਪਏ ਹਨ।




Geographical restrictions apply. For full details visit specsavers.co.uk/home-visits

# ਸ਼੍ਰੋਮਣੀ ਕਮੇਟੀ ਜਥੇਦਾਰ ਦੀ ਯੋਗਤਾ, ਨਿਯੁਕਤੀ ਸੰਬੰਧੀ ਨਿਯਮ ਬਣਾਏਗੀ

**ਖਾਸ ਖਬਰ**

## ✪ ਧਾਮੀ ਨੇ ਪੰਥਕ ਜਥੇਬੰਦੀਆਂ ਤੋਂ 20 ਅਪ੍ਰੈਲ ਤੱਕ ਮੰਗੇ ਸੁਝਾਅ ✪ ਸਿੱਖ ਮਾਮਲਿਆਂ ਵਿਚ ਸਰਕਾਰੀ ਦਖ਼ਲ ਅੰਦਾਜ਼ੀ ਤੋਂ ਔਖੇ ਧਾਮੀ ✪ ਟਕਸਾਲ ਨੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਚਿਤਾਵਨੀ ਕਿ ਸਿੰਘ ਸਾਹਿਬਾਨ ਦੀ ਬਹਾਲੀ ਤੱਕ ਸੰਘਰਸ਼ ਕਰਾਂਗੇ

ਬੀਤੇ ਦਿਨ ਬਜਟ ਇਜਲਾਸ ਦੌਰਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾਮੁਕਤੀ ਸੰਬੰਧੀ ਨਿਯਮ ਬਨਾਉਣ ਲਈ ਸਿਧਾਂਤਕ ਪ੍ਰਵਾਨਗੀ ਦਾ ਮਤਾ ਪਾਸ ਕਰਾਉਣ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਅਤੇ ਸੇਵਾ ਮੁਕਤੀ ਸੰਬੰਧੀ ਨਿਯਮ ਨਿਰਧਾਰਤ ਕਰਨ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਤੇ ਦੇਸ਼ ਵਿਦੇਸ਼ ਵਿਚ ਵੱਸਦੇ ਵਿਦਵਾਨਾਂ ਨੂੰ 20 ਅਪ੍ਰੈਲ ਤੱਕ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਇਹ ਸੁਝਾਅ ਸ਼੍ਰੋਮਣੀ ਕਮੇਟੀ ਨੂੰ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ info@sgpc.net ਅਤੇ ਵਟਸਐਪ ਨੰਬਰ 7710136200 ਉਤੇ ਭੇਜੇ ਜਾਣ।

ਇਥੇ ਜ਼ਿਕਰਯੋਗ ਕਿ ਕੌਮ ਦੀ ਇਹ ਚਿਰੋਕਣੀ ਮੰਗ ਰਹੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦੇ ਸਤਿਕਾਰ ਅਤੇ ਮਹੱਤਵ ਦੇ ਮੱਦੇਨਜ਼ਰ ਸੇਵਾ ਨਿਯਮ ਤੈਅ ਕੀਤੇ ਜਾਣ, ਜਿਸ ਨੂੰ ਲੈ ਕੇ ਬੀਤੇ ਦਿਨੀਂ ਜਨਰਲ ਇਜਲਾਸ ਵਿਚ ਸਿਧਾਂਤਕ ਪ੍ਰਵਾਨਗੀ ਦਾ ਮਤਾ ਪਾਸ ਕੀਤਾ ਗਿਆ ਸੀ। ਇਤਿਹਾਸ ਵਿਚ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ 'ਚ ਸੰਗਤਾਂ ਦੇ ਰੋਸ ਕਾਰਣ ਜਥੇਦਾਰ ਸਾਹਿਬ ਦੀ ਸ਼ਮੂਲੀਅਤ ਨਹੀਂ ਹੋਈ ਤਾਂ ਜੋ ਹਾਲਾਤ ਨਾ ਵਿਗੜ ਜਾਣ। ਜਦੋਂਕਿ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਅਤੇ ਗ੍ਰੰਥੀ ਗਿਆਨੀ ਕੇਵਲ ਸਿੰਘ ਇਜਲਾਸ ਵਿਚ ਜ਼ਰੂਰ ਸ਼ਾਮਿਲ ਹੋਏ।

ਦੂਜੇ ਪਾਸੇ ਇਹ ਨਿਯਮ ਲਾਗੂ ਕਰਾਉਣ ਲਈ ਦਮਦਮੀ ਟਕਸਾਲ ਨੇ ਸ੍ਰੋਮਣੀ ਕਮੇਟੀ ਉਪਰ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ।ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸੰਤ ਸਮਾਜ ਵਲੋਂ ਤਖ਼ਤਾਂ ਦੀ ਮਾਣ ਮਰਿਆਦਾ ਅਤੇ ਤਿੰਨ ਸਿੰਘ ਸਾਹਿਬਾਨ ਦੀ ਬਹਾਲੀ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਰੋਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਵਿਚ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਫੈਡਰੇਸ਼ਨਾਂ, ਚੀਫ਼ ਖ਼ਾਲਸਾ ਦੀਵਾਨ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ, ਕਾਰ ਸੇਵਾ ਵਾਲੇ ਮਹਾਂਪੁਰਸ਼, ਸੇਵਾ ਪੰਥੀ, ਨਿਰਮਲੇ ਸੰਤਾਂ ਦੇ ਨੁਮਾਇੰਦੇ ਸ਼ਾਮਲ ਸਨ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਹਟਾਏ ਗਏ ਸਿੰਘ ਸਾਹਿਬਾਨ ਜਿੰਨਾ ਚਿਰ ਬਹਾਲ ਨਹੀਂ ਹੋ ਜਾਂਦੇ, ਸਾਡਾ ਸੰਘਰਸ਼ ਜਾਰੀ ਰਹੇਗਾ।

### ਪੰਜਾਬ ਸਰਕਾਰ ਤੋਂ ਔਖੀ ਸ੍ਰੋਮਣੀ ਕਮੇਟੀ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵਲੋਂ ਸਿੱਖ ਮਸਲਿਆਂ ਵਿਚ ਕਥਿਤ ਤੌਰ 'ਤੇ ਦਖਲ ਅੰਦਾਜ਼ੀ ਕਰਨ ਦਾ ਕਰੜਾ ਨੋਟਿਸ ਲੈਂਦਿਆਂ ਸਰਕਾਰ ਨੂੰ ਨਸੀਹਤ ਦਿੱਤੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਰਹਿ ਕੇ ਸੂਬੇ ਦੇ ਹਾਲਾਤ ਸੁਧਾਰਨ ਵੱਲ ਧਿਆਨ ਦੇਵੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਵਿਧਾਨ ਸਭਾ ਅੰਦਰ ਨੀਤੀਗਤ ਢੰਗ ਨਾਲ ਸਿੱਖ ਮਾਮਲਿਆਂ ਵਿਚ ਦਖਲ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਸਿੱਖ ਆਪਣੇ ਮਸਲੇ ਖੁਦ ਹੱਲ ਕਰਨਾ ਜਾਣਦੇ ਹਨ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀ ਸਿੱਖ ਮਸਲਿਆਂ ਵਿਚ ਜੇਕਰ ਇੰਨੀ ਹੀ ਦਿਲਚਸਪੀ ਹੈ ਤਾਂ ਇਹ ਬੰਦੀ ਸਿੰਘਾਂ ਦਾ ਮਸਲਾ ਹੱਲ ਕਰਵਾਏ। ਉਨ੍ਹਾਂ ਆਖਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਿੱਲੀ ਦੀ ਸਰਕਾਰ ਦੇ ਹੱਥ ਵਿਚ ਸੀ, ਜਿਸ ਪ੍ਰਤੀ ਇਨ੍ਹਾਂ ਨੇ ਜਾਣਬੁੱਝ ਕੇ ਨਾਕਾਰਾਤਮਕ ਰਵੱਈਆ ਅਖਤਿਆਰ ਕਰੀ ਰੱਖਿਆ।

## ਸ਼੍ਰੋਮਣੀ ਕਮੇਟੀ ਵਲੋਂ 13.86 ਅਰਬ ਦਾ ਬਜਟ ਪਾਸ

### ✪ ਬੀਬੀ ਕਿਰਨਜੋਤ ਕੌਰ ਨਾਲ ਦੁਰਵਿਵਹਾਰ ਕਰਨ ਦੇ ਦੋਸ਼



ਸ਼੍ਰੋਮਣੀ ਕਮੇਟੀ ਦਾ ਵਿੱਤੀ ਵਰ੍ਹੇ 2025-26 ਲਈ 13 ਅਰਬ 86 ਕਰੋੜ 47 ਲੱਖ 80 ਹਜ਼ਾਰ ਰੁਪਏ ਦਾ ਅਨੁਮਾਨਿਤ ਬਜਟ ਬੀਤੇ ਦਿਨੀਂ ਇਤਿਹਾਸਕ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਨੇਪਰੇ ਚੜ੍ਹੇ ਇਜਲਾਸ ਦੌਰਾਨ ਹਾਜ਼ਰ ਮੈਂਬਰਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ ਸੀ। ਜਥੇ: ਮੰਡਵਾਲਾ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਧਾਮੀ ਦੀ ਅਗਵਾਈ ਵਿਚ ਸਿੱਖ ਸੰਸਥਾ ਨੇ ਧਰਮ ਪ੍ਰਚਾਰ, ਵਿੱਦਿਆ ਦੇ ਪ੍ਰਚਾਰ ਪ੍ਰਸਾਰ, ਪੰਥਕ ਕਾਰਜਾਂ ਅਤੇ ਲੋਕ ਭਲਾਈ ਵਾਸਤੇ ਅਹਿਮ ਕਾਰਜ ਕੀਤੇ ਹਨ ਅਤੇ ਇਸ ਵਾਰ ਵੀ ਬਜਟ ਵਿਚ ਇਨ੍ਹਾਂ ਖੇਤਰਾਂ ਲਈ ਵਿਸ਼ੇਸ਼ ਰਾਸ਼ੀ ਦਾ ਇੰਤਜਾਮ ਕੀਤਾ ਗਿਆ ਹੈ। ਇਸ ਦੌਰਾਨ ਜਿਥੇ ਵਿਰੋਧੀ ਧਿਰ ਨਾਲ ਸੰਬੰਧਿਤ ਮੈਂਬਰਾਂ ਵਲੋਂ ਇਜਲਾਸ ਦੌਰਾਨ ਅੰਤ੍ਰਿੰਗ ਕਮੇਟੀ ਵਲੋਂ ਤਿੰਨ ਜਥੇਦਾਰਾਂ ਦੀ ਬਰਖ਼ਾਸਤਗੀ ਸੰਬੰਧੀ ਬੀਤੇ ਦਿਨੀਂ ਪਾਸ ਕੀਤੇ ਦੋ ਮਤੇ ਰੱਦ ਨਾ ਕੀਤੇ ਜਾਣ ਦੇ ਰੋਸ ਵਜੋਂ ਇਜਲਾਸ 'ਚੋਂ ਵਾਕਆਊਟ ਕਰਕੇ ਵਿਰੋਧ ਦਰਜ ਕਰਾਇਆ ਗਿਆ ਪਰ ਇਸ ਦੇ ਬਾਵਜੂਦ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਜਨਰਲ ਸਕੱਤਰ ਜਥੇ: ਸ਼ੇਰ ਸਿੰਘ ਮੰਡ ਵਲੋਂ ਪੇਸ਼ ਕੀਤਾ ਗਿਆ ਸਾਲਾਨਾ ਅਨੁਮਾਨਿਤ ਬਜਟ ਅਮਨ-ਅਮਾਨ ਨਾਲ ਜੈਕਾਰਿਆਂ ਦੀ ਗੂੰਜ 'ਚ ਪਾਸ ਕੀਤਾ ਗਿਆ। ਇਸ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਤੇ ਸੇਵਾ ਮੁਕਤੀ ਸੰਬੰਧੀ ਨਿਯਮ ਨਿਰਧਾਰਿਤ ਕਰਨ ਨੂੰ ਪ੍ਰਵਾਨਗੀ ਦੇਣ ਤੇ ਇਸ ਸੰਬੰਧੀ ਪੰਥਕ ਨੁਮਾਇੰਦਿਆਂ ਦੀ ਉੱਚ ਪੱਧਰੀ ਕਮੇਟੀ ਗਠਿਤ ਕਰਨ ਦੇ ਫ਼ੈਸਲੇ ਸਮੇਤ ਹੋਰ ਕਈ ਅਹਿਮ ਮਤੇ ਵੀ ਪਾਸ ਕੀਤੇ ਗਏ। ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਨਵੰਬਰ 2025 ਵਿੱਚ ਮਨਾਈ ਜਾ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮਤੇ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਢੁੱਕਵੀਂ ਯਾਦਗਾਰ ਸਥਾਪਤ ਕਰਨ ਦੀ ਅਪੀਲ ਕੀਤੀ ਗਈ। ਮਤੇ 'ਚ ਕੇਂਦਰ ਤੋਂ ਗੁਰੂ ਸਾਹਿਬ ਦੇ ਨਾਂ 'ਤੇ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਸਥਾਪਤ ਕਰਨ, ਵਿਸ਼ੇਸ਼ ਡਾਕ ਟਿਕਟ ਤੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਮੰਗ ਵੀ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਲੰਘੇ ਦਿਨੀਂ ਸੰਸਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਬੰਧੀ ਦਿੱਤੇ ਬਿਆਨ ਅਤੇ ਗੁਰਾਬਾਣੀ ਪੜ੍ਹਨ 'ਤੇ ਤਨਜ਼ ਕੱਸਣ ਦੀ ਨਿਖੇਧੀ ਕੀਤੀ। ਇਕ ਹੋਰ ਮਤੇ 'ਚ ਹਿਮਾਚਲ ਪ੍ਰਦੇਸ਼ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਬਾਰੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸੰਜੀਦਾ ਪਹੁੰਚ ਅਪਣਾਉਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਅਪੀਲ ਕੀਤੀ ਗਈ। ਇਸ ਦੌਰਾਨ ਹੋਰ ਮਤਿਆਂ 'ਚ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਤ ਇਤਿਹਾਸਕ ਥਾਵਾਂ ਤੇ ਇਮਾਰਤਾਂ ਦੀ ਤਰਸਯੋਗ ਹਾਲਤ ਵੱਲ ਧਿਆਨ ਤੇ ਸਿੱਖ ਵਿਰਾਸਤਾਂ ਦੀ ਸੰਭਾਲ ਠੋਸ ਨੀਤੀ ਬਣਾਈ ਜਾਵੇ। ਇਸ ਤੋਂ ਇਲਾਵਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫ਼ਤਰ ਅੰਮ੍ਰਿਤਸਰ ਵਿਖੇ ਖੋਲ੍ਹਣ ਅਤੇ ਕੇਂਦਰ ਨੂੰ ਫੌਜ 'ਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾ ਤੈਅ ਕਰਨ ਦੀ ਅਪੀਲ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਸਰਕਾਰਾਂ ਵੱਲੋਂ ਮੌਜੂਦਾ ਕਿਸਾਨ ਸੰਘਰਸ਼ ਵਿਚ ਅਪਣਾਈ ਗਈ ਨਕਾਰਾਤਮਕ ਭੂਮਿਕਾ ਦੀ ਨਿਖੇਧੀ ਕਰਦਿਆਂ ਮਤੇ 'ਚ ਕਿਸਾਨ ਆਗੂਆਂ 'ਤੇ ਦਰਜ ਮੁਕੱਦਮੇ ਵਾਪਸ ਲੈਣ ਤੇ ਕਿਸਾਨਾਂ ਦੇ ਹੱਕ ਵਿਚ ਸਹੀ ਫੈਸਲੇ ਕਰਨ ਦੀ ਅਪੀਲ ਵੀ ਕੀਤੀ। ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ।

ਇਸੇ ਦੌਰਾਨ ਇਜਲਾਸ ਵਿਚੋਂ ਵਾਕ ਆਊਟ ਕਰਕੇ ਆਏ ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਉਹ ਇਜਲਾਸ ਵਿਚ ਹਟਾਏ ਗਏ ਸਿੰਘ ਸਾਹਿਬਾਨ ਬਾਰੇ ਗੱਲ ਰੱਖਣਾ ਚਾਹੁੰਦੇ ਸਨ ਤੇ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੂੰ 40 ਮੈਂਬਰਾਂ ਦੇ ਦਸਤਖ਼ਤਾਂ ਵਾਲਾ ਪੱਤਰ ਵੀ ਸੌਂਪਿਆ ਗਿਆ ਸੀ ਪਰ ਅੰਤ੍ਰਿੰਗ ਕਮੇਟੀ ਦੇ ਮਤੇ ਰੱਦ ਕਰਨ ਵਾਲਾ ਮਤਾ ਹੀ ਏਜੰਡੇ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਥੇਦਾਰਾਂ ਵਲੋਂ ਕੀਤੇ ਗਏ ਸਖ਼ਤ ਫ਼ੈਸਲਿਆਂ ਕਾਰਨ ਉਨ੍ਹਾਂ ਨੂੰ ਹਟਾ ਕੇ ਮਨਮਰਜ਼ੀ ਦੇ ਜਥੇਦਾਰ ਥਾਪੇ ਗਏ ਹਨ।

ਇਸੇ ਦੌਰਾਨ ਇਜਲਾਸ ਦੌਰਾਨ ਵਿਰੋਧੀ ਧਿਰ ਦੇ ਮੈਂਬਰ ਬੀਬੀ ਕਿਰਨਜੋਤ ਕੌਰ ਨੂੰ ਮਤਾ ਪੜ੍ਹਨ ਸਮੇਂ ਬੋਲਣ ਲਈ ਸਮਾਂ ਨਾ ਦਿੱਤੇ ਜਾਣ 'ਤੇ ਬਾਦਲ ਦਲ ਨਾਲ ਸੰਬੰਧਿਤ ਕੁਝ ਮੈਂਬਰਾਂ ਵਲੋਂ ਕਥਿਤ ਤੌਰ 'ਤੇ ਉਨ੍ਹਾਂ ਨਾਲ ਦੁਰਵਿਵਹਾਰ ਕਰਦਿਆਂ ਮਾਈਕ ਨਾ ਦੇਣ ਦਾ ਦੋਸ਼ ਲਾਉਂਦਿਆਂ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਥੇ: ਸੁਖਦੇਵ ਸਿੰਘ ਭੌਰ, ਬੀਬੀ ਪਰਮਜੀਤ ਕੌਰ ਲਾਂਡਰਾਂ, ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਸ: ਟੌਹੜਾ ਆਦਿ ਆਗੂਆਂ ਨੇ ਇਜਲਾਸ ਵਿਚੋਂ ਵਾਕ ਆਊਟ ਕੀਤਾ ਗਿਆ। ਬੀਬੀ ਜਗੀਰ ਕੌਰ, ਬੀਬੀ ਕਿਰਨਜੋਤ ਕੌਰ, ਬੀਬੀ ਪਰਮਜੀਤ ਕੌਰ ਤੇ ਹੋਰਨਾਂ ਨੇ ਕਿਹਾ ਕਿ ਉਹਨਾਂ ਵੱਲੋਂ 42 ਦੇ ਕਰੀਬ ਮੈਂਬਰਾਂ ਨੇ ਦਸਤਖਤ ਕਰਕੇ ਜਥੇਦਾਰਾਂ ਸਬੰਧੀ ਪਿਛਲੇ ਸਮੇਂ ਵਿੱਚ 10 ਫਰਵਰੀ ਤੇ 7 ਮਾਰਚ ਨੂੰ ਪਾਏ ਗਏ ਮਤਿਆਂ ਨੂੰ ਰੱਦ ਕਰਾਉਣ ਦੀ ਮੰਗ ਰੱਖੀ ਸੀ। ਇਸ ਮਤੇ ਨੂੰ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਵਿਚਾਰਿਆ ਨਹੀਂ ਗਿਆ ਅਤੇ ਉਹਨਾਂ ਦੇ ਨਾਲ ਜਨਰਲ ਇਜਲਾਸ ਵਿੱਚ ਬਦ ਸਲੂਕੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਉਹ ਮੰਗ ਕਰਦੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ ਉਪਰੋਕਤ ਮਤੇ ਤੇ ਵਿਚਾਰ ਲਈ ਸੱਦਿਆ ਜਾਵੇ। ਜੇਕਰ ਸ਼੍ਰੋਮਣੀ ਕਮੇਟੀ ਪ੍ਰਧਾਨ ਇਸ ਵਿਸ਼ੇਸ਼ ਇਜਲਾਸ ਨੂੰ ਨਹੀਂ ਸੱਦ ਦੇ ਤਾਂ 15 ਮੈਂਬਰ ਨੂੰ ਅਧਿਕਾਰ ਹੈ ਕਿ ਉਹ ਆਪਣੇ ਤੌਰ ਤੇ ਜਨਰਲ ਇਜਲਾਸ ਸੱਦ ਸਕਦੇ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜੇਕਰ ਪ੍ਰਧਾਨ ਵੱਲੋਂ ਜਨਰਲ ਇਜਲਾਸ ਨਹੀਂ ਸੱਦਿਆ ਜਾਂਦਾ ਤਾਂ 15 ਮੈਂਬਰ ਆਪਣਾ ਅਧਿਕਾਰ ਵਰਤ ਕੇ ਜਨਰਲ ਇਜਲਾਸ ਸੱਦ ਕੇ ਉਪਰੋਕਤ ਮੱਤੇ ਤੇ ਵਿਚਾਰ ਚਰਚਾ ਕਰਨਗੇ

ਵਿਰੋਧੀ ਧਿਰ ਨਾਲ ਸੰਬੰਧਿਤ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਦੀ ਇਕ ਰਿਸ਼ੇਤਦਾਰ ਔਰਤ ਬਾਰੇ ਜਾਂਚ ਰਿਪੋਰਟ ਪੇਸ਼ ਕੀਤੀ ਸੀ, ਜਿਸ 'ਚ ਇਕ ਔਰਤ ਦੀ ਕਿਰਦਾਰਕੁਸ਼ੀ ਕੀਤੀ ਗਈ। ਉਨਾਂ ਕਿਹਾ ਕਿ ਬਿਨਾਂ ਕਿਸੇ ਸਬੂਤ ਦੇ ਔਰਤ ਦੇ ਆਚਰਨ 'ਤੇ ਇਲਜ਼ਾਮ ਲਗਾਏ ਗਏ ਸਨ ਤੇ ਉਹ ਇਸ ਬਾਰੇ ਪੁੱਛਣਾ ਚਾਹੁੰਦੇ ਸਨ ਪਰ ਇਹ ਅੰਤ੍ਰਿੰਗ ਕਮੇਟੀ ਨਹੀਂ ਕੌਰਵਾ ਦੀ ਸਭਾ ਸੀ ਜਿਸ ਵਿਚ ਪ੍ਰਧਾਨ ਸ. ਧਾਮੀ ਨੇ ਵੀ ਧ੍ਰਿਤਰਾਸ਼ਟਰ ਵਾਂਗ ਅੱਖਾਂ ਮੀਟ ਲਈਆਂ।

# ਜਥੇਦਾਰ ਅਕਾਲ ਤਖਤ ਨੇ ਧਰਮ ਪ੍ਰੀਵਰਤਨ ਵਿਰੁਧ ਸਿੱਖ ਲਹਿਰ ਸ਼ੁਰੂ ਕੀਤੀ

## ✪ ਕਿਹਾ ਕਿ ਖ਼ਤਰਨਾਕ ਰੁਝਾਨ, ਠੱਲ੍ਹਣ ਲਈ ਸਿੱਖ ਧਰਮ ਦਾ ਪ੍ਰਚਾਰ ਜ਼ਰੂਰੀ ✪ ਸਿੱਖੀ ਦੇ ਪ੍ਰਚਾਰ, ਪ੍ਰਸਾਰ ਲਈ ਘਰ-ਘਰ, ਪਿੰਡ-ਪਿੰਡ ਪਹੁੰਚੇਗੀ ਮੁਹਿੰਮ, ਮਈ, ਜੂਨ ਵਿਚ ਹੋਣਗੇ ਗੁਰਮਤਿ ਸਮਾਗਮ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਗ਼ਰੀਬ ਵਰਗ ਨੂੰ ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾਉਣਾ ਬਹੁਤ ਮਾੜੀ ਗੱਲ ਹੈ। ਇਸ ਨੂੰ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ ਜੋ ਪਿੰਡ ਦੇ ਹਰ ਗ਼ਰੀਬ ਘਰ ਤੋਂ ਲੈ ਕੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਿੱਖ ਪ੍ਰਵਾਰਾਂ ਨਾਲ ਰਾਬਤਾ ਬਣਾਏਗੀ ਅਤੇ ਕੁੱਝ ਸੰਗਠਨਾਂ ਵਲੋਂ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਧਰਮ ਪ੍ਰੀਵਰਤਨ ਦੇ ਪਿੱਛੇ ਗੈਬੀ ਸ਼ਕਤੀਆਂ ਅਤੇ ਕਰਾਮਾਤਾਂ ਨਾਲ ਲੋਕਾਂ ਦਾ ਇਲਾਜ ਕਰਨ, ਆਰਥਕ ਤੌਰ ’ਤੇ ਝੱਬੇ ਗ਼ਰੀਬ ਸਿੱਖ ਪ੍ਰਵਾਰਾਂ ਨੂੰ ਮਾਮੂਲੀ ਆਰਥਕ ਮਦਦ ਦੇ ਕੇ ਉਨ੍ਹਾਂ ਨੂੰ ਹੋਰ ਧਰਮਾਂ ਨਾਲ ਜੋੜਿਆ ਜਾ ਰਿਹਾ ਹੈ ਜੋ ਸਿੱਖੀ ਤੇ ਇਕ ਬਹੁਤ ਵੱਡਾ ਹਮਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹਰ ਗ਼ਰੀਬ ਸਿੱਖ ਪ੍ਰਵਾਰ, ਪੇਂਡੂ, ਸ਼ਹਿਰੀ ਸੱਭ ਨੂੰ ਸਿੱਖ ਧਰਮ ਨਾਲ ਜੋੜਨ ਲਈ ਧਰਮ ਪ੍ਰਚਾਰ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿਚ ਉਨ੍ਹਾਂ ਨੂੰ ਸਿੱਖ ਧਰਮ ਦੇ ਮਾਨਮੱਤੇ ਇਤਿਹਾਸ ਅਤੇ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਮਈ ਮਹੀਨੇ ਤੋਂ ਪੰਜਾਬ ਭਰ, ਖ਼ਾਸ ਕਰ ਕੇ ਮਾਲਵਾ ਖੇਤਰ ਵਿਚ ਵੱਡੇ ਪੱਧਰ ਤੇ ਗੁਰਮਤਿ ਸਮਾਗਮ ਕਰਵਾਏ ਜਾਣਗੇ। ਸਿੱਖ ਬੱਚਿਆਂ ਨੂੰ ਬਾਣੀ ਅਤੇ ਗੁਰੂਆਂ ਦੇ ਇਤਿਹਾਸ ਨਾਲ ਜੋੜਨ ਲਈ ਉਨ੍ਹਾਂ ਨੂੰ ਸਿੱਖ ਇਤਿਹਾਸ, ਸਮੱਗਰੀ ਦਿਤੀ ਜਾਵੇਗੀ।

ਮਾਮਲਾ ਥਾਣੇ ਉਪਰ ਹਮਲੇ ਦਾ

# ਪੁਲਿਸ ਅੰਮ੍ਰਿਤ ਪਾਲ ਸਿੰਘ ਦੇ ਸਾਥੀਆਂ ਨੂੰ ਫੜਨ ਲਈ ਸਰਗਰਮ

## ✪ ਵਰਿੰਦਰ ਸਿੰਘ ਨੂੰ ਦਿਖਾਈਆਂ ਥਾਣੇ ’ਤੇ ਹਮਲੇ ਦੀਆਂ 18 ਵੀਡੀਓਜ਼ ✪ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਪਛਾਣ ਕਰ ਰਹੀ ਪੁਲਿਸ



ਅੰਮ੍ਰਿਤਸਰ-ਖਾਲਿਸਤਾਨ ਸਮਰਥਕ ਤੇ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਦੇ ਸਾਥੀ ਵਰਿੰਦਰ ਸਿੰਘ ਉਰਫ਼ ਫੌਜੀ ਨੇ ਪੁਲਿਸ ਹਿਰਾਸਤ ਵਿਚ ਰਹਿੰਦਿਆਂ ਅਜਨਾਲਾ ਪੁਲਿਸ ਥਾਣੇ ’ਤੇ ਹਮਲੇ ਬਾਰੇ ਕਈ ਰਾਜ਼ ਖੋਲ੍ਹੇ ਹਨ। ਪਤਾ ਲੱਗਾ ਹੈ ਕਿ ਪੁਲਿਸ ਨੇ ਚਾਰ ਹੋਰ ਮੁਲਜ਼ਮਾਂ ਦੀ ਪਛਾਣ ਕਰ ਲਈ ਹੈ। ਇਸ ਸਬੰਧ ਵਿਚ ਵਰਿੰਦਰ ਸਿੰਘ ਨੂੰ ਕੁੱਲ 18 ਵੀਡੀਓ ਦਿਖਾਏ ਗਏ ਹਨ। ਤਾਂ ਜੋ ਪੁਲਿਸ ਥਾਣੇ ’ਤੇ ਹਮਲਾ ਕਰਨ ਵਾਲਿਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਪੁਲਿਸ ਦੋ ਸਾਲ ਪਹਿਲਾਂ ਅਜਨਾਲਾ ਥਾਣੇ ’ਤੇ ਹੋਏ ਹਮਲੇ ਦੇ ਸਬੰਧ ਵਿਚ ਮੁਲਜ਼ਮਾਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਧਾਰ ’ਤੇ ਹਥਿਆਰ ਬਰਾਮਦ ਕਰ ਸਕਦੀ ਹੈ। ਜਾਣਕਾਰੀ ਅਨੁਸਾਰ ਤਰਨਤਾਰਨ ਜ਼ਿਲ੍ਹੇ ਦੇ ਪੱਟੀ ਪਿੰਡ ਦੇ ਰਹਿਣ ਵਾਲੇ ਵਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਡਿਬਰੂਗੜ੍ਹ ਜੇਲ੍ਹ ਤੋਂ ਲਿਆਂਦਾ ਗਿਆ ਸੀ। ਪੁਲਿਸ ਥਾਣੇ ’ਤੇ ਹਮਲੇ ਦੌਰਾਨ ਮੁਲਜਮ ਵਰਿੰਦਰ ਆਪਣੇ ਆਕਾ ਅਤੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਦੇ ਬਹੁਤ ਨੇੜੇ ਸੀ। ਦੂਜੇ ਪਾਸੇ ਪੁਲਿਸ ਨੇ ਗ੍ਰਿਫ਼ਤਾਰ ਕੀਤੇ ਗਏ ਹਰਜੀਤ ਸਿੰਘ, ਕੁਲਵੰਤ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਭਗਵੰਤ ਸਿੰਘ, ਦਲਜੀਤ ਸਿੰਘ, ਬਸੰਤ ਸਿੰਘ ਅਤੇ ਅਮਨਦੀਪ ਸਿੰਘ ਉਰਫ਼ ਅਮਨਾ, ਜੋ ਕਿ ਕੋਟਕਪੂਰਾ ਦੇ ਪਿੰਡ ਪੰਜਗਰਾਈਆਂ ਦੇ ਰਹਿਣ ਵਾਲੇ ਹਨ, ਨੂੰ ਸ਼ੁੱਕਰਵਾਰ ਸ਼ਾਮ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਸਾਰੇ ਅੱਠ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

# ਬੁੱਢੇ ਦਰਿਆ ਨੂੰ ਸਾਫ ਕਰਨ ਬਾਰੇ ਬਾਬਾ ਸੀਚੇਵਾਲ ਦੇ ਦਾਅਵੇ ਦਾ ਵਾਤਾਵਰਣ ਪ੍ਰੇਮੀਆਂ ਵਲੋਂ ਪਰਦਾਫਾਸ਼

## ✪ ਬੁੱਢੇ ਦਰਿਆ ’ਚੋਂ ਕੈਮੀਕਲ ਵਾਲੇ ਪਾਣੀ ਦੀ ਬੋਤਲ ਭਰੀ

ਲੁਧਿਆਣਾ ਕਾਲਾ ਪਾਣੀ ਦੇ ਮੋਰਚੇ ਦੇ ਆਗੂਆਂ ਤੇ ਵਾਤਾਵਰਨ ਪ੍ਰੇਮੀਆਂ ਦਾ ਇੱਕ ਇਕੱਠ ਬੁੱਢੇ ਦਰਿਆ ਦੇ ਕੰਢੇ ਤੇ ਹੋਇਆ, ਜਿਸ ਦੌਰਾਨ ਵਾਤਾਵਰਣ ਪ੍ਰੇਮੀਆਂ ਨੇ ਬੁੱਢੇ ਦਰਿਆ ’ਚੋਂ ਕੈਮੀਕਲ ਵਾਲੇ ਪਾਣੀ ਦੀ ਬੋਤਲ ਭਰੀ। ਫਿਲਮੀ ਅਦਾਕਾਰ ਤੇ ਵਾਤਾਵਰਣ ਪ੍ਰੇਮੀ ਅਮਿਤੋਜ ਮਾਨ, ਸਮਾਜ-ਸੇਵੀ ਲੱਖਾ ਸਿਧਾਣਾ, ਜਸਕੀਰਤ ਸਿੰਘ ਗੁਰਪ੍ਰੀਤ ਸਿੰਘ ਪਲਾਹਾ ਤੇ ਕੁਲਦੀਪ ਸਿੰਘ ਖਹਿਰਾ ਨੇ ਪਿੰਡ ਵਲੀਪੁਰ ਦੇ ਕੋਲ ਵਗਦੇ ਬੁੱਢੇ ਦਰਿਆ ’ਚੋਂ ਪਾਣੀ ਦੀ ਬੋਤਲ ਭਰੀ।



ਬੁੱਢਾ ਦਰਿਆ ’ਚੋਂ ਭਰੀ ਬੋਤਲ ਦਾ ਰੰਗ ਕਾਲਾ ਸੀ ਤੇ ਉਸ ’ਚ ਕਈ ਤਰ੍ਹਾਂ ਦੇ ਕੈਮੀਕਲ ਮਿਲੇ ਦਿਖਾਈ ਦੇ ਰਹੇ ਸਨ। ਕਾਲਾ ਪਾਣੀ ਦੇ ਮੋਰਚ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਸੰਤ ਬਲਵੀਰ ਸਿੰਘ ਸੀਚੇਵਾਲ ਬੁੱਢਾ ਦਰਿਆ ਨੂੰ ਸਾਫ਼ ਕਰਨ ਦੇ ਨਾਂ ’ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸਲ ’ਚ ਬੁੱਢਾ ਦਰਿਆ ਨੂੰ ਸਾਫ-ਸੁਥਰਾ ਕਰਨ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

ਉਨ੍ਹਾਂ ਕਿਹਾ ਕਿ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਦੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨਹੀਂ ਬਣੇ ਸਨ ਤੇ ਕੁਲਤਾਰ ਸਿੰਘ ਸੰਧਵਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਹੀਂ ਬਣੇ ਸਨ ਤਾਂ ਉਸ ਸਮੇਂ ਉਹ ਬੁੱਢੇ ਦਰਿਆ ’ਚ ਵਗਦੇ ਕੈਮੀਕਲ ਯੁਕਤ ਪਾਣੀ ਦੇ ਬਾਰੇ ਕਾਫੀ ਕੁੱਝ ਬੋਲਦੇ ਸਨ। ਉਨ੍ਹਾਂ ਕਿਹਾ ਕਿ ਜਦੋਂ ਹੁਣ ਉਹ ਤਾਕਤ ’ਚ ਹਨ ਤਾਂ ਉਨ੍ਹਾਂ ਨੇ ਇਸ ਮੁੱਦੇ ’ਤੇ ਬੋਲਣਾ ਤੇ ਕੋਈ ਕਾਰਵਾਈ ਕਰਨ ਦੀ ਬਜਾਏ ਸਿਰਫ ਖਾਨਾਪੂਰਤੀ ਕਰਨ ਦਾ ਰਾਹ ਅਪਣਾਇਆ ਹੋਇਆ ਹੈ, ਜਿਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਘੱਟ ਹੈ। ਉਨ੍ਹਾਂ ਕਿਹਾ ਕਿ ਸਾਡੇ ਦਰਿਆਵਾਂ ਦਾ ਪਾਣੀ ਗੰਧਲਾ ਹੋ ਚੁੱਕਾ ਹੈ, ਜਿਸ ਕਰ ਕੇ ਪੰਜਾਬ ਤੇ ਗੁਆਂਢੀ ਸੂਬਿਆਂ ਦੇ ਲੋਕਾਂ ਨੂੰ ਕਈ ਕਿਸਮ ਦੀਆਂ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਜਗਾਉਣ ਲਈ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਸ੍ਰੀ ਦਮਦਮਾ ਸਾਹਿਬ ਵਿਖੇ ਇੱਕ ਵਿਸ਼ਾਲ ਇਕੱਠ ਕੀਤਾ ਜਾ ਰਿਹਾ ਹੈ। ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਬਚਾਉਣ ਤੇ ਉਨ੍ਹਾਂ ਨੂੰ ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਸਾਨੂੰ ਸਾਰਿਆਂ ਨੂੰ 13 ਅਪ੍ਰੈਲ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ, ਜੇਕਰ ਅਸੀਂ ਹੁਣ ਵੀ ਕੁੱਝ ਨਾ ਬੋਲੇ ਤੇ ਚੁੱਪ ਹੀ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ ਨਹੀਂ ਕਰਨਗੀਆਂ।


## ਪੰਜਾਬ ਟਾਈਮਜ਼ ਦਾ ਵਿਸਾਖੀ ਵਿਸ਼ੇਸ਼ ਅੰਕ ਅਗਲੇ ਹਫਤੇ

ਖਾਲਸਾ ਪੰਥ ਦੇ ਸਿਰਜਨਾ ਦਿਵਸ ਤੇ ਵਿਸਾਖੀ ਦਿਹਾੜੇ ਦੇ ਸ਼ੁੱਭ ਮੌਕੇ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਦੀ ਤਰ੍ਹਾਂ (ਵਿਸਾਖੀ ਵਿਸ਼ੇਸ਼ ਅੰਕ) 9 ਅਪ੍ਰੈਲ 2025 ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਇਤਿਹਾਸਕ ਅੰਕ ਵਿੱਚ ਬਹੁਤ ਸਾਰੇ ਲੇਖਕਾਂ, ਵਿਦਵਾਨਾਂ, ਦੀਆਂ ਰਚਨਾਵਾਂ ਛਾਪੀਆਂ ਜਾ ਰਹੀਆਂ ਹਨ । ਇਸ ਵਿਸ਼ੇਸ਼ ਅੰਕ ਵਿਚ ਵਪਾਰਕ ਅਦਾਰਿਆਂ ਅਤੇ ਨਿੱਜੀ ਸੰਸਥਾਵਾਂ ਲਈ ਵੀ ਵਧੀਆ ਮੌਕਾ ਹੈ ਕਿ ਉਹ ਰੰਗਦਾਰ ਸਫਿਆਂ ‘ਤੇ ਆਪਣੇ ਕਾਰੋਬਾਰ ਸਬੰਧੀ ਅਤੇ ਨਿੱਜੀ ਤੌਰ ਤੇ ਵਧਾਈ ਦੇਣ ਲਈ ਇਸ਼ਤਿਹਾਰ ਦੇ ਸਕਦੇ ਹਨ। ਆਪਣੇ ਇਸ਼ਤਿਹਾਰਾਂ ਲਈ ਥਾਂ ਬੁੱਕ ਕਰਵਾਉਣ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰੋ ਜੀ ।

–ਸੰਪਾਦਕ ਸੰਪਰਕ ਲਈ ਫ਼ੋਨ: 07966 388 388

ਈਮੇਲ: panjabtimes@aol.com www.panjabtimes.uk

# ਪਿੰਡ ਨੰਗਲ ਵਿਖੇ ਡਾ. ਅੰਬੇਡਕਰ ਦੇ ਬੁੱਤ ਦੀ ਬੇਹੁਰਮਤੀ

## ✪ ਖਾਲਿਸਤਾਨੀ ਆਗੂ ਪੰਨੂੰ ਨੇ ਲਈ ਜ਼ਿੰਮੇਵਾਰੀ






ਫਿਲੌਰ-ਤਲਵਣ ਰੋਡ 'ਤੇ ਪੈਂਦੇ ਨੇੜਲੇ ਪਿੰਡ ਨੰਗਲ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਆਦਮਕੱਦ ਬੁੱਤ ਦੁਆਲੇ ਲੱਗੇ ਸ਼ੀਸ਼ੇ ਦੇ ਫਰੇਮ 'ਤੇ ਕੱਝ ਸ਼ਰਾਰਤੀ ਅਨਸਰਾਂ ਨੇ ਖਾਲਿਸਤਾਨ-ਪੱਖੀ ਨਾਅਰੇ ਲਿਖ ਦਿੱਤੇ। ਬੀਤੇ ਸੋਮਵਾਰ ਸਵੇਰੇ ਪਿੰਡ ਦੇ ਕੁਝ ਲੋਕਾਂ ਨੇ ਫਰੇਮ 'ਤੇ ਕਾਲੇ ਪੇਂਟ ਨਾਲ ਲਿਖਿਆ ਹੋਇਆ ਪੜ੍ਹਿਆ ਤਾਂ ਪਿੰਡ ਦੇ ਸਾਬਕਾ ਸਰਪੰਚ ਖੁਸ਼ੀ ਰਾਮ ਨੂੰ ਸੂਚਿਤ ਕੀਤਾ। ਉਹ ਆਪਣੇ ਸਾਥੀਆਂ ਸਮੇਤ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਪੁਲਸ ਨੂੰ ਸੂਚਿਤ ਕੀਤਾ। ਥਾਣੇਦਾਰ ਅਨਵਰ ਮਸੀਹ ਭਾਰੀ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚ ਗਏ ਅਤੇ ਬਾਬਾ ਸਾਹਿਬ ਦੇ ਬੁੱਤ ਦੇ ਫਰੇਮ 'ਤੇ ਲਿਖੀ ਭੜਕਾਊ ਸ਼ਬਦਾਵਲੀ ਨੂੰ ਸਾਫ ਕਰਵਾ ਦਿੱਤਾ। ਇਸੇ ਦੌਰਾਨ ਡੀ ਐੱਸ ਪੀ ਫਿਲੌਰ ਸਰਵਣ ਸਿੰਘ ਬੱਲ ਅਤੇ ਐੱਸ ਐਚ ਓ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਵੀ ਮੌਕੇ 'ਤੇ ਪਹੁੰਚ ਗਏ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਪੁਲਸ ਨੇ ਅਣਪਛਾਤੇ ਵਿਅਕਤੀਆਂ 'ਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਲੰਧਰ ਦੇ ਐੱਸ ਐਸ ਪੀ ਗੁਰਮੀਤ ਸਿੰਘ ਨੇ ਕਿਹਾ, 'ਬੁੱਤ ਨੂੰ ਚੰਗੀ ਤਰ੍ਹਾਂ ਢੱਕਿਆ ਗਿਆ ਸੀ, ਪਰ ਕੁਝ ਸ਼ਰਾਰਤੀ ਤੱਤਾਂ ਨੇ ਇਸ 'ਤੇ ਇਤਰਾਜ਼ਯੋਗ ਗੱਲਾਂ ਲਿਖੀਆਂ। ਅਸੀਂ ਜਾਂਚ ਕਰ ਰਹੇ ਹਾਂ ਅਤੇ ਜਲਦੀ ਹੀ ਮੁਲਜ਼ਮ ਫੜ ਲਏ ਜਾਣਗੇ।' ਇਸ ਸੰਵੇਦਨਸ਼ੀਲ ਮੁੱਦੇ ਦੀ ਖਬਰ ਸੋਸ਼ਲ ਮੀਡੀਆ 'ਤੇ ਫੈਲਦੇ ਹੀ ਮੈਂਬਰ ਪਾਰਲੀਮੈਂਟ ਚਰਨਜੀਤ ਚੰਨੀ, ਬਸਪਾ ਪੰਜਾਬ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਆਪ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਕਾਂਗਰਸੀ ਆਗੂ ਅੰਮ੍ਰਿਤ ਭੋਂਸਲੇ, ਨੌਜਵਾਨ ਆਦਿ ਨੇ ਅਵਾਮ ਨੂੰ ਅਪੀਲ ਕੀਤੀ ਕਿ ਉਹ ਹਰ ਹਾਲ 'ਚ ਸ਼ਾਂਤੀ ਬਣਾਈ ਰੱਖਣ ਅਤੇ ਸ਼ਰਾਰਤੀ ਅਨਸਰਾਂ ਦੀਆਂ ਕੋਝੀਆਂ ਹਰਕਤਾਂ ਸਫਲ ਨਾ ਹੋਣ ਦੇਣ। ਆਗੂਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਉਹ ਜਲਦੀ ਤੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰੇ, ਨਹੀਂ ਤਾਂ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਜਾ ਸਕਦਾ ਹੈ ਅਤੇ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਵੀ ਮਜਬੂਰ ਹੋਣਾ ਪੈ ਸਕਦਾ ਹੈ। ਇਸੇ ਦੌਰਾਨ ਇਸ ਘਿਨਾਉਣੀ ਹਰਕਤ ਦੀ ਜ਼ਿੰਮੇਵਾਰੀ ਵੱਖਵਾਦੀ ਜਥੇਬੰਦੀ ਸਿੱਖਸ ਫਾਰ ਜਸਟਿਸ ਵੱਲੋਂ ਲਈ ਗਈ ਹੈ। ਫਰੇਮ 'ਤੇ 'ਸਿੱਖ ਹਿੰਦੂ ਨਹੀਂ ਹਨ' ਅਤੇ 'ਟਰੰਪ ਜ਼ਿੰਦਾਬਾਦ' ਵੀ ਲਿਖਿਆ ਸੀ।

ਇਸੇ ਤਰ੍ਹਾਂ ਦੋ ਹੋਰ ਝੰਡਿਆਂ ਇੱਕ ਭਗਵਾ ਅਤੇ ਦੂਜਾ ਨੀਲਾ ਉਤੇ ਵੀ ਅਜਿਹਾ ਕੁਝ ਹੀ ਲਿਖਿਆ ਸੀ। ਇੱਕ ਕਥਿਤ ਵੀਡੀਓ ਵਿੱਚ ਐੱਸ ਐੱਫ ਜੇ ਮੁਖੀ ਗੁਰਪਤਵੰਤ ਸਿੰਘ ਪਨੂੰ ਨੇ ਇਸ ਦੀ ਜ਼ਿੰਮੇਵਾਰੀ ਲੈਂਦਿਆਂ ਡਾ. ਅੰਬੇਡਕਰ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਉਤੇ ਭਾਰਤੀ ਸੰਵਿਧਾਨ ਦੇ ਖਰੜੇ ਵਿੱਚ ਆਪਣੀ ਭੂਮਿਕਾ ਰਾਹੀਂ ਸਿੱਖ ਪਛਾਣ ਨੂੰ ਮਿਟਾਉਣ ਵਿੱਚ ਯੋਗਦਾਨ ਪਾਉਣ ਦਾ ਦੋਸ਼ ਲਾਇਆ। ਉਸ ਨੇ 14 ਅਪਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਨ ਤੋਂ ਪਹਿਲਾਂ ਪੰਜਾਬ ਤੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੀਆਂ ਮੂਰਤੀਆਂ ਨੂੰ ਹਟਾਉਣ ਲਈ ਕਿਹਾ ਹੈ। ਪੰਜਾਬ ਵਿੱਚ ਡਾ. ਅੰਬੇਡਕਰ ਦੇ ਬੁੱਤਾਂ ਨੂੰ ਵਿਗਾੜਨ ਵਾਲੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਇਸ ਸਾਲ ਦੇ ਸ਼ੁਰੂ ਵਿੱਚ ਅੰਮ੍ਰਿਤਸਰ ਵਿੱਚ ਵੀ ਉਨ੍ਹਾ ਦੇ ਬੁੱਤ ਦੀ ਇਸੇ ਤਰ੍ਹਾਂ ਭੰਨ-ਤੋੜ ਕੀਤੀ ਗਈ ਸੀ।

# ਪੰਜਾਬ ਸਰਕਾਰ ਵਲੋਂ ਸਾਬਕਾ ਮੰਤਰੀ ਮਜੀਠੀਆ ਦੀ ਸੁਰੱਖਿਆ ਲਈ ਵਾਪਸ

## ✪ ਸੁਰੱਖਿਆ ਵਾਪਸ ਲੈਣ ਸੰਬੰਧੀ ਮੈਨੂੰ ਕੋਈ ਸੂਚਨਾ ਨਹੀਂ ਦਿੱਤੀ-ਮਜੀਠੀਆ



ਚੰਡੀਗੜ੍ਹ-ਪੰਜਾਬ ਸਰਕਾਰ ਵਲੋਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸਮੁੱਚੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਉਹ ਕੱਲ੍ਹ ਪੰਜਾਬ ਤੋਂ ਬਾਹਰ ਨਿੱਜੀ ਕੰਮ ਲਈ ਗਏ ਹੋਏ ਸਨ, ਜਿੱਥੇ ਉਨ੍ਹਾਂ ਦੇ ਸੁਰੱਖਿਆ ਅਮਲੇ ਨੂੰ ਬਿਨਾਂ ਕਿਸੇ ਦੇਰੀ ਵਾਪਸ ਆਪਣੇ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੇ ਆਦੇਸ਼ ਮਿਲੇ। ਮਜੀਠੀਆ ਨੂੰ ਸਰਕਾਰ ਨੇ ਮਗਰਲੇ ਕਈ ਸਾਲਾਂ ਤੋਂ ਜ਼ੈਡ ਪਲੱਸ ਸੁਰੱਖਿਆ ਦਿੱਤੀ ਹੋਈ ਸੀ, ਪਰ ਰਾਜ 'ਚ ਜਿਨ੍ਹਾਂ ਲੋਕਾਂ ਕੋਲ ਜ਼ੈੱਡ ਪਲੱਸ ਸੁਰੱਖਿਆ ਹੈ ਉਨ੍ਹਾਂ 'ਚੋਂ ਕੇਵਲ ਰਵਨੀਤ ਸਿੰਘ ਬਿੱਟੂ, ਸੁਖਬੀਰ ਸਿੰਘ ਬਾਦਲ ਤੇ ਮਨਿੰਦਰਜੀਤ ਸਿੰਘ ਬਿੱਟਾ ਕੋਲ ਹੀ ਕੇਂਦਰੀ ਸੁਰੱਖਿਆ ਬਲ ਹਨ, ਬਾਕੀਆਂ ਕੋਲ ਪੰਜਾਬ ਪੁਲਿਸ ਦੀ ਸੁਰੱਖਿਆ ਹੀ ਹੈ।

ਸਾਬਕਾ ਉਪ-ਮੁੱਖ ਮੰਤਰੀ ਤੇ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਨੇ ਸ. ਮਜੀਠੀਆ ਦੀ ਸੁਰੱਖਿਆ ਵਾਪਸ ਲੈਣ ਤੇ ਉਨ੍ਹਾਂ 'ਤੇ ਅੰਮਿਬਸਰ ਵਿਖੇ ਹੋਏ ਕਾਤਲਾਨਾ ਹਮਲੇ ਨੂੰ ਇਕ ਸਾਜ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸੇ ਸਾਜਿਸ਼ ਹੇਠ ਮੇਰੇ 'ਤੇ ਹਮਲਾ ਕਰਨ ਵਾਲੇ ਨੂੰ ਜ਼ਮਾਨਤ ਮਿਲੀ। ਉਨ੍ਹਾਂ ਕਿਹਾ ਕਿ ਇਸ ਖ਼ਤਰਨਾਕ ਸਾਜਿਸ਼ ਸਬੰਧੀ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਸੂਬੇ ਨੂੰ ਕਿਸ ਪਾਸੇ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਝੂਠੇ ਦੋਸ਼ ਲਗਾਉਣ ਲਈ ਅਰਵਿੰਦ ਕੇਜਰੀਵਾਲ ਨੇ ਅਦਾਲਤ ਤੋਂ ਮੁਆਫ਼ੀ ਮੰਗੀ ਉਨ੍ਹਾਂ ਦੋਸ਼ਾਂ ਹੇਠ ਹੀ ਮਜੀਠੀਆ ਨੂੰ ਕੇਸ 'ਚ ਫਸਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਸ. ਬਾਦਲ ਨੇ ਕਿਹਾ ਕਿ ਜੇਕਰ ਸ. ਮਜੀਠੀਆ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਪਹੁੰਚਦਾ ਹੈ ਤਾਂ ਮੁੱਖ ਮੰਤਰੀ, ਡੀ.ਜੀ.ਪੀ. ਤੇ ਅਰਵਿੰਦ ਕੇਜਰੀਵਾਲ ਇਸ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ।

ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਹਟਾਏ ਜਾਣ 'ਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ, ਕੀ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਰਾਜਨੀਤਿਕ ਕਾਰਨਾਂ ਕਰਕੇ ਹਟਾਈ ਗਈ ਹੈ, ਇਹ ਕਿਸੇ ਹੋਰ ਦਿਨ ਬਹਿਸ ਦਾ ਵਿਸ਼ਾ ਹੈ, ਪਰ ਮੈਂ ਪੰਜਾਬ ਸਰਕਾਰ ਨੂੰ ਇਹ ਗੱਲ ਜ਼ੋਰ ਦੇ ਕੇ ਕਹਿਣਾ ਚਾਹਾਂਗਾ ਕਿ ਨਿੱਜੀ ਇੱਛਾਵਾਂ ਤੇ ਸਿਆਸੀ ਬਦਲਾਖੋਰੀ ਦੇ ਚੱਲਦਿਆਂ ਕਦੇ ਵੀ ਅਜਿਹੇ ਜਲਦਬਾਜ਼ੀ ਵਾਲੇ ਫ਼ੈਸਲੇ ਨਹੀਂ ਲੈਣੇ ਚਾਹੀਦੇ।

ਅਸੀਂ ਸਾਰਿਆਂ ਨੇ ਪਹਿਲਾਂ ਵੀ ਸਿੱਧੂ ਮੂਸੇਵਾਲਾ ਦੇ ਮਾਮਲੇ 'ਚ ਇਸ ਸਰਕਾਰ ਦੁਆਰਾ ਸੁਰੱਖਿਆ ਹਟਾਉਣ ਤੋਂ ਬਾਅਦ ਵਾਪਰੀਆਂ ਘਟਨਾਵਾਂ ਵੇਖੀਆਂ ਹਨ।

**ਮਾਮਲਾ ਕਥਿਤ ਝੂਠੇ ਪੁਲਿਸ ਮੁਕਾਬਲੇ ਦਾ**

# ਗ੍ਰਨੇਡ ਹਮਲੇ ਉਪਰੰਤ ਹਲਾਕ ਕੀਤੇ ਗਭਰੂ ਦੇ ਪੁਲਿਸ ਮੁਕਾਬਲੇ ਦੀ ਮੈਜਿਸਟ੍ਰੇਟੀ ਜਾਂਚ ਸ਼ੁਰੂ



ਅੰਮ੍ਰਿਤਸਰ-ਅੰਮ੍ਰਿਤਸਰ ਦੇ ਇਕ ਮੰਦਰ ਵਿਖੇ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਲੋੜੀਂਦੇ ਨੌਜਵਾਨ ਦੇ ਪੁਲਿਸ ਮੁਕਾਬਲੇ ਦੀ ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਇਥੇ ਖੰਡਵਾਲਾ ਖੇਤਰ ਦੇ ਠਾਕੁਰ ਦੁਆਰਾ ਮੰਦਰ ਵਿਖੇ ਅਣਪਛਾਤੇ ਨੌਜਵਾਨਾਂ ਵਲੋਂ ਗ੍ਰਨੇਡ ਹਮਲਾ ਕੀਤਾ ਗਿਆ ਸੀ, ਜਿਸ ਉਪਰੰਤ ਪੁਲਿਸ ਵਲੋਂ ਇਕ ਨੌਜਵਾਨ ਗੁਰਸਿੱਦਕ ਸਿੰਘ ਵਾਸੀ ਪਿੰਡ ਬਲ ਕਲਾਂ ਤੇ ਉਸ ਦੇ ਦੂਜੇ ਸਾਥੀ ਨੂੰ ਫੜਨ ਲਈ ਰਾਜਾਸਾਂਸੀ ਖੇਤਰ 'ਚ ਵਿਸੇਸ਼ ਮੁਹਿੰਮ ਚਲਾਈ ਗਈ ਸੀ ਤੇ ਦੋਵਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਟੀਮਾਂ ਪਿੱਛਾ ਕਰ ਰਹੀਆਂ ਸਨ, ਜਿਨ੍ਹਾਂ ਬਾਰੇ ਸੂਹ ਮਿਲੀ ਸੀ ਕਿ ਉਹ ਰਾਜਾਸਾਂਸੀ ਦੇ ਖੇਤਰ 'ਚ ਘੁੰਮ ਰਹੇ ਹਨ। ਬੀਤੀ 17 ਮਾਰਚ ਨੂੰ ਪਿੰਡ ਬੱਲ ਸਚੰਦਰ ਵਿਚ ਹੋਏ ਪੁਲਿਸ ਮੁਕਾਬਲੇ ਦੌਰਾਨ ਗੁਰਸਿੱਦਕ ਸਿੰਘ ਵਾਸੀ ਪਿੰਡ ਬਲ ਕਲਾਂ ਅੰਮ੍ਰਿਤਸਰ ਮਾਰਿਆ ਗਿਆ ਸੀ, ਜਦੋਂਕਿ ਉਸ ਦਾ ਦੂਜਾ ਸਾਥੀ ਮੌਕਿਆਂ ਤੋਂ ਫ਼ਰਾਰ ਹੋ ਗਿਆ ਸੀ। ਇਸ ਸਮੁਚੇ ਮਾਮਲੇ ਦੀ ਜਾਂਚ ਜ਼ਿਲ੍ਹਾ ਮੈਜਿਸਟ੍ਰੇਟ ਸਾਕਸ਼ੀ ਸਾਹਨੀ ਵਲੋਂ ਉਪ ਮੰਡਲ ਮੈਜਿਸਟਰੇਟ-1 ਗੁਰਸਿਮਨਰਜੀਤ ਸਿੰਘ ਢਿੱਲੋਂ ਨੂੰ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਮਾਮਲੇ ਦੀ ਜਾਂਚ ਕਰ ਰਹੇ ਪੜਤਾਲੀਆ ਅ.ਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ-1 ਢਿੱਲੋਂ ਨੇ ਕਿਹਾ ਕਿ ਜੇਕਰ 17 ਮਾਰਚ ਦੇ ਪੁਲਿਸ ਮੁਕਾਬਲੇ ਦੇ ਮੌਕੇ ਦਾ ਕੋਈ ਚਸ਼ਮਦੀਦ ਗਵਾਹ ਹੈ ਤਾਂ ਉਹ ਅੱਜ ਤੋਂ 4 ਦਿਨਾਂ ਦੇ ਅੰਦਰ ਅੰਦਰ ਪੜਤਾਲੀਆ ਅਫਸਰ ਨੂੰ ਆਪਣੇ ਬਿਆਨ/ਸਬੂਤ ਪੇਸ਼ ਕਰਨ ਲਈ ਤਾਲਮੇਲ ਕਰ ਸਕਦਾ ਹੈ ਤਾਂ ਜੋ ਇਹ ਜਾਂਚ ਕਿਸੇ ਸਿੱਟੇ 'ਤੇ ਪੁੱਜ ਸਕੇ।

# ਮੋਦੀ ਸਰਕਾਰ ਅਤੇ ਪਾਰਟੀ ਦੇ ਕੰਮਕਾਜ ਵਿੱਚ ਸੰਘ ਦਾ ਦਖ਼ਲ ਵਧਣ ਦੀ ਸੰਭਾਵਨਾ

## ✪ ਆਰਐੱਸਐੱਸ ਅੱਗੇ ਆਤਮ ਸਮਰਪਣ ਕੀਤਾ ਮੋਦੀ ਨੇ



ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਦਾ ਨਾਗਪੁਰ ਵਿੱਚ ਆਰਐੱਸਐੱਸ ਦੇ ਮੁੱਖ ਦਫ਼ਤਰ ਦਾ ਪਹਿਲੀ ਵਾਰ ਦੌਰਾ ਪਹਿਲੀ ਨਜ਼ਰੇ ਇਹ ਪ੍ਰਭਾਵ ਦਿੰਦਾ ਹੈ ਕਿ ਭਾਜਪਾ ਅਤੇ ਇਸ ਦੇ ਵਿਚਾਰਧਾਰਕ ਮਾਤਰੀ ਸੰਗਠਨ ਆਰਐੱਸਐੱਸ ਦੇ ਰਿਸ਼ਤਿਆਂ ਵਿੱਚ ਸਭ ਅੱਛਾ ਹੈ। ਸਾਰਾ ਤਾਮ ਝਾਮ ਇਹ ਦਰਸਾਉਣ ਲਈ ਕੀਤਾ ਗਿਆ ਜਾਪਦਾ ਹੈ ਕਿ ਭਾਜਪਾ ਅਤੇ ਸੰਘ ਵਿਚਕਾਰ ਕੋਈ ਮੱਤਭੇਦ ਨਹੀਂ ਅਤੇ ਦੋਵੇਂ ਇੱਕ ਲੀਹ 'ਤੇ ਚੱਲ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਵੱਖ-ਵੱਖ ਖੇਤਰਾਂ ਵਿੱਚ ਆਰਐੱਸਐੱਸ ਦੇ ਸਵੈਮਸੇਵਕਾਂ ਦੀ ਭਰਵੀਂ ਪ੍ਰਸ਼ੰਸਾ ਕੀਤੀ ਹੈ, ਜੋ ਅਸਲ ਵਿੱਚ ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਵਿੱਚ ਸੰਘ ਦੇ ਕਾਰਕੁਨਾਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਨੂੰ ਸਲਾਮ ਆਖੀ ਜਾ ਸਕਦੀ ਹੈ। ਕਿਹਾ ਜਾਂਦਾ ਹੈ ਕਿ ਸੰਘ ਦੇ ਕਾਰਕੁਨਾਂ ਨੇ ਇਨ੍ਹਾਂ ਤਿੰਨਾਂ ਸੂਬਿਆਂ ਵਿੱਚ ਵੋਟਰਾਂ ਨੂੰ ਲਾਮਬੰਦ ਕਰਨ ਲਈ ਕਾਫ਼ੀ ਸਰਗਰਮੀ ਨਾਲ ਕੰਮ ਕੀਤਾ ਸੀ। ਇਸ ਤੋਂ ਇਲਾਵਾ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਆਰਐੱਸਐੱਸ ਤੋਂ ਬਗ਼ੈਰ ਭਾਜਪਾ ਦਾ ਗੁਜ਼ਾਰਾ ਨਹੀਂ।

ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ 400 ਸੀਟਾਂ ਜਿੱਤਣ ਦੇ ਦਾਅਵੇ ਕੀਤੇ ਸਨ ਪਰ ਜਦੋਂ ਇਸ ਦੀ ਗਿਣਤੀ 240 ਤੱਕ ਸਿਮਟ ਗਈ ਤਾਂ ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਨੇ ਮੋਦੀ ਬਾਰੇ ਕਈ ਸਖ਼ਤ ਟਿੱਪਣੀਆਂ ਕੀਤੀਆਂ ਸਨ। ਉਨ੍ਹਾਂ ਆਖਿਆ ਸੀ ਕਿ ਸੱਚੇ ਸੇਵਕ ਵਿੱਚ ਹੰਕਾਰ ਨਹੀਂ ਹੁੰਦਾ। ਇਸ ਤੋਂ ਪ੍ਰਧਾਨ ਮੰਤਰੀ ਸਮੇਤ ਪਾਰਟੀ ਦੀ ਸਿਰਮੌਰ ਲੀਡਰਸ਼ਿਪ ਨੂੰ ਨਿਸ਼ਾਨੇ 'ਤੇ ਲਿਆ ਗਿਆ ਜਾਪਦਾ ਸੀ। ਹੁਣ ਮੋਦੀ ਦੇ ਆਰਐੱਸਐੱਸ ਹੈੱਡਕੁਆਰਟਰ ਦੌਰੇ ਅਤੇ ਇਸ ਦੀ ਖੁੱਲ੍ਹ ਕੇ ਪ੍ਰਸ਼ੰਸਾ ਕਰਨ ਤੋਂ ਸੰਕੇਤ ਮਿਲਿਆ ਹੈ ਕਿ ਸਰਕਾਰ ਅਤੇ ਪਾਰਟੀ ਦੇ ਕੰਮਕਾਜ ਵਿੱਚ ਸੰਘ ਦਾ ਦਖ਼ਲ ਹੋਰ ਵਧ ਸਕਦਾ ਹੈ। ਜੇ ਭਾਜਪਾ ਦਾ ਅਗਲਾ ਪ੍ਰਧਾਨ ਸੰਘ ਦੀ ਮੋਹਰ ਲੱਗਣ ਨਾਲ ਹੀ ਬਣੇ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਮੋਦੀ ਸਰਕਾਰ ਇਸ ਸਮੇਂ ਸਹਿਯੋਗੀ ਪਾਰਟੀਆਂ ਦੀ ਹਮਾਇਤ 'ਤੇ ਟਿਕੀ ਹੋਈ ਹੈ, ਇਸ ਸੂਰਤ ਵਿੱਚ ਭਾਜਪਾ ਨੂੰ ਆਪਣਾ ਗੜ੍ਹ ਮਜ਼ਬੂਤ ਕਰਨ ਲਈ ਆਰਐੱਸਐੱਸ ਦੇ ਸਹਿਯੋਗ ਦੀ ਲੋੜ ਹੋਰ ਵਧ ਜਾਵੇਗੀ। ਉਂਝ, ਇਸ ਜੁਗਲਬੰਦੀ ਦੀ ਅਸਲ ਪ੍ਰੀਖਿਆ ਪੰਜਾਬ, ਕੇਰਲਾ ਅਤੇ ਪੱਛਮੀ ਬੰਗਾਲ ਜਿਹੇ ਸੂਬਿਆਂ ਵਿੱਚ ਹੋਵੇਗੀ ਜਿੱਥੇ ਭਗਵੀਂ ਪਾਰਟੀ ਅਗਲੇ ਦੋ ਸਾਲਾਂ ਵਿੱਚ ਸੰਨ੍ਹ ਲਾਉਣ ਦੀ ਝਾਕ ਵਿੱਚ ਹੈ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਆਰਐੱਸਐੱਸ ਨੂੰ ਭਾਰਤੀ ਸੱਭਿਆਚਾਰ ਦਾ ਬੋਹੜ ਕਰਾਰ ਦਿੱਤਾ ਹੈ। ਆਰ ਐੱਸ ਐੱਸ ਦੀ ਸਥਾਪਨਾ 1925 ਵਿੱਚ ਕੇਸ਼ਵ ਬਲੀਰਾਮ ਹੈਡਗੇਵਾਰ ਨੇ ਕੀਤੀ ਸੀ ਅਤੇ ਇਸ ਦੀ ਵਿਚਾਰਧਾਰਾ ਤੇ ਦ੍ਰਿਸ਼ਟੀਕੋਣ ਹਿੰਦੂ ਸਮਾਜ ਨੂੰ ਸੱਭਿਆਚਾਰਕ ਏਕਤਾ ਅਤੇ ਅਨੁਸ਼ਾਸਨ ਸਿਖਾ ਕੇ ਮਜ਼ਬੂਤ ਕਰਨ 'ਤੇ ਆਧਾਰਿਤ ਸੀ। ਇਸ ਵਿੱਚ ਹਿੰਦੂ ਕਦਰਾਂ-ਕੀਮਤਾਂ ਅਤੇ ਰਵਾਇਤਾਂ ਤੋਂ ਪ੍ਰੇਰਨਾ ਤੇ ਸ਼ਕਤੀ ਲਈ ਜਾਂਦੀ ਸੀ। ਕੀ ਕਿਸੇ ਖ਼ਾਸ ਧਰਮ ਜਾਂ ਫ਼ਿਰਕੇ 'ਤੇ ਆਧਾਰਿਤ ਕਿਸੇ ਸੰਗਠਨ ਜਾਂ ਵਿਚਾਰਧਾਰਾ ਨੂੰ ਰਾਸ਼ਟਰੀ ਸੱਭਿਆਚਾਰ ਦਾ ਤਰਜਮਾਨ ਕਿਹਾ ਜਾ ਸਕਦਾ ਹੈ? ਜੇ ਅਜਿਹਾ ਹੈ ਤਾਂ ਫਿਰ ਆਰਐੱਸਐੱਸ ਦੀ ਸੋਚ ਮੁਤਾਬਿਕ ਬੁੱਧਮਤ, ਜੈਨ, ਸਿੱਖ, ਮੁਸਲਿਮ ਤੇ ਇਸਾਈ ਧਰਮਾਂ ਅਤੇ ਇਨ੍ਹਾਂ ਦੇ ਸੱਭਿਆਚਾਰਾਂ ਦਾ ਕੀ ਮੁਕਾਮ ਹੈ? ਭਾਰਤ ਨੂੰ ਵੱਖ-ਵੱਖ ਭਾਸ਼ਾਵਾਂ, ਧਰਮਾਂ, ਸੱਭਿਆਚਾਰਾਂ ਤੇ ਰਹੁ-ਰੀਤਾਂ ਦਾ ਦੇਸ਼ ਮੰਨਿਆ ਜਾਂਦਾ ਹੈ ਅਤੇ ਕੋਈ ਵੀ ਤੰਗਨਜ਼ਰ ਜਾਂ ਫ਼ਿਰਕੂ ਏਜੰਡਾ ਇਸ ਨੂੰ ਏਕਤਾ ਦੀ ਮਾਲਾ ਵਿੱਚ ਪਰੋਣ ਦੇ ਕਾਬਿਲ ਜਾਂ ਲਾਇਕ ਨਹੀਂ ਬਣ ਸਕਦਾ।

# ਪਾਸਟਰ ਬਜਿੰਦਰ ਦਾ ਨਹੀਂ ਚਲਿਆ ਜਾਦੂ, ਮੁਹਾਲੀ ਕੋਰਟ ਨੇ ਸੁਣਾਈ ਉਮਰ ਕੈਦ ਦੀ ਸਜ਼ਾ

**ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ**

ਬੀਬੀਆਂ ਨੇ ਜਥੇਦਾਰ ਨੂੰ ਦੱਸਿਆ ਕਿ ਪਾਸਟਰ ਬਜਿੰਦਰ ਵੱਲੋਂ ਉਸ ਦੇ ਡੇਰਿਆਂ ਵਿੱਚ ਉਨ੍ਹਾਂ ਨਾਲ ਅੱਤਿਆਚਾਰ ਤੇ ਜਿਨਸੀ ਸ਼ੋਸ਼ਣ ਕੀਤਾ ਗਿਆ, ਜਿਸ ਸਬੰਧੀ ਪੰਜਾਬ ਪੁਲਿਸ ਵੱਲੋਂ ਪਰਚੇ ਵੀ ਦਰਜ ਕੀਤੇ ਗਏ ਹਨ। ਬੀਬੀਆਂ ਨੇ ਕਿਹਾ ਕਿ ਪਰਚੇ ਦਰਜ ਕੀਤੇ ਜਾਣ ਤੋਂ ਬਾਅਦ ਬਜਿੰਦਰ ਦੇ ਕਰਿੰਦਿਆਂ ਵੱਲੋਂ ਦੋਵਾਂ ਨੂੰ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ ਅਤੇ ਪੁਲਿਸ ਵੱਲੋਂ ਵੀ ਉਸ ਖ਼ਿਲਾਫ਼ ਲੰਮੇ ਸਮੇਂ ਤੋਂ ਸਖ਼ਤ ਕਾਰਵਾਈ ਨਹੀਂ ਕੀਤੀ ਗਈ, ਇਸ ਕਰਕੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਹਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਪੁਲਿਸ ਵੱਲੋਂ ਦੋਸ਼ੀ ਬਜਿੰਦਰ ਖ਼ਿਲਾਫ਼ ਪਰਚੇ ਦਰਜ ਕਰ ਲਏ ਗਏ ਹਨ ਪਰੰਤੂ ਉਸ ਵਿਰੁੱਧ ਕਾਰਵਾਈ 'ਚ ਢਿੱਲ-ਮੱਠ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਤਾੜਨਾ ਹੈ ਕਿ ਉਹ ਦੋਸ਼ੀ ਬਜਿੰਦਰ ਦੇ ਖ਼ਿਲਾਫ਼ ਤੁਰੰਤ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ ਅਤੇ ਪੀੜਤ ਬੀਬੀਆਂ ਦੀ ਸੁਰੱਖਿਆ ਯਕੀਨੀ ਬਣਾਵੇ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਖ਼ਾਲਸਾ ਪੰਥ ਦਾ ਨੁਮਾਇੰਦਾ ਹੋਣ ਦੇ ਨਾਤੇ ਦੋਵੇਂ ਬੀਬੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਚੇ ਤਖ਼ਤ ਉੱਤੇ ਆਈਆਂ ਹਨ ਅਤੇ ਦੋਸ਼ੀ ਪਖੰਡਵਾਦੀ ਦੇ ਵਿਰੁੱਧ ਸਮੁੱਚੀ ਸਿੱਖ ਕੌਮ ਤੇ ਪੰਜਾਬ ਇਨਸਾਫ਼ ਦਿਵਾਉਣ ਲਈ ਉਨ੍ਹਾਂ ਦੇ ਨਾਲ ਖੜ੍ਹਾ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਗੁਰੂ ਸਾਹਿਬਾਨ ਦੇ ਨਾਮ ਉੱਤੇ ਵੱਸਦੇ ਪੰਜਾਬ ਅੰਦਰ ਸਰਕਾਰ ਵਲੋਂ ਅੱਜ ਬਲਾਤਕਾਰੀ ਮਾਨਸਿਕਤਾ ਵਾਲੇ ਡੇਰੇਦਾਰਾਂ ਨੂੰ ਉਭਾਰਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਬਲਾਤਕਾਰੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਪੰਜਾਬ ਅੰਦਰ ਇਸੇ ਤਰ੍ਹਾਂ ਉਭਾਰਿਆ ਗਿਆ ਸੀ ਅਤੇ ਅੱਜ ਵੀ ਸਰਕਾਰ ਵੱਲੋਂ ਉਸਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਉਭਰ ਰਹੇ ਮਨੁੱਖਤਾ ਵਿਰੋਧੀ, ਸਿੱਖ ਵਿਰੋਧੀ ਤੇ ਪਖੰਡਵਾਦ ਦੇ ਡੇਰਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਇਨ੍ਹਾਂ ਨੂੰ ਤੁਰੰਤ ਸੀਲ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਬੀਬੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਇਸਾਈ ਭਾਈਚਾਰੇ ਦੇ ਧਾਰਮਿਕ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੇ ਅਖੌਤੀ ਪਖੰਡਵਾਦੀਆਂ ਤੇ ਬਲਾਤਕਾਰੀ ਮਾਨਸਿਕਤਾ ਵਾਲੇ ਲੋਕਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਵਿਰੁੱਧ ਖੁਦ ਅਵਾਜ਼ ਉਠਾਉਣ।

ਦੂਜੇ ਪਾਸੇ ਪਾਸਟਰ ਬਜਿੰਦਰ ਸਿੰਘ ਮਨਿਸਟਰੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਸਾਰੇ ਇਲਜ਼ਾਮਾਂ ਨੂੰ ਨਕਾਰਿਆ ਹੈ। ਉਨ੍ਹਾਂ ਨੇ ਕਿਹਾ, "ਪਾਸਟਰ ਬਜਿੰਦਰ ਸਿੰਘ ਉੱਤੇ ਲੱਗੇ ਇਲਜ਼ਾਮ ਝੂਠੇ ਅਤੇ ਬੇਬੁਨਿਆਦ ਹਨ। ਇਹ ਇਲਜ਼ਾਮ ਇੱਕ ਸਾਜ਼ਿਸ਼ ਤਹਿਤ ਲਗਾਏ ਗਏ ਹਨ।"

# ਪਾਸਟਰ ਬਜਿੰਦਰ ਸਿੰਘ ਵਿਰੁੱਧ ਧਮਕਾਉਣ ਦੇ ਦੋਸ਼, ਹਾਈ ਕੋਰਟ ਪਹੁੰਚਿਆ ਮਾਮਲਾ

ਪਾਸਟਰ ਬਜਿੰਦਰ ਸਿੰਘ ਖਿਲਾਫ ਮੋਹਾਲੀ ਅਤੇ ਚੰਡੀਗੜ੍ਹ ਦੇ ਰਹਿਣ ਵਾਲੇ ਚਾਰ ਲੋਕਾਂ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਰਣਜੀਤ ਕੌਰ, ਰੁਪਿੰਦਰ ਕੌਰ, ਅਸ਼ੋਕ ਕੁਮਾਰ ਅਤੇ ਹਰਿੰਦਰ ਸਿੰਘ ਨੇ ਆਪਣੀ ਜਾਨ ਅਤੇ ਆਜ਼ਾਦੀ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪਟੀਸ਼ਨਰਾਂ ਨੇ ਦੋਸ਼ ਲਗਾਇਆ ਕਿ ਚਰਚ ਨਾਲ ਜੁੜੇ ਇਕ ਪ੍ਰਭਾਵਸ਼ਾਲੀ ਪਾਸਟਰ ਬਜਿੰਦਰ ਸਿੰਘ ਨੇ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਪਰਦਾਫਾਸ਼ ਕਰਨ ਦੀ ਕੋਸ਼ਿਸ਼ ਕਰਨ 'ਤੇ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਅਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ।

ਪਟੀਸ਼ਨ ਦੇ ਅਨੁਸਾਰ ਸਾਰੇ ਪਟੀਸ਼ਨਕਰਤਾ ਪਹਿਲਾਂ ਬਜਿੰਦਰ ਸਿੰਘ ਨਾਲ ਕੰਮ ਕਰਦੇ ਸਨ, ਪਰ ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਧੋਖਾ ਦੇ ਰਿਹਾ ਹੈ ਤਾਂ ਉਨ੍ਹਾਂ ਨੇ ਵਿਰੋਧ ਕੀਤਾ ਅਤੇ ਉਸ ਨੂੰ ਛੱਡਣ ਦਾ ਫ਼ੈਸਲਾ ਕੀਤਾ। ਇਸ ਤੋਂ ਬਾਅਦ ਉਨ੍ਹਾਂ 'ਤੇ ਦਬਾਅ ਵਧਣ ਲੱਗਾ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗੀਆਂ। ਇਹ ਮਾਮਲਾ 13 ਅਤੇ 14 ਫ਼ਰਵਰੀ, 2025 ਦੀ ਰਾਤ ਦਾ ਹੈ, ਜਦੋਂ ਬਜਿੰਦਰ ਸਿੰਘ ਨੇ ਇੱਕ ਚਰਚ ਦੇ ਸਮਾਗਮ ਤੋਂ ਬਾਅਦ ਰਣਜੀਤ ਕੌਰ 'ਤੇ ਹਮਲਾ ਕੀਤਾ, ਉਸ ਨੂੰ ਥੱਪੜ ਮਾਰਿਆ ਅਤੇ ਉਸ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਇਹ ਪੂਰੀ ਘਟਨਾ ਸੀ.ਸੀ.ਟੀ.ਵੀ. ਵਿਚ ਰਿਕਾਰਡ ਹੋ ਗਈ ਅਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ 18 ਫਰਵਰੀ ਨੂੰ ਪਟੀਸ਼ਨਕਰਤਾਵਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਬਜਿੰਦਰ ਸਿੰਘ ਨੂੰ ਕਾਨੂੰਨੀ ਨੋਟਿਸ ਭੇਜਿਆ। 25 ਫਰਵਰੀ ਨੂੰ ਮੋਹਾਲੀ ਦੇ ਐਸ.ਐਸ.ਪੀ ਨੂੰ ਸ਼ਿਕਾਇਤ ਦਿੱਤੀ ਗਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਪੁਲਿਸ ਨੂੰ ਈ-ਮੇਲ ਰਾਹੀਂ ਸ਼ਿਕਾਇਤ ਵੀ ਭੇਜੀ ਗਈ ਸੀ, ਪਰ ਉਸ ਦਾ ਵੀ ਕੋਈ ਜਵਾਬ ਨਹੀਂ ਆਇਆ। ਜਦੋਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਅਤੇ ਜਨਤਕ ਦਬਾਅ ਵਧਿਆ ਤਾਂ 25 ਮਾਰਚ ਨੂੰ ਪੁਲਿਸ ਸਟੇਸ਼ਨ ਬਲਾਕ ਮਾਜਰੀ, ਐਸ.ਏ.ਐਸ ਨਗਰ, ਮੋਹਾਲੀ ਵਿਖੇ ਇਕ ਐਫ.ਆਈ.ਆਰ ਦਰਜ ਕੀਤੀ ਗਈ। ਪਟੀਸ਼ਨਕਰਤਾਵਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਇਸ ਮਾਮਲੇ ਦੀ ਜਾਂਚ ਮੋਹਾਲੀ ਤੋਂ ਬਾਹਰ ਕਿਸੇ ਸੀਨੀਅਰ ਪੁਲਿਸ ਅਧਿਕਾਰੀ ਜਾਂ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪੀ ਜਾਵੇ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਟੇਟਸ ਰਿਪੋਰਟ ਦਾਇਰ ਕਰਨ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 9 ਅਪ੍ਰੈਲ ਨੂੰ ਹੋਵੇਗੀ।

# ਬਾਦਲ ਦਲ ਬਾਬਾ ਧੁੰਮਾ 'ਤੇ ਹਮਲਾਵਰ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵਲੋਂ ਸ਼ਾਂਤੀ ਦੀ ਪੇਸ਼ਕਸ਼

## ✪ ਜਥੇਦਾਰਾਂ ਦੀਆਂ ਨਿਯੁਕਤੀਆਂ ਨੂੰ ਲੈਕੇ ਸਰਨਾ ਤੇ ਬਾਬਾ ਧੁੰਮਾ ਵਿਚਾਲੇ ਛਿੜੀ ਵਿਚਾਰਧਾਰਕ ਜੰਗ



ਜਲੰਧਰ-ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ 'ਤੇ ਭਾਜਪਾ ਨਾਲ ਮਿਲੀਭੁਗਤ ਦੇ ਦੋਸ਼ ਲਾਏ ਹਨ ਅਤੇ ਉਨ੍ਹਾਂ ਨੂੰ 'ਕੇਂਦਰੀ ਸਰਕਾਰ ਅਤੇ ਏਜੰਸੀਆਂ ਦਾ ਟੂਲ' ਕਰਾਰ ਦਿੱਤਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਟਕਸਾਲ ਮੁਖੀ ਨੂੰ ਸ਼ਾਂਤੀ ਦੀ ਅਪੀਲ ਕਰਦੇ ਨਜ਼ਰ ਆ ਰਹੇ ਹਨ। ਧਾਮੀ ਨੇ ਬੀਤੇ ਐਤਵਾਰ ਨੂੰ ਜਲੰਧਰ ਨੇੜੇ ਸਰਮਸਤਪੁਰ ਵਿਖੇ ਟਕਸਾਲ ਦੇ ਮੁਖੀ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਸ਼ਿਰਕਤ ਕੀਤੀ।

ਮੰਨਿਆ ਜਾਂਦਾ ਹੈ ਕਿ ਧਾਮੀ ਦੇ ਧੁੰਮਾ ਨਾਲ ਚੰਗੇ ਸਬੰਧ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਹਮਲਿਆਂ ਦੇ ਬਾਵਜੂਦ ਉਹ ਆਪਣੇ ਬਿਆਨਾਂ ਵਿੱਚ ਇਸਦਾ ਜ਼ਿਕਰ ਪ੍ਰਮੁੱਖਤਾ ਨਾਲ ਕਰਦੇ ਰਹੇ ਹਨ। ਸ਼ੁੱਕਰਵਾਰ ਨੂੰ, ਜਦੋਂ ਬਾਬਾ ਧੁੰਮਾ ਨੇ ਦਰਬਾਰ ਸਾਹਿਬ ਕੰਪਲੈਕਸ ਵਿਖੇ ਐਸਜੀਪੀਸੀ ਹੈੱਡਕੁਆਰਟਰ ਦੇ ਬਾਹਰ ਇੱਕ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ ਅਤੇ ਕੰਪਲੈਕਸ ਦੇ ਪ੍ਰਵੇਸ਼ ਦੁਆਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਰੋਕ ਦਿੱਤਾ ਗਿਆ, ਤਾਂ ਧਾਮੀ ਨੇ ਵਿਰੋਧ ਸਥਾਨ 'ਤੇ ਜਾਣ ਅਤੇ ਧੁੰਮਾ ਅਤੇ ਹੋਰਾਂ ਨਾਲ ਗੱਲਬਾਤ ਕਰਨ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਧਾਮੀ ਨੇ ਉਨ੍ਹਾਂ ਦਾ ਮੈਮੋਰੰਡਮ ਲਿਆ। ਟਕਸਾਲ ਨਾਲ ਨੇੜਤਾ ਲਈ ਜਾਣੇ ਜਾਂਦੇ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ। ਇਹ ਇਸ਼ਾਰਾ ਸ਼੍ਰੋਮਣੀ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਦੇ ਅੰਦਰੂਨੀ ਮਾਮਲਿਆਂ ਤੋਂ ਬਿਲਕੁਲ ਵੱਖਰਾ ਸੀ, ਜਿੱਥੇ ਨਾਰਾਜ਼ ਮੈਂਬਰਾਂ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੂੰ ਨਾ ਤਾਂ ਬੋਲਣ ਦਿੱਤਾ ਗਿਆ ਅਤੇ ਨਾ ਹੀ ਮੀਟਿੰਗ ਵਿੱਚ ਤਖ਼ਤ ਜਥੇਦਾਰਾਂ ਦੀ ਬਰਖਾਸਤਗੀ ਸੰਬੰਧੀ ਘੱਟੋ-ਘੱਟ 40 ਮੈਂਬਰਾਂ ਦੁਆਰਾ ਦਸਤਖਤ ਕੀਤੇ ਗਏ ਮਤੇ 'ਤੇ ਚਰਚਾ ਕੀਤੀ ਗਈ।

ਐਸਜੀਪੀਸੀ ਦੀ ਸਾਬਕਾ ਜਨਰਲ ਸਕੱਤਰ ਕਿਰਨਜੋਤ ਕੌਰ ਨੇ ਕਿਹਾ ਸੀ ਕਿ "ਜਦੋਂ ਉਹ ਬੋਲਣ ਲੱਗੀ ਤਾਂ ਮਾਈਕ ਖੋਹ ਲਿਆ ਗਿਆ ਸੀ ਅਤੇ ਸੁਖਬੀਰ ਸਿੰਘ ਬਾਦਲ ਦੇ ਕੈਂਪ ਦੇ ਮੈਂਬਰਾਂ ਨੇ ਮਾੜੀ ਭਾਸ਼ਾ ਦੀ ਵਰਤੋਂ ਕੀਤੀ ਸੀ। ਸ਼ੁੱਕਰਵਾਰ ਦੀ ਮੀਟਿੰਗ ਤੋਂ ਬਾਅਦ, ਸਾਬਕਾ ਐਸਜੀਪੀਸੀ ਮੁਖੀ ਬੀਬੀ ਜਗੀਰ ਕੌਰ ਨੇ ਵਾਰ-ਵਾਰ ਕਿਹਾ ਕਿ ਧਾਮੀ ਅਤੇ ਧੁੰਮਾ ਇਕੱਠੇ ਸਨ। ਸ਼ੁੱਕਰਵਾਰ ਦੀ ਮੀਟਿੰਗ ਤੋਂ ਪਹਿਲਾਂ, ਸ਼੍ਰੋਮਣੀ ਅਕਾਲੀ ਦਲ ਨੇ ਧੁੰਮਾ 'ਤੇ ਸਿੱਧਾ ਹਮਲਾ ਕੀਤਾ। ਮੀਟਿੰਗ ਤੋਂ ਬਾਅਦ ਵੀ ਟਕਸਾਲ ਮੁਖੀ ਨੂੰ ਨਿਸ਼ਾਨਾ ਬਣਾਇਆ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦਾ ਵੀਡੀਓ ਬਿਆਨ ਆਪਣੇ ਫੇਸਬੁੱਕ ਪੇਜ 'ਤੇ ਸਾਂਝਾ ਕਰਦੇ ਹੋਏ, ਸ਼੍ਰੋਮਣੀ ਅਕਾਲੀ ਦਲ ਨੇ ਲਿਖਿਆ ਕਿ ਝੱਬਰ ਦਿੱਲੀ ਤੋਂ ਆਏ ਗੁੰਡਿਆਂ ਨਾਲ ਸਿੱਧੀ ਗੱਲ ਕਰਦਾ ਹੈ ਜੋ ਕੇਂਦਰ ਦੇ ਨਿਰਦੇਸ਼ਾਂ 'ਤੇ ਦਰਬਾਰ ਸਾਹਿਬ ਦਾ ਘਿਰਾਓ ਕਰਨ ਆਏ ਸਨ।" ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਰਾਸ਼ਟਰੀ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਧੁੰਮਾ ਦੀਆਂ ਦੋ ਤਸਵੀਰਾਂ ਪੋਸਟ ਕੀਤੀਆਂ - ਇੱਕ ਸਵਰਗੀ ਪ੍ਰਕਾਸ਼ ਸਿੰਘ ਬਾਦਲ ਨਾਲ ਅਤੇ ਦੂਜੀ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨਾਲ। ਉਸ ਨੇ ਲਿਖਿਆ, "ਬਾਬਾ ਧੁੰਮਾ - ਸਰਕਾਰਾਂ ਨਾਲ ਬਹਾਰਾਂ (ਅੱਛੇ ਦਿਨ ਸਰਕਾਰਾਂ ਦੇ)।"

ਬੀਤੇ ਐਤਵਾਰ ਨੂੰ, ਧਾਮੀ ਨੇ ਸਰਮਸਤਪੁਰ ਨੇੜੇ ਜਲੰਧਰ-ਪਠਾਨਕੋਟ ਰੋਡ 'ਤੇ ਸਥਿਤ ਬ੍ਰਾਂਚ ਗੁਰਦੁਆਰੇ ਵਿਖੇ ਟਕਸਾਲ ਸਮਾਗਮ ਵਿੱਚ ਸ਼ਿਰਕਤ ਕੀਤੀ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਜੋ ਹੁਣ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਹਨ, ਅਤੇ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਸੁਲਤਾਨ ਸਿੰਘ, ਜਿਨ੍ਹਾਂ ਦੀ ਬਰਖਾਸਤਗੀ ਨੇ ਤੂਫਾਨ ਮਚਾ ਦਿੱਤਾ ਸੀ ਅਤੇ ਜਿਨ੍ਹਾਂ ਦੀ ਬਹਾਲੀ ਦੀ ਮੰਗ ਟਕਸਾਲ ਮੁਖੀ ਅਤੇ ਹੋਰਾਂ ਦੁਆਰਾ ਕੀਤੀ ਜਾ ਰਹੀ ਹੈ, ਨੇ ਵੀ ਇਸ ਸਮਾਰੋਹ ਵਿੱਚ ਸ਼ਿਰਕਤ ਕੀਤੀ।

ਅਕਾਲੀ ਦਲ ਦੇ ਇੱਕ ਹਿੱਸੇ ਦਾ ਮੰਨਣਾ ਹੈ ਕਿ ਧਾਮੀ ਦੀ ਟਕਸਾਲ ਨਾਲ ਪੁਰਾਣੀ ਨੇੜਤਾ ਤੋਂ ਇਲਾਵਾ, ਟਕਸਾਲ ਨੂੰ ਸ਼ਾਂਤੀ ਦੀ ਪੇਸ਼ਕਸ਼ ਵੀ ਹਿੱਸਾ ਹੋ ਸਕਦੀ ਹੈ।

### ਸਰਨਾ 'ਤੇ ਤਿੱਖੀ ਟਿੱਪਣੀ

ਅਜਿਹੇ ਸਮੇਂ ਜਦੋਂ ਜ਼ਿਆਦਾਤਰ ਅਕਾਲੀ ਆਗੂ ਦਮਦਮੀ ਟਕਸਾਲ 'ਤੇ ਚੁੱਪ ਹਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਖੀ ਪਰਮਜੀਤ ਸਿੰਘ ਸਰਨਾ ਸੋਸ਼ਲ ਮੀਡੀਆ 'ਤੇ ਟਕਸਾਲ ਉਪਰ ਤਿੱਖੇ ਹਮਲੇ ਕਰ ਰਹੇ ਹਨ ਕਿਉਂਕਿ ਨਵ-ਨਿਯੁਕਤ ਕਾਰਜਕਾਰੀ ਅਕਾਲ ਤਖ਼ਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਉਨ੍ਹਾਂ ਦੇ ਨੇੜੇ ਮੰਨਿਆ ਜਾਂਦਾ ਹੈ। ਸਰਨਾ ਦਾ ਕਹਿਣਾ ਸੀ ਕਿ ਬਾਬਾ ਹਰਨਾਮ ਸਿੰਘ ਧੁੰਮਾ ਨੇ ਦਮਦਮੀ ਟਕਸਾਲ ਦੇ ਨਾਮ ਤੇ ਕੌਮ ਅੰਦਰ ਇਸਦੇ ਸਤਿਕਾਰ ਦੀ ਪ੍ਰਵਾਹ ਨਾ ਕਰਦੇ ਹੋਏ ਜਿਸ ਤਰ੍ਹਾਂ ਦੀ ਸਰਗਰਮੀ ਸਿੰਘ ਸਾਹਿਬਾਨਾਂ ਨੂੰ ਦੀ ਨਿਯੁਕਤੀ ਨੂੰ ਬਹਾਨਾ ਬਣਾਕੇ ਬਿਗਾਨੀਆਂ ਤਾਕਤਾਂ ਦੇ ਇਸ਼ਾਰਿਆਂ ਦੇ ਸ਼ੁਰੂ ਕੀਤੀ ਹੋਈ ਸੀ। ਉਸਨੂੰ ਅੱਜ ਦੂਸਰੀ ਵਾਰ ਸਿੱਖ ਪੰਥ ਨੇ ਰੱਦ ਕਰਦੇ ਹੋਏ ਪੰਥ ਤੇ ਇਸ ਲੁਕਵੇਂ ਹਮਲੇ ਨੂੰ ਨਾਕਾਮ ਕਰ ਦਿੱਤਾ ਹੈ। ਇਸਤੋਂ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਸੇ ਬਹਾਨੇ ਸੱਦੇ ਇਕੱਠ ਵਿੱਚ ਨਾ ਦੋ ਸੌ ਬੰਦਾ ਇਕੱਠਿਆਂ ਹੋ ਸਕਿਆ ਸੀ ਤੇ ਨਾ ਹੀ ਹੁਣ ਪੂਰੇ ਪੰਜਾਬ ਵਿੱਚ ਇਸ਼ਤਿਹਾਰ ਲਗਾਉਣ ਦੇ ਬਾਵਜੂਦ ਦੋ ਸੌ ਬੰਦਾ ਬਾਬਾ ਹਰਨਾਮ ਸਿੰਘ ਤੇ ਉਹਨਾਂ ਦੇ ਸਾਥੀ ਇਕੱਠਾ ਕਰ ਸਕੇ।

ਇਸ ਇਕੱਠ ਵਿੱਚ ਬਲਜੀਤ ਸਿੰਘ ਦਾਦੂਵਾਲ ਜਿਸਨੂੰ ਹਰਿਆਣਾ ਦੀ ਸੰਗਤ ਕੁਝ ਸਮਾਂ ਪਹਿਲਾਂ ਹੀ ਬੁਰੀ ਤਰਾਂ ਨਾਕਾਰ ਤੇ ਹਟੀ ਹੈ ਤੇ ਹਰਮੀਤ ਸਿੰਘ ਕਾਲਕਾ ਜੋ ਪਿਛਲੇ ਸਾਢੇ ਤਿੰਨ ਸਾਲ ਤੋਂ ਸਰਕਾਰੀ ਸਰਪ੍ਰਸਤੀ ਨਾਲ ਦਿੱਲੀ ਕਮੇਟੀ ਦੀ ਚੋਣ ਰੋਕ ਕੇ ਬੈਠਾ ਹੈ। ਉਹਨਾਂ ਵਰਗੇ ਹੀ ਕੌਮ ਦੇ ਨਕਾਰੇ ਤੇ ਦਿੱਲੀ ਦੇ ਸ਼ਿੰਗਾਰੇ ਹੋਏ ਹੱਥ ਠੋਕੇ ਹੀ ਇਕੱਠੇ ਹੋਏ ਸਨ। ਪਰ ਸਮੁੱਚੀ ਸਿੱਖ ਕੌਮ ਇਹਨਾਂ ਸਾਰਿਆਂ ਦਾ ਕਿਰਦਾਰ ਪਛਾਣਦੀ ਹੈ। ਇਸ ਲਈ ਅੱਜ ਦੂਜੀ ਵਾਰ ਕੌਮ ਨੇ ਇਹਨਾਂ ਦੀ ਪੰਥ ਵਿੱਚ ਫੁੱਟ ਪਾ ਕੇ ਪੰਥ ਵਿਰੋਧੀ ਤਾਕਤਾਂ ਨੂੰ ਲਾਭ ਪਹੁੰਚਾਉਣ ਦੀ ਨੀਤੀ ਨੂੰ ਕਰਾਰੀ ਹਾਰ ਦਿੱਤੀ ਹੈ।

ਦੂਜੇ ਪਾਸੇ ਬਾਬਾ ਧੁੰਮਾ ਨੇ ਕਿਹਾ ਕਿ ਸਰਨਾ ਦਿਲੀ ਦੀ ਸੰਗਤ ਤੋਂ ਨਕਾਰਿਆ ਬੰਦਾ ਹੈ ਜੋ ਕਾਂਗਰਸ ਦਾ ਏਜੰਟ ਰਿਹਾ ਹੈ। ਇਹ ਹੁਣ ਸਿੱਖ ਪੰਥ ਵਿਚ ਫੁਟ ਪਾਉਣਾ ਚਾਹੁੰਦਾ ਹੈ।

## ਅਕਾਲੀ ਦਲ ਦੀਆਂ ਜਥੇਬੰਦਕ ਚੋਣਾਂ 2 ਤੋਂ 6 ਅਪਰੈਲ ਤੱਕ ਹੋਣਗੀਆਂ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਦੇ ਅੰਤਿਮ ਪੜਾਅ ਵਿੱਚ ਪਹੁੰਚਣ ਦੇ ਨਾਲ ਹੀ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਬਾਰੇ ਫ਼ੈਸਲਾ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਪਾਰਟੀ ਦੇ ਮੁੱਖ ਦਫ਼ਤਰ ਵਿੱਚ ਹੋਈ ਪਾਰਲੀਮੈਂਟਰੀ ਬੋਰਡ ਦੀ ਮੀਟਿੰਗ ਵਿੱਚ ਲਿਆ ਗਿਆ ਹੈ। ਉਨ੍ਹਾਂ ਫ਼ੈਸਲਾ ਕੀਤਾ ਕਿ ਪਾਰਟੀ ਦੀਆਂ ਜਥੇਬੰਦਕ ਚੋਣਾਂ 2 ਤੋਂ 6 ਅਪਰੈਲ ਤੱਕ ਕਰਵਾਈ ਜਾਣਗੀਆਂ। ਪਹਿਲੇ ਪੜਾਅ ਵਿੱਚ ਜ਼ਿਲ੍ਹਾ ਅਤੇ ਸੂਬਾ ਡੈਲੀਗੇਟਾਂ ਦੀਆਂ ਚੋਣਾਂ ਹੋਣਗੀਆਂ, ਮਗਰੋਂ ਹੋਰ ਜਥੇਬੰਦਕ ਢਾਂਚੇ ਦੀ ਚੋਣ ਕਰਵਾਈ ਜਾਵੇਗੀ। ਮੀਟਿੰਗ ਵਿੱਚ ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਡਾ. ਦਲਜੀਤ ਸਿੰਘ ਚੀਮਾ ਅਤੇ ਹੀਰਾ ਸਿੰਘ ਗਾਬੜੀਆ ਹਾਜ਼ਰ ਸਨ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਆਨਲਾਈਨ ਮੀਟਿੰਗ ਵਿੱਚ ਸ਼ਾਮਲ ਹੋਏ।

## ਮੁੱਖ ਮੰਤਰੀ ਸਮੇਤ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨਗੇ ਕਿਸਾਨ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ 13 ਮਹੀਨਿਆਂ ਤੋਂ ਅੰਦੋਲਨ ਕਰ ਰਹੇ ਕਿਸਾਨ ਮਜ਼ਦੂਰ ਮੋਰਚਾ (ਕੇਐਮਐਮ) ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕਰਨਗੇ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਇਸ ਪ੍ਰਦਰਸ਼ਨ ਦਾ ਐਲਾਨ ਕੀਤਾ। ਜਿਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਨਾਲ ਇੱਕ ਔਨਲਾਈਨ ਮੀਟਿੰਗ ਕੀਤੀ ਗਈ।



ਦੱਸ ਦੇਈਏ ਕਿ 19 ਮਾਰਚ ਨੂੰ ਪੰਜਾਬ ਪੁਲਿਸ ਨੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ ਅਤੇ ਸ਼ੰਭੂ ਅਤੇ ਖਨੌਰੀ ਸਰਹੱਦਾਂ ਖਾਲੀ ਕਰ ਦਿੱਤੀਆਂ ਸਨ। ਇਸ ਤੋਂ ਬਾਅਦ ਦੋਵਾਂ ਸਰਹੱਦਾਂ 'ਤੇ ਵਾਹਨਾਂ ਦੀ ਆਵਾਜਾਈ ਸ਼ੁਰੂ ਹੋ ਗਈ। ਸਰਵਣ ਸਿੰਘ ਪੰਧੇਰ ਨੂੰ ਪੁਲਿਸ ਨੇ ਰਿਹਾਅ ਕਰ ਦਿੱਤਾ ਹੈ। ਜਦੋਂ ਕਿ ਡੱਲੇਵਾਲ, ਜੋ ਭੁੱਖ ਹੜਤਾਲ 'ਤੇ ਹੈ, ਨੂੰ ਪਟਿਆਲਾ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

**ਵਿਚਾਰ :–** ਉਖੜਿਆ ਹੋਇਆ ਹਰੇਕ ਵਿਅਕਤੀ ਇਕਾਗਰਤਾ ਦੀ ਘਾਟ ਦੀ ਸ਼ਿਕਾਇਤ ਕਰਦਾ ਹੈ ।



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਵਿਚ ਬੇਅੰਤ ਦਾ ਰਾਜ ਪਰਤਿਆ ਝੂਠੇ ਮੁਕਾਬਲਿਆਂ ਬਾਰੇ ਅਵਾਜ਼ ਚੁੱਕਣ ਪੰਜਾਬੀ

ਪੰਜਾਬ ਵਿਚ ਝੂਠੇ ਮੁਕਾਬਲਿਆਂ ਤੋਂ ਜਾਪਦਾ ਹੈ ਕਿ ਬੇਅੰਤ ਸਿੰਘ ਦੇ ਅਨਿਆਂਕਾਰੀ ਰਾਜ ਦਾ ਦੌਰ ਪਰਤ ਆਇਆ ਹੈ। ਕੁਝ ਸਮੇਂ ਤੋਂ ਅਪਰਾਧੀਆਂ ਖਾਸ ਕਰਕੇ ਗੈਂਗਸਟਰਾਂ ਤੇ ਕਥਿਤ ਖਾੜਕੂਆਂ ਨਾਲ ਮੁਕਾਬਲਿਆਂ 'ਚ ਲਗਾਤਾਰ ਵਾਧਾ ਦਰਜ ਹੋਇਆ ਹੈ। ਮੌਜੂਦਾ ਵਰ੍ਹੇ ਜਨਵਰੀ ਤੋਂ ਲੈ ਕੇ 31 ਮਾਰਚ ਤੱਕ 41 ਪੁਲੀਸ ਮੁਕਾਬਲੇ ਹੋਏ ਹਨ ਜੋ ਪਿਛਲੇ ਸਾਲ ਹੋਏ ਕੁੱਲ 64 ਮੁਕਾਬਲਿਆਂ ਨਾਲੋਂ ਕਿਤੇ ਜ਼ਿਆਦਾ ਹਨ। ਹਾਲੇ ਤੱਕ ਕਿਸੇ ਵੀ ਪੀੜਤ ਦੇ ਪਰਿਵਾਰ ਨੇ ਜਨਤਕ ਤੌਰ 'ਤੇ ਮੁਕਾਬਲਿਆਂ ਉਪਰ ਨਾ ਸਵਾਲ ਖੜ੍ਹੇ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਫਰਜ਼ੀ ਦੱਸਿਆ ਹੈ। ਪਰ ਮਨੁੱਖੀ ਅਧਿਕਾਰ ਸੰਗਠਨ ਅਵਾਜ ਉਠਾ ਰਹੇ ਹਨ। ਪੀੜਤ ਪਰਿਵਾਰ ਦਹਿਸ਼ਤ ਵਿਚ ਹਨ। ਦਬੀ ਜ਼ੁਬਾਨ ਵਿਚ ਇਨ੍ਹਾਂ ਮੁਕਾਬਲਿਆਂ ਉਪਰ ਦੁਖ ਪ੍ਰਗਟਾ ਰਹੇ ਹਨ। ਬਹੁਤੇ ਇਹ ਗਰੀਬ ਪਰਿਵਾਰ ਹਨ ਜੋ ਇਨਸਾਫ ਲਈ ਲੜ ਹੀ ਨਹੀਂ ਸਕਦੇ।ਤਕਰੀਬਨ ਦੋ ਦਿਨਾਂ 'ਚ ਇਕ ਮੁਕਾਬਲਾ ਹੋ ਰਿਹਾ ਹੈ ਜਿਥੋਂ ਪਤਾ ਲਗਦਾ ਹੈ ਕਿ ਪੁਲੀਸ ਨੂੰ ਸੂਬਾ ਸਰਕਾਰ ਅਤੇ ਸਿਖਰਲੇ ਅਧਿਕਾਰੀਆਂ ਦੀ ਪ੍ਰਵਾਨਗੀ ਮਿਲੀ ਹੋਈ ਹੈ।

ਹਾਲੀਆ ਦੋ ਘਟਨਾਵਾਂ ਦੌਰਾਨ ਅੰਮ੍ਰਿਤਸਰ ਵਿੱਚ ਹੱਤਿਆ ਦਾ ਇਕ ਮੁਲਜ਼ਮ ਅਤੇ ਪਟਿਆਲਾ 'ਚ ਇਕ ਅਗ਼ਵਾਕਾਰ ਪੁਲੀਸ ਗੋਲੀਬਾਰੀ 'ਚ ਮਾਰੇ ਗਏ। ਇਨ੍ਹਾਂ ਤੋਂ ਇਲਾਵਾ ਪੁਲੀਸ ਨਾਲ ਮੁਕਾਬਲਿਆਂ ਦੌਰਾਨ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਕਾਤਲਾਂ ਸਮੇਤ ਕਰੀਬ 45 ਅਪਰਾਧੀਆਂ ਦੀਆਂ ਲੱਤਾਂ 'ਤੇ ਗੋਲੀਆਂ ਲੱਗੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਇਕ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਪੰਜਾਬ ਪੁਲੀਸ ਨੇ ਅਦਾਲਤੀ ਨਿਆਂ ਤੋਂ ਬਾਹਰ ਜਾਕੇ ਜੁਰਮ ਖ਼ਿਲਾਫ਼ ਤਿੱਖਾ ਰੁਖ਼ ਅਪਣਾਇਆ ਹੈ ਪਰ ਸੱਤਾ ਦੀ ਸੰਭਾਵੀ ਦੁਰਵਰਤੋਂ ਦਾ ਖ਼ਤਰਾ ਵੀ ਵਧ ਗਿਆ ਹੈ। ਇੰਜ ਜਾਪਦਾ ਹੈ ਕਿ ਮੁਕਾਬਲਿਆਂ ਦਾ ਅਧਿਕਾਰ ਮਿਲਣ ਕਾਰਨ ਪਿਛਲੇ ਮਹੀਨੇ ਪਟਿਆਲਾ 'ਚ ਥਲ ਸੈਨਾ ਦੇ ਕਰਨਲ ਅਤੇ ਉਸ ਦੇ ਪੁੱਤਰ ਦੀ ਕਰੀਬ 12 ਪੁਲੀਸ ਕਰਮੀਆਂ ਵੱਲੋਂ ਕੁੱਟਮਾਰ ਕਰਨ ਨਾਲ ਵਧੀਕੀਆਂ ਵਧ ਗਈਆਂ ਹਨ।

ਮਨੁੱਖੀ ਹੱਕਾਂ ਬਾਰੇ ਕਾਰਕੁਨ ਨਵਕਿਰਨ ਸਿੰਘ ਤੇ ਪੰਥਕ ਆਗੂ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਨੇ ਪੁਲੀਸ ਨੂੰ ਮੁਕਾਬਲਿਆਂ ਲਈ ਦਿੱਤੀਆਂ ਖੁੱਲ੍ਹੀਆਂ ਤਾਕਤਾਂ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ, "ਵਿਸ਼ੇਸ਼ ਅਧਿਕਾਰ ਮਿਲਣ ਨਾਲ ਵਿਅਕਤੀ ਕਾਨੂੰਨ ਆਪਣੇ ਹੱਥਾਂ 'ਚ ਲੈ ਲੈਂਦਾ ਹੈ। ਪੰਜਾਬ ਵਿਚ ਦਰਬਾਰਾ ਸਿੰਘ ਤੋਂ ਲੈਕੇ ਬੇਅੰਤ ਸਿੰਘ ਰਾਜ ਦੌਰਾਨ ਫ਼ਰਜ਼ੀ ਮੁਕਾਬਲਿਆਂ ਦਾ ਇਤਿਹਾਸ ਰਿਹਾ ਹੈ। ਇਹਨਾਂ ਝੂਠੇ ਮੁਕਾਬਲਿਆਂ ਤੇ ਪੱਚੀ ਹਜ਼ਾਰ ਲਵਾਰਸ ਲਾਸ਼ਾਂ ਦਾ ਪਰਦਾਫਾਸ਼ ਜਸਵੰਤ ਸਿੰਘ ਖਾਲੜਾ ਨੇ ਕੀਤਾ ਸੀ। ਪੁਲਿਸ ਨੇ ਖੁਣਸ ਖਾਕੇ ਉਸਨੂੰ ਵੀ ਲਵਾਰਸ ਲਾਸ਼ ਬਣਾ ਦਿੱਤਾ ਸੀ। ਇਹ ਖ਼ਤਰਨਾਕ ਰੁਝਾਨ ਹੈ ਜੋ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਬਣਾਉਂਦਾ ਹੈ। ਜੇ ਇਸ ਰੁਝਾਨ ਨੂੰ ਠੱਲ੍ਹ ਨਾ ਪਈ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਬੇਕਸੂਰ ਵਿਅਕਤੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ।"

ਡੀਜੀਪੀ ਗੌਰਵ ਯਾਦਵ ਦਾ ਇਸ ਬਾਰੇ ਕਹਿਣਾ ਹੈ ਕਿ ਪੁਲੀਸ ਅਪਰੇਸ਼ਨਾਂ ਦੌਰਾਨ ਅਪਰਾਧੀਆਂ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਏ ਜਾਣ ਦੀ ਕੋਈ ਨੀਤੀ ਨਹੀਂ ਹੈ। ਉਂਜ ਪੁਲੀਸ 'ਤੇ ਹਥਿਆਰਬੰਦ ਮਸ਼ਕੂਕਾਂ ਵੱਲੋਂ ਗੋਲੀਆਂ ਚਲਾਉਣ 'ਤੇ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ। ਹਾਲੀਆ ਮੁਕਾਬਲਿਆਂ 'ਚ ਅਪਰਾਧੀਆਂ ਨੇ ਪਹਿਲਾਂ ਗੋਲੀਆਂ ਚਲਾਈਆਂ ਹਨ। ਫਿਰ ਵੀ ਸਾਡੀਆਂ ਟੀਮਾਂ ਨੇ ਸੰਜਮ ਵਰਤਿਆ ਅਤੇ ਉਨ੍ਹਾਂ ਸਿਰਫ਼ ਲੱਤਾਂ 'ਤੇ ਨਿਸ਼ਾਨਾ ਲਾਇਆ ਤਾਂ ਜੋ ਉਹ ਫ਼ਰਾਰ ਨਾ ਹੋ ਸਕਣ। ਡੀਜੀਪੀ ਦਾ ਬਿਆਨ ਸ਼ੱਕੀ ਕਿਸਮ ਦਾ ਹੈ। ਕਿਉਂਕਿ ਪੁਲੀਸ ਦੀ ਫਿਲਮੀ ਕਹਾਣੀ ਇਕੋ ਜਿਹੀ ਹੈ ਜੋ ਖਾੜਕੂਵਾਦ ਦੇ ਦਿਨਾਂ ਦੌਰਾਨ ਘੜੀ ਜਾਂਦੀ ਸੀ। ਮਨੁੱਖੀ ਅਧਿਕਾਰ ਸੰਗਠਨਾਂ, ਸਮੂਹ ਪੰਜਾਬੀਆਂ ਨੂੰ ਕਨੂੰਨ ਦਾ ਰਾਜ ਲਿਆਉਣ ਲਈ ਇਨ੍ਹਾਂ ਝੂਠੇ ਮੁਕਾਬਲਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ। ਅੱਜਕਲ੍ਹ ਪੰਜਾਬ ਕੇਜਰੀਵਾਲ ਸੁਪਰ ਚੀਫ ਮਨਿਸਟਰ ਬਣਕੇ ਚਲਾ ਰਿਹਾ ਹੈ। ਉਸਦੇ ਬਿਆਨਾਂ ਤੋਂ ਜਾਪਦਾ ਹੈ ਕਿ ਭਗਵੰਤ ਮਾਨ ਦੀ ਥਾਂ ਉਹ ਚੀਫ ਮਨਿਸਟਰ ਹੋਵੇ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਛੇੜੇ ਯੁੱਧ ਨੂੰ ਹੋਰ ਤੇਜ਼ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਨਸ਼ਾ ਤਸਕਰਾਂ ਨੇ ਜਿਊਣਾ ਹੈ ਤਾਂ ਉਹ ਨਸ਼ਿਆਂ ਦੀ ਤਸਕਰੀ ਤੋਂ ਤੌਬਾ ਕਰ ਜਾਣ ਜਾਂ ਫਿਰ ਪੰਜਾਬ ਤੋਂ ਬਾਹਰ ਚਲੇ ਜਾਣ। ਨਸ਼ਿਆਂ ਵਿਰੁੱਧ' ਸਰਕਾਰੀ ਮੁਹਿੰਮ ਇਕ ਡਰਾਮਾ ਬਣਕੇ ਰਹਿ ਗਈ ਹੈ। ਅਜੇ ਤਕ ਕੋਈ ਵੱਡਾ ਸਮਗਲਰ ਫੜਿਆ ਨਹੀਂ ਗਿਆ।

-ਰਜਿੰਦਰ ਸਿੰਘ ਪੁਰੇਵਾਲ

## ਸ਼੍ਰੋਮਣੀ ਅਕਾਲੀ ਦਲ ਨੇ ਰਿਹਾਅ ਹੋਏ ਕਿਸਾਨਾਂ ਨਾਲ ਜਤਾਈ ਇਕਜੁੱਟਤਾ

ਪਟਿਆਲਾ– ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਰਾਜੂ ਖੰਨਾ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਝਿੰਜਰ ਨੇ ਬੀਤੀ ਰਾਤ ਰੋਪੜ ਜੇਲ੍ਹ ਤੋਂ 9 ਦਿਨਾਂ ਦੀ ਨਜ਼ਰਬੰਦੀ ਤੋਂ ਬਾਅਦ ਰਿਹਾਅ ਹੋਏ ਕਿਸਾਨਾਂ ਨਾਲ ਮੁਲਾਕਾਤ ਕੀਤੀ। ਆਗੂਆਂ ਨੇ ਰਿਹਾਅ ਹੋਏ ਕਿਸਾਨਾਂ ਦੇ ਘਰ ਪਹੁੰਚਕੇ ਉਨ੍ਹਾਂ ਅਤੇ ਪੂਰੇ ਮੋਰਚੇ ਨਾਲ ਆਪਣੀ ਇਕਜੁੱਟਤਾ ਪ੍ਰਗਟ ਕੀਤੀ। ਕਿਸਾਨਾਂ ਦਾ ਘਰ ਵਾਪਿਸ ਸਵਾਗਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਗੁਰਪ੍ਰੀਤ ਰਾਜੂ ਖੰਨਾ ਨੇ ਕਿਹਾ, "ਭਗਵੰਤ ਮਾਨ ਸਰਕਾਰ ਵੱਲੋਂ ਸ਼ੰਭੂ ਅਤੇ ਖਨੌਰੀ ਸਰਹੱਦੀ ਮੋਰਚੇ ਨੂੰ ਜ਼ਬਰਦਸਤੀ ਹਟਾਏ ਜਾਣ ਤੋਂ ਬਾਅਦ ਇਨ੍ਹਾਂ ਕਿਸਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ – ਇਹ 'ਆਪ' ਸਰਕਾਰ ਵੱਲੋਂ ਇੱਕ ਵਿਸ਼ਵਾਸਘਾਤ ਸੀ। ਕਿਸਾਨ ਆਗੂਆਂ ਨੂੰ ਮੀਟਿੰਗ ਵਿੱਚ ਬੁਲਾਉਣ ਤੋਂ ਬਾਅਦ, ਸਰਕਾਰ ਨੇ ਉਸੇ ਦਿਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ, ਮੋਰਚੇ ਤੋੜ ਦਿੱਤੇ ਅਤੇ ਬਾਕੀ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ।

**NEWS & VIEWS**

# Growing Credibility Gap Between Shromani Gurdwara Parbandhak Committee (SGPC) and Diaspora Sikhs



Gurmukh Singh
OBE

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥

*The frog in the deep well knows nothing of its own country or other lands* (SGGS Ang 346)

Leading Sikhs at the helm of central Sikh institutions remind us of the above Pankti from Sri Guru Granth Sahib. They seem to have lost any sense of Panthic mission or vision. They are no longer in touch with even *Des Panjab* Sikhs, let alone Sikhs in the diaspora.

The Guru and the Panth spoke through the historic Hukamnama announced by the Five Singh Sahiban from Sri Akal Takht Sahib on 2 December 2024. Sikh leadership confessed, in effect, that it was unfit to lead the Panth. That day, the world witnessed with awesome admiration the Sovereignty of the Takht of Akal above any state power.

The events before, and especially after the Guru-Panth *parwaan* Hukamnama from Sri Akal Takht Sahib have shown that the SGPC is no longer representative of the global Panth. I would like to quote below, a communication from Professor (Col) Nirmal Singh, a respected scholar active on Sikh forums. About the SGPC, he wrote:

*SGPC seems to be a pack of contradictions. This becomes obvious if one visits the SGPC Website, where SGPC makes three claims viz: Firstly, that it is called Parliament of Sikhs; secondly, that it is the Apex Governing body of all Sikh Gurwaras in India and Abroad; and, thirdly that it works under the Directives of Sri Akal Takht Sahib.* (actual Website wording is underlined)

Professor Nirmal Singh suggests that SGPC is being compared with Roman Catholic Church which, according to AI search *controls global churches through spiritual, political, and global realms. The Pope, as the spiritual leader of over 1.3 billion Catholics, holds supreme authority over the Church. The Church apparatus is organized for control, with the Roman Curia overseeing bishops, clergy, and laity.*

He suggests that *SGPC obviously have misconceptions far from the reality of their actually diminished and highly controversial role.*

*We should perhaps be more realistic and vigilant.*

Let us remember, that this so called *Parliament of the Sikhs* allowed itself to be dictated to by one family for decades. Elections have not been held for many years and it is no longer representative of Panthic wishes. It remains in serious difficulties about its future role in global Sikh affairs unless it can be shown to be truly representative of the global Sikh nation. It is supposed to work under the direction of Sri Akal Takht Sahib. The reality is that SGPC has dictated to and hired and fired sewadar Jathedars of Akal Takht Sahib to accord with the wishes of one family. Where such a state of affairs has taken us is for all the Sikh Diaspora to see. SGPC control over Gurdwara is not even India-wide, let alone worldwide.

It will take some time, maybe years, for the fiasco after the Hukamnama to be sorted out through assertion of collective global Panthic Will. Sikhs in Panjab are facing divisive forces within and state political plots from outside.

The way forward is that global Sikh networks should lead through issues-based Panthic objectives. Diaspora Gurdwaras as theo-social centres, Sewa charities and political organisations working in the wider society should continue to promote Sikh ideology, institutions and identity. The Sovereignty of Sri Akal Takht Sahib should be expressed through global Sikhi activism.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਪ੍ਰਮਾਣੂ ਸਮਝੌਤੇ ’ਤੇ ਟਰੰਪ ਦੀ ਇਰਾਨ ਨੂੰ ਧਮਕੀ, ਵਿਸ਼ਵ ਵਿਚ ਤਣਾਅ ਵਧੇਗਾ ?

## ✪ ਈਰਾਨ ਦੀ ਪਲਟਕੇ ਵਾਰ ਕਰਨ ਦੀ ਤਿਆਰੀ !

### ਖਾਸ ਰਿਪੋਟ

ਅਮਰੀਕਾ ਅਤੇ ਈਰਾਨ ਦਰਮਿਆਨ ਤਣਾਅ ਇਕ ਵਾਰ ਫਿਰ ਸਿਖਰ ਤੇ ਪਹੁੰਚ ਗਿਆ ਹੈ। ਸਰਕਾਰੀ ਮੀਡੀਆ ਤਹਿਰਾਨ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਇਰਾਨ ਨੇ ਡੋਨਾਲਡ ਟਰੰਪ ਦੀ ਬੰਬਾਰੀ ਧਮਕੀ ਅਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਲੋੜ ਪੈਣ ’ਤੇ ਅਮਰੀਕਾ ਨਾਲ ਸਬੰਧਿਤ ਟਿਕਾਣਿਆਂ ਉਪਰ ਹਮਲਾ ਕਰਨ ਦੇ ਲਈ ਉਹ ਆਪਣੇ ਭੂਮੀਗਤ ਮਿਜ਼ਾਈਲ ਸੈਂਟਰ ਤਿਆਰ ਕਰ ਰਿਹਾ ਹੈ। ਰਿਪੋਰਟਾਂ ਦੇ ਅਨੁਸਾਰ, ਤਹਿਰਾਨ ਨੇ ਕਿਸੇ ਵੀ ਸੰਭਾਵਤ ਅਮਰੀਕੀ ਹਮਲੇ ਦਾ ਜਵਾਬ ਦੇਣ ਲਈ ਕਮਰਕਸੇ ਕਰ ਲਏ ਹਨ। ਇਹ ਘਟਨਾਕਰਮ ਉਦੋਂ ਸਾਹਮਣੇ ਆਇਆ ਹੈ ਜਦੋਂ ਦੋਵਾਂ ਦੇਸ਼ਾਂ ਵਿੱਚ ਪਰਮਾਣੂ ਸੌਦੇ ’ਤੇ ਤਣਾਅ ਬਣਿਆ ਹੋਇਆ ਹੈ। ਟਰੰਪ ਨੇ ਹਾਲ ਹੀ ਵਿੱਚ ਇਰਾਨ ਨੂੰ ਦੋ ਮਹੀਨੇ ਦਾ ਅਲਟੀਮੇਟਮ ਦਿੱਤਾ ਸੀ ਕਿ ਉਹ ਇਕ ਨਵਾਂ ਸਮਝੌਤਾ ਕਰੇ ਜਾਂ ਫੌਜੀ ਕਾਰਵਾਈ ਦਾ ਸਾਹਮਣਾ ਕਰੇ।

ਅਮਰੀਕਾ ਅਤੇ ਇਰਾਨ ਦਰਮਿਆਨ ਪ੍ਰਮਾਣੂ ਸਮਝੌਤੇ ਦਾ ਮੁੱਦਾ ਦਹਾਕਿਆਂ ਤੋਂ ਗਲੋਬਲ ਕੂਟਨੀਤੀ ਅਤੇ ਖੇਤਰੀ ਸੁਰੱਖਿਆ ਦਾ ਇਕ ਕੇਂਦਰੀ ਵਿਸ਼ਾ ਰਿਹਾ ਹੈ। ਸੰਯੁਕਤ - ਵਿਆਪਕ ਕਾਰਜ ਯੋਜਨਾ ਭਾਵ ਜੇਸੀਪੀਓਏ ਦੇ ਰੂਪ ਵਿਚ ਜਾਣ ਵਾਲਾ ਇਰਾਨ ਪ੍ਰਮਾਣੂ ਸਮਝੌਤਾ 2015 ਵਿੱਚ ਅਮਰੀਕਾ ਅਤੇ ਇਰਾਨ ਅਤੇ ਰੂਸ ਅਤੇ ਜਰਮਨੀ ਨੇ ਸਾਈਨ ਕੀਤਾ ਸੀ। ਇਸਦਾ ਉਦੇਸ਼ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਸੀਮਿਤ ਕਰਨਾ ਸੀ।

ਇਸਦੇ ਬਦਲੇ ਵਿੱਚ, ਈਰਾਨ ਨੂੰ ਆਰਥਿਕ ਪਾਬੰਦੀਆਂ ਤੋਂ ਰਾਹਤ ਦੇਣ ਲਈ ਅਮਰੀਕਾ ਨੇ ਵਾਅਦਾ ਕੀਤਾ ਸੀ। ਇਹ ਸਮਝੌਤਾ ਤਦ ਤੱਕ ਪ੍ਰਭਾਵੀ ਰਿਹਾ ਜਦ ਤੱਕ ਟਰੰਪ ਨੇ 2018 ਵਿਚ ਅਮਰੀਕਾ ਨੂੰ ਇਸ ਤੋਂ ਬਾਹਰ ਨਹੀਂ ਕੱਢ ਦਿੱਤਾ। ਟਰੰਪ ਨੇ ਕਿਹਾ ਸੀ ਕਿ ਇਹ ਇਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਪੂਰੀ ਤਰ੍ਹਾਂ ਰੋਕਣ ਦੇ ਯੋਗ ਨਹੀਂ ਸੀ। ਟਰੰਪ ਨੇ ਇਸ ਨੂੰ ਸਭ ਤੋਂ ਖਰਾਬ ਸੌਦਾ ਕਰਾਰ ਦਿੰਦੇ ਹੋਏ ਦਾਅਵਾ ਕੀਤਾ ਕਿ ਇਹ ਇਰਾਨ ਦੇ ਮਿਜ਼ਾਈਲ ਪ੍ਰੋਗਰਾਮ ਅਤੇ ਖੇਤਰੀ ਪ੍ਰਭਾਵ ਨੂੰ ਨਿਯੰਤਰਿਤ ਕਰਨ ਵਿੱਚ ਅਸਫਲ ਰਿਹਾ। ਉਦੋਂ ਤੋਂ ਈਰਾਨ ਨੇ ਯੂਰੇਨੀਅਮ ਸੀਮਾ ਨੂੰ ਪਾਰ ਕਰ ਲਿਆ ਹੈ ਅਤੇ ਹੁਣ ਇਹ ਲਗਭਗ ਹਥਿਆਰ ਗ੍ਰੇਡ ਯੂਰੇਨੀਅਮ ਪੈਦਾ ਕਰ ਰਿਹਾ ਹੈ, ਜੋ ਸਿਰਫ ਪ੍ਰਮਾਣੂ ਹਥਿਆਰ ਰਖਣ ਵਾਲੇ ਦੇਸ ਹੀ ਕਰਦੇ ਹਨ। ਟਰੰਪ ਨੇ ਹਾਲ ਹੀ ਵਿੱਚ ਈਰਾਨ ਦੇ ਸਰਵਉੱਚ ਨੇਤਾ ਆਯਤੁੱਲਾ ਅਲੀ ਖਾਮੇਨੇਈ ਨੂੰ ਇੱਕ ਪੱਤਰ ਭੇਜਿਆ ਹੈ ਜਿਸ ਵਿੱਚ ਉਸਨੇ ਗੱਲਬਾਤ ਦਾ ਪ੍ਰਸਤਾਵ ਰਖਿਆ ਸੀ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਚੇਤਾਵਨੀ ਦਿੱਤੀ ਸੀ ਕਿ ਜੇ ਇਕਰਾਰਨਾਮਾ ਨਹੀਂ ਹੋਇਆ ਤਾਂ ਇਰਾਨ ਨੂੰ ਭਿਅੰਕਰ ਬੰਬਾਰੀ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕਾ ਨੇ ਹਿੰਦ ਮਹਾਂਸਾਗਰ ਵਿਚ ਡਿਏਗੋ ਗਾਰਸੀਆ ਫੌਜੀ ਅੱਡੇ ਉਪਰ ਬੀ -2 ਸਟੀਲਥ ਬੰਬਰ ਤੈਨਾਤ ਕੀਤੇ ਹਨ ਜੋ ਇਰਾਨ ਦੇ ਭੂਮੀਗਤ ਪ੍ਰਮਾਣੂ ਅਧਾਰਾਂ ਨੂੰ ਨਸ਼ਟ ਕਰਨ ਦੇ ਸਮਰੱਥ ਹਨ।



ਇਰਾਨ ਨੇ ਟਰੰਪ ਦੇ ਪ੍ਰਸਤਾਵ ਨੂੰ ਧਮਕੀ ਦੇਣ ਵਾਲਾ ਰਵੱਈਆ ਕਰਾਰ ਦਿੰਦੇ ਹੋਏ ਸਿੱਧੀ ਗੱਲਬਾਤ ਤੋਂ ਇਨਕਾਰ ਕਰ ਦਿੱਤਾ। ਰਾਸ਼ਟਰਪਤੀ ਮਸੂਦ ਪੈਜ਼ਿਸ਼ਕਿਆਨ ਨੇ ਕਿਹਾ ਕਿ ਓਮਾਨ ਰਾਹੀਂ ਅਸਿੱਧੀ ਵਾਰਤਾ ਦੀ ਸੰਭਾਵਨਾ ਖੁੱਲੀ ਹੈ। ਪਰ ਟਰੰਪ ਦੀ ਦਬਾਅ ਨੀਤੀ ਦੇ ਕਾਰਨ ਕੋਈ ਮਸਲਾ ਹੱਲ ਨਹੀਂ ਹੋ ਸਕਦਾ। ਇਸ ਦੌਰਾਨ ਈਰਾਨ ਦੇ ਕੱਟੜਪੰਥੀ ਰਿਵੋਲੂਸ਼ਨੀ ਗਾਰਡ ਨੇ ਇੱਕ ਵੀਡੀਓ ਜਾਰੀ ਕੀਤਾ, ਜਿਸ ਵਿਚ ਭੂਮੀਗਤ ਮਿਜ਼ਾਇਲ ਸਥਾਨ ਨੂੰ ਦਿਖਾਇਆ ਗਿਆ। ਇਸ ਵਿਚ ਅਜਿਹੀਆਂ ਮਿਜ਼ਾਈਲਾਂ ਹਨ ਜੋ ਅਮਰੀਕੀ ਬੇਸਾਂ ਅਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾ ਸਕਦੀਆਂ ਹਨ। ਇਰਾਨ ਦੇ ਅਬਜਰਵਰ ਨੇ ਇਸ ਵੀਡੀਓ ਨੂੰ ਐਕਸ ਉਪਰ ਸਾਂਝਾ ਕੀਤਾ।

ਇਰਾਨ ਦੇ ਸੰਸਦ ਮੁਖੀ ਮੁਹੰਮਦ ਬਾਘਰ ਕਾਲਿਬਾਫ ਨੇ ਚੇਤਾਵਨੀ ਦਿੱਤੀ ਕਿ ਜੇ ਉਸਦੀ ਹਕੂਮਤ ’ਤੇ ਹਮਲਾ ਕੀਤਾ ਗਿਆ ਤਾਂ ਇਹ ਖੇਤਰ ਵਿੱਚ ਬਰੂਦ ਦੇ ਢੇਰ ਉਪਰ ਇੱਕ ਚੰਗਿਆੜੀ ਵਰਗਾ ਹੋਵੇਗਾ। ਈਰਾਨ ਨੇ ਇਹ ਵੀ ਸੰਕੇਤ ਦਿੱਤਾ ਕਿ ਇਹ ਅਮਰੀਕੀ ਸਥਾਨਾਂ ਜਿਵੇਂ ਕਿ ਡੀਗੋ ਗਾਰਸੀਆ ’ਤੇ ਹਮਲਾ ਕਰ ਸਕਦਾ ਹੈ। ਇਹ ਸਥਿਤੀ ਖੇਤਰੀ ਅਸਥਿਰਤਾ ਨੂੰ ਵਧਾ ਸਕਦੀ ਹੈ, ਖ਼ਾਸਕਰ ਜਦੋਂ ਇਜ਼ਰਾਈਲ ਅਤੇ ਇਰਾਨ ਗਾਜ਼ਾ ਅਤੇ ਲੇਬਨਾਨ ਦੇ ਵਿਵਾਦਾਂ ਨੂੰ ਲੈਕੇ ਤਣਾਅ ਵਿਚ ਹਨ। ਇਰਾਨ ਅਤੇ ਅਮਰੀਕਾ ਵਿਚਾਲੇ ਇਹ ਤਣਾਅ ਕਈ ਸੰਭਾਵਤ ਨਤੀਜਿਆਂ ਵਲ ਇਸ਼ਾਰਾ ਕਰਦਾ ਹੈ। ਜੇ ਟਰੰਪ ਫੌਜੀ ਕਾਰਵਾਈ ਦਾ ਮਾਰਗ ਚੁਣਦਾ ਹੈ, ਤਾਂ ਇਹ ਮੱਧ ਪੂਰਬ ਵਿਚ ਇਕ ਵੱਡੀ ਲੜਾਈ ਨੂੰ ਜਨਮ ਦੇ ਸਕਦਾ ਹੈ, ਜਿਸ ਵਿਚ ਇਜ਼ਰਾਈਲ, ਸਾਊਦੀ ਅਰਬ ਅਤੇ ਹੋਰ ਅਮਰੀਕੀ ਸਹਿਯੋਗੀ ਸ਼ਾਮਲ ਹੋ ਸਕਦੇ ਹਨ।

ਇਰਾਨ ਆਪਣੀ ਪ੍ਰਮਾਣੂ ਨੀਤੀ ਨੂੰ ਬਦਲ ਸਕਦਾ ਹੈ ਅਤੇ ਖਮਨੀਈ ਦੇ ਫਤਵੇ ਨੂੰ ਅੱਖੋਂ ਪਰੋਖੇ ਕਰਦੇ ਹੋਏ ਪਰਮਾਣੂ ਹਥਿਆਰ ਬਣਾਉਣ ਦੀ ਦੌੜ ਸ਼ੁਰੂ ਕਰ ਸਕਦਾ ਹੈ, ਜਿਸ ਵਿਚ ਉਹ ਆਪਣੀ ਹੋਂਦ ਦੀ ਰਾਖੀ ਲਈ ਜ਼ਰੂਰੀ ਦਸ ਰਿਹਾ ਹੈ। ਅਸਿੱਧੇ ਸੰਵਾਦ ਸੀਮਿਤ ਸਮਝੌਤੇ ਦਾ ਕਾਰਨ ਬਣ ਸਕਦੇ ਹਨ, ਪਰ ਟਰੰਪ ਦੀਆਂ ਸਖਤ ਸ਼ਰਤਾਂ ਅਤੇ ਇਰਾਨ ਦੇ ਜ਼ਿੱਦੀ ਰਵੱਈਆ ਮੁਸ਼ਕਲ ਬਣਾਉਂਦੇ ਹਨ। ਇਰਾਨ ਦੀ ਆਰਥਿਕਤਾ ਪਹਿਲਾਂ ਹੀ ਪਾਬੰਦੀਆਂ ਨਾਲ ਜੂਝ ਰਹੀ ਹੈ ਅਤੇ ਇਸ ਦੇ ਕਰੰਸੀ ਰਿਆਲ ਦਾ ਮੁੱਲ ਡਿਗਦਾ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਈਰਾਨ ਫੌਜੀ ਸ਼ਕਤੀ ਦਿਖਾ ਕੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ। ਦੂਜੇ ਪਾਸੇ, ਟਰੰਪ ਦੀ ਰਣਨੀਤੀ ‘ਵੱਧ ਤੋਂ ਵੱਧ ਦਬਾਅ’ ਰਾਹੀਂ ਈਰਾਨ ਨੂੰ ਝੁਕਾਉਣ ਦੀ ਹੈ, ਪਰ ਇਹ ਨੀਤੀ ਅਮਰੀਕਾ ਨੂੰ ਉਲਟਾ ਪੈ ਸਕਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਇਰਾਨ ਲਈ ਯੂ.ਐੱਸ. ਦੇ ਸਾਹਮਣੇ ਪੂਰੀ ਤਰ੍ਹਾਂ ਝੁਕਣਾ ਖ਼ੁਦਕੁਸ਼ੀ ਹੋਏਗੀ, ਕਿਉਂਕਿ ਇਸ ਨਾਲ ਇਸਦੀ ਆਪਣੀ ਖੇਤਰੀ ਭਰੋਸੇਯੋਗਤਾ ਖ਼ਤਰੇ ਵਿਚ ਪੈ ਸਕਦੀ ਹੈ। ਇਰਾਨ ਅਤੇ ਅਮਰੀਕਾ ਦੇ ਵਿਚਕਾਰ ਇਹ ਤਾਜ਼ਾ ਟਕਰਾਅ ਗਲੋਬਲ ਸੁਰੱਖਿਆ ਲਈ ਚੁਣੌਤੀ ਹੈ।

# ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਡੈਮਾਂ ਵਿਚ ਪਾਣੀ ਘਟਿਆ

## ✪ ਬਿਜਲੀ ਉਤਪਾਦਨ ਦੇ ਨਾਲ ਨਾਲ ਸਿੰਜਾਈ ਲਈ ਪਾਣੀ ਦੀ ਲੋੜ ਪੂਰੀ ਕਰਨ ਦਾ ਕੰਮ ਪ੍ਰਭਾਵਿਤ ਹੋ ਸਕਦੈ

ਚੰਡੀਗੜ੍ਹ-ਗਰਮੀਆਂ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਖਿੱਤੇ ਦੇ ਅਹਿਮ ਡੈਮਾਂ ’ਚ ਪਾਣੀ ਪੱਧਰ ਆਮ ਨਾਲੋਂ ਕਾਫੀ ਹੇਠਾਂ ਚਲਾ ਗਿਆ ਹੈ, ਜਿਸ ਕਾਰਨ ਅਧਿਕਾਰੀ ਚੌਕਸ ਹੋ ਗਏ ਹਨ ਕਿਉਂਕਿ ਇਸ ਕਾਰਨ ਬਿਜਲੀ ਉਤਪਾਦਨ ਦੇ ਨਾਲ ਨਾਲ ਸਿੰਜਾਈ ਲਈ ਪਾਣੀ ਦੀ ਲੋੜ ਪੂਰੀ ਕਰਨ ਦਾ ਕੰਮ ਪ੍ਰਭਾਵਿਤ ਹੋ ਸਕਦਾ ਹੈ। ਇਸ ਸਾਲ ਉੱਤਰ-ਪੱਛਮੀ ਭਾਰਤ ’ਚ ਮੀਂਹ ਘੱਟ ਪੈਣ ਕਾਰਨ ਇਹ ਸਥਿਤੀ ਬਣੀ ਹੈ।

ਕੇਂਦਰੀ ਜਲ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਮੁੱਖ ਜਲ ਭੰਡਾਰਾਂ ਵਿੱਚ ਪਾਣੀ ਦਾ ਪੱਧਰ ਆਮ ਨਾਲੋਂ 46 ਫ਼ੀਸਦ ਹੇਠਾਂ ਹੈ ਜਦਕਿ ਪੰਜਾਬ ਦੇ ਜਲ ਭੰਡਾਰਾਂ ’ਚ ਪਾਣੀ ਦਾ ਪੱਧਰ ਆਮ ਨਾਲੋਂ 52 ਫ਼ੀਸਦ ਘੱਟ ਹੈ। ਹਿਮਾਚਲ ਪ੍ਰਦੇਸ਼ ’ਚ ਸਤਲੁਜ ਦਰਿਆ ’ਤੇ ਬਣੇ ਭਾਖੜਾ ਡੈਮ ’ਚ ਇਸ ਸਮੇਂ ਇਸ ਦੀ ਕੁੱਲ ਭੰਡਾਰਨ ਸਮਰੱਥਾ 6.229 ਅਰਬ ਕਿਊਬਿਕ ਮੀਟਰ (ਬੀਸੀਐੱਮ) ਮੁਕਾਬਲੇ 1.247 ਬੀਸੀਐੱਮ ਪਾਣੀ ਹੈ ਜੋ ਕੁੱਲ ਸਮਰੱਥਾ ਦਾ 20 ਫੀਸਦ ਹੈ। ਪਿਛਲੇ 10 ਸਾਲਾਂ ਵਿੱਚ ਇਸ ਸਮੇਂ ਦੌਰਾਨ ਭਾਖੜਾ ਦਾ ਜਲ ਭੰਡਾਰਨ ਔਸਤਨ 33 ਫੀਸਦ ਰਿਹਾ ਹੈ।

ਹਿਮਾਚਲ ਪ੍ਰਦੇਸ਼ ’ਚ ਬਿਆਸ ਦਰਿਆ ’ਤੇ ਬਣੇ ਪੌਂਗ ਡੈਮ ਇਸ ਸਮੇਂ ਜਲ ਭੰਡਾਰ 13 ਫ਼ੀਸਦ ਹੈ, ਜੋ ਪਿਛਲੇ ਦਸ ਸਾਲਾਂ ’ਚ ਇਸ ਸਮੇਂ ਦੌਰਾਨ ਔਸਤਨ 25 ਫੀਸਦ ਰਿਹਾ ਹੈ। ਪੌਂਗ ਡੈਮ ’ਚ ਇਸ ਸਮੇਂ 0.816 ਬੀਸੀਐੱਮ ਪਾਣੀ ਉਪਲੱਭਧ ਹੈ ਜਦਕਿ ਡੈਮ ਦੀ ਕੁੱਲ ਭੰਡਾਰਨ ਸਮਰੱਥਾ 6.157 ਬੀਸੀਐੱਮ ਹੈ। ਪੰਜਾਬ ਵਿੱਚ ਰਾਵੀ ਦਰਿਆ ’ਤੇ ਬਣੇ ਥੀਨ ਡੈਮ ’ਚ ਮੌਜੂਦਾ ਸਮੇਂ ਇਸ ਦੀ ਸਮਰੱਥਾ ਮੁਕਾਬਲੇ 20 ਫੀਸਦ ਪਾਣੀ ਉਪਲੱਭਧ ਹੈ ਜਦਕਿ ਪਿਛਲੇ ਸਾਲਾਂ ’ਚ ਇੱਥੇ ਔਸਤਨ 41 ਫੀਸਦ ਪਾਣੀ ਰਿਹਾ ਹੈ। ਅੰਕੜਿਆਂ ਅਨੁਸਾਰ ਥੀਨ ਡੈਮ ’ਚ ਇਸ ਸਮੇਂ 0.469 ਬੀਸੀਐੱਮ ਪਾਣੀ ਉਪਲੱਭਧ ਹੈ ਜਦਕਿ ਇਸ ਦੀ ਕੁੱਲ ਭੰਡਾਰਨ ਸਮਰੱਥਾ 2.344 ਬੀਸੀਐੱਮ ਹੈ। ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਡੈਮਾਂ ਦੀ 3,175 ਮੈਗਾਵਾਟ ਬਿਜਲੀ ਉਤਪਾਦਨ ਦੀ ਸਮਰੱਥਾ ਹੈ ਜਦਕਿ ਇਨ੍ਹਾਂ ਡੈਮਾਂ ਰਾਹੀਂ 10,24,000 ਹੈਕਟੇਅਰ ਰਕਬੇ ਨੂੰ ਸਿੰਜਾਈ ਲਈ ਪਾਣੀ ਮੁਹੱਈਆ ਹੁੰਦਾ ਹੈ।

ਮਾਰਚ ਮਹੀਨੇ ਪੰਜਾਬ ’ਚ 65 ਫ਼ੀਸਦ ਘੱਟ ਮੀਂਹ ਪਏ-ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿੱਚ ਮਾਰਚ ਮਹੀਨੇ ਦੌਰਾਨ ਬਹੁਤ ਘੱਟ ਮੀਂਹ ਪਏ ਹਨ। ਮੌਸਮ ਵਿਗਿਆਨ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪੰਜਾਬ ’ਚ 1 ਤੋਂ 28 ਮਾਰਚ ਤੱਕ ਸਿਰਫ਼ 7.6 ਮਿਲੀਮੀਟਰ ਮੀਂਹ ਪਏ ਹਨ ਜਦਕਿ ਇਸ ਸਮੇਂ ਦੌਰਾਨ ਔਸਤਨ 21.5 ਐੱਮਐੱਮ ਮੀਂਹ ਪੈਂਦੇ ਹਨ ਤੇ ਇਹ ਆਮ ਨਾਲੋਂ 65 ਫੀਸਦ ਘੱਟ ਹਨ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ’ਚ ਮਾਰਚ ਦੌਰਾਨ 28 ਫੀਸਦ ਘੱਟ ਮੀਂਹ ਪਏ ਹਨ। ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਤੋਂ ਇਲਾਵਾ ਰਾਜਸਥਾਨ, ਦਿੱਲੀ ਤੇ ਚੰਡੀਗੜ੍ਹ ਦੇ ਕਈ ਹਿੱਸੇ ਇਨ੍ਹਾਂ ਡੈਮਾਂ ’ਤੇ ਨਿਰਭਰ ਕਰਦੇ ਹਨ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

# ਬੇ-ਵਤਨ ਸੰਘਰਸ਼ੀ ਯੋਧੇ ਬੱਬਰ ਖ਼ਾਲਸਾ ਦੇ ਮੀਤ-ਜਥੇਦਾਰ

# ਭਾਈ ਮਹਿਲ ਸਿੰਘ ਬੱਬਰ

# ਦੇ ਬੇ-ਵਕਤ ਅਕਾਲ ਚਲਾਣੇ 'ਤੇ

## ਕਾਰ ਸੇਵਾ ਕਮੇਟੀ ਯੂ ਕੇ ਵੱਲੋਂ ਨਿੱਘੀ ਸ਼ਰਧਾਂਜ਼ਲੀ




ਗੁਰੂ ਰੂਪ ਖਾਲਸਾ ਜੀਉ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪੰਥਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁਖੀ ਹਿਰਦੇ ਨਾਲ ਪੜ੍ਹੀ ਜਾ ਰਹੀ ਹੈ ਕਿ ਸਿੱਖ ਪੰਥ ਦੇ ਸੰਘਰਸ਼ੀ ਯੋਧੇ ਭਾਈ ਮਹਿਲ ਸਿੰਘ ਬੱਬਰ ਪ੍ਰਮਾਤਮਾ ਵੱਲੋਂ ਦਿੱਤੀ ਸਵਾਸਾਂ ਦੀ ਪੂੰਜੀ ਪੰਥ ਦੇ ਲੇਖੇ ਲਾਉਂਦੇ ਹੋਏ ਬੀਤੇ ਦਿਨੀਂ 24 ਮਾਰਚ 2025 ਨੂੰ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੇ ਨਾਲ ਦਾਸ ਦਾ ਜਿੰਨਾ ਕੁ ਮੇਲ ਮਿਲਾਪ ਹੁੰਦਾ ਰਿਹਾ, ਇਸ ਦੌਰਾਨ ਪਾਇਆ ਕਿ ਉਹ ਬਹੁਤ ਹੀ ਪਿਆਰ ਭਾਵਨਾ ਵਾਲੇ, ਠੰਡੇ ਜਿਗਰੇ ਵਾਲੇ ਤੇ ਬੜੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਤੇ ਹਰ ਇੱਕ ਨੂੰ ਖਿੜੇ ਮੱਥੇ ਮਿਲਦੇ ਸਨ। ਬੱਬਰ ਖਾਲਸਾ ਇੰਟ: ਜਥੇਬੰਦੀ ਦੇ ਜਥੇਦਾਰ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੇ ਉਹ ਵੱਡੇ ਭਰਾਤਾ ਸਨ। ਕਾਰ ਸੇਵਾ ਕਮੇਟੀ ਸਿੱਖ ਗੁਰਧਾਮ ਵੱਲੋਂ ਜਦੋਂ ਪਾਕਿਸਤਾਨ ਵਿੱਚਲੇ ਸਿੱਖ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਸ਼ੁਰੂ ਕੀਤੀ ਗਈ ਤਾਂ ਉਹਨਾਂ ਵੱਲੋਂ ਬਹੁਤ ਸਹਿਯੋਗ ਦਿੱਤਾ ਗਿਆ। ਉਹ ਇੱਕ ਅਜਿਹੀ ਮਿਕਨਾਤੀਸ ਸ਼ਖਸੀਅਤ ਦੇ ਮਾਲਕ ਸਨ ਕਿ ਪੰਥ ਦੀਆਂ ਹੋਰ ਵੀ ਜੁਝਾਰੂ ਜਥੇਬੰਦੀਆਂ ਦੇ ਨੌਜਵਾਨ ਸਿੰਘ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ, ਤੇ ਉਹਨਾਂ ਨੂੰ ਭਾਈ ਸਾਹਿਬ ਆਖ ਕੇ ਬੁਲਾਉਂਦੇ ਸਨ। ਭਾਈ ਸਾਹਿਬ ਨੇ ਏਅਰ ਫੋਰਸ ਵਿੱਚ ਆਪਣੀ ਇੰਜੀਨੀਅਰਿੰਗ ਦੀ ਨੌਕਰੀ ਛੱਡ ਕੇ ਪੰਥਕ ਸੰਘਰਸ਼ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਜੂਨ 1984 ਦੇ ਸਾਕੇ ਪਿੱਛੋਂ ਉਹ ਕਦੇ ਆਪਣੇ ਘਰ ਮੁੜ ਕੇ ਨਾ ਪਰਤੇ। ਉਹਨਾਂ ਦੇ ਸਦੀਵੀ ਵਿਛੋੜੇ ਨਾਲ ਪੰਥਕ ਸੰਘਰਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਰਹਿ ਗਏ ਪਰਿਵਾਰ ਅਤੇ ਉਹਨਾਂ ਦੇ ਪੰਥਕ ਸੰਘਰਸ਼ ਦੇ ਸੰਗੀ ਸਾਥੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।


ਭਾਈ ਅਵਤਾਰ ਸਿੰਘ ਸੰਘੇੜਾ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

## ਬੇਨਤੀ ਕਰਤਾ : ਕਾਰ ਸੇਵਾ ਕਮੇਟੀ ਯੂ. ਕੇ.

* ਜਥੇਦਾਰ ਬਲਬੀਰ ਸਿੰਘ, * ਭਾਈ ਅਵਤਾਰ ਸਿੰਘ ਸੰਘੇੜਾ, * ਭਾਈ ਜੋਗਾ ਸਿੰਘ, * ਭਾਈ ਰਾਜਿੰਦਰ ਸਿੰਘ ਪੁਰੇਵਾਲ, * ਭਾਈ ਬਲਬਿੰਦਰ ਸਿੰਘ ਨੰਨੂਆ

# ਸੈਂਸਰਸ਼ਿਪ 'ਤੇ ਕੌਣ ਝੂਠ ਬੋਲ ਰਿਹਾ ਹੈ, ਮਸਕ ਦੀ ਕੰਪਨੀ ਐਕਸ ਜਾਂ ਮੋਦੀ ਸਰਕਾਰ

## ✪ ਮੋਦੀ ਸਰਕਾਰ ਤੇ ਮਸਕ ਵਿਚਾਲੇ ਟਕਰਾਅ ਵਧਿਆ



### ਖਾਸ ਖਬਰ

ਜਦੋਂ ਤੋਂ ਐਲੋਨ ਮਸਕ ਦੀ ਕੰਪਨੀ ਐਕਸ ਦੇ ਏਆਈ 'ਗ੍ਰੌਕ' ਨੇ ਭਾਰਤ ਸਰਕਾਰ, ਭਾਜਪਾ ਅਤੇ ਪ੍ਰਧਾਨ ਮੰਤਰੀ ਨਾਲ ਸਬੰਧਤ ਕੁਝ ਸਵਾਲਾਂ ਦੇ ਤਿੱਖੇ ਜਵਾਬ ਦਿੱਤੇ ਹਨ, ਮਸਕ ਦੀ ਕੰਪਨੀ ਅਤੇ ਭਾਰਤ ਸਰਕਾਰ ਇੱਕ ਦੂਜੇ ਦੇ ਵਿਰੁੱਧ ਤਲਵਾਰਾਂ ਖਿਚ ਲਈਆਂ ਹਨ। ਗ੍ਰੋਕ ਦੇ ਜਵਾਬ 'ਤੇ ਹੰਗਾਮਾ ਹੋ ਗਿਆ ਹੈ। ਹੁਣ ਐਕਸ ਅਤੇ ਸਰਕਾਰ ਵਿਚਕਾਰ ਲੜਾਈ ਵੀ ਬਹੁਤ ਚਰਚਾ ਦਾ ਵਿਸ਼ਾ ਹੈ। ਪਹਿਲਾਂ, ਐਕਸ ਨੇ ਭਾਰਤ ਸਰਕਾਰ ਨੂੰ ਸੈਂਸਰਸ਼ਿਪ ਕਰਨ ਵਾਲੀ ਦਸਿਆ। ਹੁਣ ਸਰਕਾਰ ਐਕਸ ਨੂੰ ਝੂਠਾ ਕਹਿ ਰਹੀ ਹੈ।

### ਤਕਰਾਰ ਸ਼ੁਰੂ ਕਿਵੇਂ ਹੋਇਆ

ਇਹ ਪੂਰੀ ਲੜਾਈ ਉਦੋਂ ਸ਼ੁਰੂ ਹੋਈ ਜਦੋਂ ਮਸਕ ਦੀ ਐਕਸ ਕਾਰਪ ਨੇ ਕਰਨਾਟਕ ਹਾਈ ਕੋਰਟ ਵਿੱਚ ਭਾਰਤ ਸਰਕਾਰ ਵਿਰੁੱਧ ਕੇਸ ਦਾਇਰ ਕੀਤਾ। ਉਸ ਮਾਮਲੇ ਵਿੱਚ, ਐਕਸ ਕਾਰਪ ਨੇ ਦੋਸ਼ ਲਗਾਇਆ ਕਿ ਭਾਰਤ ਸਰਕਾਰ ਦਾ ਸਹਿਯੋਗੀ ਪੋਰਟਲ ਇੱਕ ਸੈਂਸਰਸ਼ਿਪ ਟੂਲ ਸੀ। ਇਸਦਾ ਮਤਲਬ ਹੈ ਕਿ ਭਾਰਤ ਸਰਕਾਰ ਇਸ ਵਿਸ਼ੇਸ਼ ਵੈੱਬਸਾਈਟ ਦੀ ਵਰਤੋਂ ਲੋਕਾਂ ਦੇ ਵਿਚਾਰਾਂ ਉਪਰ ਕਬਜ਼ਾ ਕਰਨ ਲਈ ਕਰੇਗੀ। ਧਿਆਨ ਦੇਣ ਯੋਗ ਹੈ ਕਿ ਇਸ ਵੈੱਬਸਾਈਟ ਬਾਰੇ ਸਰਕਾਰ ਦਾ ਕਹਿਣਾ ਹੈ ਕਿ ਇਹ ਸੋਸ਼ਲ ਮੀਡੀਆ ਕੰਪਨੀਆਂ ਨੂੰ ਨਿਯਮਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਪਾਲਣਾ ਕਰਨ ਵਿੱਚ ਮਦਦ ਕਰੇਗਾ। ਇਸ ਦੇ ਉਲਟ, ਐਕਸ ਕਹਿੰਦਾ ਹੈ ਕਿ ਸਰਕਾਰ ਇਸਦੀ ਵਰਤੋਂ ਪੋਸਟਾਂ ਅਤੇ ਚੀਜ਼ਾਂ ਨੂੰ ਹਟਾਉਣ ਲਈ ਕਰਨਾ ਚਾਹੁੰਦੀ ਹੈ ਜੋ ਉਹਨਾਂ ਨੂੰ ਪਸੰਦ ਨਹੀਂ ਹਨ। ਐਕਸ ਵੱਲੋਂ ਲਗਾਏ ਗਏ ਦੋਸ਼ਾਂ ਦੇ ਜਵਾਬ ਵਿੱਚ ਕਰਨਾਟਕ ਹਾਈ ਕੋਰਟ ਵਿੱਚ ਦਾਇਰ ਕੀਤੇ ਆਪਣੇ ਹਲਫ਼ਨਾਮੇ ਵਿੱਚ, ਭਾਰਤ ਸਰਕਾਰ ਨੇ ਕਿਹਾ ਹੈ ਕਿ ਐਕਸ ਕਾਰਪੋਰੇਸ਼ਨ ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਭਾਰਤ ਸਰਕਾਰ ਦਾ ਕਹਿਣਾ ਹੈ ਕਿ ਸਹਿਯੋਗੀ ਪੋਰਟਲ ਦਾ ਕੰਮ ਸਿਰਫ਼ ਉਨ੍ਹਾਂ ਕਾਨੂੰਨੀ ਧਾਰਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਜਿਨ੍ਹਾਂ ਦੀ ਪਾਲਣਾ ਕਰਨਾ ਉਨ੍ਹਾਂ ਲਈ ਜ਼ਰੂਰੀ ਹੈ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਹਿਯੋਗੀ ਪੋਰਟਲ ਕਿਸੇ ਵੀ ਸਮੱਗਰੀ ਨੂੰ ਸਿੱਧੇ ਤੌਰ 'ਤੇ ਹਟਾਉਣ ਦਾ ਆਦੇਸ਼ ਨਹੀਂ ਦਿੰਦਾ।

### ਐਕਸ ਦਾ ਅਸਲ ਦੋਸ਼ ਕੀ ਸੀ ?

ਕੁਝ ਦਿਨ ਪਹਿਲਾਂ, ਐਕਸ ਦੇ ਏਆਈ ਗ੍ਰੋਕ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਸਬੰਧਤ ਕੁਝ ਸਵਾਲਾਂ ਦੇ ਕੁਝ ਮਸਾਲੇਦਾਰ ਅਤੇ ਕੁਝ ਤਿੱਖੇ ਜਵਾਬ ਦਿੱਤੇ ਸਨ। ਗ੍ਰੋਕ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਇੱਕ ਯੂਜ਼ਰ ਨੇ ਪੁੱਛਿਆ, "ਭਾਰਤ ਦਾ ਸਭ ਤੋਂ ਫਿਰਕੂ ਨੇਤਾ ਕੌਣ ਹੈ?" ਗ੍ਰੋਕ ਦਾ ਜਵਾਬ ਸੀ, "ਨਰਿੰਦਰ ਮੋਦੀ।" ਗ੍ਰੋਕ ਨੇ ਪ੍ਰਧਾਨ ਮੰਤਰੀ ਦੇ ਸੰਬੋਧਨਾਂ ਅਤੇ ਭਾਸ਼ਣਾਂ ਦਾ ਹਵਾਲਾ ਦੇ ਕੇ ਆਪਣੀ ਗੱਲ ਰੱਖੀ। ਇੰਨਾ ਹੀ ਨਹੀਂ, ਗ੍ਰੋਕ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਭਾਜਪਾ ਮਹਿਲਾ ਨੇਤਾ ਪ੍ਰਗਿਆ ਠਾਕੁਰ ਨੂੰ ਵੀ ਫਿਰਕੂ ਨੇਤਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ।

ਇਸ ਤੋਂ ਇਲਾਵਾ, ਗ੍ਰੋਕ ਨੇ ਹੋਰ ਰਾਜਨੀਤਿਕ ਟਿੱਪਣੀਆਂ ਵੀ ਕੀਤੀਆਂ। ਜਦੋਂ ਇੱਕ ਯੂਜ਼ਰ ਨੇ ਗ੍ਰੋਕ ਤੋਂ ਕਾਂਗਰਸ ਨੇਤਾ ਸੋਨੀਆ ਗਾਂਧੀ ਬਾਰੇ ਪੁੱਛਿਆ ਕਿ ਕੀ ਉਹ ਬਾਰਾਂ ਵਿੱਚ ਨੱਚਦੀ ਸੀ, ਤਾਂ ਗ੍ਰੋਕ ਨੇ ਸਪੱਸ਼ਟ ਤੌਰ 'ਤੇ ਜਵਾਬ ਦਿੱਤਾ ਕਿ ਇਹ ਸਿਰਫ਼ ਇੱਕ ਅਫਵਾਹ ਸੀ। ਗ੍ਰੋਕ ਨੇ ਸੋਨੀਆ ਗਾਂਧੀ ਬਾਰੇ ਕਿਹਾ ਕਿ ਉਸਨੇ ਕਦੇ ਅਜਿਹਾ ਨਹੀਂ ਕੀਤਾ, ਉਸਨੇ ਬਾਰ ਅਟੈਂਡੈਂਟ ਦੀ ਭੂਮਿਕਾ ਜਰੂਰ ਨਿਭਾਈ।

ਗ੍ਰੋਕ ਨੇ ਹੋਰ ਵੀ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਆਰਐਸਐਸ ਅਤੇ ਭਾਜਪਾ ਨਾਲ ਜੁੜੇ ਕਈ ਲੋਕਾਂ ਦੀ ਆਲੋਚਨਾ ਕੀਤੀ। ਇਸ ਤੋਂ ਬਾਅਦ ਸਰਕਾਰ ਅਤੇ ਭਾਜਪਾ ਦੇ ਸਮਰਥਕ ਗੁੱਸੇ ਵਿੱਚ ਆ ਗਏ। ਉਨ੍ਹਾਂ ਨੇ ਕਿਹਾ ਕਿ ਗ੍ਰੋਕ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਸ ਤੋਂ ਤੁਰੰਤ ਬਾਅਦ, ਐਕਸ ਕਾਰਪ ਨੇ ਕਰਨਾਟਕ ਹਾਈ ਕੋਰਟ ਵਿੱਚ ਇੱਕ ਕੇਸ ਦਾਇਰ ਕੀਤਾ। ਇਸ ਵਿੱਚ, ਐਕਸ ਨੇ ਸਰਕਾਰ 'ਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਲਈ ਕਾਨੂੰਨੀ ਪ੍ਰਕਿਰਿਆ ਨੂੰ ਬਾਈਪਾਸ ਕਰਨ ਦਾ ਦੋਸ਼ ਲਗਾਇਆ। ਐਕਸ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਿਰਫ਼ ਧਾਰਾ 69ਏ ਨੂੰ ਹੀ ਔਨਲਾਈਨ ਸਮੱਗਰੀ ਨੂੰ ਬਲਾਕ ਕਰਨ ਲਈ ਇੱਕੋ ਇੱਕ ਸਹੀ ਕਨੂੰਨੀ ਵਿਧੀ ਮੰਨਿਆ ਹੈ। ਪਰ 'ਸਹਿਯੋਗੀ ਪੋਰਟਲ' ਰਾਹੀਂ, ਸਰਕਾਰ ਸਿੱਧੇ ਤੌਰ 'ਤੇ ਧਾਰਾ 79(3)(ਬੀ) ਦੇ ਤਹਿਤ ਸਮੱਗਰੀ ਨੂੰ ਹਟਾਉਣ ਦਾ ਆਦੇਸ਼ ਦੇ ਰਹੀ ਹੈ।

ਇਨ੍ਹਾਂ ਮਾਮਲਿਆਂ ਵਿੱਚ,ਐਕਸ ਨੇ ਉਨ੍ਹਾਂ ਸਾਰੇ ਮੌਕਿਆਂ ਦਾ ਜ਼ਿਕਰ ਕੀਤਾ ਹੈ ਜਦੋਂ ਭਾਰਤ ਸਰਕਾਰ ਨੇ ਐਕਸ ਨੂੰ ਕੁਝ ਸੰਵੇਦਨਸ਼ੀਲ ਪੋਸਟਾਂ ਅਤੇ ਖਾਤਿਆਂ ਨੂੰ ਬਲਾਕ ਕਰਨ ਦਾ ਆਦੇਸ਼ ਦਿੱਤਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਹਦਾਇਤਾਂ ਰਾਸ਼ਟਰੀ ਸੁਰੱਖਿਆ ਅਤੇ ਫਿਰਕੂ ਸਦਭਾਵਨਾ ਬਣਾਈ ਰੱਖਣ ਨਾਲ ਸਬੰਧਤ ਸਨ। ਇਸ ਦੇ ਨਾਲ ਹੀ, ਐਕਸ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਇਹ ਹਦਾਇਤਾਂ ਅਕਸਰ ਪ੍ਰਗਟਾਵੇ ਦੀ ਆਜ਼ਾਦੀ ਦੇ ਵਿਰੁੱਧ ਜਾਂਦੀਆਂ ਸਨ।

### 'ਸਹਿਯੋਗੀ ਪੋਰਟਲ' ਕੀ ਹੈ ?

ਇਸ ਸਹਿਯੋਗੀ ਪੋਰਟਲ ਨੂੰ ਭਾਰਤ ਸਰਕਾਰ ਦੁਆਰਾ ਤਕਨਾਲੋਜੀ ਕੰਪਨੀਆਂ ਲਈ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਾਨੂੰਨੀ ਜ਼ਰੂਰਤਾਂ ਨੂੰ ਸਮਝਣ ਦੀ ਸਹੂਲਤ ਵਜੋਂ ਦਰਸਾਇਆ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਪੋਰਟਲ ਕੰਪਨੀਆਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਅਤੇ ਇਸਦੀ ਪਾਲਣਾ ਵਿੱਚ ਕੰਮ ਕਰਨ ਵਿੱਚ ਮਦਦ ਕਰੇਗਾ।

ਇਸ ਮਾਮਲੇ ਵਿੱਚ ਕੋਈ ਵੀ ਜ਼ਬਰਦਸਤੀ ਦਖਲ ਨਹੀਂ ਦੇਵੇਗਾ। ਜਦੋਂ ਕਿ ਐਕਸ ਸਪੱਸ਼ਟ ਤੌਰ 'ਤੇ ਇਨ੍ਹਾਂ ਦਾਅਵਿਆਂ ਦਾ ਖੰਡਨ ਕਰ ਰਿਹਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸਰਕਾਰ ਦੇ ਸਹਿਯੋਗੀ ਪੋਰਟਲ ਨੂੰ ਸ਼ੁਰੂ ਕਰਨ ਦੇ ਕਦਮ ਨੂੰ ਇਸਦੇ ਵਿਰੁੱਧ ਖ਼ਬਰਾਂ ਜਾਂ ਪੋਸਟਾਂ ਨੂੰ ਰੋਕਣ ਦੇ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦੇ ਨਾਲ ਹੀ, ਤਕਨੀਕੀ ਕੰਪਨੀਆਂ ਦੇ ਨਾਲ-ਨਾਲ ਮੁੱਖ ਧਾਰਾ ਦੇ ਪ੍ਰਗਟਾਵੇ ਦੇ ਸਮਰਥਕ ਇਸਨੂੰ ਲੋਕਤੰਤਰੀ ਕਦਰਾਂ-ਕੀਮਤਾਂ ਲਈ ਖ਼ਤਰਾ ਮੰਨਦੇ ਹਨ।

# ਪੰਜਾਬੀ ਯੂਨੀਵਰਸਿਟੀ ਦੀ ਐਥਲੀਟ ਨਾਲ ਕੋਚ ਵਲੋਂ ਜ਼ਬਰਦਸਤੀ

## ✪ ਨੈਸ਼ਨਲ ਲੈਵਲ ਟਰਾਇਲ ਦੇ ਬਹਾਨੇ ਕੋਚ ਲੈ ਗਿਆ ਸੀ ਸੋਲਨ, ਕੇਸ ਦਰਜ

ਐੱਸਏਐੱਸ ਨਗਰ-ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਖੇਡ ਕੋਟੇ ਤਹਿਤ ਪੜ੍ਹ ਰਹੀ ਇਕ ਐਥਲੀਟ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਪੀੜਤ ਲੁਧਿਆਣਾ ਦੀ ਰਹਿਣ ਵਾਲੀ ਹੈ। ਕੋਚ ਨੇ ਨੈਸ਼ਨਲ ਲੈਵਲ ਟੂਰਨਾਮੈਂਟ ਦੇ ਟਰਾਇਲ ਦੇ ਬਹਾਨੇ ਉਸਨੂੰ ਸੋਲਨ ਲੈ ਜਾ ਕੇ ਇਕ ਹੋਟਲ ਵਿੱਚ ਰੁਕਵਾਇਆ, ਜਿੱਥੇ ਉਸਨੇ ਖੁਦ ਸ਼ਰਾਬ ਪੀਤੀ ਅਤੇ ਖਿਡਾਰੀ ਨੂੰ ਵੀ ਸ਼ਰਾਬ ਪਿਆ ਕੇ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਐਥਲੀਟ ਨੇ ਖ਼ਤਰੇ ਦਾ ਅਹਿਸਾਸ ਕੀਤਾ, ਤਾਂ ਉਹ ਹੋਟਲ ਦੀ ਖਿੜਕੀ ਤੋਂ ਛਾਲ ਮਾਰ ਕੇ ਭੱਜ ਗਈ ਅਤੇ ਖਰੜ ਪੁੱਜ ਕੇ ਪੁਲਿਸ ਨੂੰ ਸ਼ਿਕਾਇਤ ਦਿੱਤੀ। ਖਰੜ ਪੁਲਿਸ ਅਨੁਸਾਰ ਉਨ੍ਹਾਂ ਪੀੜਤ ਦੀ ਸ਼ਿਕਾਇਤ 'ਤੇ ਜ਼ੀਰੋ ਐੱਫਆਈਆਰ ਦਰਜ ਕਰਕੇ ਮਾਮਲੇ ਨੂੰ ਸੋਲਨ ਪੁਲਿਸ ਨੂੰ ਭੇਜ ਦਿੱਤਾ ਹੈ। ਜਾਣਕਾਰੀ ਮੁਤਾਬਕ ਕੋਚ ਗੁਰਦੇਵ ਸਿੰਘ ਹਾਲੇ ਵੀ ਫ਼ਰਾਰ ਹੈ, ਜਿਸ ਦੀ ਤਲਾਸ਼ ਜਾਰੀ ਹੈ।

ਨੌਕਰੀ ਦਾ ਝਾਂਸਾ ਦੇ ਕੇ ਲੜਕੀਆਂ ਨੂੰ ਫਸਾਉਂਦਾ ਹੈ ਕੋਚ-ਪੀੜਤ ਖਿਡਾਰੀ ਨੇ ਦੱਸਿਆ ਕਿ ਕੋਚ ਗੁਰਦੇਵ ਸਿੰਘ ਇਕ ਰਿਟਾਇਰਡ ਸਰਕਾਰੀ ਅਧਿਕਾਰੀ ਹੈ, ਜੋ ਹੁਣ ਯੂਨੀਵਰਸਿਟੀ ਵਿੱਚ ਖੇਡ ਕੋਟੇ ਤਹਿਤ ਕੋਚ ਵਜੋਂ ਕੰਮ ਕਰ ਰਿਹਾ ਹੈ। ਉਹ ਲੜਕੀਆਂ ਨੂੰ ਸਰਕਾਰੀ ਨੌਕਰੀ ਲਗਵਾਉਣ ਦਾ ਝਾਂਸਾ ਦਿੰਦਾ ਹੈ। ਉਸਦੇ ਪਹਿਲਾਂ ਵੀ ਕੁਝ ਖਿਡਾਰੀਆਂ ਨਾਲ ਗ਼ਲਤ ਕਾਰਵਾਈਆਂ ਕਰਨ ਦੇ ਦੋਸ਼ ਲੱਗੇ ਹਨ। ਸੋਲਨ ਹੋਟਲ ਵਿੱਚ ਵੀ ਉਹ ਇਕ ਔਰਤ ਨੂੰ ਵੀਡੀਓ ਕਾਲ ਕਰਕੇ ਪੀੜਤ ਦੀ ਤਸਵੀਰ ਦਿਖਾ ਰਿਹਾ ਸੀ, ਜਿਸ ਕਾਰਨ ਖਿਡਾਰੀ ਨੂੰ ਸ਼ੱਕ ਹੋ ਗਿਆ ਅਤੇ ਉਹ ਹੋਟਲ ਤੋਂ ਭੱਜ ਗਈ।

ਕਾਰ ਸਵਾਰ ਜੋੜੇ ਨੇ ਕੀਤੀ ਮਦਦ- ਪੀੜਤ ਨੇ ਦੱਸਿਆ ਕਿ ਸ਼ਰਾਬ ਦੇ ਨਸ਼ੇ ਵਿੱਚ ਹੋਟਲ ਤੋਂ ਨਿਕਲਣ ਦੇ ਬਾਅਦ ਰਾਹ ਵਿਚ ਇਕ ਕਾਰ ਵਿੱਚ ਬੈਠੇ ਜੋੜੇ ਨੇ ਉਸਦੀ ਮਦਦ ਕੀਤੀ। ਉਨ੍ਹਾਂ ਨੇ ਉਸਨੂੰ ਕਾਲਕਾ ਬੱਸ ਸਟੈਂਡ ਛੱਡਿਆ ਅਤੇ 500 ਰੁਪਏ ਵੀ ਆਨਲਾਈਨ ਭੇਜੇ, ਜਿਸ ਨਾਲ ਉਹ ਚੰਡੀਗੜ੍ਹ ਦੇ 43 ਬੱਸ ਸਟੈਂਡ ਤਕ ਪੁੱਜੀ। ਜਿਥੋਂ ਉਸਨੇ ਲੁਧਿਆਣਾ ਲਈ ਬੱਸ ਲੈ ਲਈ। ਇਸ ਦੌਰਾਨ ਉਸਨੇ 112 ਹੈਲਪਲਾਈਨ 'ਤੇ ਕਾਲ ਕਰਕੇ ਮਦਦ ਮੰਗੀ, ਜਿਥੋਂ ਉਸਨੂੰ ਹੈਲਪਲਾਈਨ ਵਲੋਂ ਖਰੜ ਬੱਸ ਸਟੈਂਡ 'ਤੇ ਉਤਰਨ ਲਈ ਕਿਹਾ ਗਿਆ। ਖਰੜ ਬੱਸ ਸਟੈਂਡ 'ਤੇ ਪੁੱਜ ਕੇ ਉਸਨੇ ਪੁਲਿਸ ਦੀ ਮਦਦ ਹਾਸਿਲ ਕੀਤੀ। ਸੋਲਨ ਪੁਲਿਸ ਹੁਣ ਇਸ ਮਾਮਲੇ ਦੀ ਅੱਗੇ ਜਾਂਚ ਕਰ ਰਹੀ ਹੈ।

# ਯੂਨਾਈਟਿਡ ਸਿੱਖਸ ਦੀ ਮਦਦ ਨਾਲ ਯੂ ਕੇ ਵਿਚ ਫਸੇ ਦੋ ਪੰਜਾਬੀਆਂ ਨੂੰ ਆਪਣੇ ਪ੍ਰੀਵਾਰਾਂ ਕੋਲ ਵਾਪਿਸ ਭੇਜਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਮਾਜ ਸੇਵੀ ਸੰਸਥਾ ਯੁਨਾਈਟਿਡ ਸਿੱਖਸ ਵਲੋਂ ਦੇਸ਼ਾਂ-ਵਿਦੇਸ਼ਾਂ ਵਿਚ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ ਤੇ ਇਸ ਮਿਸ਼ਨ ਨਾਲ ਜੁੜੇ ਲੋਕ ਕਿਸੇ ਦੀ ਜਾਤ ਜਾਂ ਧਰਮ ਨਹੀਂ ਪੁਛਦੇ ਤੇ ਦਿਲ ਖੋਲ੍ਹ ਕੇ ਮਦਦ ਕਰਦੇ ਹਨ। ਪਿਛਲੇ ਲੰਬੇ ਸਮੇਂ ਤੋਂ ਯੂ ਕੇ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਉਹਨਾਂ ਦੇ ਪ੍ਰੀਵਾਰਾਂ ਕੋਲ ਵਾਪਿਸ ਭੇਜਣ ਲਈ ਯੁਨਾਈਟਡ ਸਿੱਖਸ ਵੱਲੋਂ ਵੱਖ-ਵੱਖ ਨਿਯਮਾਂ ਤਹਿਤ ਦਸਤਾਵੇਜ਼ ਤਿਆਰ ਕਰਨ ਅਤੇ ਉਡਾਣਾਂ ਤੱਕ ਦੇ ਪ੍ਰਬੰਧ ਕਰਨ ਦੀ ਮਦਦ ਕੀਤੀ ਜਾਂਦੀ ਹੈ।



ਤਿਰਨ ਸਿੰਘ, ਸ਼ਰਨਬੀਰ ਸਿੰਘ ਸੰਘਾ ਅਤੇ ਲਖਵਿੰਦਰ ਸਿੰਘ ਪੰਨੂੰ ਪਾਸੋਂ ਨਾਜਰ ਸਿੰਘ ਅਤੇ ਪ੍ਰਮਜੀਤ ਸਿੰਘ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ ਮੌਕੇ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵੇਨਿਊ, ਸਾਊਥਾਲ ਵਿਖੇ ਹਰ ਹਫ਼ਤੇ ਲੋੜਵੰਦਾਂ ਦੀ ਮਦਦ ਕਰਨ ਵਾਲੀ ਯੁਨਾਈਟਡ ਸਿੱਖਸ ਦੀ ਕਾਰਕੁੰਨ ਨਰਪਿੰਦਰ ਕੌਰ ਮਾਨ ਨੇ ਦੱਸਿਆ ਕਿ ਗੈਰਕਾਨੂੰਨੀ ਢੰਗ ਨਾਲ ਰਹਿੰਦੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਲੋਕ ਨਾ ਤਾਂ ਖੁਲ੍ਹ ਕੇ ਕੰਮ ਕਰ ਸਕਦੇ ਹਨ ਤੇ ਨਾ ਹੀ ਕਿਸੇ ਨੂੰ ਮਿਲ ਸਕਦੇ ਹਨ। ਅਜੇਹੇ ਲੋਕਾਂ ਕੋਲ ਗੁੰਮਨਾਮ ਜ਼ਿੰਦਗੀ ਜਿਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੁੰਦਾ।

ਯੂਨਾਈਟਿਡ ਸਿੱਖਸ ਨੇ ਬੀਤੇ ਦਿਨੀ ਦੋ ਵਿਅਕਤੀਆਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਵਿੱਚੋਂ, ਨਾਜਰ ਸਿੰਘ ਜੋ 2006 ਵਿਚ ਗ਼ੈਰ ਕਾਨੂੰਨੀ ਢੰਗ ਨਾਲ ਯੂ.ਕੇ ਪਹੁੰਚਿਆ ਸੀ ਜਿਸਦਾ ਪਾਸਪੋਰਟ ਤੇ ਹੋਰ ਸਬੰਧਤ ਕਾਗ਼ਜ਼ ਇੱਕ ਏਜੰਟ ਲੈ ਕੇ ਫ਼ਰਾਰ ਹੋ ਗਿਆ।

ਇਸੇ ਤਰ੍ਹਾਂ ਦੂਜਾ ਵਿਅਕਤੀ ਪਰਮਜੀਤ ਸਿੰਘ ਜੋ 2007 ਵਿਚ ਇਥੇ ਪਹੁੰਚਿਆ ਸੀ, ਦੋਹਾਂ ਨੂੰ ਸਿਹਤ ਸਬੰਧੀ ਕਈ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਸੀ। ਹੁਣ ਯੂਨਾਈਟਿਡ ਸਿੱਖਸ ਨੇ ਉਨ੍ਹਾਂ ਦਾ ਕੇਸ ਅਧਿਕਾਰੀਆਂ ਸਾਹਮਣੇ ਰੱਖਿਆ ਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਮਦਦ ਪ੍ਰਦਾਨ ਕੀਤੀ ਗਈ ਅਤੇ ਉਨ੍ਹਾਂ ਨੂੰ ਸਨਮਾਨ ਸਹਿਤ ਯੂ.ਕੇ ਤੋਂ ਅਪਣੇ ਪਰਵਾਰਾਂ ਕੋਲ ਪੰਜਾਬ ਭੇਜਿਆ ਗਿਆ। ਇਸ ਦੇ ਨਾਲ ਹੀ ਮੁੜ ਵਸੇਬਾ ਸਕੀਮ ਤਹਿਤ ਦੋਵਾਂ ਨੂੰ 3-3 ਲੱਖ ਰੁਪਏ ਤੋਂ ਵੱਧ ਦੀ ਵਿੱਤੀ ਸਹਾਇਤਾ ਵੀ ਦਿੱਤੀ ਗਈ। ਨਾਜਰ ਸਿੰਘ ਅਤੇ ਪ੍ਰਮਜੀਤ ਸਿੰਘ ਦੀ ਵਤਨ ਵਾਪਸੀ ਮੌਕੇ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਤਿਰਨ ਸਿੰਘ, ਸ਼ਰਨਬੀਰ ਸਿੰਘ ਸੰਘਾ ਅਤੇ ਲਖਵਿੰਦਰ ਸਿੰਘ ਪੰਨੂੰ ਯੂਨਾਈਟਿਡ ਸਿੱਖਸ ਨੇ ਦੱਸਿਆ ਕਿ ਨਰਪਿੰਦਰ ਕੌਰ ਮਾਨ ਅਤੇ ਉਨ੍ਹਾਂ ਦੀ ਟੀਮ ਦੀਆਂ ਅਣਥੱਕ ਸੇਵਾਵਾਂ ਦਾ ਬਹੁਤ ਲੋਕ ਲਾਭ ਪ੍ਰਾਪਤ ਕਰ ਚੁੱਕੇ ਹਨ।

## ਪੰਜਾਬ ਸਰਕਾਰ ਸੂਬੇ ਦੇ ਹਰ ਸਕੂਲ 'ਚ ਨਰਸਰੀ ਜਮਾਤ ਤੋਂ ਹੀ ਪੰਜਾਬੀ ਦੀ ਪੜ੍ਹਾਈ ਯਕੀਨੀ ਬਣਾਵੇ: ਜਥੇਦਾਰ ਕੁਲਦੀਪ ਸਿੰਘ ਗੜਗੱਜ



ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਮਾਂ ਬੋਲੀ ਦਾ ਇੱਕ ਵਿਅਕਤੀ ਦੇ ਜੀਵਨ ਵਿੱਚ ਓਹੀ ਮਹੱਤਵ ਹੈ, ਜਿਵੇਂ ਜਨਮ ਦੇਣ ਵਾਲੀ ਮਾਂ ਤੇ ਧਰਤੀ ਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਾਂ ਬੋਲੀ ਜਾਗਦੀਆਂ ਕੌਮਾਂ ਦੀ ਜਿੰਦ ਜਾਨ ਹੁੰਦੀ ਹੈ, ਇਸ ਲਈ ਪੰਜਾਬੀ ਭਾਸ਼ਾ ਦੀ ਸੰਭਾਲ ਤੇ ਇਸ ਨੂੰ ਪ੍ਰਫੁੱਲਤ ਕਰਨਾ ਸਾਡਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਹੋਲੇ ਮਹੱਲੇ ਮੌਕੇ ਸੰਬੋਧਨ ਦੌਰਾਨ ਪੰਜਾਬੀ ਭਾਸ਼ਾ ਨੂੰ ਜਿਹੜੀਆਂ ਚੁਣੌਤੀਆਂ ਦੀ ਗੱਲ ਉਨ੍ਹਾਂ ਨੇ ਕੀਤੀ ਸੀ ਅੱਜ ਉਹ ਸਹੀ ਸਾਬਤ ਹੋ ਰਿਹਾ ਹੈ। ਪੰਜਾਬ ਅੰਦਰ ਸਕੂਲਾਂ ਦੇ ਨਵੇਂ ਦਾਖ਼ਲੇ ਸ਼ੁਰੂ ਹੋ ਗਏ ਹਨ ਅਤੇ ਸੀਬੀਐੱਸਈ ਨਾਲ ਸਬੰਧਤ ਕਈ ਸਕੂਲਾਂ ਵਿੱਚੋਂ ਰਿਪੋਰਟਾਂ ਮਿਲ ਰਹੀਆਂ ਹਨ ਕਿ ਸਕੂਲ ਪ੍ਰਬੰਧਕਾਂ ਵੱਲੋਂ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਨੂੰ ਲਾਜ਼ਮੀ ਤੇ ਪੰਜਾਬੀ ਨੂੰ ਵਿਕਲਪ ਦੇ ਰੂਪ ਵਿੱਚ ਰੱਖਿਆ ਗਿਆ ਹੈ, ਜੋ ਕਿ ਬਰਦਾਸ਼ਤਯੋਗ ਨਹੀਂ। ਇਹ ਸਥਿਤੀ ਪੰਜਾਬੀ ਭਾਸ਼ਾ ਪ੍ਰਤੀ ਵਧ ਰਹੇ ਅਣਗਹਿਲੇ ਰਵੱਈਏ ਨੂੰ ਦਰਸਾਉਂਦੀ ਹੈ, ਜਦ ਕਿ ਸਰਕਾਰ ਵੱਲੋਂ ਪੰਜਾਬੀ ਨੂੰ ਲਾਗੂ ਕਰਵਾਉਣ ਦੇ ਦਾਅਵੇ ਕੁਝ ਹੋਰ ਹੀ ਕਹਿੰਦੇ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਪੰਜਾਬ ਦੇ ਹਰ ਸਕੂਲ ਵਿੱਚ ਨਰਸਰੀ ਜਮਾਤ ਤੋਂ ਹੀ ਪੰਜਾਬੀ ਭਾਸ਼ਾ ਪੜ੍ਹਾਈ ਜਾਵੇ। ਬਹੁਤੇ ਸਕੂਲ ਪਹਿਲੀ ਜਮਾਤ ਤੋਂ ਪੰਜਾਬੀ ਪੜ੍ਹਾਉਂਦੇ ਹਨ, ਜੋ ਕਿ ਬੱਚਿਆਂ ਨੂੰ ਮਾਂ ਬੋਲੀ ਤੋਂ ਦੂਰ ਰੱਖਣ ਦੇ ਬਰਾਬਰ ਹੈ। ਪੰਜਾਬ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੂਬੇ ਦੇ ਹਰ ਸਕੂਲ ਵਿੱਚ ਨਰਸਰੀ ਜਮਾਤ ਤੋਂ ਹੀ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੋਵੇ, ਭਾਵੇਂ ਸਕੂਲ ਕਿਸੇ ਵੀ ਬੋਰਡ ਨਾਲ ਸਬੰਧਤ ਹੋਣ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿਰਫ਼ ਸਰਕਾਰ ਹੀ ਨਹੀਂ, ਮਾਪਿਆਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੁੱਢ ਤੋਂ ਹੀ ਪੰਜਾਬੀ ਪੜ੍ਹਨ ਲਈ ਉਤਸ਼ਾਹਤ ਕਰਨ। ਬਹੁਤ ਸਾਰੇ ਮਾਪੇ ਇਹ ਸਮਝਦੇ ਹਨ ਕਿ ਅੰਗਰੇਜ਼ੀ ਦੀ ਮੁੱਢਲੀ ਸਿੱਖਿਆ ਨਾਲ ਬੱਚਾ ਇਸ ਭਾਸ਼ਾ ਵਿੱਚ ਹੋਣਹਾਰ ਬਣੇਗਾ, ਪਰ ਵਿਗਿਆਨਕ ਪੱਖੋਂ ਇਹ ਸਾਬਤ ਹੋ ਚੁੱਕਿਆ ਹੈ ਕਿ ਜਦ ਤੱਕ ਬੱਚੇ ਨੂੰ ਆਪਣੀ ਮਾਂ ਬੋਲੀ ਵਿੱਚ ਪੂਰੀ ਪਕੜ ਨਹੀਂ ਹੁੰਦੀ, ਉਹ ਕਿਸੇ ਹੋਰ ਭਾਸ਼ਾ ਵਿੱਚ ਵੀ ਨਿਪੁੰਨ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਬਾਕੀ ਭਾਸ਼ਾਵਾਂ ਦਾ ਗਿਆਨ ਹੋਣਾ ਚੰਗੀ ਗੱਲ ਹੈ ਪਰੰਤੂ ਪੰਜਾਬ ਅੰਦਰ ਬੱਚੇ ਦੀ ਸਿੱਖਿਆ ਸ਼ੁਰੂ ਹੁੰਦੇ ਹੀ ਪੰਜਾਬੀ ਪੜ੍ਹਾਉਣ ਨੂੰ ਪਹਿਲ ਹੋਣੀ ਚਾਹੀਦੀ ਹੈ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਸਵਾਲ ਕਰਦਿਆਂ ਕਿਹਾ ਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਗੁਰਮੁਖੀ ਵਿੱਚ ਹੈ ਅਤੇ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਗੁਰਮੁਖੀ ਪੰਜਾਬੀ ਨਹੀਂ ਪੜ੍ਹਾਉਂਦੇ ਤਾਂ ਉਹ ਗੁਰਬਾਣੀ ਨਾਲ ਕਿਵੇਂ ਜੁੜਣਗੇ। ਜਥੇਦਾਰ ਗੜਗੱਜ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਦੀ ਸੁਰੱਖਿਆ ਲਈ ਹਰ ਪੰਜਾਬੀ ਨੂੰ ਅੱਗੇ ਆਉਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਦੇ ਸਾਰੇ ਕਾਰਕੁੰਨ ਇਸ ਨੂੰ ਆਪਣਾ ਸੰਕਲਪ ਬਣਾਉਣ ਅਤੇ ਆਪਣੇ ਇਲਾਕਿਆਂ ਵਿੱਚ ਜਾ ਕੇ ਦੇਖਣ ਕਿ ਕਿਹੜੇ ਸਕੂਲ ਨਰਸਰੀ ਤੋਂ ਪੰਜਾਬੀ ਨਹੀਂ ਪੜ੍ਹਾ ਰਹੇ। ਅਜਿਹੇ ਸਕੂਲਾਂ ਦੀ ਸੂਚੀ ਤਿਆਰ ਕਰਕੇ, ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਰੱਖਿਆ ਜਾਵੇ, ਤਾਂ ਜੋ ਅੱਗੇ ਦੀ ਕਾਰਵਾਈ ਹੋ ਸਕੇ। ਉਨ੍ਹਾਂ ਕਿਹਾ ਕਿ ਪੰਜਾਬੀ ਦੀ ਹੋਂਦ ’ਤੇ ਹੋ ਰਹੇ ਹਮਲਿਆਂ ਦੇ ਖਿਲਾਫ਼, ਹਰ ਪੰਜਾਬੀ ਧੀ-ਪੁੱਤਰ ਨੂੰ ਡਟ ਕੇ ਖੜ੍ਹਨ ਦੀ ਲੋੜ ਹੈ।

## ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਵਲੋਂ ਭਾਈ ਸ਼ਾਂਤ ਅਤੇ ਢਿੱਲੋਂ ਦਾ ਵਿਸ਼ੇਸ਼ ਸਨਮਾਨ

ਜਲੰਧਰ-ਜਲੰਧਰ ਦੇ ਪ੍ਰਸਿੱਧ ਧਾਰਮਿਕ ਅਸਥਾਨ ਡੇਰਾ ਸੰਤ ਗੜ੍ਹ ਕਪੂਰਥਲਾ ਰੋਡ ਵਿਖੇ ਕਰਵਾਏ ਗਏ " ਰਾਗ ਰਤਨ ਕੀਰਤਨ ਦਰਬਾਰ ਦੌਰਾਨ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਮੁਖ ਜਥੇਦਾਰ ਸਰਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਉੱਘੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਰਾਗੀ ਤੇ ਤੰਤੀ ਸਾਜਾਂ ਦੇ ਸਮਰਾਟ ਭਾਈ ਗੁਰਮੀਤ ਸਿੰਘ ਸ਼ਾਂਤ ਤੇ ਤੀਰਥ ਸਿੰਘ ਢਿੱਲੋਂ ਦਾ ਸਨਮਾਨ ਕੀਤਾ।ਚੇਤੇ ਰਹੇ ਕਿ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਰਾਗੀ ਭਾਈ ਗੁਰਮੀਤ ਸਿੰਘ ਸ਼ਾਂਤ ਨੇ ਗੁਰਮਤਿ ਸੰਗੀਤ ਦੀ ਪੁਰਾਤਨ ਸ਼ੈਲੀ ਨੂੰ ਪੁਨਰ ਸੁਰਜੀਤ ਕਰਨ ਲਈ ਨਿਰੰਤਰ ਉਪਰਾਲੇ ਕਰਦੇ ਆ ਰਹੇ ਹਨ । ਉਨ੍ਹਾਂ ਮਾਝੇ ਦੇ ਇਲਾਕੇ ਵਿਚ ਰਾਗਾਂ ਉਤੇ ਅਧਾਰਿਤ ਕੀਰਤਨ ਪਰੰਪਰਾ ਦੇ ਪ੍ਰਚਾਰ ਪ੍ਰਸਾਰ ਲਈ ਇੱਕ ਆਧੁਨਿਕ ਸੰਗੀਤ ਅਕੈਡਮੀ ਸਥਾਪਿਤ ਕੀਤੀ ਹੈ । ਸਿੱਖ ਸੇਵਕ ਸੁਸਾਇਟੀ ਨੇ ਉਨ੍ਹਾਂ ਦੀ ਨਿਰੰਤਰ ਘਾਲਣਾ ਲਈ ਬਾਬਾ ਸ਼ਾਮ ਸਿੰਘ ਜੀ ਅੱਡਣ ਸ਼ਾਹੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਲਲਇਸ ਮੌਕੇ ਪ੍ਰਵਾਸੀ ਲੇਖਕ ਗਿਆਨੀ ਰਣਧੀਰ ਸਿੰਘ ਸੰਭਲ ਨੇ ਆਪਣੀ ਨਵੀਂ ਪ੍ਰਕਾਸ਼ਿਤ ਪੁਸਤਕ ਭੇਟ ਕੀਤੀ ।

ਇਸ ਮੌਕੇ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਗੁਰਮਤਿ ਨਾਲ ਮਿਲ ਕੇ ਸੰਗੀਤ ਕੋਈ ਸਧਾਰਣ ਸੰਗੀਤ ਨਹੀਂ ਹੁੰਦਾ ਸਗੋਂ ਇਹ ਕੀਰਤਨ ਹੈ। ਗੁਰਬਾਣੀ ਦਾ ਪੂਰਾ ਪ੍ਰਭਾਵ ਇਸ ਨੂੰ ਨਿਰਧਾਰਿਤ ਰਾਗਾਂ ਅਤੇ ਸੁਚੀ ਭਾਵਨਾ ਨਾਲ ਗਾ ਕੇ ਹੀ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।ਇਸ ਪਖੋਂ ਡੇਰਾ ਸੰਤਗੜ੍ਹ ਦੀ ਇਤਿਹਾਸਕ ਦੇਣ ਹੈ। ਇਸ ਦੌਰਾਨ ਜਲੰਧਰ ਵਿਖੇ ਹੋਏ ਰਾਗ ਰਤਨ ਕੀਰਤਨ ਦਰਬਾਰ ਵਿਚ ਦੇਸ਼ ਵਿਦੇਸ਼ ਤੋਂ ਨਾਮਵਰ ਰਾਗੀ ਜਥਿਆਂ ਨੇ ਮਿਸ਼ਰਤ ਰਾਗਾਂ ਵਿੱਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਪਾਵਨ ਅਸਥਾਨ ਡੇਰਾ ਸੰਤ ਗੜ੍ਹ ਦੇ ਮੌਜੂਦਾ ਮੁਖੀ ਸੰਤ ਬਾਬਾ ਭਗਵਾਨ ਸਿੰਘ ਜੀ ਵਲੋਂ ਸਮਾਗਮ ਲਈ ਪੂਰਨ ਸਹਿਯੋਗ ਦਿੱਤਾ ਗਿਆ ।ਇਸ ਮੌਕੇ ਸਾਹਿਬ ਸਿੰਘ ਆਰਟਿਸਟ,ਸੰਦੀਪ ਸਿੰਘ ਚਾਵਲਾ ਹਾਜ਼ਰ ਸਨ।

## ਟਰੰਪ ਨੇ ਤੀਸਰੀ ਵਾਰ ਚੋਣ ਲੜਨ ਦੀ ਸੰਭਾਵਨਾ ਨੂੰ ਨਹੀਂ ਕੀਤਾ ਰੱਦ, ਕਿਹਾ ਮੈ ਕੋਈ ਮਜ਼ਾਕ ਨਹੀਂ ਕਰ ਰਿਹਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੀਸਰੀ ਵਾਰ ਚੋਣ ਲੜਨ ਤੋਂ ਇਨਕਾਰ ਨਹੀਂ ਕੀਤਾ ਹੈ ਹਾਲਾਂ ਕਿ ਅਮਰੀਕਾ ਦਾ ਸਵਿਧਾਨ ਕੇਵਲ 2 ਵਾਰ ਹੀ ਰਾਸ਼ਟਰਪਤੀ ਬਣਨ ਦੀ ਇਜਾਜ਼ਤ ਦਿੰਦਾ ਹੈ। ਟਰੰਪ ਨੇ ਐਨ ਬੀ ਸੀ ਨਿਊਜ਼ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਮੈਨੂੰ ਚਹੁੰਦੇ ਹਨ ਪਰੰਤੂ ਮੈ ਉਨਾਂ ਨੂੰ ਕਿਹਾ ਹੈ ਕਿ ਅਜੇ ਅਸੀਂ ਲੰਬਾ ਸਮਾਂ ਤੈਅ ਕਰਨਾ ਹੈ, ਅਜੇ ਸਾਡੀ ਸ਼ੁਰੂਆਤ ਹੈ। ਜਦੋਂ ਉਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਤੀਸਰੀ ਵਾਰ ਚੋਣ ਲੜਣਗੇ ਤਾਂ ਉਨਾਂ ਕਿਹਾ ਕਿ ਇਸ ਸਮੇ ਉਹ ਆਪਣੇ ਮੌਜੂਦਾ ਕਾਰਜਕਾਲ ਵੱਲ ਧਿਆਨ ਕੇਂਦ੍ਰਿਤ ਕਰ ਰਹੇ ਹਨ, ਮੈ ਕੰਮ ਕਰਨਾ ਪਸੰਦ ਕਰਦਾ ਹਾਂ। ਜਦੋਂ ਉਨਾਂ ਨੂੰ ਹੋਰ ਸਪਸ਼ਟ ਕਰਨ ਲਈ ਕਿਹਾ ਗਿਆ ਤਾਂ ਉਨਾਂ ਕਿਹਾ ਮੈ ਕੋਈ ਮਜ਼ਾਕ ਨਹੀਂ ਕਰ ਰਿਹਾ, ਇਸ ਬਾਰੇ ਸੋਚਣਾ ਅਜੇ ਕਾਹਲੀ ਹੋਵੇਗੀ। ਮੈ ਅਜੇ ਤੀਸਰੇ ਕਾਰਜਕਾਲ ਬਾਰੇ ਕੋਈ ਗੱਲ ਨਹੀਂ ਕਰਨੀ ਚਹੁੰਦਾ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪੰਜਾਬੀ ਸਿਖਿਆ ਅਤੇ ਅਧਿਆਪਕ ਸਿਖਲਾਈ ਸਮਾਗਮ




ਭਾਈ ਕੁਲਦੀਪ ਸਿੰਘ ਦਿਉਲ ਅਤੇ ਐਮ.ਪੀ. ਪ੍ਰੀਤ ਕੌਰ ਗਿੱਲ, ਪੰਜਾਬੀ ਭਾਸ਼ਾ ਸਬੰਧੀ ਕਰਵਾਏ ਸਮਾਗਮ ਦੌਰਾਨ ਸ਼ਿਰਕਤ ਕਰਨ ਵਾਲੀਆਂ ਸ਼ਖ਼ਸੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ.ਕੇ. ਦੇ ਸ਼ਹਿਰ ਸਮੈਦਿਕ ਦੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ ਮਾਤ-ਭਾਸ਼ਾ ਪੰਜਾਬੀ ਨੂੰ ਪਿਆਰ ਕਰਨ ਵਾਲੀਆਂ ਸੰਸਥਾਵਾਂ, ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਪ੍ਰਗਤੀਸ਼ੀਲ ਲਿਖਾਰੀ ਸਭਾ (ਵੁਲਵਰਹੈਂਪਟਨ) ਪੰਜਾਬੀ ਸਿਖਿਆ ਅਤੇ ਅਧਿਆਪਕ ਸਿਖਲਾਈ ਸੰਸਥਾ (ਯੂ.ਕੇ.), ਪੰਜਾਬੀ ਭਾਸ਼ਾ ਪਸਾਰ ਭਾਈਚਾਰਾ (ਯੂ.ਕੇ.) ਅਤੇ ਪੰਜਾਬੀ ਸੱਥ ਯੂ.ਕੇ. ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿਚ ਤਕਰੀਬਨ ਡੇਢ ਸੌ ਦੇ ਕਰੀਬ ਵਿਅਕਤੀਆਂ ਨੇ ਹਿੱਸਾ ਲਿਆ। ਨਿਰਮਲ ਸਿੰਘ ਕੰਧਾਲਵੀ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਮਨਾਏ ਜਾਂਦੇ ਮਾਂ ਬੋਲੀ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਕੁਲਦੀਪ ਸਿੰਘ ਦਿਉਲ ਅਤੇ ਐਮ.ਪੀ. ਪ੍ਰੀਤ ਕੌਰ ਗਿੱਲ ਨੇ ਪੰਜਾਬੀ ਬੋਲੀ ਨਾਲ ਅਗਲੀ ਪੀੜ੍ਹੀ ਨੂੰ ਜੋੜਨ ਲਈ ਯਤਨ ਕਰ ਰਹੀਆਂ ਸੰਸਥਾਵਾਂ ਨੂੰ ਹਰ ਪੱਖੋਂ ਸਹਿਯੋਗ ਦੇਣ ਦੀ ਲੋੜ ਤੇ ਜ਼ੋਰ ਦਿੱਤਾ। ਪ੍ਰੋਗਰਾਮ ਨੂੰ ਬੱਚਿਆਂ ਨੇ ਮਾਂ-ਬੋਲੀ ਪੰਜਾਬੀ ਬਾਰੇ ਆਪਣੀਆਂ ਰਚਨਾਵਾਂ ਸੁਣਾ ਕੇ ਰੰਗ ਬੰਨ੍ਹਿਆ। ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਉਨ੍ਹਾਂ ਪੰਜ ਸ਼ਖ਼ਸੀਅਤਾਂ ਨੂੰ ਬੁਲਾਇਆ ਜਿਨ੍ਹਾਂ ਨੇ ਇੱਥੇ ਯੂ.ਕੇ. ਵਿਚ ਪੰਜਾਬੀ ਭਾਸ਼ਾ ਸਿੱਖੀ ਅਤੇ ਅੱਜ ਉੱਚ ਅਹੁਦਿਆਂ 'ਤੇ ਕੰਮ ਕਰਦੇ ਹਨ ਤੇ ਉਨ੍ਹਾਂ ਨੇ ਆਪਣੇ ਰੋਜ਼ਾਨਾ ਦੇ ਕੰਮ-ਕਾਰ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਬਾਰੇ ਦੱਸਿਆ। ਇਨ੍ਹਾਂ ਰੋਲ ਮਾਡਲਾਂ ਨੂੰ ਪੇਸ਼ ਕਰਨ ਦਾ ਮਕਸਦ ਇਹੀ ਸੀ ਕਿ ਪ੍ਰੋਗਰਾਮ ਵਿਚ ਹਾਜ਼ਰ ਬੱਚੇ ਅਤੇ ਮਾਪੇ ਪੰਜਾਬੀ ਭਾਸ਼ਾ ਨੂੰ ਸਿੱਖਣ ਦੇ ਮਹੱਤਵ ਨੂੰ ਸਮਝਣ।

ਡਾ. ਨਾਗਰਾ ਨੂੰ ਜੀਵਨ ਭਰ ਦੀਆਂ ਪੰਜਾਬੀ ਭਾਸ਼ਾ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ। ਹੋਣਹਾਰ ਬੱਚਿਆਂ ਨੂੰ ਮੈਡਲ ਅਤੇ ਸਰਟੀਫ਼ੀਕੇਟ ਦਿਤੇ ਗਏ। 'ਪੰਜਾਬੀ ਸਿਖਿਆ ਅਤੇ ਅਧਿਆਪਕ ਸਿਖਲਾਈ ਸੰਸਥਾ' ਦੇ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ। ਸਿੱਖਿਆ ਸਕੱਤਰ ਹਮਰਾਜ਼ ਸਿੰਘ ਸ਼ੇਰਗਿੱਲ ਨੇ ਸਕੂਲ ਵਲੋਂ ਤਿਆਰ ਕੀਤਾ ਗਿਆ ਪੰਜਾਬੀ ਪਾਠਕ੍ਰਮ ਸਾਂਝਾ ਕੀਤਾ। ਹੋਰਾਂ ਤੋਂ ਇਲਾਵਾ ਕੌਂਸਲਰ ਨਰਿੰਦਰ ਕੌਰ ਕੂਨਰ ਅਤੇ ਕੌਂਸਲਰ ਦਲੇਲ ਸਿੰਘ ਭੰਮਰਾ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਸੇਵਾ ਨਿਰਮਲ ਸਿੰਘ ਕੰਧਾਲਵੀ ਅਤੇ ਗੁਰਜੀਤ ਸਿੰਘ ਗਿੱਲ ਨੇ ਨਿਭਾਈ।

# ਸ. ਅੰਮ੍ਰਿਤਪਾਲ ਸਿੰਘ ਸਚਦੇਵਾ ਮੁੜ ਗਲੋਬਲ ਸਿੱਖ ਕੌਂਸਲ ਦੇ ਪ੍ਰਧਾਨ ਬਣੇ


ਸ. ਅੰਮ੍ਰਿਤ ਪਾਲ ਸਿੰਘ ਸਚਦੇਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ ਦੀ 2025 ਦੀ ਜਨਰਲ ਬਾਡੀ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਸ. ਅੰਮ੍ਰਿਤ ਪਾਲ ਸਿੰਘ ਸਚਦੇਵਾ ਨੂੰ ਲਗਾਤਾਰ ਚੌਥੇ ਕਾਰਜਕਾਲ ਲਈ ਆਪਣੇ ਪ੍ਰਧਾਨ ਵਜੋਂ ਦੁਬਾਰਾ ਚੋਣ ਕੀਤੀ ਹੈ। ਇਸ ਤੋਂ ਇਲਾਵਾ ਸ੍ਰ. ਗੁਲਬਰਗ ਸਿੰਘ ਬੱਸੀ ਨੂੰ ਬੋਰਡ ਦਾ ਚੇਅਰਮੈਨ ਚੁਣਿਆ ਗਿਆ ਹੈ।

ਮੀਟਿੰਗ ਦੌਰਾਨ ਦੱਸਿਆ ਕਿ ਸ. ਅੰਮ੍ਰਿਤ ਪਾਲ ਸਿੰਘ ਸਚਦੇਵਾ ਦੀ ਅਗਵਾਈ ਹੇਠ, ਗਲੋਬਲ ਸਿੱਖ ਕੌਂਸਲ ਨੇ ਸਿੱਖ ਕਦਰਾਂ-ਕੀਮਤਾਂ ਅਤੇ ਵਿਸ਼ਵਵਿਆਪੀ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਵਿੱਚ ਕੰਮ ਕੀਤੇ ਹਨ। ਕੌਂਸਲ ਦੁਆਰਾ ਪ੍ਰਭਾਵਸ਼ਾਲੀ ਪ੍ਰੋਜੈਕਟਾਂ ਨੂੰ ਬਹੁਤ ਹੀ ਕਾਮਯਾਬੀ ਨਾਲ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਪੀ ਈ ਐਚ ਈ ਐੱਲ ਤਹਿਤ ਪੰਜਾਬ, ਭਾਰਤ ਵਿੱਚ 80 ਤੋਂ ਵੱਧ ਕੇਂਦਰਾਂ ਦਾ ਸੰਚਾਲਨ ਕਰਦੀ ਹੈ, ਮਾਂ ਬੋਲੀ ਪੰਜਾਬੀ ਪ੍ਰੋਜੈਕਟ (ਭਾਰਤ, ਯੂ ਏ ਈ/ਦੁਬਈ ਅਤੇ ਕੀਨੀਆ), ਮਹਿਲਾ ਸਸ਼ਕਤੀਕਰਨ ਪ੍ਰੋਗਰਾਮ, ਅੰਤਰ-ਧਰਮ ਪਹਿਲਕਦਮੀਆਂ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਮੁਹਿੰਮ ਸ਼ਾਮਲ ਹਨ। ਇਸ ਤੋਂ ਇਲਾਵਾ, ਗਲੋਬਲ ਸਿੱਖੀ ਸਕਾਲਰਜ਼ ਅਤੇ "ਅਗਲੇ 5, 10, 20 ਸਾਲਾਂ ਅਤੇ ਉਸ ਤੋਂ ਬਾਅਦ ਸਿੱਖੀ" ਦੁਨੀਆ ਭਰ ਵਿੱਚ ਸਿੱਖ ਵਿਚਾਰ, ਸਿੱਖਿਆ ਅਤੇ ਸ਼ਮੂਲੀਅਤ ਲਈ ਕੰਮ ਕਰ ਰਹੀ ਹੈ।

ਨਵੀਂ ਕਾਰਜਕਾਲ ਕਮੇਟੀ ਵਿੱਚ ਬੀਬੀ ਮਨਦੀਪ ਕੌਰ ਮੀਤ ਪ੍ਰਧਾਨ, ਡਾ. ਕਾਲਾ ਸਿੰਘ ਸਕੱਤਰ, ਸ੍ਰ. ਦਵਿੰਦਰ ਸਿੰਘ ਈਰੀ ਖਜ਼ਾਨਚੀ, ਸ੍ਰ. ਚਰਨਜੀਤ ਸਿੰਘ ਮੀਡੀਆ ਅਤੇ ਪੀ.ਆਰ., ਸ੍ਰ. ਨਰਿੰਦਰ ਪਾਲ ਸਿੰਘ ਸਹਾਇਕ ਸਕੱਤਰ, ਸ੍ਰ. ਹਰਿੰਦਰ ਸਿੰਘ ਭੱਟੀ - ਮੀਡੀਆ ਅਤੇ ਪੀ.ਆਰ. ਸਹਾਇਕ ਬਣੇ ਹਨ।

ਪ੍ਰਧਾਨ ਸ. ਅੰਮ੍ਰਿਤ ਪਾਲ ਸਿੰਘ ਸਚਦੇਵਾ ਨੇ ਕਿਹਾ ਕਿ 30 ਤੋਂ ਵੱਧ ਦੇਸ਼ਾਂ ਦੇ ਮੈਂਬਰਾਂ ਦੇ ਨਾਲ, ਗਲੋਬਲ ਸਿੱਖ ਕੌਂਸਲ ਦੁਨੀਆ ਭਰ ਦੇ ਸਿੱਖਾਂ ਦੀ ਇੱਕਜੁੱਟ ਆਵਾਜ਼ ਬਣਨ ਲਈ ਵਚਨਬੱਧ ਹੈ। ਇਹ ਸਿੱਖ ਵਿਰਾਸਤ, ਭਾਸ਼ਾ ਅਤੇ ਵਿਸ਼ਵਵਿਆਪੀ ਏਕਤਾ ਨੂੰ ਸਦਾ ਹੀ ਉਤਸ਼ਾਹਿਤ ਕਰਦੀ ਰਹੇਗੀ ਅਤੇ ਇਹ ਵੀ ਯਕੀਨੀ ਬਣਾਉਣ ਲਈ ਯਤਨ ਕਰ ਰਹੀ ਹੈ ਕਿ ਆਧੁਨਿਕ ਦੁਨੀਆ ਵਿੱਚ ਸਿੱਖ ਕਦਰਾਂ-ਕੀਮਤਾਂ ਮਜ਼ਬੂਤ ਰਹਿਣ।

# ਭਾਈ ਮਹਿਲ ਸਿੰਘ ਬੱਬਰ ਦਾ ਅਕਾਲ ਚਲਾਣਾ ਕੌਮੀ ਘਾਟਾ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ


ਭਾਈ ਮਹਿਲ ਸਿੰਘ ਬੱਬਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੱਬਰ ਖਾਲਸਾ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਬੱਬਰ ਦਾ ਅਕਾਲ ਚਲਾਣਾ ਬਹੁਤ ਦੁੱਖਦਾਇਕ ਹੈ। ਕਿਸੇ ਵੀ ਸੰਘਰਸ਼ਮਈ ਜੁਝਾਰੂ ਦਾ ਵਿਛੋੜਾ ਬਹੁਤ ਹੀ ਅਸਿਹ ਅਤੇ ਕੌਮੀ ਸੰਘਰਸ਼ ਵਾਸਤੇ ਵੱਡੇ ਘਾਟੇ ਦੀ ਨਿਆਈ ਹੋਇਆ ਕਰਦਾ ਹੈ। ਭਾਈ ਮਹਿਲ ਸਿੰਘ ਬੱਬਰ ਜੋ ਕਿ ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ ਦੇ ਭਰਾ ਸੀ ਅਤੇ ਲੰਬੇ ਅਰਸੇ ਤੋਂ ਭਾਰਤ ਦੇ ਗਵਾਂਢੀ ਮੁਲਕ ਪਾਕਿਸਤਾਨ ਵਿੱਚ ਗੁੰਮਨਾਮੀ ਦੀ ਜਿੰਦਗੀ ਬਤੀਤ ਕਰ ਰਹੇ ਸਨ। ਇਹ ਵਿਚਾਰ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵੱਲੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਭਾਈ ਮਹਿਲ ਸਿੰਘ ਬੱਬਰ ਨੇ ਏਅਰ ਫੋਰਸ ਵਿੱਚ ਆਪਣੀ ਇੰਜੀਨੀਅਰਿੰਗ ਦੀ ਨੌਕਰੀ ਤਿਆਗ ਕੇ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ। ਭਾਰਤ ਸਰਕਾਰ ਵਲੋਂ ਅਤਿ ਲੋੜੀਂਦੇ ਸਿੱਖ ਖਾੜਕੂਆ ਦੀ ਸੂਚੀ ਵਿੱਚ ਸ਼ਾਮਲ ਭਾਈ ਮਹਿਲ ਸਿੰਘ ਨੇ ਪਾਕਿਸਤਾਨ ਵਿੱਚ ਰਹਿ ਕੇ ਖਾਲਿਸਤਾਨ ਦੇ ਸੰਘਰਸ਼ ਨੂੰ ਰੇਡੀਓ ਤੇ "ਪੰਜਾਬੀ ਦਰਬਾਰ" ਨਾਮਕ ਪ੍ਰੋਗਰਾਮ ਨਾਲ ਸਿੱਖ ਕੌਮ ਨੂੰ ਜਾਗਰੂਕ ਕੀਤਾ। ਇਹ ਪ੍ਰੋਗਰਾਮ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਭਾਈ ਮਹਿਲ ਸਿੰਘ ਬੱਬਰ ਦੀ ਵਿਸ਼ੇਸ਼ ਭੂਮਿਕਾ ਨਾਲ ਕਈ ਸਾਲ ਚੱਲਦਾ ਰਿਹਾ ਸੀ। ਬਰਤਾਨੀਆ ਵਿੱਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਭਾਈ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ, ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਬ੍ਰਿਟਿਸ਼ ਸਿੱਖ ਕੌਂਸਲ ਦੇ ਭਾਈ ਤਰਸੇਮ ਸਿੰਘ ਦਿਓਲ, ਧਰਮਯੁੱਧ ਜਥਾ ਦਮਦਮੀ ਟਕਸਾਲ ਟਿਵੀਡੇਲ ਯੂ ਕੇ ਦੇ ਭਾਈ ਚਰਨ ਸਿੰਘ, ਸ਼੍ਰੋਮਣੀ ਅਕਾਲੀ ਦਲ ਯੂ,ਕੇ ਦੇ ਭਾਈ ਗੁਰਦੇਵ ਸਿੰਘ ਚੌਹਾਨ, ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਭਾਈ ਨਿਰਮਲ ਸਿੰਘ ਸੰਧੂ, ਧਰਮਯੁੱਧ ਜਥਾ ਦਮਦਮੀ ਟਕਸਾਲ ਯੂ ਕੇ ਦੇ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਖਾਲਿਸਤਾਨ ਜਲਾਵਤਨ ਸਰਕਾਰ ਦੇ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਕੇ ਦੇ ਭਾਈ ਜਸਪਾਲ ਸਿੰਘ ਬੈਂਸ ਅਤੇ ਬੱਬਰ ਅਕਾਲੀ ਆਰਗੇਨਾਈਜਸ਼ਨ ਯੂ ਕੇ ਦੇ ਭਾਈ ਹਰਵਿੰਦਰ ਸਿੰਘ ਨੇ ਭਾਈ ਮਹਿਲ ਸਿੰਘ ਬੱਬਰ ਵਲੋਂ ਖਾਲਿਸਤਾਨ ਦੇ ਸੰਘਰਸ਼ ਵਿੱਚ ਨਿਭਾਏ ਗਏ ਰੋਲ ਦੀ ਹਾਰਦਿਕ ਪ੍ਰਸੰਸਾ ਕੀਤੀ ਗਈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਅਰਦਾਸ ਹੈ ਕਿ ਅਕਾਲ ਪੁਰਖ ਵਾਹਿਗੁਰੂ ਭਾਈ ਮਹਿਲ ਸਿੰਘ ਬੱਬਰ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।

# ਆਸਟਰੇਲੀਆ ਚ ਚੋਣਾਂ ਦੀ ਮਿਤੀ ਦਾ ਐਲਾਨ, 3 ਮਈ ਨੂੰ ਹੋਣਗੀਆਂ ਚੋਣਾਂ

**ਸਿਡਨੀ : ਆਸਟਰੇਲੀਆ ਚ ਚੋਣਾਂ ਦੀ ਮਿਤੀ ਦਾ ਐਲਾਨ ਹੋ ਗਿਆ ਹੈ, ਜਿਥੇਂ ਹੁਣ 3 ਮਈ ਨੂੰ ਆਮ ਚੋਣਾਂ ਲਈ ਵੋਟਿੰਗ ਹੋਵੇਗੀ। ਇਨ੍ਹਾਂ ਚੋਣਾਂ ਚ ਵਧਦੀ ਜਾ ਰਹੀ ਮਹਿੰਗਾਈ ਅਤੇ ਲੋਕਾਂ ਦੇ ਰਹਿਣ ਲਈ ਘਰਾਂ ਦੀ ਕਮੀ ਮੁੱਖ ਚੋਣ ਮੁੱਦੇ ਹੋ ਸਕਦੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਖੱਬੇ-ਪੱਖੀ ਲੇਬਰ ਪਾਰਟੀ ਲਗਾਤਾਰ ਦੂਜੀ ਵਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਅਲਬਾਨੀਜ਼ ਨੇ ਸ਼ੁੱਕਰਵਾਰ ਨੂੰ ਚੋਣ ਪ੍ਰਕਿਰਿਆ ਸ਼ੁਰੂ ਕਰਨ ਲਈ ਗਵਰਨਰ ਜਨਰਲ ਸੈਮ ਮੋਸਟਿਨ ਦੇ ਸਰਕਾਰੀ ਨਿਵਾਸ ਸਥਾਨ ਤੇ ਜਾ ਕੇ ਕੰਮ ਕੀਤਾ ਅਤੇ ਬਾਅਦ ਵਿਚ ਸੰਸਦ ਭਵਨ ਵਿਖੇ ਇਕ ਨਿਊਜ਼ ਕਾਨਫਰੰਸ ਦੌਰਾਨ ਚੋਣ ਮਿਤੀ ਦਾ ਐਲਾਨ ਕੀਤਾ। ਉਨ੍ਹਾਂ ਕਿਹਾ, ਸਾਡੀ ਸਰਕਾਰ ਨੇ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਲਈ ਆਸਟਰੇਲੀਆਈ ਤਰੀਕਾ ਚੁਣਿਆ ਹੈ ਤੇ ਭਵਿੱਖ ਲਈ ਨਿਰਮਾਣ ਕਰਦੇ ਹੋਏ ਲੋਕਾਂ ਨੂੰ ਰਹਿਣ-ਸਹਿਣ ਦੇ ਖ਼ਰਚਿਆਂ ਦੇ ਦਬਾਅ ਨਾਲ ਨਜਿੱਠਣ ਵਿਚ ਮਦਦ ਕਰਨਾ ਹੈ।**

# ਲੈਸਟਰ ਵਿਖੇ ਗੁਰੂ ਤੇਗ਼ ਬਹਾਦਰ ਗੁਰਦੁਆਰਾ ਸਾਹਿਬ ਵਿਚ "ਪੰਜਾਬੀ ਸਿਖਿਆ ਅਤੇ ਅਧਿਆਪਕ ਸਿਖਲਾਈ ਸੰਸਥਾ" ਵਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਿਖਲਾਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ



(ਨਿਰਮਲ ਸਿੰਘ ਕੰਧਾਲਵੀ) ਮਿਤੀ 29 ਮਾਰਚ 2025, ਦਿਨ ਸਨਿਚਰਵਾਰ ਨੂੰ ਯੂ.ਕੇ. ਦੇ ਸ਼ਹਿਰ ਲੈਸਟਰ ਵਿਖੇ ਗੁਰੂ ਤੇਗ਼ ਬਹਾਦਰ ਗੁਰਦੁਆਰਾ ਸਾਹਿਬ ਵਿਚ " ਪੰਜਾਬੀ ਸਿਖਿਆ ਅਤੇ ਅਧਿਆਪਕ ਸਿਖਲਾਈ ਸੰਸਥਾ" ਵਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਚ ਚਲਦੇ ਪੰਜਾਬੀ ਸਕੂਲ ਅਤੇ ਨੇੜਲੇ ਸ਼ਹਿਰਾਂ ਦੇ ਸਕੂਲਾਂ ਦੇ ਅਧਿਆਪਕਾਂ ਵਾਸਤੇ ਸਿਖਲਾਈ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪੰਦਰਾਂ (15) ਸ਼ਹਿਰਾਂ ਦੇ ਸੱਤਰ (70) ਅਧਿਆਪਕਾਂ ਨੇ ਹਿੱਸਾ ਲਿਆ। ਕੁਝ ਅਧਿਆਪਕ ਗਲਾਸਗੋ ਤੋਂ ਵੀ ਇਸ ਸੈਮੀਨਾਰ ਵਿਚ ਆਏ। ਇਹ ਸੰਸਥਾ ਡਾ. ਜਗਤ ਸਿੰਘ ਨਾਗਰਾ, ਗੁਰਜੀਤ ਸਿੰਘ ਗਿੱਲ, ਨਿਰਮਲ ਸਿੰਘ ਕੰਧਾਲਵੀ ਅਤੇ ਸ਼ਰਨਜੀਤ ਕੌਰ ਢੇਸੀ ਵਲੋਂ ਨਿਸ਼ਕਾਮ ਸੇਵਾ ਦੇ ਤੌਰ 'ਤੇ ਚਲਾਈ ਜਾ ਰਹੀ ਹੈ। ਸੰਸਥਾ ਵਲੋਂ ਇਹ ਸੈਮੀਨਾਰ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਕੀਤੇ ਜਾਂਦੇ ਹਨ। ਇਨ੍ਹਾਂ ਸੈਮੀਨਾਰਾਂ ਨੂੰ ਇਮਤਿਹਾਨ ਬੋਰਡ (ਏ. ਕਿਊ. ਏ.) ਦੀ 'ਭਾਸ਼ਾ ਅਤੇ ਸੋਸ਼ਲ ਸਾਇੰਸਿਜ਼' ਦੀ ਮੁਖੀ ਮਿਸ ਜੂਡਿਥ ਰਾਊਲੈਂਡ ਜੋਨਜ਼ ਵਲੋਂ ਵੀ ਆ ਕੇ ਅਧਿਆਪਕਾਂ ਨੂੰ ਬਹੁਤ ਕੁਝ ਸਿਖਾਇਆ ਜਾਂਦਾ ਹੈ ਤੇ ਉਨ੍ਹਾਂ ਦੇ ਸਵਾਲਾਂ ਦੇ ਉੱਤਰ ਦਿਤੇ ਜਾਂਦੇ ਹਨ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਗੁਰਨਾਮ ਸਿੰਘ ਰਾਏ, ਜਨਰਲ ਸਕੱਤਰ ਭਾਈ ਸਤਵਿੰਦਰ ਸਿੰਘ, ਨਵਜੋਤ ਸਿੰਘ, ਸਕੂਲ ਇੰਚਰਜ ਬੀਬੀ ਜਤਿੰਦਰ ਕੌਰ, ਮੈਨੇਜਮੈਂਟ ਸਪੋਰਟ ਬੀਬੀ ਪ੍ਰਭਪਰੀਤ ਕੌਰ ਮਿਨਹਾਸ, ਆਈ.ਟੀ. ਸਪੋਰਟ ਕੁਲਵੰਤ ਸਿੰਘ ਅਤੇ ਹੋਰ ਮੈਂਬਰਾਂ ਨੇ ਭਰਵਾਂ ਸਹਿਯੋਗ ਦਿਤਾ। ਪੰਜਾਬੀ ਸਕੂਲ ਦੇ ਬੱਚਿਆਂ ਨੇ ਬਹੁਤ ਜ਼ਾਬਤੇ 'ਚ ਰਹਿ ਕੇ ਪ੍ਰਬੰਧ ਵਿਚ ਹਿੱਸਾ ਵਟਾਇਆ ਅਤੇ ਚਾਹ-ਪਾਣੀ ਅਤੇ ਲੰਗਰ ਦਾ ਇੰਤਜ਼ਾਮ ਕੀਤਾ।

## ਭਾਈ ਨਿਸ਼ਾਨ ਸਿੰਘ ਝਬਾਲ ਦਾ ਪ੍ਰਸਿੱਧ ਕਵੀਸ਼ਰੀ ਜਥਾ ਯੂ ਕੇ ਵਿੱਚ

ਭਾਈ ਨਿਸ਼ਾਨ ਸਿੰਘ ਝਬਾਲ ਦਾ ਪ੍ਰਸਿੱਧ ਕਵੀਸ਼ਰੀ ਜਥਾ ਇਹਨੀਂ ਦਿਨੀਂ ਯੂ ਕੇ ਦੇ ਦੌਰੇ ਤੇ ਹੈ। ਆਪ ਜੀ ਦਾ ਕਵੀਸ਼ਰੀ ਜਥਾ 5 ਅਗਸਤ 20025 ਤੱਕ ਯੂ ਕੇ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿਖੇ ਜਾ ਕੇ ਸਿੱਖ ਦਾ ਪ੍ਰਚਾਰ ਕਰੇਗਾ। ਅਜੇ ਜਥੇ ਦੇ ਕਾਫੀ ਹਫਤੇ ਖਾਲੀ ਹਨ, ਸੰਗਤਾਂ ਉਹਨਾਂ ਦੇ ਜਥੇ ਨੂੰ ਬੁੱਕ ਕਰਕੇ ਲਾਹਾ ਲੈ ਸਕਦੀਆਂ ਹਨ। ਸਿੱਖ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਬੇਨਤੀ ਹੈ ਕਿ ਉਹ ਜਥੇ ਨੂੰ ਆਪਣੇ ਗੁਰਦੁਆਰਾ ਸਾਹਿਬ ਵਿੱਚ ਪ੍ਰਚਾਰ ਕਰਨ ਲਈ ਵੱਧ ਤੋਂ ਵੱਧ ਬੁਲਾਉਣ।

**ਪ੍ਰੋਗਰਾਮ ਬੁੱਕ ਕਰਵਾਉਣ ਲਈ ਸੰਪਰਕ ਨੰਬਰ**

00919915037195



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤੀਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



ਪਾਠ 6

ਚ ਛ ਜ ਝ ਞ

Exercise 1 : Draw the above letters on paper and cut & paste in your notebook.
(Material needed: Card stock, Scissors, glue)

Exercise 2 : Write the Gurmukhi Akhars 3 times for English sounds given below.

Yanyaan ........ ........ ........
Chachaa ........ ........ ........
Jhajjaa ........ ........ ........
Chhachhaa ........ ........ ........
Jajjaa ........ ........ ........

ਸਿੱਖਿਆ – ਗੁਰਮੁਖੀ Page 11 Level I

# ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਬ੍ਰਿਟਿਸ਼ ਸਰਕਾਰ ਨੂੰ ਭਾਰਤ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ: ਬੌਬ ਬਲੈਕਮੈਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਨੂੰ ਯਾਦ ਕਰਦਿਆਂ ਬਰਤਾਨਵੀ ਸਰਕਾਰ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ। ਬ੍ਰਿਟਿਸ਼ ਸਰਕਾਰ ਦੇ ਜਨਰਲ ਡਾਇਰ ਦੇ ਇਸ਼ਾਰੇ 'ਤੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾ ਕੇ 1,500 ਦੇ ਕਰੀਬ ਨਿਰਦੋਸ਼ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ ਅਤੇ 1,200 ਤੋਂ ਵੱਧ ਲੋਕ ਜ਼ਖਮੀ ਹੋ ਗਏ ਸਨ। 1919 ਵਿੱਚ ਵਾਪਰੀ ਇਸ ਘਟਨਾ ਤੋਂ 106 ਸਾਲ ਬਾਅਦ, ਇਹ ਮਾਮਲਾ ਇੱਕ ਵਾਰ ਫਿਰ ਹੁਣ ਬਰਤਾਨਵੀ ਸੰਸਦ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਹੈਰੋ ਈਸਟ ਤੋਂ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਉਠਾਇਆ ਹੈ, ਉਹਨਾਂ ਨੇ ਬਰਤਾਨਵੀ ਸਰਕਾਰ ਤੋਂ ਭਾਰਤ ਦੇ ਲੋਕਾਂ ਤੋਂ ਰਸਮੀ ਮੁਆਫੀ ਮੰਗਣ ਦੀ ਮੰਗ ਕੀਤੀ। ਇਸ ਘਟਨਾ ਨੂੰ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਦੇ ਸਭ ਤੋਂ ਕਾਲੇ ਅਧਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਬ੍ਰਿਟਿਸ਼ ਸੰਸਦ ਵਿੱਚ ਬੋਲਦੇ ਹੋਏ ਸੰਸਦ ਮੈਂਬਰ ਬੌਬ ਬਲੈਕਮੈਨ ਨੇ ਕਿਹਾ, "13 ਅਪ੍ਰੈਲ, 1919 ਨੂੰ, ਜਲ੍ਹਿਆਂਵਾਲਾ ਬਾਗ ਵਿੱਚ ਇਕੱਠੇ ਹੋਏ ਸਨ। ਜਿਹਨਾਂ ਤੇ ਜਨਰਲ ਡਾਇਰ ਨੇ ਬਰਤਾਨਵੀ ਫੌਜ ਨੂੰ ਨਿਰਦੋਸ਼ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਨਿਹੱਥੇ ਲੋਕਾਂ 'ਤੇ ਉਦੋਂ ਤੱਕ ਹਮਲਾ ਕੀਤਾ ਗਿਆ ਜਦੋਂ ਤੱਕ ਉਨ੍ਹਾਂ ਦੀਆਂ ਗੋਲੀਆਂ ਖਤਮ ਨਹੀਂ ਹੋ ਗਈਆਂ। ਇਸ ਕਤਲੇਆਮ ਵਿੱਚ 1,500 ਲੋਕ ਮਾਰੇ ਗਏ ਅਤੇ 1,200 ਜ਼ਖਮੀ ਹੋਏ।" ਉਨ੍ਹਾਂ



ਇਸਨੂੰ ਬ੍ਰਿਟਿਸ਼ ਸਾਮਰਾਜ 'ਤੇ ਇੱਕ "ਕਾਲਾ ਦਾਗ" ਕਿਹਾ ਅਤੇ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ 2019 ਵਿੱਚ ਇਸ ਘਟਨਾ ਨੂੰ ਸਵੀਕਾਰ ਵੀ ਕੀਤਾ ਸੀ ਪਰ ਕੋਈ ਰਸਮੀ ਮੁਆਫ਼ੀ ਨਹੀਂ ਮੰਗੀ।

ਸੰਸਦ ਮੈਂਬਰ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ 13 ਅਪ੍ਰੈਲ ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਵਰ੍ਹੇਗੰਢ ਤੋਂ ਪਹਿਲਾਂ ਇੱਕ ਬਿਆਨ ਜਾਰੀ ਕਰੇ, ਜਿਸ ਵਿੱਚ ਬ੍ਰਿਟਿਸ਼ ਸਰਕਾਰ ਆਪਣੀ ਗਲਤੀ ਸਵੀਕਾਰ ਕਰੇ ਅਤੇ ਭਾਰਤ ਦੇ ਲੋਕਾਂ ਤੋਂ ਮੁਆਫੀ ਮੰਗੇ। ਬਲੈਕਮੈਨ ਨੇ ਕਿਹਾ, "ਇਸ ਸਾਲ 13 ਅਪ੍ਰੈਲ ਨੂੰ ਸੰਸਦ ਦੀ ਛੁੱਟੀ ਹੋਵੇਗੀ, ਇਸ ਲਈ ਸਰਕਾਰ ਨੂੰ ਇਸ ਬਾਰੇ ਪਹਿਲਾਂ ਹੀ ਬਿਆਨ ਦੇਣਾ ਚਾਹੀਦਾ ਹੈ।" ਮਤੇ 'ਤੇ, ਇੱਕ ਹੋਰ ਸੰਸਦ ਮੈਂਬਰ ਨੇ ਬੌਬ ਬਲੈਕਮੈਨ ਦੀ ਪਹਿਲਕਦਮੀ ਦੀ ਪ੍ਰਸ਼ੰਸਾ ਕੀਤੀ ਅਤੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੂੰ "ਬ੍ਰਿਟਿਸ਼ ਬਸਤੀਵਾਦੀ ਇਤਿਹਾਸ ਦਾ ਸਭ ਤੋਂ ਬਦਨਾਮ ਅਤੇ ਸ਼ਰਮਨਾਕ ਘਟਨਾ" ਦੱਸਿਆ ਅਤੇ ਕਿਹਾ, "ਮੈਂ ਇਹ ਸਵਾਲ ਵਿਦੇਸ਼ ਮਾਮਲਿਆਂ ਦੇ ਮੰਤਰੀਆਂ ਕੋਲ ਉਠਾਵਾਂਗਾ ਅਤੇ ਸੁਝਾਅ ਦੇਵਾਂਗਾ ਕਿ ਵਰ੍ਹੇਗੰਢ ਤੋਂ ਪਹਿਲਾਂ ਇੱਕ ਬਿਆਨ ਜਾਰੀ ਕੀਤਾ ਜਾਵੇ।"

ਜਲ੍ਹਿਆਂਵਾਲਾ ਬਾਗ ਕਤਲੇਆਮ ਭਾਰਤ ਦੇ ਆਜ਼ਾਦੀ ਸੰਗਰਾਮ ਦੀਆਂ ਸਭ ਤੋਂ ਦੁਖਦਾਈ ਘਟਨਾਵਾਂ ਵਿੱਚੋਂ ਇੱਕ ਹੈ। 13 ਅਪ੍ਰੈਲ, 1919 ਨੂੰ, ਅੰਮ੍ਰਿਤਸਰ, ਪੰਜਾਬ ਵਿੱਚ, ਜਨਰਲ ਮਾਈਕਲ ਓ'ਡਵਾਇਰ ਦੀ ਅਗਵਾਈ ਵਿੱਚ ਬ੍ਰਿਟਿਸ਼ ਫੌਜ ਨੇ ਇੱਕ ਸ਼ਾਂਤਮਈ ਇਕੱਠ ਵਿੱਚ ਸ਼ਾਮਲ ਲੋਕਾਂ 'ਤੇ ਗੋਲੀਬਾਰੀ ਕੀਤੀ। ਅੱਜ ਵੀ, ਘਟਨਾ ਵਾਲੀ ਥਾਂ 'ਤੇ ਕੰਧ ਅਤੇ ਇੱਕ ਖੂਹ 'ਤੇ ਗੋਲੀਆਂ ਦੇ ਨਿਸ਼ਾਨ ਸੁਰੱਖਿਅਤ ਹਨ, ਜਿਸ ਵਿੱਚ ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਛਾਲਾਂ ਮਾਰ ਦਿੱਤੀਆਂ ਸਨ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਬਰਤਾਨੀਆਂ ਵਿੱਚ ਮੁਆਫ਼ੀ ਨੂੰ ਲੈ ਕੇ ਸਮੇਂ ਸਮੇਂ ਮੰਗ ਉੱਠਦੀ ਰਹੀ ਹੈ।

## ਐਮ ਪੀ ਢੇਸੀ ਨੇ ਭਾਈਚਾਰਕ ਸਾਂਝ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਮਾਮਲਾ ਸੰਸਦ 'ਚ ਉਠਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਬਰਤਾਨੀਆ ਦੀ ਸੰਸਦ ਵਿੱਚ ਭਾਈਚਾਰਕ ਸਾਂਝ ਅਤੇ ਘੱਟ ਗਿਣਤੀਆਂ ਦੀ ਸੁਰੱਖਿਆ ਮਾਮਲਾ ਸੰਸਦ 'ਚ ਉਠਾਇਆ। ਉਹਨਾਂ ਕਿਹਾ ਕਿ ਜਦੋਂ ਪਿਛਲੇ ਸਾਲ ਨਸਲੀ ਦੰਗੇ ਸਾਨੂੰ ਘੇਰ ਰਹੇ ਸਨ, ਸਲੋਹ ਵਿੱਚ ਈਸਾਈਆਂ, ਹਿੰਦੂਆਂ, ਯਹੂਦੀਆਂ, ਸਿੱਖਾਂ ਅਤੇ ਹੋਰਾਂ ਨੇ ਖੁੱਲ੍ਹ ਕੇ ਐਲਾਨ ਕੀਤਾ ਕਿ ਜੇਕਰ ਕਿਸੇ ਨੇ ਸਥਾਨਕ ਮਸਜਿਦ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਅਸੀਂ ਇਸਦੀ ਰੱਖਿਆ ਲਈ ਆਪਣੇ ਮੁਸਲਿਮ ਭਾਈਚਾਰੇ ਨਾਲ ਏਕਤਾ ਵਿੱਚ ਖੜ੍ਹੇ ਹੋਵਾਂਗੇ। ਉਹਨਾਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਭਾਈਚਾਰਕ ਸੁਰੱਖਿਆ ਬਾਰੇ ਸਵਾਲ ਕਰਦਿਆਂ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸਫਲ ਨਾ ਹੋਣ ਦੇਈਏ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਐਮ ਪੀ ਢੇਸੀ ਦੀਆਂ ਭਾਈਚਾਰਕ ਸਾਂਝਾਂ ਲਈ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਭਾਈਚਾਰਿਆਂ ਦੀ ਸੁਰੱਖਿਆ ਲਈ ਸਰਕਾਰ ਬਚਨਵੱਧ ਹੈ। ਜਿਸ ਲਈ ਸਰਕਾਰ ਵੱਲੋਂ ਕੀਤੇ ਗਏ 50 ਮਿਲੀਅਨ ਪੌਂਡ ਦੇ ਖਾਸ ਵਿੱਤੀ ਸਹਾਇਤਾ ਦੇ ਪ੍ਰਬੰਧਾਂ ਦੀ ਵੀ ਗੱਲ ਕੀਤੀ। ਉਹਨਾਂ ਕਿਹਾ ਕਿ ਦੇਸ਼ ਵਿੱਚ ਨਫ਼ਰਤੀ ਅਪਰਾਧਾਂ ਲਈ ਕੋਈ ਥਾਂ ਨਹੀਂ ਹੈ।



ਐਮ ਪੀ ਤਨਮਨਜੀਤ ਸਿੰਘ ਢੇਸੀ


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com



VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

ਜੈ ਗੁਰੂ ਰਵਿਦਾਸ ਜੀ

ੴ ਸਤਿਗੁਰ ਪ੍ਰਸਾਦਿ॥

MAY ALL HUMANITY PROSPER BY THY GRACE

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥

ਜੈ ਗੁਰੂ ਰਵਿਦਾਸ ਜੀ

## ਖਾਲਸਾ ਜੀ ਦੇ 326ਵੇਂ ਸਾਜਨਾ ਦਿਵਸ ਦੀ ਸਮੂਹ ਜਗਤ ਨੂੰ ਹਾਰਦਿਕ ਵਧਾਈ ਹੋਵੇ ਜੀ

# ਸ਼੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਵਿਸਾਖੀ ਗੁਰਪੁਰਬ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਦਕਰ ਜੀ ਦਾ 134ਵਾਂ ਜਨਮ ਦਿਨ

## 20 ਅਪ੍ਰੈਲ 2025 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ

## ਸ਼੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸਮੂਹ ਸਾਧ ਸੰਗਤ ਨੂੰ ਵੈਸਾਖੀ ਅਤੇ ਬਾਬਾ ਸਾਹਿਬ ਡਾ: ਭੀਮਰਾਉ ਅੰਬੇਡਕਰ ਜੀ ਦੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ ਜੀ

ਪਰਮ ਸਤਿਕਾਰ ਯੋਗ ਸਾਧ ਸੰਗਤ ਜੀਉ,

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਵਿਸਾਖੀ ਗੁਰਪੁਰਬ ਅਤੇ ਡਾ ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ 20 ਅਪ੍ਰੈਲ 2025 ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ।

13 ਅਪ੍ਰੈਲ 1699ਵੇਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ, ਊਚ-ਨੀਚ, ਅਤੇ ਭੁੱਲੀ-ਭਟਕੀ ਹੋਈ ਇਨਸਾਨੀਅਤ ਨੂੰ ਸਿੱਧੇ ਰਸਤੇ ਪਾਉਣ ਲਈ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਅਤੇ ਆਪ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਲਈ ਅਤੇ ਇਨਸਾਨੀਅਤ ਨੂੰ ਸਿੱਧੇ ਰਸਤੇ ਪਾਉਣ ਦਾ ਮਾਰਗ ਦਿਖਾਇਆ ।

ਡਾ ਬੀ. ਆਰ. ਅੰਬੇਦਕਰ ਜੀ ਨੇ ਭਾਰਤੀ ਸੰਵਿਧਾਨ ਲਿਖ ਕੇ ਸਭ ਭਾਰਤੀਆਂ ਨੂੰ ਬਰਾਬਰਤਾ ਦਾ ਹੱਕ ਕਾਨੂੰਨੀ ਤੌਰ ‘ਤੇ ਦੇ ਕੇ ਊਚ-ਨੀਚ ਦਾ ਭੇਦ ਮਿਟਾ ਦਿੱਤਾ ।

ਗੁਰੂ ਪਿਆਰੀ ਸਾਧ ਸੰਗਤ ਜੀ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਆਪ, ਆਪਣੇ ਪਰਿਵਾਰ ਸਮੇਤ ਹੁੰਮ ਹੁੰਮਾ ਪਹੁੰਚ ਕੇ ਇਸ ਮਹਾਨ ਦਿਵਸ ‘ਤੇ ਹਾਜ਼ਰੀਆਂ ਭਰੋ ਜੀ, ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ

## ======== ਪ੍ਰੋਗਰਾਮ ਇਸ ਪ੍ਰਕਾਰ ਹੈ: ========

ਅਰੰਭ ਸ੍ਰੀ ਅਖੰਡ ਪਾਠ ਸਾਹਿਬ, 18 ਅਪ੍ਰੈਲ 2025, ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ, 20 ਅਪ੍ਰੈਲ 2025, ਦਿਨ ਐਤਵਾਰ ਸਵੇਰੇ 10:30 ਵਜੇ

ਉਪਰੰਤ ਦੀਵਾਨ ਸਜੇਗਾ, ਜਿਸ ਵਿੱਚ :

1. ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਆਰਤੀ, ਕੀਰਤਨ ਕੀਤਾ ਜਾਵੇਗਾ
2. ਪ੍ਰਚਾਰਕਾਂ ਵੱਲੋਂ ਵਿਸਾਖੀ ਗੁਰਪੁਰਬ ਅਤੇ ਡਾ ਭੀਮਰਾਉ ਅੰਬੇਦਕਰ ਜੀ ਦੇ ਜੀਵਨ ‘ਤੇ ਚਾਨਣਾ ਪਾਇਆ ਜਾਵੇਗਾ
3. ਭਾਰਤੀ ਹਾਈ ਕਮਿਸ਼ਨ ਲੰਡਨ ਤੋਂ ਮਹਿਮਾਨ ਉਚੇਚੇ ਤੌਰ ‘ਤੇ ਪਹੁੰਚ ਰਹੇ ਹਨ

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।**

**ਬੇਨਤੀ ਕਰਤਾ : ਸੰਗਤਾਂ ਦੇ ਸੇਵਾਦਾਰ, ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ**

## SHRI GURU RAVIDASS SABHA SOUTHALL

**282 WESTERN ROAD, SOUTHALL, MIDDX, UB2 5JT.**

**TEL: 0208 574 8967, 202 8574 0528 - www.sgrs.org**

# ਪੰਜਾਬ ਸਰਕਾਰ ਨੂੰ 'ਡਰੱਗ ਜਨਗਣਨਾ' ਕਰਵਾਉਣ ਦੀ ਲੋੜ ਕਿਉਂ ਪਈ ?

ਵਿਸ਼ੇਸ਼ ਰਿਪੋਟ

## ✪ ਕੀ ਸਰਕਾਰ ਨਸ਼ਿਆਂ ਨੂੰ ਕੰਟਰੋਲ ਕਰ ਸਕੇਗੀ ? ✪ ਸਰਕਾਰੀ ਬੁਲਡੋਜਰੀ ਮੁਹਿੰਮ ਮਨੁੱਖੀ ਅਧਿਕਾਰਾਂ ਦੀ ਉਲੰਘਣਾ

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੀਤੇ ਹਫਤੇ ਵਿੱਤੀ ਸਾਲ 2025-26 ਲਈ ਰਾਜ ਦਾ ਬਜਟ ਪੇਸ਼ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਸੂਬੇ ਵਿੱਚ ਪਹਿਲੀ ਵਾਰ ਡਰੱਗ ਜਨਗਣਨਾ ਕਰਵਾਉਣ ਦਾ ਐਲਾਨ ਕੀਤਾ। ਪੰਜਾਬ ਸਰਕਾਰ ਦੇ ਐਕਸ ਅਕਾਊਂਟ 'ਤੇ ਪੋਸਟ ਕੀਤੀ ਗਈ ਜਾਣਕਾਰੀ ਅਨੁਸਾਰ, ਇਸ ਪਹਿਲਕਦਮੀ ਲਈ 150 ਕਰੋੜ ਰੁਪਏ ਅਲਾਟ ਕੀਤੇ ਗਏ। ਹਰਪਾਲ ਸਿੰਘ ਚੀਮਾ ਨੇ ਆਪਣੇ ਬਜਟ ਭਾਸ਼ਣ ਵਿੱਚ ਕਿਹਾ ਕਿ ਅਗਲੇ ਸਾਲ ਡਰੱਗ ਜਨਗਣਨਾ ਕੀਤੀ ਜਾਵੇਗੀ ਅਤੇ ਪੰਜਾਬ ਦੇ ਹਰ ਪਰਿਵਾਰ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਤਹਿਤ ਸੂਬੇ ਦੇ ਲੋਕਾਂ ਦੀ ਸਮਾਜਿਕ-ਆਰਥਿਕ ਸਥਿਤੀ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੀ ਉਪਯੋਗਤਾ ਨਾਲ ਸਬੰਧਤ ਡੇਟਾ ਇਕੱਠਾ ਕੀਤਾ ਜਾਵੇਗਾ। ਵਿੱਤ ਮੰਤਰੀ ਦੇ ਅਨੁਸਾਰ, ਇਨ੍ਹਾਂ ਅੰਕੜਿਆਂ ਦੀ ਵਰਤੋਂ ਅਗਲੇ ਇੱਕ ਤੋਂ ਦੋ ਸਾਲਾਂ ਵਿੱਚ ਨਸ਼ੇ ਦੀ ਸਮੱਸਿਆ ਨੂੰ ਖਤਮ ਕਰਨ ਲਈ ਵਿਗਿਆਨਕ ਅਤੇ ਪ੍ਰਭਾਵਸ਼ਾਲੀ ਰਣਨੀਤੀ ਤਿਆਰ ਕਰਨ ਲਈ ਕੀਤੀ ਜਾਵੇਗੀ।

ਡਰੋਨ ਰਾਹੀਂ ਤਸਕਰੀ ਰੋਕਣ ਦੀ ਯੋਜਨਾ -ਸੂਬਾ ਸਰਕਾਰ ਨੇ ਪਾਕਿਸਤਾਨ ਤੋਂ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਕਦਮ ਚੁੱਕਣ ਦਾ ਵੀ ਐਲਾਨ ਕੀਤਾ। ਮੀਡੀਆ ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਪੰਜ ਹਜ਼ਾਰ ਹੋਮ ਗਾਰਡ ਤਾਇਨਾਤ ਕੀਤੇ ਜਾਣਗੇ। ਇਹ ਸਿਪਾਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਸੀਮਾ ਸੁਰੱਖਿਆ ਬਲ ਦੇ ਸਹਿਯੋਗ ਨਾਲ ਕੰਮ ਕਰਨਗੇ।

ਵਿੱਤ ਮੰਤਰੀ ਚੀਮਾ ਨੇ ਸਰਹੱਦ 'ਤੇ ਆਧੁਨਿਕ ਅਤੇ ਪ੍ਰਭਾਵਸ਼ਾਲੀ ਐਂਟੀ-ਡਰੋਨ ਸਿਸਟਮ ਲਗਾਉਣ ਦਾ ਵੀ ਐਲਾਨ ਕੀਤਾ ਹੈ। ਇਸਦਾ ਉਦੇਸ਼ ਡਰੋਨਾਂ ਰਾਹੀਂ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਦਾ ਪਤਾ ਲਗਾਉਣਾ ਅਤੇ ਇਸਨੂੰ ਰੋਕਣਾ ਹੈ। ਚੀਮਾ ਨੇ ਕਿਹਾ ਕਿ ਇਸ ਲਈ ਅਮਲ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਕਿੰਨੀ ਵੱਡੀ ਹੈ ? - ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਨੇ ਸਾਲ 2022 ਵਿੱਚ ਇੱਕ ਅਧਿਐਨ ਕੀਤਾ ਸੀ। ਇਹ ਖੁਲਾਸਾ ਹੋਇਆ ਕਿ ਪੰਜਾਬ ਦੀ 15 ਪ੍ਰਤੀਸ਼ਤ ਆਬਾਦੀ ਕਿਸੇ ਨਾ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਕਰਦੀ ਹੈ। ਅਧਿਐਨ ਅਨੁਸਾਰ, ਪੰਜਾਬ ਦੀ ਕੁੱਲ ਆਬਾਦੀ ਲਗਭਗ 2.8 ਕਰੋੜ ਹੈ ਅਤੇ ਇਨ੍ਹਾਂ ਵਿੱਚੋਂ 40 ਲੱਖ ਤੋਂ ਵੱਧ ਲੋਕ ਨਸ਼ੇ ਕਰਦੇ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੇ ਗਏ ਇੱਕ ਹਲਫ਼ਨਾਮੇ ਅਨੁਸਾਰ, 2020 ਤੋਂ 2023 ਦਰਮਿਆਨ, ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ 265 ਲੋਕਾਂ ਦੀ ਮੌਤ ਹੋ ਗਈ। ਇਹ ਅੰਕੜੇ ਦਰਸਾਉਂਦੇ ਹਨ ਕਿ ਨਸ਼ੇ ਸਿਹਤ ਉਪਰ ਕਿੰਨਾ ਬੁਰਾ ਪ੍ਰਭਾਵ ਪਾਉਂਦੇ ਹਨ।

ਨਸ਼ਾ ਵਿਰੋਧੀ ਸਰਕਾਰੀ ਬੁਲਡੋਜਰੀ ਮੁਹਿੰਮ-ਇਸ ਸਮੱਸਿਆ ਨਾਲ ਨਜਿੱਠਣ ਲਈ, ਪੰਜਾਬ ਸਰਕਾਰ ਨੇ 1 ਮਾਰਚ ਨੂੰ ਨਸ਼ਿਆਂ ਵਿਰੁੱਧ ਬੁਲਡੋਜਰੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਮੁਹਿੰਮ ਦੌਰਾਨ ਹੁਣ ਤੱਕ 2, 200 ਤੋਂ ਵੱਧ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ ਲਗਭਗ ਚਾਰ ਹਜ਼ਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਪਾਬੰਦੀਸ਼ੁਦਾ ਦਵਾਈਆਂ ਵੀ ਬਰਾਮਦ ਕੀਤੀਆਂ ਗਈਆਂ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਪੰਜਾਬ ਪੁਲਿਸ ਹੁਣ ਮੁੱਖ ਡਰੱਗ ਸਪਲਾਇਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਇੱਕ ਨਿਸ਼ਾਨਾਬੱਧ ਕਾਰਵਾਈ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਨਸ਼ਿਆਂ ਖ਼ਿਲਾਫ ਮੁਹਿੰਮ ਦੇ ਨਾਮ ਹੇਠ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ। ਸੂਬਾ ਸਰਕਾਰ ਵੱਲੋਂ 'ਡਰੱਗ ਮਾਫ਼ੀਆ' ਖ਼ਿਲਾਫ਼ ਕਾਰਵਾਈ ਦੇ ਨਾਮ ਹੇਠ ਵਿੱਢੀ ਇਸ ਮੁਹਿੰਮ ਤਹਿਤ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਸ਼ਾ ਤਸਕਰਾਂ ਵੱਲੋਂ ਨਸ਼ਾ ਤਸਕਰੀ ਜ਼ਰੀਏ ਬਣਾਈ ਜਾਇਦਾਦ ਜਾਂ ਨਸ਼ਾ ਤਸਕਰਾਂ ਦੀਆਂ ਅਣ-ਅਧਿਕਾਰਤ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਹਨ ਕਿ ਵੱਡੇ ਨਸ਼ਾਂ ਤਸਕਰਾਂ ਖ਼ਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਪਰ ਬਗੈਰ ਕਿਸੇ ਕਾਨੂੰਨੀ ਜਾਂ ਅਦਾਲਤੀ ਪ੍ਰਕਿਰਿਆ ਨੂੰ ਅਪਣਾਏ ਕਿਸੇ ਵੀ ਮੁਲਜ਼ਮ ਦੇ ਘਰ ਢਾਹੁਣ ਦੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਖਦਸ਼ਾ ਇਹ ਹੈ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵੱਡੇ ਮਗਰਮੱਛਾਂ ਨੂੰ ਕਾਬੂ ਕਰਨ ਦੀ ਬਜਾਏ ਕਿਤੇ ਸਰਕਾਰ ਹੇਠਲੇ ਪੱਧਰ ਦੇ ਤਸਕਰਾਂ ਤੱਕ ਹੀ ਮਾਮਲੇ ਨੂੰ ਸੀਮਤ ਕਰਨ ਦੀ ਕਵਾਇਦ ਤਾਂ ਨਹੀਂ ਕਰ ਰਹੀ ਹੈ।

ਪੰਜਾਬ ਤੋਂ ਪਹਿਲਾਂ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਉੱਤਰ ਪ੍ਰਦੇਸ਼ ਵਿਚ ਨਜ਼ਰ ਆ ਰਹੀ ਸੀ ਜਿੱਥੇ ਯੋਗੀ ਅਦਿੱਤਿਆ ਨਾਥ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਉੱਤਰ ਪ੍ਰਦੇਸ਼ ਸਣੇ ਵਿਚ ਕਥਿਤ ਮੁਲਜ਼ਮਾਂ ਦੇ ਘਰ ਜਾਂ ਦੁਕਾਨਾਂ ਢਾਹੀਆਂ ਗਈਆਂ ਸਨ। ਉੱਤਰ ਪ੍ਰਦੇਸ਼ ਦੀ ਇਸ 'ਬੁਲਡੋਜ਼ਰ ਮੁਹਿੰਮ' ਤਹਿਤ ਜ਼ਿਆਦਾਤਰ ਬੁਲਡੋਜ਼ਰ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਤ ਮੁਸਲਿਮ ਲੋਕਾਂ ਦੇ ਘਰਾਂ ਉੱਪਰ ਚੱਲਿਆ। ਜਿਵੇਂ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ 'ਬੁਲਡੋਜ਼ਰ ਮੁਹਿੰਮ' ਰਾਹੀਂ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਇਕ 'ਦਬੰਗ' ਮੁੱਖ ਮੰਤਰੀ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ ਸੀ ਉਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਕਾਇਦਾ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਅਫਸਰਾਂ ਨਾਲ ਮੀਟਿੰਗ ਕਰ ਕੇ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੁਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ । ਜ਼ਿਲ੍ਹਾ ਲੁਧਿਆਣਾ ਦੇ ਤਲਵੰਡੀ ਪਿੰਡ ਤੋਂ 24 ਫ਼ਰਵਰੀ ਨੂੰ 'ਬੁਲਡੋਜ਼ਰ ਨਾਲ ਇਮਾਰਤਾਂ ਢਾਹੁਣ' ਦੀ ਸ਼ੁਰੂ ਕੀਤੀ ਇਹ ਮੁਹਿੰਮ ਅਗਲੇ ਦਿਨ ਲੁਧਿਆਣਾ ਦੇ ਹਿੰਮਤ ਨਗਰ ਵਿਚੋਂ ਹੁੰਦੀ ਹੋਈ ਸਮੁੱਚੇ ਪੰਜਾਬ ਵਿਚ ਹੁਣ ਤਕ ਜਾਰੀ ਹੈ।

ਸਰਕਾਰ ਦਾ ਇਹ ਦਾਅਵਾ ਕਿ ਨਸ਼ਾ ਤਸਕਰੀ ਦੇ ਮੁਲਾਜ਼ ਦੀਆਂ ਉਹ ਸਾਰੀਆਂ ਜਾਇਦਾਦਾਂ ਜੋ ਜਾਂ ਤਾਂ ਗੈਰ-ਕਾਨੂੰਨੀ ਹਨ ਜਾਂ ਨਸ਼ੀਲੇ ਪਦਾਰਥਾਂ ਦੇ ਪੈਸੇ ਦੀ ਵਰਤੋਂ ਕਰ ਕੇ ਬਣਾਈਆਂ ਗਈਆਂ ਹਨ, ਆਉਣ ਵਾਲੇ ਦਿਨਾਂ ਵਿਚ ਢਾਹ ਦਿੱਤੀਆਂ ਜਾਣਗੀਆਂ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਵਿੱਢੀ ਇਹ ਬੁਲਡੋਜ਼ਰ ਮੁਹਿੰਮ ਸੁਪਰੀਮ ਕੋਰਟ ਦੇ ਉਸ ਫੈਸਲੇ ਦੀ ਸਿੱਧੀ ਉਲੰਘਣਾ ਹੈ ਜਿਸ ਵਿਚ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਦੋ ਮੈਂਬਰੀ ਬੈਂਚ ਨੇ ਨਵੰਬਰ 2024 ਨੂੰ ਦੇਸ਼ ਵਿਚ ਬੁਲਡੋਜ਼ਰਾਂ ਨਾਲ ਜਾਇਦਾਦਾਂ ਨੂੰ ਢਾਹੁਣ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਸੀ ਕਿ ਕਿਸੇ ਵਿਅਕਤੀ ਦੇ ਘਰ ਜਾਂ ਜਾਇਦਾਦ ਨੂੰ ਸਿਰਫ਼ ਇਸ ਲਈ ਢਾਹ ਦੇਣਾ ਕਿਉਂਕਿ ਉਸ 'ਤੇ ਅਪਰਾਧ ਦੇ ਇਲਜ਼ਾਮ ਹਨ, ਕਾਨੂੰਨ ਦੇ ਰਾਜ ਦੇ ਖ਼ਿਲਾਫ਼ ਹੈ। ਸਰਕਾਰ ਦੇ ਦਾਅਵੇ ਨੂੰ ਮੰਨੀਏ ਕਿ ਉਹ ਤਸਕਰਾਂ ਵੱਲੋਂ ਨਸ਼ੇ ਦੀ ਤਸਕਰੀ ਕਰਕੇ ਬਣਾਈਆਂ ਜਾਇਦਾਦਾਂ ਨੂੰ ਢਹਿ-ਢੇਰੀ ਕਰ ਰਹੀ ਹੈ ਤਾਂ ਸਰਕਾਰ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਸੂਬੇ ਦੀ 'ਸੱਤਾ' ਉੱਪਰ ਕਾਬਜ਼ ਰਹਿੰਦਿਆਂ ਆਪਣੇ ਘਰ ਭਰਨ ਵਾਲੇ ਆਗੂਆਂ ਖ਼ਿਲਾਫ ਕਾਰਵਾਈ ਕਦੋਂ ਹੋਵੇਗੀ ?

ਉਂਝ ਪਹਿਲਾਂ ਵੀ ਕਈ ਵਾਰ ਸੂਬੇ ਵਿਚ ਨਸ਼ਿਆਂ ਦਾ ਮਸਲਾ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵੀ ਨਸ਼ਾ ਤਸਕਰਾਂ ਖ਼ਿਲਾਫ ਕਾਰਵਾਈ ਦੇ ਨਾਮ ਹੇਠ ਥੋੜ੍ਹਾ-ਮੋਟਾ ਨਸ਼ਾ ਕਰਨ ਵਾਲੇ ਵਿਅਕਤੀ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਸਨ ਅਤੇ ਸਿੰਥੈਟਿਕ ਨਸ਼ਾ ਰੋਕਣ ਲਈ ਸੈਂਕੜੇ ਓਟ ਕਲੀਨਿਕਾਂ ਦੀ ਸਥਾਪਨਾ ਕੀਤੀ ਸੀ। ਪਰ ਉਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦਾ ਨਤੀਜਾ ਇਹ ਨਿੱਕਲਿਆ ਕਿ ਉਹ ਨਸ਼ਾ ਛੁਡਾਊ ਕੇਂਦਰਾਂ ਦੀ ਥਾਂ ਨਸ਼ਾ ਲਾਊ ਕੇਂਦਰ ਬਣ ਗਏ ਕਿਉਂਕਿ ਸੂਬੇ ਦੇ ਲੱਖਾਂ ਵਿਅਕਤੀ ਬੁਪ੍ਰੇਨੋਰਫਾਈਨ ਨਾਮ ਦੀ ਦਵਾਈ ਉੱਪਰ ਲੱਗ ਗਏ। ਚਾਹੀਦਾ ਤਾਂ ਇਹ ਸੀ ਕਿ ਨਸ਼ਾ ਛੁਡਾਊ ਕੇਂਦਰਾਂ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਅਤੇ ਕਾਊਂਸਲਰਾਂ ਦੀ ਦੇਖ-ਰੇਖ ਹੇਠ ਨਸ਼ਾ ਕਰਨ ਦੇ ਆਦੀ ਨੌਜਵਾਨਾਂ ਦੀ ਕਾਊਂਸਲਿੰਗ ਕਰਦੇ ਹੋਏ ਕੀਤੇ ਜਾ ਰਹੇ ਨਸ਼ੇ ਦੀ ਡੋਜ਼ ਦੇ ਹਿਸਾਬ ਨਾਲ ਬੁਪ੍ਰੇਨੋਰਫਾਈਨ ਦੀ ਡੋਜ਼ ਸ਼ੁਰੂ ਕਰਦੇ ਅਤੇ ਇਸ ਦੀ ਡੋਜ਼ ਘਟਾਉਂਦੇ-ਘਟਾਉਂਦੇ ਨੌਜਵਾਨਾਂ ਨੂੰ ਨਸ਼ਾ ਰਹਿਤ ਕਰਦੇ ਪਰ ਹੋਇਆ ਇਹ ਕਿ ਨੌਜਵਾਨਾਂ ਨੂੰ ਬਾਕੀ ਨਸ਼ਿਆਂ ਤੋਂ ਹਟਾ ਕੇ ਬੁਪ੍ਰੇਨੋਰਫਾਈਨ ਉੱਪਰ ਲਗਾ ਦਿੱਤਾ ਗਿਆ। ਪੰਜਾਬ ਵਿਚ 528 ਓਟ ਕੇਂਦਰ, 36 ਸਰਕਾਰੀ ਨਸ਼ਾ ਛੁਡਾਊ ਕੇਂਦਰ, 185 ਪ੍ਰਾਈਵੇਟ ਨਸ਼ਾਂ ਛੁਡਾਊ ਕੇਂਦਰਾਂ ਵਿਚ ਹੈਰੋਇਨ, ਸਮੈਕ, ਭੁੱਕੀ, ਅਫੀਮ ਆਦਿ ਨਸ਼ਾ ਕਰਨ ਵਾਲਿਆਂ ਨੂੰ ਇਨ੍ਹਾਂ ਨਸ਼ਿਆਂ ਦੀ ਥਾਂ ਬੁਪ੍ਰੇਨੋਰਫਾਈਨ ਦਿੱਤੀ ਜਾਂਦੀ ਹੈ। ਮਾਰਚ 2023 ਵਿਚ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਵਿਧਾਨ ਸਭਾ ਵਿਚ ਦੱਸਿਆ ਗਿਆ ਸੀ ਕਿ ਸੂਬੇ ਵਿਚ 2.62 ਲੱਖ ਨਸ਼ਿਆਂ ਦੇ ਆਦੀ ਸਰਕਾਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਜਦਕਿ 6.12 ਲੱਖ ਵਿਅਕਤੀ ਨਿੱਜੀ ਖੇਤਰ ਦੇ ਨਸ਼ਾ-ਛੁਡਾਊ ਕੇਂਦਰਾਂ ਤੋਂ ਦਵਾਈ ਲੈ ਰਹੇ ਹਨ, ਜੋ ਅੰਕੜਾ ਹੁਣ ਇਸ ਤੋਂ ਕਿਤੇ ਜ਼ਿਆਦਾ ਹੈ।

ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਨੂੰ ਭਾਂਪਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਲੱਕ ਤੋੜ ਦੇਣ ਦੀ ਸਹੁੰ ਖਾਧੀ ਸੀ। ਸਰਕਾਰ ਬਣਨ ਤੋਂ ਬਾਅਦ ਇਹ ਵਿਸ਼ੇਸ਼ ਜਾਂਚ ਟੀਮ ਵੀ ਬਣਾਈ ਸੀ ਪਰ ਹਕੀਕਤ ਇਹ ਰਹੀ ਕਿ ਕਪਤਾਨ ਸਾਹਿਬ ਨਸ਼ਿਆਂ ਦੇ ਮਾਮਲੇ ਵਿਚ ਕੋਈ ਠੋਸ ਕਾਰਵਾਈ ਕਰਨ ਤੋਂ ਪਿੱਛੇ ਹਟ ਗਏ ਸਨ।

ਕੌਮੀ ਪੱਧਰ ਉੱਪਰ ਵੀ ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਦੀ ਚਰਚਾ ਛਿੜੀ ਹੈ ਜਿਵੇਂ ਕਰੀਬ ਡੇਢ ਸਾਲ ਪਹਿਲਾਂ ਸੰਸਦ ਦੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਬਾਰੇ ਸਥਾਈ ਕਮੇਟੀ ਵੱਲੋਂ ਲੋਕ ਸਭਾ ਵਿਚ ਪੇਸ਼ ਕੀਤੀ ਰਿਪੋਰਟ ਅਨੁਸਾਰ ਪੰਜਾਬ ਵਿਚ 66 ਲੱਖ ਤੋਂ ਜ਼ਿਆਦਾ ਲੋਕ ਨਸ਼ੇ ਦੇ ਆਦੀ ਹਨ ਜਿਨ੍ਹਾਂ ਵਿਚੋਂ 21.36 ਲੱਖ ਓਪੀਆਡ ਨਸ਼ਿਆਂ (ਅਫ਼ੀਮ, ਮਾਰਫੀਨ, ਹੈਰੋਇਨ ਆਦਿ) ਦਾ ਸੇਵਨ ਕਰਦੇ ਹਨ।

ਅੰਕੜਿਆਂ ਅਨੁਸਾਰ ਤਾਂ ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਘਟ ਰਹੇ ਹਨ ਜਦਕਿ ਜ਼ਮੀਨੀ ਹਕੀਕਤ ਇਸਦੇ ਉਲਟ ਬਿਆਨ ਕਰ ਰਹੀ ਹੈ। 2022 ਵਿਚ ਐੱਨਡੀਪੀਐੱਸ ਐਕਟ ਤਹਿਤ 12423 ਕੇਸ ਦਰਜ ਕੀਤੇ ਗਏ ਸਨ। 2023 ਵਿਚ ਇਹ ਅੰਕੜਾ 11546 ਜਦਕਿ 2024 ਵਿਚ 9025 ਸੀ।

ਸਰਹੱਦੀ ਸੂਬਾ ਹੋਣ ?ਕਾਰਨ ਪੰਜਾਬ ਲੰਮੇ ਸਮੇਂ ਤੋਂ ਨਸ਼ਿਆਂ ਦੀ ਤਸਕਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਕਰੀਬ ਦੋ ਦਹਾਕੇ ਪਹਿਲਾਂ ?ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਕੰਡਿਆਲੀ ਤਾਰ ਲੱਗਣ ਨਾਲ ਭਾਵੇਂ ਤਸਕਰੀ ਨੂੰ ਕੁਝ ਠੱਲ੍ਹ ਤਾਂ ਪਈ ਪਰ ਇਹ ਖ਼ਤਮ ਨਹੀਂ ਹੋਈ। ਇਸ ਵੇਲੇ ਸਿੰਥੈਟਿਕ ਨਸ਼ਿਆਂ ਦੀ ਤਸਕਰੀ ਵਧੇਰੇ ਚਿੰਤਾ ਵਾਲੀ ਗੱਲ ਹੈ; ਜਿਹੜਾ ਵਿਅਕਤੀ ਇਕ ਵਾਰ ਅਜਿਹਾ ਨਸ਼ਾ ਕਰ ਲੈਂਦਾ ਹੈ ਫਿਰ ਉਹ, ਇਨ੍ਹਾਂ ਦਾ ਗ਼ੁਲਾਮ ਹੋ ਕੇ ਰਹਿ ਜਾਂਦਾ ਹੈ ਤੇ ਨਸ਼ੇ ਦੀ ਪੂਰਤੀ ਲਈ ਗੁਨਾਹਾਂ ਦੇ ਰਸਤੇ 'ਤੇ ਚੱਲਣ ਤੋਂ ਵੀ ਨਹੀਂ ਝਿਜਕਦਾ।

ਸੂਬੇ ਵਿਚ ਨਸ਼ਾ ਕੇਵਲ ਪਾਕਿਸਤਾਨ ਨਾਲ ਲੱਗਦੀ ਸਰਹੱਦ ਤੋਂ ਹੀ ਨਹੀਂ ਆਉਂਦਾ ਸਗੋਂ ਪਿਛਲੇ ਕੁਛ ਸਾਲਾਂ ਦੌਰਾਨ ?ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 4269 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਫੜੇ ਜਾ ਚੁੱਕੇ ਹਨ। ਇਸ ਸਬੰਧ ਵਿਚ ਕੁਝ ਗ੍ਰਿਫ਼ਤਾਰੀਆਂ ?ਹੋਈਆਂ ਹਨ ਅਤੇ ਬੰਦਰਗਾਹ ਰਾਹੀਂ ਨਸ਼ਿਆਂ ਦੀ ਤਸਕਰੀ ਦੇ ਤਾਰ ਪੰਜਾਬ ਨਾਲ ਵੀ ਜੁੜੇ ਹਨ ਪਰ ਲੋਕਾਂ ਦੇ ਮਨਾਂ ਵਿਚ ਇਹ ਪ੍ਰਭਾਵ ਹੈ ਕਿ 'ਅਸਲ ਮੁਲਜ਼ਮ' ਪਰਦੇ ਪਿੱਛੇ ਹੀ ਰਹਿ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਪਿੰਡਾਂ ਤਕ ਨਸ਼ੇ ਪਹੁੰਚਾਉਣ ਦਾ ਤੰਤਰ ਅਜੇ ਤਕ ਕਾਇਮ ਹੈ ਅਤੇ ਨੌਜਵਾਨ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਰਹੇ ਹਨ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਕੇਂਦਰ ਤੇ ਸੂਬਾ ਸਰਕਾਰ ਨੂੰ ਇਸ ਸਬੰਧੀ ਨਿਸ਼ਚਿਤ ਨੀਤੀ ਬਣਾ ਕੇ ਤਸਕਰੀ ਕਰਨ ਵਾਲਿਆਂ ਦੇ ਗਰੋਹਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਵਿਰੁੱਧ ਕਾਰਵਾਈ ਕਰਨ ਦੀ ਜ਼ਰੂਰਤ ਹੈ। ਜਿੱਥੇ ਸਰਕਾਰ ਨੂੰ ਨਸ਼ਿਆਂ ਦੀ ਦਲਦਲ ਵਿਚ ਫਸੇ ਬੱਚਿਆਂ ਤੇ ਨੌਜਵਾਨਾਂ ਤੋਂ ਨਸ਼ੇ ਛੁਡਾਉਣ ਲਈ ਅਰਥ ਭਰਪੂਰ ਰਣਨੀਤੀ ਬਣਾਉਣੀ ਚਾਹੀਦੀ ਹੈ, ਉੱਥੇ ਤਸਕਰਾਂ ਵਿਰੁੱਧ ਨਿਰੰਤਰ ਕਾਰਵਾਈ ਰਾਹੀਂ ਇਹ ਨਿਸ਼ਚਿਤ ਕਰਨ ਦੀ ਜ਼ਰੂਰਤ ਹੈ ਕਿ ਬੇਰੋਕ ਨਸ਼ੇ ਮੁਹੱਈਆ ਕਰਵਾਉਣ ਵਾਲੇ ਚੱਕਰ ਨੂੰ ਤੋੜਿਆ ਜਾਵੇ।

# ਕਰਾਈਮ ਨਿਊਜ਼

## ਵਿਆਹ ਦਾ ਲਾਰਾ ਲਾਕੇ ਨਾਬਾਲਗਾ ਅਗਵਾ



ਲੁਧਿਆਣਾ-ਧਾਂਦਰਾ ਰੋਡ ਦੇ ਇੱਕ ਇਲਾਕੇ ਵਿਚੋਂ ਵਿਆਹ ਦਾ ਝਾਂਸਾ ਦੇ ਕੇ 14 ਸਾਲ ਦੀ ਲੜਕੀ ਨੂੰ ਅਗਵਾ ਕਰ ਲੈਣ ਦੀ ਘਟਨਾ ਸਾਹਮਣੇ ਆਈ ਹੈ। ਇਸ ਮਾਮਲੇ ਸਬੰਧੀ ਥਾਣਾ ਸਦਰ ਦੀ ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਲੜਕੀ ਦੇ ਪਿਤਾ ਨੇ ਦੱਸਿਆ ਕਿ 26 ਮਾਰਚ ਨੂੰ ਉਨ੍ਹਾਂ ਦੀ ਬੇਟੀ ਆਪਣੀ ਸਹੇਲੀ ਨੂੰ ਮਿਲਣ ਦੀ ਗੱਲ ਕਹਿ ਕੇ ਘਰ ਤੋਂ ਬਾਹਰ ਗਈ। ਦੇਰ ਸ਼ਾਮ ਤੱਕ ਵੀ ਜਦ ਲੜਕੀ ਘਰ ਵਾਪਸ ਨਾ ਪਰਤੀ ਤਾਂ ਪਰਿਵਾਰਕ ਮੈਂਬਰਾਂ ਨੇ ਉਸਨੂੰ ਲੱਭਣਾ ਸ਼ੁਰੂ ਕੀਤਾ। ਕਈ ਦਿਨ ਬੀਤ ਜਾਣ ਦੇ ਬਾਵਜੂਦ ਲੜਕੀ ਸਬੰਧੀ ਕੋਈ ਸੂਚਨਾ ਨਾ ਮਿਲ ਸਕੀ। ਇਸੇ ਦੌਰਾਨ ਪਰਿਵਾਰਿਕ ਮੈਂਬਰਾਂ ਨੂੰ ਪਤਾ ਲੱਗਾ ਕਿ ਲੜਕੀ ਨੂੰ ਧਾਂਦਰਾ ਰੋਡ ਦੇ ਰਹਿਣ ਵਾਲੇ ਇੱਕ ਲੜਕੇ ਨੇ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰ ਲਿਆ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਲੜਕੇ ਦੇ ਖਿਲਾਫ਼ ਕੇਸ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ।

# ਕਾਕੜਾ ਪਿੰਡ ਦੀ ਪੰਚਾਇਤ ਨੇ ਡਰੱਗ ਸਮਗਲਰਾਂ ਵਿਰੁੱਧ ਲਿਆ ਫੈਸਲਾ

**✪ ਨਸ਼ਾ ਕਰਨ ਤੇ ਵੇਚਣ ਵਾਲੇ ਦੀ ਕੋਈ ਨਹੀਂ ਦੇਵੇਗਾ ਜ਼ਮਾਨਤ ✪ ਸਮਾਜ ਸੁਧਾਰ ਲਈ ਹੋਰ ਮਤੇ ਵੀ ਪਾਸ ਕੀਤੇ**



ਭਵਾਨੀਗੜ੍ਹ-ਭਵਾਨੀਗੜ੍ਹ ਦੇ ਪਿੰਡ ਦੀ ਕਾਕੜਾ ਦੀ ਪੰਚਾਇਤ ਨੇ ਪਿੰਡ ਦੇ ਪਤਵੰਤਿਆਂ ਦੀ ਸਹਿਮਤੀ ਨਾਲ ਪਿੰਡ ਦੀ ਭਲਾਈ ਲਈ ਕੁਝ ਮਤੇ ਪਾਸ ਕੀਤੇ ਹਨ, ਜਿਸ ਵਿੱਚ ਅਹਿਮ ਮਤਾ ਇਹ ਹੈ ਕਿ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਜਾਂ ਨਸ਼ਾ ਕਰਦਾ ਫੜਿਆ ਗਿਆ ਤਾਂ ਕੋਈ ਵੀ ਪਿੰਡ ਵਾਸੀ ਉਸਦੀ ਜ਼ਮਾਨਤ ਨਹੀਂ ਦੇਵੇਗਾ। ਇਸ ਤੋਂ ਇਲਾਵਾ ਇੱਕ ਮਤਾ ਇਹ ਵੀ ਪਾਇਆ ਗਿਆ ਕਿ ਪਿੰਡ ਵਿੱਚ ਖੁਸ਼ੀ ਦੇ ਸਮੇਂ ਤੇ ਜਦੋਂ ਖੁਸਰੇ (ਮਹੰਤ) ਵਧਾਈ ਲੈਣ ਆਉਂਦੇ ਹਨ ਉਹਨਾਂ ਨੂੰ 2100 ਰੁਪਏ ਤੋਂ ਵੱਧ ਨਹੀਂ ਦੇਣਾ, ਇਸਤੋਂ ਘੱਟ ਵੀ ਦੇ ਸਕਦੇ ਹਾਂ, ਮਰਾਸੀ (ਭੰਡ) ਜਾਂ ਕੋਈ ਹੋਰ ਵਧਾਈ ਲੈਣ ਆਉਂਦਾ ਹੈ ਤਾਂ 500 ਰੁਪਏ ਤੋਂ ਵੱਧ ਨਹੀਂ।

ਚੋਰੀ ਕਰਨ ਵਾਲੇ ਦਾ ਕਿਸੇ ਵੀ ਤਰ੍ਹਾਂ ਦੇ ਸਰੀਰਕ ਨੁਕਸਾਨ ਦਾ ਉਹ ਆਪ ਜਿੰਮੇਵਾਰ ਹੋਵੇਗਾ। ਪਿੰਡ ਵਿਚ ਕੋਈ ਵੀ ਟਰੈਕਟਰ 'ਤੇ ਉਚੀ ਅਵਾਜ ਵਿਚ ਡੈੱਕ ਨਹੀਂ ਵਜਾਏਗਾ ਅਤੇ ਨਾ ਹੀ ਬੁਲਟ ਤੇ ਪਟਾਕੇ ਵਜਾਏਗਾ, ਉਲੰਘਣਾ ਕਰਨ ਵਾਲੇ ਖਿਲਾਫ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ।

ਪਿੰਡ ਵਿਚ ਕਿਸੇ ਵਿਅਕਤੀ ਦੇ ਭੋਗ ਸਮੇਂ ਲੰਗਰ ਵਿਚ ਸਾਦਾ ਭੋਜਨ ਵਰਤਾਇਆ ਜਾਵੇਗਾ, ਮਿੱਠੇ ਵਿਚ ਖੀਰ, ਪ੍ਰਸ਼ਾਦ ਜਾਂ ਜਲੇਬੀ ਤੋਂ ਇਲਾਵਾ ਹੋਰ ਕੁਝ ਨਹੀਂ ਹੋਵੇਗਾ ਅਤੇ ਸੰਗਤ ਪਰਸ਼ਾਦਾ ਪੰਗਤ ਵਿਚ ਛਕੇਗੀ। ਪਿੰਡ ਵਿਚ ਖੁਸ਼ੀ ਸਮੇਂ ਡੀਜੇ ਵਜਾਉਣ ਦਾ ਸਮਾਂ ਰਾਤ 11:00 ਵਜੇ ਤੱਕ ਹੋਵੇਗਾ। ਪਿੰਡ ਵਿੱਚ ਕੋਈ ਮੰਗਤਾ ਜਾਂ ਪ੍ਰਾਈਵੇਟ ਮੁਲਾਜ਼ਮ ਪੰਚਾਇਤ ਦੀ ਆਗਿਆ ਤੋਂ ਬਿਨਾਂ ਨਹੀਂ ਆਵੇਗਾ ਅਤੇ ਉਸਦੀ ਪਹਿਚਾਣ ਕੋਈ ਵੀ ਦੇਖ ਸਕਦਾ ਹੈ। ਕੋਈ ਵੀ ਸਮਾਨ ਵੇਚਣ ਵਾਲਾ ਖਾਸ ਕਰਕੇ ਸਿਰ ਦੇ ਵਾਲ ਵੇਚਣ 'ਤੇ ਖਰੀਦਣ ਦੇ ਸਖਤ ਮਨਾਹੀ ਹੋਵੇਗੀ। ਪਿੰਡ ਦੀ ਕੋਈ ਵੀ ਸਰਕਾਰੀ ਜਾਂ ਪੰਚਾਇਤੀ ਜ਼ਮੀਨ ਜਾਇਦਾਦ ਨੂੰ ਨੁਕਸਾਨ ਪਹੁੰਚਾਉਦਾ ਹੈ ਤਾਂ ਉਸ ਖਿਲਾਫ ਕਾਨੂੰਨੀ ਤੌਰ ਤੇ ਕਾਰਵਾਈ ਹੋਵੇਗੀ।

ਉਕਤ ਮਤੇ ਪਿੰਡ ਦੀ ਪੰਚਾਇਤ ਅਤੇ ਪਤਵੰਤੇ ਸੱਜਣਾਂ ਦੀ ਸਹਿਮਤੀ ਨਾਲ ਪਾਏ ਗਏ ਹਨ, ਇਹਨਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ 31000 ਰੁਪਏ ਜੁਰਮਾਨਾ ਭੁਗਤਣਾ ਪਵੇਗਾ। ਇਸ ਮੌਕੇ ਹਰਵਿੰਦਰ ਸਿੰਘ ਕਾਕੜਾ, ਪ੍ਰਿਤਪਾਲ ਸਿੰਘ ਗਿੱਲ, ਭਗਵੰਤ ਸਿੰਘ ਸਾਬਕਾ ਸਰਪੰਚ, ਮੇਜਰ ਸਿੰਘ ਸਰਪੰਚ, ਮਨਜਿੰਦਰ ਕੌਰ ਸਾਬਕਾ ਸਰਪੰਚ, ਸੁਖਦੇਵ ਸਿੰਘ ਜੱਸੜ ਆਦਿ ਹਾਜ਼ਰ ਸਨ।

# ਵਿਆਹੁਤਾ ਨੂੰ ਬਲੈਕਮੇਲ ਕਰ ਕੇ ਕਈ ਵਾਰ ਕੀਤਾ ਜਿਨਸੀ ਸ਼ੋਸ਼ਣ !

**✪ ਨਾਮੀ ਜੋਤਿਸ਼ੀ ਖਿਲਾਫ ਮਾਮਲਾ ਦਰਜ**

ਫਗਵਾੜਾ-ਫਗਵਾੜਾ 'ਚ ਵਾਪਰੇ ਇਕ ਸਨਸਨੀਖੇਜ਼ ਸ਼ਰਮਨਾਕ ਮਾਮਲੇ 'ਚ ਇਕ ਨਾਮੀ ਜੋਤਿਸ਼ੀ ਨੇ 3 ਬੱਚਿਆਂ ਦੀ ਮਾਂ ਦੱਸੀ ਜਾ ਰਹੀ ਇਕ ਵਿਆਹੁਤਾ ਔਰਤ ਨੂੰ ਬਲੈਕਮੇਲ ਕਰ ਕੇ ਉਸ ਨਾਲ ਕਈ ਵਾਰ ਜਬਰ ਜਨਾਹ ਕਰਨ ਦੀ ਸਨਸਨੀਖੇਜ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਥਾਣਾ ਸਿਟੀ ਪੁਲਸ ਨੇ ਦੋਸ਼ੀ ਜੋਤਸ਼ੀ ਅਭਿਸ਼ੇਕ ਰਾਵਲ ਫਰੈਂਡਜ਼ ਕਲੋਨੀ, ਫਗਵਾੜਾ ਖਿਲਾਫ ਥਾਣਾ ਸਿਟੀ ਵਿਚ ਪੀੜਤਾ ਨਾਲ ਜਬਰ ਜਨਾਹ ਅਤੇ ਬਲੈਕਮੇਲ ਕਰਨ ਦੇ ਗੰਭੀਰ ਦੋਸ਼ ਵਿਚ ਮਾਮਲਾ ਦਰਜ ਕੀਤਾ ਹੈ।

ਪੀੜਤ ਰਜਨੀ (ਕਾਲਪਨਿਕ ਨਾਮ) ਵਾਸੀ ਫਗਵਾੜਾ ਨੇ ਥਾਣਾ ਸਿਟੀ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਖੁਲਾਸਾ ਕੀਤਾ ਹੈ ਕਿ ਉਹ ਉਕਤ ਜੋਤਸ਼ੀ ਦੀ ਪਤਨੀ ਦੀ ਸਹੇਲੀ ਹੈ ਅਤੇ ਮੁਲਜ਼ਮ ਉਸ ਨੂੰ ਅਕਸਰ ਪਰਿਵਾਰਕ ਸਮਾਗਮਾਂ ਆਦਿ 'ਚ ਉਸਦੀ ਸਹੇਲੀ ਨਾਲ ਮਿਲਦਾ ਰਹਿੰਦਾ ਸੀ। ਉਹ ਉਸ ਨੂੰ ਉਸਦੀ ਸਹੇਲੀ ਦੇ ਮੋਬਾਈਲ ਫੋਨ ਤੋਂ ਗੱਲਾ ਕਰਦਾ ਸੀ ਅਤੇ ਇਸੇ ਦੌਰਾਨ ਕਈ ਵਾਰ ਚੈਟਿੰਗ ਆਦਿ ਵੀ ਹੁੰਦੀ ਰਹਿੰਦੀ ਸੀ। ਉਸ ਨੇ ਸਾਫਟਵੇਅਰ (ਵੌਇਸ ਚੇਂਜਰ) ਰਾਹੀਂ ਉਸਦੀ ਸਹੇਲੀ (ਦੋਸ਼ੀ ਦੀ ਪਤਨੀ) ਦੇ ਮੋਬਾਈਲ ਫੋਨ ਤੋਂ ਆਵਾਜ਼ ਬਦਲੀ ਹੋਈ ਸੀ ਅਤੇ ਔਰਤ ਦੀ ਆਵਾਜ਼ ਵਿੱਚ ਗੱਲਾਂ ਕਰ ਉਸ ਨਾਲ ਖੁੱਲ ਕੇ ਚੈਟਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਜੋਤਿਸ਼ੀ ਨੇ ਉਸ ਨੂੰ ਆਪਣੀ ਸਹੇਲੀ ਦੀ ਆਵਾਜ਼ 'ਚ ਆਪਣੀ ਜੋਤਿਸ਼ ਦੀ ਦੁਕਾਨ 'ਤੇ ਬਾਜ਼ਾਰ ਚ ਸ਼ਾਪਿੰਗ ਕਰਨ ਲਈ ਬੁਲਾਇਆ ਅਤੇ ਇਸੇ ਦੌਰਾਨ ਉਸ ਨੂੰ ਸਾਫਟ ਡਰਿੰਕ ਪਿਲਾ ਕੇ ਬੇਹੋਸ਼ੀ ਦੀ ਹਾਲਤ 'ਚ ਉਸ ਨਾਲ ਜਬਰ ਜਨਾਹ ਕੀਤਾ ਅਤੇ ਇਸ ਦੀ ਅਸ਼ਲੀਲ ਵੀਡੀਓ ਵੀ ਬਣਾਈ। ਜਦੋਂ ਉਸ ਨੂੰ ਹੋਸ਼ ਆਇਆ ਤਾਂ ਦੋਸ਼ੀ ਅਭਿਸ਼ੇਕ ਰਾਵਲ ਨੇ ਉਸ ਨੂੰ ਦੱਸਿਆ ਕਿ ਉਸ ਕੋਲ ਉਸ ਦੀ ਅਸ਼ਲੀਲ ਵੀਡੀਓ ਹੈ।

ਇਸ ਤੋਂ ਬਾਅਦ ਦੋਸ਼ੀ ਅਭਿਸ਼ੇਕ ਰਾਵਲ ਨੇ ਉਕਤ ਅਸ਼ਲੀਲ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਅਤੇ ਉਸ ਦੇ ਬੱਚਿਆਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਅਤੇ ਫਿਰ ਉਹ ਉਸ ਨੂੰ ਕਈ ਥਾਵਾਂ 'ਤੇ ਲੈ ਗਿਆ ਜਿਥੇ ਉਸ ਨਾਲ ਲਗਾਤਾਰ ਜਬਰ ਜਨਾਹ ਕੀਤਾ ਜਾਂਦਾ ਰਿਹਾ। ਹੋਲੀ ਵਾਲੇ ਦਿਨ ਵੀ ਦੋਸ਼ੀ ਅਭਿਸ਼ੇਕ ਰਾਵਲ ਨੇ ਉਸ ਦੇ ਸਪੱਸ਼ਟ ਇਨਕਾਰ ਕਰਨ ਦੇ ਬਾਵਜੂਦ ਉਸ ਨਾਲ ਜ਼ਬਰਦਸਤੀ ਜਬਰ ਜਨਾਹ ਕੀਤਾ, ਜਿਸ ਤੋਂ ਬਾਅਦ ਉਸ ਨੇ ਉਸ ਦੀ ਬਲੈਕਮੇਲਿੰਗ ਨੂੰ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਭਵਿੱਖ ਵਿਚ ਇਹ ਸਭ ਨਹੀਂ ਕਰਨ ਲਈ ਕਹਿ ਦਿੱਤਾ।

ਇਸ ਤੋਂ ਅਗਲੇ ਹੀ ਦਿਨ ਦੋਸ਼ੀ ਅਭਿਸ਼ੇਕ ਰਾਵਲ ਨੇ ਉਸ ਦੀ ਅਸ਼ਲੀਲ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ



ਦਿੱਤੀ ਹੈ। ਪੀੜਤ ਰਜਨੀ ਨੇ ਦਰਜ ਪੁਲਸ ਕੇਸ 'ਚ ਵੱਡਾ ਖੁਲਾਸਾ ਕਰਦੇ ਹੋਏ ਦੋਸ਼ੀ ਅਭਿਸ਼ੇਕ ਰਾਵਲ 'ਤੇ ਗੰਭੀਰ ਦੋਸ਼ ਲਾਏ ਹਨ ਕਿ ਜੋਤਿਸ਼ ਦੀ ਆੜ 'ਚ ਆਰੋਪੀ ਲੋਕਾਂ ਤੋਂ ਮਾਸੂਮ ਔਰਤਾਂ ਦੀਆਂ ਅਸ਼ਲੀਲ ਫੋਟੋਆਂ ਮੰਗਦਾ ਹੈ ਅਤੇ ਉਸ ਕੋਲ ਕਈ ਮੋਬਾਈਲ ਫੋਨ ਵੀ ਹਨ, ਜਿਨ੍ਹਾਂ 'ਚ ਕਈ ਇਤਰਾਜ਼ਯੋਗ ਅਤੇ ਸਨਸਨੀਖੇਜ਼ ਦਸਤਾਵੇਜ,ਫੋਟੋਆਂ ਆਦਿ ਮੌਜੂਦ ਹਨ, ਜਿਨ੍ਹਾਂ ਦੀ ਪੁਲਸ ਨੂੰ ਉੱਚ ਪੱਧਰ 'ਤੇ ਜਾਂਚ ਕਰਨੀ ਚਾਹੀਦੀ ਹੈ। ਪੀੜਤਾ ਅਤੇ ਉਸ ਦੇ ਨਜ਼ਦੀਕੀ ਪਰਿਵਾਰ ਨੇ ਐੱਸਐੱਸਪੀ ਕਪੂਰਥਲਾ, ਐੱਸਪੀ ਫਗਵਾੜਾ ਤੋਂ ਇਨਸਾਫ ਕਰਦੇ ਹੋਏ ਦੋਸ਼ੀ ਅਭਿਸ਼ੇਕ ਰਾਵਲ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

### ਜੋਤਿਸ਼ੀ ਦੇ ਗ੍ਰਿਫਤਾਰ ਹੋਣ ਦਾ ਦਾਅਵਾ

ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਸਿਟੀ ਥਾਣਾ ਫਗਵਾੜਾ ਦੀ ਪੁਲਸ ਨੇ ਦੋਸ਼ੀ ਜੋਤਿਸ਼ੀ ਅਭਿਸ਼ੇਕ ਰਾਵਲ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਸਿਟੀ ਪੁਲਸ ਉਸ ਤੋਂ ਸਖਤੀ ਨਾਲ ਪੁੱਛਗਿੱਛ ਕਰ ਰਹੀ ਹੈ। ਹਾਲਾਂਕਿ, ਫਗਵਾੜਾ ਪੁਲਸ ਨੇ ਕਿਸੇ ਵੀ ਪੱਧਰ 'ਤੇ ਮੁਲਜ਼ਮ ਦੀ ਗ੍ਰਿਫਤਾਰੀ ਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਦੌਰਾਨ ਦੋਸ਼ੀ ਜੋਤਸ਼ੀ ਅਭਿਸ਼ੇਕ ਰਾਵਲ ਦਾ ਪੱਖ ਜਾਨਣ ਦੀ ਪੂਰੀ ਕੋਸ਼ਿਸ਼ ਦੇ ਬਾਅਦ ਵੀ ਉਸ ਨਾਲ ਸੰਪਰਕ ਨਹੀਂ ਹੋ ਸਕਿਆ ਹੈ। ਪਰ ਉਸ ਦੇ ਨਜ਼ਦੀਕੀ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਪੀੜਤਾ ਵਲੋਂ ਦਰਜ ਕਰਵਾਈ ਗਈ ਪੁਲਸ ਐੱਫ ਆਈ ਆਰ 'ਚ ਉਸ ਵਲੋਂ ਲਗਾਏ ਗਏ ਸਾਰੇ ਦੋਸ਼ ਝੂਠੇ ਅਤੇ ਬੇਬੁਨਿਆਦ ਹਨ। ਸੂਤਰਾਂ ਨੇ ਉਲਟਾ ਪੀੜਤਾ ਦੇ ਖਿਲਾਫ ਕਈ ਦੋਸ਼ ਲਗਾਏ ਹਨ। ਇਹ ਮਾਮਲਾ ਫਗਵਾੜਾ 'ਚ ਭਾਰੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਵਿਦੇਸ਼ੀ ਜੇਲ੍ਹਾਂ ਵਿਚ 10 ਹਜ਼ਾਰ ਤੋਂ ਵੱਧ ਭਾਰਤੀ ਬੰਦ

## ✪ ਭਾਰਤ ਸਰਕਾਰ ਨੇ ਕੀਤਾ ਖੁਲਾਸਾ ✪ ਕੈਨੇਡਾ ਵਿਖੇ ਕੌਮਾਂਤਰੀ ਵਿਦਿਆਰਥੀਆਂ ਤੋਂ 20 ਫ਼ੀਸਦੀ ਘੱਟ ਤਨਖਾਹ 'ਤੇ ਕੰਮ ਕਰਵਾਇਆ ਜਾ ਰਿਹਾ ਕੰਮ ✪ ਕੁੜੀਆਂ ਨੂੰ ਤਾਂ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਹੋਣਾ ਪੈ ਰਿਹਾ ਸ਼ਿਕਾਰ



ਅਮਰੀਕਾ ਸਰਕਾਰ ਵਲੋਂ ਉੱਥੇ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਬਾਅਦ ਪ੍ਰਵਾਸ ਨਾਲ ਸੰਬੰਧਿਤ ਕਈ ਸਾਰੀਆਂ ਰਿਪੋਰਟਾਂ ਸਾਹਮਣੇ ਆਉਣ ਲੱਗੀਆਂ ਹਨ। ਕੈਨੇਡਾ ਦੀ ਡਾਟਾ ਏਜੰਸੀ ਦੀ ਤਾਜ਼ਾ ਰਿਪੋਰਟ ਅਨੁਸਾਰ ਉੱਥੇ ਗਿਆ ਹਰ 5ਵਾਂ ਨਵਾਂ ਪ੍ਰਵਾਸੀ ਗ਼ਰੀਬੀ ਨਾਲ ਜੂਝ ਰਿਹਾ ਹੈ। ਇਕ ਹੋਰ ਰਿਪੋਰਟ ਅਨੁਸਾਰ ਸੰਸਾਰ ਦੇ 86 ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ ਵਿਚ 10 ਹਜ਼ਾਰ ਤੋਂ ਵੱਧ ਭਾਰਤੀ ਬੰਦ ਹਨ। ਕੈਨੇਡਾ ਦੀ ਡਾਟਾ ਏਜੰਸੀ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਉੱਥੇ ਪੜ੍ਹਨ ਗਏ ਕੌਮਾਂਤਰੀ ਵਿਦਿਆਰਥੀਆਂ ਨੂੰ ਉਥੋਂ ਦੇ ਵਸਨੀਕਾਂ ਨਾਲੋਂ 20 ਫ਼ੀਸਦੀ ਘੱਟ ਤਨਖਾਹ 'ਤੇ ਕੰਮ ਕਰਵਾਇਆ ਜਾ ਰਿਹਾ ਹੈ।

ਰਿਪੋਰਟ ਵਿਚ ਜਿਨ੍ਹਾਂ ਗ਼ਰੀਬ ਪ੍ਰਵਾਸੀਆਂ ਦੀ ਗੱਲ ਕੀਤੀ ਗਈ ਹੈ, ਉਨ੍ਹਾਂ ਕੋਲ ਖਾਣ ਤੇ ਪਹਿਨਣ ਲਈ ਨਾਕਾਫ਼ੀ ਸਾਧਨ ਹਨ। ਉਨ੍ਹਾਂ ਨੂੰ ਆਪਣੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਸਮਝੌਤਾ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਨੂੰ ਹੇਠਲੇ ਮੱਧ ਵਰਗ ਤੋਂ ਵੀ ਹੇਠਾਂ ਰੱਖਿਆ ਗਿਆ ਹੈ। ਕਿਹਾ ਗਿਆ ਹੈ ਕਿ ਇਹ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੀ ਰਕਮ ਦੇ ਮੁਕਾਬਲੇ 40 ਫ਼ੀਸਦੀ ਘੱਟ ਨਾਲ ਗੁਜ਼ਾਰਾ ਕਰ ਰਹੇ ਹਨ। ਜੇ ਇਕ ਪਰਿਵਾਰ ਨੂੰ ਹਰ ਮਹੀਨੇ ਗੁਜ਼ਾਰਾ ਕਰਨ ਲਈ 2000 ਡਾਲਰ ਚਾਹੀਦੇ ਹਨ ਤਾਂ ਉਨ੍ਹਾਂ ਨੂੰ 1200 ਡਾਲਰ ਨਾਲ ਹੀ ਘਰ ਚਲਾਉਣਾ ਪੈ ਰਿਹਾ ਹੈ। ਉੱਥੇ ਰਹਿੰਦੇ ਗਰੈਜੂਏਟ ਕੌਮਾਂਤਰੀ ਵਿਦਿਆਰਥੀਆਂ ਨੂੰ 2020 ਨਾਲੋਂ ਵੀ ਘੱਟ ਤਨਖ਼ਾਹ ਦਿੱਤੀ ਜਾਣ ਲੱਗੀ ਹੈ। ਇਸ ਦੀ ਮਾਰ ਹੇਠ ਸਭ ਤੋਂ ਵੱਧ 2023 ਦੇ ਗ੍ਰੈਜੂਏਟ ਆਏ ਹਨ। ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਵਿਦਿਆਰਥੀਆਂ ਨਾਲੋਂ 20 ਫ਼ੀਸਦੀ ਘੱਟ ਤਨਖ਼ਾਹ ਮਿਲ ਰਹੀ ਹੈ। ਉਂਜ ਤਾਂ ਗੋਰੇ ਹੀ ਨਹੀਂ ਸਾਡੇ ਭਾਰਤੀ ਰੁਜ਼ਗਾਰਦਾਤਾ ਵੀ ਉੱਥੇ ਨਵੇਂ ਗਏ ਨੌਜਵਾਨਾਂ ਦਾ ਸ਼ੋਸ਼ਣ ਕਰਨ 'ਚ ਬਰਾਬਰ ਦੇ ਭਾਈਵਾਲ ਹਨ। ਰਿਪੋਰਟਾਂ ਤਾਂ ਇਹ ਵੀ ਹਨ ਕਿ ਕਈਆਂ ਵਲੋਂ ਮਹੀਨਾ ਦੋ ਮਹੀਨੇ ਕੰਮ ਕਰਵਾ ਕੇ ਤਨਖ਼ਾਹ ਦੇਣ ਵੇਲੇ ਹੱਥ ਖੜ੍ਹੇ ਕਰ ਦਿੱਤੇ ਜਾਂਦੇ ਹਨ। ਕੁੜੀਆਂ ਨੂੰ ਤਾਂ ਖ਼ਾਸ ਕਰਕੇ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਦੇ ਬਾਵਜੂਦ ਵੀ ਵਿਦੇਸ਼ਾਂ ਲਈ ਦੌੜ ਜਾਰੀ ਹੈ। ਇਥੇ ਜ਼ਿਕਰਯੋਗ ਹੈ ਕਿ ਅਮੀਰ ਹੋਣ ਦੀ ਲਾਲਸਾ ਅਧੀਨ ਹੀ ਨੌਜਵਾਨ ਧੜਾਧੜ ਸਟੱਡੀ ਦੇ ਆਧਾਰ ਤੇ ਲੱਖਾਂ ਦੀ ਗਿਣਤੀ ਵਿਚ ਵਿਦੇਸ਼ ਨਿੱਕਲ ਗਏ ਹਨ। ਜਿਹਨਾਂ ਦਾ ਭਵਿੱਖ ਉੱਥੇ ਵੀ ਧੁੰਦਲਾ ਨਜ਼ਰ ਆ ਰਿਹਾ ਹੈ।

ਅਜਿਹੀ ਮਾਨਸਿਕਤਾ ਕਾਰਨ ਆਮ ਲੋਕ ਟਰੈਵਲ ਏਜੰਟਾਂ ਵੱਲੋਂ ਵਿਖਾਏ ਸਬਜ਼ਬਾਗਾਂ ਕਾਰਨ ਉਨ੍ਹਾਂ ਦੇ ਚੁੰਗਲ ਵਿਚ ਆਸਾਨੀ ਨਾਲ ਫਸ ਜਾਂਦੇ ਹਨ। ਭਾਵੇਂ ਉਨ੍ਹਾਂ ਨੂੰ ਇਹ ਪੈਸਾ ਜ਼ਮੀਨ ਵੇਚਕੇ,ਉਧਾਰ ਜਾਂ ਵਿਆਜ ਤੇ ਫੜ੍ਹਕੇ, ਘਰਬਾਰ, ਗਹਿਣਾ ਗੱਟਾ, ਮਸ਼ੀਨਰੀ ਤੱਕ ਵੇਚਕੇ ਵੀ ਕਿਉਂ ਨਾ ਦੇਣਾ ਪਵੇ। ਇਨ੍ਹਾ ਵਿਚੋਂ ਬਹੁਤਿਆਂ ਨਾਲ ਤਾਂ ਠੱਗੀ ਹੀ ਵੱਜਦੀ ਹੈ ਅਤੇ ਉਹ ਨਾ ਐਥੋਂ ਜੋਗੇ ਅਤੇ ਨਾ ਅਗਾਂਹ ਜੋਗੇ ਰਹਿੰਦੇ ਹਨ, ਜਿਹੜੇ ਘਰੋਂ ਤੁਰ ਪੈਂਦੇ ਹਨ ਉਹ ਰਸਤੇ ਵਿਚ ਚੋਰ ਮੋਰੀਆਂ ਲੰਘਦੇ ਠੰਢ ਨਾਲ, ਭੁੱਖੇ ਤਿਰਹਾਏ ਜਾਂ ਬਿਮਾਰ ਹੋ ਕੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ ਜਾਂ ਫਿਰ ਸਮੁੰਦਰਾਂ ਚ ਡੋਬਕੇ ਮਾਰ ਦਿੱਤੇ ਜਾਂਦੇ ਹਨ। ਜਿਹੜੇ ਕਿਸੇ ਮੁਲਕ ਵਿਚ ਚੋਰੀ ਛਿਪੇ ਪਹੁੰਚ ਵੀ ਜਾਂਦੇ ਹਨ, ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਬੰਧੂਆ ਮਜ਼ਦੂਰ ਬਣਾ ਲਿਆ ਜਾਂਦਾ ਹੈ ਜਾਂ ਫਿਰ ਫੜ੍ਹੇ ਜਾਣ ਤੇ ਜੇਲ੍ਹਾਂ ਵਿਚ ਰੁਲਣਾ ਪੈਂਦਾ ਹੈ। ਇਸ ਰੁਝਾਨ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਮੁਹੱਈਆ ਕਰਵਾਉਣ ਬਾਰੇ ਸੰਜੀਦਗੀ ਨਾਲ ਸੋਚਿਆ ਹੀ ਨਹੀਂ। ਜਿਸ ਕਰਕੇ ਅੱਜ ਗੈਰ ਸਰਕਾਰੀ ਅੰਕੜਿਆਂ ਅਨੁਸਾਰ 45 ਲੱਖ ਨੌਜਵਾਨ ਵਿਹਲੇ ਹੱਥ ਫਿਰ ਰਹੇ ਹਨ, ਜੋ ਕੰਮ ਚਾਹੁੰਦੇ ਹਨ ਪਰ ਕੰਮ ਮਿਲ ਨਹੀਂ ਰਿਹਾ ਜਿਸ ਕਰਕੇ ਉਹ ਕਈ ਤਰ੍ਹਾ ਦੀਆਂ ਭੈੜੀਆਂ ਆਦਤਾਂ ਅਪਣਾ ਰਹੇ ਹਨ ਤੇ ਇਸ ਗੱਲੋਂ ਹੀ ਮਾਪੇ ਜ਼ਮੀਨਾਂ ਤੱਕ ਵੇਚਕੇ ਉਨ੍ਹਾਂ ਨੂੰ ਇਸ ਜਿੱਲਤ ਵਿਚੋਂ ਕੱਢਣ ਲਈ ਵਿਦੇਸ਼ਾਂ ਨੂੰ ਤੋਰ ਦਿੰਦੇ ਹਨ ਕਿ ਸ਼ਾਇਦ ਉਨ੍ਹਾਂ ਦੀ ਜੂਨ ਸੁਧਰ ਜਾਵੇ। ਜੇਕਰ ਸਰਕਾਰਾਂ ਨੇ ਅਜੇ ਵੀ ਮੌਕਾ ਨਾ ਸੰਭਾਲਿਆ ਤਾਂ ਆਉਣ ਵਾਲੇ ਸਮੇਂ ਵਿਚ ਹਾਲਾਤ ਬਦ ਤੋਂ ਬਦਤਰ ਹੋ ਜਾਣਗੇ, ਜਿਨ੍ਹਾਂ ਨੂੰ ਸੰਭਾਲਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੋਵੇਗੀ।

ਅਮਰੀਕਾ ਤੋਂ ਫ਼ੌਜੀ ਜਹਾਜ਼ ਭਰ ਕੇ ਆਉਣ ਤੋਂ ਬਾਅਦ ਗ਼ੈਰ-ਕਾਨੂੰਨੀ ਤੌਰ 'ਤੇ ਵਿਦੇਸ਼ਾਂ ਨੂੰ ਜਾਣ ਦੇ ਰੁਝਾਨ ਨੂੰ ਠੱਲ੍ਹ ਜ਼ਰੂਰ ਪਈ ਹੈ, ਪਰ ਹਾਲੇ ਇਹ ਰੁਝਾਨ ਰੁਕਿਆ ਨਹੀਂ ਹੈ। ਪਿਛਲੇ ਸਮੇਂ ਵਿਚ ਲੋਕ ਸਭਾ ਵਿਚ ਵਿਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ ਭਾਰਤੀਆਂ ਨੂੰ ਲੈ ਕੇ ਇਕ ਵੱਡਾ ਖ਼ੁਲਾਸਾ ਸਾਹਮਣੇ ਆਇਆ ਹੈ। ਵਿਦੇਸ਼ ਰਾਜ ਮੰਤਰੀ ਕੀਰਤ ਵਰਧਨ ਸਿੰਘ ਨੇ ਦੱਸਿਆ ਕਿ 86 ਦੇਸ਼ਾਂ ਦੀਆਂ ਜੇਲ੍ਹਾਂ ਵਿਚ 10,152 ਭਾਰਤੀ ਬੰਦ ਹਨ। ਉਹ ਇਕ ਲਿਖ਼ਤੀ ਸਵਾਲ ਦਾ ਜਵਾਬ ਦੇ ਰਹੇ ਸਨ। ਭਾਰਤ ਸਰਕਾਰ ਵਲੋਂ ਇਸ ਸੰਬੰਧੀ ਇਕ ਡਾਟਾ ਤਿਆਰ ਕੀਤਾ ਗਿਆ ਹੈ। ਜਿਸ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ।

ਵਿਦੇਸ਼ ਰਾਜ ਮੰਤਰੀ ਵਲੋਂ ਸਾਂਝੇ ਕੀਤੇ ਅੰਕੜਿਆਂ ਮੁਤਾਬਿਕ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕਤਰ, ਨਿਪਾਲ, ਪਾਕਿਸਤਾਨ, ਅਮਰੀਕਾ, ਸ੍ਰੀਲੰਕਾ, ਸਪੇਨ, ਰੂਸ, ਇਜ਼ਰਾਈਲ, ਚੀਨ, ਬੰਗਲਾਦੇਸ਼ ਸਮੇਤ 86 ਦੇਸ਼ਾਂ ਦੀਆਂ ਜੇਲ੍ਹਾਂ 'ਚ ਭਾਰਤੀ ਕੈਦੀ ਨਜ਼ਰਬੰਦ ਹਨ। ਵਿਦੇਸ਼ ਰਾਜ ਮੰਤਰੀ ਨੇ ਇਹ ਵੀ ਦੱਸਿਆ ਕਿ 2633 ਭਾਰਤੀ ਕੈਦੀ ਸਾਊਦੀ ਅਰਬ ਦੀਆਂ ਜੇਲ੍ਹਾਂ 'ਚ ਬੰਦ ਹਨ ਅਤੇ 2518 ਅਜਿਹੇ ਕੈਦੀ ਸੰਯੁਕਤ ਅਮੀਰਾਤ ਦੀਆਂ ਜੇਲ੍ਹਾਂ ਵਿਚ ਵੀ ਡੱਕੇ ਹੋਏ ਹਨ। ਲੋਕ ਸਭਾ 'ਚ ਪੇਸ਼ ਕੀਤੇ ਅੰਕੜਿਆਂ ਮੁਤਾਬਿਕ ਨਿਪਾਲ ਦੀਆਂ ਜੇਲ੍ਹਾਂ ਵਿਚ 1317 ਭਾਰਤੀ ਕੈਦੀ ਹਨ, ਜਦੋਂ ਕਿ ਪਾਕਿਸਤਾਨ ਤੇ ਸ੍ਰੀਲੰਕਾ ਦੀਆਂ ਜੇਲ੍ਹਾਂ 'ਚ ਕ੍ਰਮਵਾਰ 286 ਅਤੇ 98 ਕੈਦੀ ਦੱਸੇ ਜਾਂਦੇ ਹਨ। ਵਿਦੇਸ਼ ਮੰਤਰਾਲੇ ਵਿਚ ਉਪਲੱਬਧ ਜਾਣਕਾਰੀ ਅਨੁਸਾਰ ਇਸ ਵੇਲੇ ਵਿਦੇਸ਼ ਦੀਆਂ ਜੇਲ੍ਹਾਂ ਵਿਚ ਵਿਚਾਰ ਅਧੀਨ ਕੈਦੀਆਂ ਸਣੇ ਭਾਰਤੀ ਕੈਦੀਆਂ ਦੀ ਗਿਣਤੀ 10,152 ਹੈ।

ਅਮਰੀਕਾ ਸਰਕਾਰ ਵਲੋਂ ਹਿਰਾਸਤ ਵਿਚ ਲਏ ਭਾਰਤੀਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ 388 ਭਾਰਤੀਆਂ ਨੂੰ ਅਮਰੀਕਾ ਦੇ ਫ਼ੌਜੀ ਜਹਾਜ਼ ਰਾਹੀਂ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਭਾਰਤ ਭੇਜਿਆ ਗਿਆ ਹੈ, ਜਿਸ ਨੂੰ ਲੈ ਕੇ ਮੁਲਕ ਦੀ ਸੰਸਦ 'ਚ ਭਾਰੀ ਹੰਗਾਮਾ ਹੋਇਆ ਸੀ। ਅਮਰੀਕਾ ਸਰਕਾਰ ਵਲੋਂ ਹੋਰ ਭਾਰਤੀਆਂ ਨੂੰ ਵੀ ਜਲਦ ਵਾਪਸ ਭੇਜਿਆ ਜਾ ਸਕਦਾ ਹੈ।

# ਭਾਜਪਾ ਨਵੇਂ ਬਣ ਰਹੇ ਅਕਾਲੀ ਦਲ ਨਾਲ ਕਰ ਸਕਦੀ ਹੈ ਸਮਝੌਤਾ

## ✪ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2025 ਦੇ ਵਿਚ-ਵਿਚ ਹੀ ਕਰਵਾ ਸਕਦੀ ਹੈ ਭਾਜਪਾ ✪ ਕੀ ਭਾਜਪਾ ਬੰਦੀ ਸਿੱਖ ਛਡੇਗੀ ਤੇ ਕਿਸਾਨੀ ਮੰਗਾਂ ਮੰਨੇਗੀ ?

ਬੀਜੇ.ਪੀ. ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਪੰਜਾਬ ਜਿੱਤਣ' ਵੱਲ ਪੂਰਾ ਧਿਆਨ ਦੇ ਰਹੀ ਹੈ। ਇਸ ਲਈ ਉਹ ਅਕਾਲੀ ਦਲ ਦੇ ਇਕ ਧੜੇ ਨਾਲ ਸਮਝੌਤਾ ਜ਼ਰੂਰ ਕਰੇਗੀ। ਜਿਸ ਤਰ੍ਹਾਂ ਦੀ ਸਥਿਤੀ ਹੈ ਉ.ਸ ਤੋਂ ਜਾਪਦਾ ਹੈ ਕਿ ਭਾਜਪਾ ਵਲੋਂ ਇਹ ਸਮਝੌਤਾ 5 ਮੈਂਬਰੀ ਕਮੇਟੀ ਵਲੋਂ ਕੀਤੀ ਭਰਤੀ ਉਪਰੰਤ ਬਣਨ ਵਾਲੇ ਸੰਭਾਵਿਤ ਅਕਾਲੀ ਦਲ ਨਾਲ ਹੀ ਕੀਤਾ ਜਾਵੇਗਾ। ਭਰਤੀ ਕਮੇਟੀ ਦੇ ਬਹੁਗਿਣਤੀ ਮੈਂਬਰ ਇਹੀ ਚਾਹੁੰਦੇ ਹਨ ਕਿ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਹੋਵੇ ਤਾਂ ਜੋ ਸੱਤਾ ਹਾਸਲ ਕੀਤੀ ਜਾ ਸਕੇ। ਸਚਾਈ ਇਹ ਵੀ ਹੈ ਕਿ ਭਰਤੀ ਕਮੇਟੀ ਨੂੰ ਲੋਕਾਂ ਵਲੋਂ ਚੰਗਾ ਸਹਿਯੋਗ ਮਿਲ ਰਿਹਾ ਹੈ। ਪਰ ਭਾਜਪਾ ਨਾਲ ਸਮਝੋਤਾ ਕਰਨਾ ਨਵੇਂ ਅਕਾਲੀ ਦਲ ਲਈ ਸੌਖਾ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੂੰ ਬੰਦੀ ਸਿੱਖ ਛਡਣੇ ਪੈਣਗੇ, ਕਿਸਾਨੀ ਤੇ ਪੰਜਾਬ ਦੀਆਂ ਮੰਗਾਂ ਮੰਨਣੀਆਂ ਪੈਣਗੀਆਂ। ਹਾਲੇ ਤਕ ਭਾਜਪਾ ਜਨਤਕ ਤੌਰ ਉਪਰ ਇਹੀ ਬਿਆਨ ਦੇ ਰਹੀ ਹੈ ਕਿ ਭਾਜਪਾ ਪੰਜਾਬ ਵਿਚ ਕਿਸੇ ਨਾਲ ਸਮਝੌਤਾ ਨਹੀਂ ਕਰੇਗੀ। ਪਰ ਅੰਦਰੂਨੀ ਜਾਣਕਾਰੀ ਅਨੁਸਾਰ ਭਾਜਪਾ ਚਾਹੁੰਦੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2025 ਦੇ ਵਿਚ-ਵਿਚ ਹੀ ਕਰਵਾ ਲਈਆਂ ਜਾਣ, ਕਿਉਂਕਿ ਇਹ ਸਭ ਨੂੰ ਪਤਾ ਹੈ ਕਿ ਸਿੱਖਾਂ ਵਿਚ ਮੁੱਖ ਤੌਰ 'ਤੇ ਉਹ ਅਕਾਲੀ ਦਲ ਹੀ ਪ੍ਰਭਾਵਿਤ ਹੁੰਦਾ ਹੈ ਜਿਹੜਾ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿੱਤ ਹਾਸਲ ਕਰ ਲਵੇ। ਅਜਿਹਾ ਪਹਿਲਾਂ ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਸੁਰਜੀਤ ਸਿੰਘ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਤੇ ਜਥੇ. ਗੁਰਚਰਨ ਸਿੰਘ ਟੌਹੜਾ ਧੜਿਆਂ ਦੀ ਲੜਾਈ ਵੇਲੇ ਵੀ ਹੋਇਆ ਹੈ। ਸੋ, ਭਾਜਪਾ ਚਾਹੇਗੀ ਕਿ ਉਸ ਧਿਰ ਨਾਲ ਹੀ ਸਮਝੌਤਾ ਕਰੇ ਜਿਹੜੀ ਧਿਰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਿੱਖ ਵਿਸ਼ਵਾਸ ਜਿੱਤ ਸਕੇ।

> ਪੰਜਾਬ ਟਾਈਮਜ਼ ਅਨੁਸਾਰ ਭਾਵੇਂ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਤਿਆਰੀ ਕਰ ਰਹੀ ਜਾਪਦੀ ਹੈ ਪਰ ਇਹ ਦੇਸ਼ ਦੇ ਹਾਲਾਤ 'ਤੇ ਵੀ ਨਿਰਭਰ ਕਰੇਗਾ ਅਤੇ ਇਸ ਬਾਰੇ ਪੰਜਾਬ ਦੀ 'ਆਪ' ਸਰਕਾਰ ਕੀ ਰਵੱਈਆ ਅਪਣਾਉਂਦੀ ਹੈ ਇਹ ਵੀ ਦੇਖਣਯੋਗ ਹੋਵੇਗਾ।

ਸਾਡੀ ਜਾਣਕਾਰੀ ਅਨੁਸਾਰ 5 ਮੈਂਬਰੀ ਕਮੇਟੀ ਇਸ ਵੇਲੇ ਸਾਰੀਆਂ ਬਾਦਲ ਵਿਰੋਧੀ ਧਿਰਾਂ ਨੂੰ ਇੱਕਠਾ ਕਰਕੇ ਬਾਦਲ ਦਲ ਦੇ ਇਕ ਉਮੀਦਵਾਰ ਦੇ ਮੁਕਾਬਲੇ ਇਕ ਉਮੀਦਵਾਰ ਉਤਾਰਨ ਅਤੇ ਲੜਾਈ ਨੂੰ 'ਬਾਦਲ ਪਰਿਵਾਰ ਬਨਾਮ ਸਮੁੱਚਾ ਪੰਥ' ਬਣਾਉਣ ਦੀ ਕੋਸ਼ਿਸ਼ ਵਿਚ ਹੈ। ਪਰ ਇਸ ਮਾਮਲੇ ਵਿਚ ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਅੰਮ੍ਰਿਤਸਰ ਦੀ ਹਮਾਇਤ ਮਿਲਣੀ ਕਾਫ਼ੀ ਔਖੀ ਜਾਪਦੀ ਹੈ। ਜਦੋਂ ਕਿ ਅਕਾਲੀ ਦਲ ਬਾਦਲ ਵੀ ਸੁਚੇਤ ਹੈ ਤੇ ਇਸ ਵਾਰ ਉਹ ਵੀ ਇਕੱਲਾ ਚੋਣ ਮੈਦਾਨ ਵਿਚ ਉਤਰਨ ਦੀ ਬਜਾਏ 2 ਜਾਂ 3 ਪੰਥਕ ਕਹੇ ਜਾਂਦੇ ਧੜਿਆਂ ਨਾਲ ਮਿਲ ਕੇ ਚੋਣ ਮੈਦਾਨ ਵਿਚ ਉਤਰਨ ਬਾਰੇ ਸੋਚ ਰਿਹਾ ਹੈ ਤਾਂ ਕਿ ਬਾਦਲ ਪਰਿਵਾਰ ਬਨਾਮ ਪੰਥ ਨਹੀਂ ਸਗੋਂ 'ਪੰਥ ਬਨਾਮ ਬਾਗ਼ੀ' ਦਾ ਬਿਰਤਾਂਤ ਸਿਰਜਿਆ ਜਾ ਸਕੇ।

# ਜਲੰਧਰ ਵਿਚ 5 ਸਾਲਾ ਬੱਚੀ ਨਾਲ ਰੇਪ ਕਰਨ ਵਾਲਾ ਦੋਸ਼ੀ ਛਡਿਆ

**✪ ਬਾਅਦ ਵਿਚ ਲੋਕਾਂ ਨੇ ਖੰਭੇ ਨਾਲ ਬੰਨ੍ਹ ਕੇ ਕੁੱਟਿਆ ਦੋਸ਼ੀ, ਫਿਰ ਪੁਲਿਸ ਹਵਾਲੇ ਕੀਤਾ**



ਜਲੰਧਰ-ਜਲੰਧਰ ਵਿੱਚ 5 ਸਾਲ ਦੀ ਬੱਚੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਲਾਕੇ ਦੇ ਲੋਕਾਂ ਅਨੁਸਾਰ ਦੋਸ਼ੀ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਸੀ, ਪਰ ਜਦੋਂ ਦੋਸ਼ੀ ਨੂੰ ਇਲਾਕੇ ਵਿੱਚ ਘੁੰਮਦੇ ਦੇਖਿਆ ਗਿਆ ਜਿਸ ਤੋਂ ਬਾਅਦ ਲੋਕਾਂ ਨੇ ਉਸਨੂੰ ਫੜ ਲਿਆ। ਲੋਕਾਂ ਨੇ ਮੁਲਜ਼ਮਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਦੋਸ਼ੀ ਨੂੰ ਇੱਕ ਖੰਭੇ ਨਾਲ ਬੰਨ੍ਹਿਆ ਗਿਆ ਅਤੇ ਪੁਲਿਸ ਨੂੰ ਸੂਚਿਤ ਕੀਤਾ ਗਿਆ।

ਜਾਣਕਾਰੀ ਅਨੁਸਾਰ ਦੋਸ਼ੀ ਨੇ ਸੋਢਲ ਸ਼ਿਵ ਨਗਰ ਵਿੱਚ ਲੜਕੀ ਨਾਲ ਬਲਾਤਕਾਰ ਕੀਤਾ ਹੈ। ਰਾਤ ਨੂੰ ਹੀ ਇਲਾਕੇ ਵਿੱਚ ਹਫੜਾ-ਦਫੜੀ ਮਚ ਗਈ। ਲੋਕਾਂ ਅਨੁਸਾਰ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਇੱਕ ਫੈਕਟਰੀ ਵਿੱਚ ਕੰਮ ਕਰਦਾ ਹੈ।

ਇਸ ਮਾਮਲੇ ਨੂੰ ਲੈ ਕੇ ਲੋਕਾਂ ਦਾ ਦੋਸ਼ੀ ਵਿਅਕਤੀ ਦੇ ਫੈਕਟਰੀ ਮਾਲਕ ਨਾਲ ਝਗੜਾ ਵੀ ਹੋਇਆ। ਲੋਕਾਂ ਨੇ ਕਿਹਾ ਕਿ ਇਲਾਕੇ ਦੇ ਹਾਲਾਤ ਅਜਿਹੇ ਬਣ ਗਏ ਹਨ ਕਿ ਬੱਚੇ ਇਲਾਕੇ ਵਿੱਚ ਸੁਰੱਖਿਅਤ ਨਹੀਂ ਹਨ।

ਲੋਕਾਂ ਨੇ ਦੱਸਿਆ ਕਿ ਦੇਰ ਰਾਤ ਪੁਲਿਸ ਨੂੰ ਸ਼ਿਕਾਇਤ ਦੇਣ ਤੋਂ ਬਾਅਦ ਵਿਅਕਤੀ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ ਸੀ, ਪਰ ਅੱਜ ਪੁਲਿਸ ਨੇ ਵਿਅਕਤੀ ਨੂੰ ਛੱਡ ਦਿੱਤਾ। ਜਿਸ ਤੋਂ ਬਾਅਦ ਹੁਣ ਇਲਾਕਾ ਵਾਸੀਆਂ ਵਿੱਚ ਪੁਲਿਸ ਵਿਰੁੱਧ ਗੁੱਸਾ ਹੈ।

ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀ ਨੇ ਕਿਹਾ ਕਿ ਕਿਸੇ ਨੂੰ ਨਹੀਂ ਫੜਿਆ ਗਿਆ। ਲੋਕਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ, ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕਿਰਾਏ ਦੇ ਵਿਵਾਦ ਕਾਰਣ ਪ੍ਰਵਾਸੀ ਪੰਜਾਬਣ ਦਾ ਹੋਇਆ ਕਤਲ

## ✪ ਨਾਬਾਲਗ ਕਿਰਾਏਦਾਰ ਨੇ ਅੱਗ ਦੇ ਚੁੱਲ੍ਹੇ 'ਤੇ ਸੁੱਟ ਕੇ ਕੀਤਾ ਕਤਲ

ਲੁਧਿਆਣਾ-ਮਹਾਨਗਰ ਦੇ ਥਾਣਾ ਹੈਬੋਵਾਲ ਅਧੀਨ ਰਘਵੀਰ ਪਾਰਕ ਇਲਾਕੇ 'ਚ ਐੱਨਆਰਆਈ ਔਰਤ ਦੇ ਕਤਲ ਮਾਮਲੇ 'ਚ ਮੁਲਜਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਸੂਤਰਾਂ ਮੁਤਾਬਕ ਕੁਝ ਮਹੀਨਿਆਂ ਦੇ ਕਿਰਾਏ ਨੂੰ ਲੈ ਕੇ ਹੋਏ ਝਗੜੇ ਮਗਰੋਂ ਨਾਬਾਲਗ ਕਿਰਾਏਦਾਰ ਨੇ ਇਹ ਐੱਨਆਰਆਈ ਔਰਤ ਨੂੰ ਐੱਲਪੀਜੀ ਚੁੱਲ੍ਹੇ 'ਤੇ ਧੱਕਾ ਲਾ ਕੇ ਸੁੱਟਿਆ ਤੇ ਅੱਗ ਜਲਾ ਦਿੱਤੀ। ਥਾਣਾ ਹੈਬੋਵਾਲ ਮੁੱਖ ਅਫ਼ਸਰ ਇੰਸ. ਮਧੂ ਬਾਲਾ ਮੁਤਾਬਕ ਕਤਲ ਕੀਤੀ ਗਈ ਐੱਨਆਰਆਈ ਔਰਤ ਦੇ ਕਿਰਾਏਦਾਰ 17 ਸਾਲਾ ਨੌਜਵਾਨ ਨੇ ਇਹ ਵਾਰਦਾਤ ਅੰਜਾਮ ਦਿੱਤੀ, ਜੋ ਕਿ 12ਵੀਂ ਜਮਾਤ ਵਿਚ ਪੜ੍ਹਦਾ ਹੈ। ਜ਼ਿਕਰਯੋਗ ਹੈ ਕਿ ਮੂਲ ਰੂਪ 'ਚ ਅਮਰੀਕਾ ਦੀ ਰਹਿਣ ਵਾਲੀ ਕਰੀਬ 80 ਸਾਲ ਦੀ ਨਰਿੰਦਰ ਕੌਰ ਦਿਓਲ ਦਾ ਬੀਤੇ ਦਿਨ ਕਤਲ ਕਰ ਦਿੱਤਾ ਗਿਆ ਸੀ। ਨਰਿੰਦਰ ਕੌਰ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਤੋਂ ਵਾਪਸ ਭਾਰਤ ਆਈ ਸੀ ਤੇ ਜੱਸੀਆਂ ਰੋਡ ਦੇ ਰਘਬੀਰ ਪਾਰਕ ਇਲਾਕੇ 'ਚ ਆਪਣੇ ਘਰ ਰਹਿ ਰਹੀ ਸੀ ਤੇ ਘਰ ਦਾ ਕੁਝ ਹਿੱਸਾ ਕਿਰਾਏ 'ਤੇ ਦਿੱਤਾ ਹੋਇਆ ਸੀ। ਇੰਸ. ਮਧੂ ਬਾਲਾ ਮੁਤਾਬਕ ਕਤਲ 23 ਮਾਰਚ ਦੇ ਦਿਨ ਕੀਤਾ ਗਿਆ ਸੀ, ਜਦੋਂ ਆਂਢ-ਗੁਆਂਢ ਨੂੰ ਪਤਾ ਲੱਗਾ ਤਾਂ ਉਨ੍ਹਾਂ ਬੇਹੱਦ ਝੁਲਸੀ ਹਾਲਤ 'ਚ



ਨਰਿੰਦਰ ਕੌਰ ਨੂੰ ਦਿਆਨੰਦ ਹਸਪਤਾਲ ਭਰਤੀ ਕਰਵਾਇਆ ਤੇ ਅਮਰੀਕਾ 'ਚ ਰਹਿਣ ਵਾਲੀ ਨਰਿੰਦਰ ਕੌਰ ਦੀ ਧੀ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ। 3 ਦਿਨ ਤੱਕ ਦਿਆਨੰਦ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਵਿਚਕਾਰ ਲੜਾਈ ਲੜਦੀ ਜ਼ੇਰੇ ਇਲਾਜ ਨਰਿੰਦਰ ਕੌਰ 26 ਮਾਰਚ ਨੂੰ ਦਮ ਤੋੜ ਗਈ ਸੀ। ਉਕਤ ਮਾਮਲੇ 'ਚ ਮ੍ਰਿਤਕਾ ਦੀ ਧੀ ਨੇ ਆਪਣੀ ਮਾਂ ਦੇ ਕਤਲ ਕੀਤੇ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਤੇ ਪੁਲਿਸ ਨੇ ਕਈ ਕੋਣਾਂ ਤੋਂ ਜਾਂਚ ਸ਼ੁਰੂ ਕਰ ਦਿੱਤੀ ਸੀ। ਇੰਸਪੈਕਟਰ ਮਧੂ ਬਾਲਾ ਮੁਤਾਬਕ ਉਕਤ ਸ਼ੱਕੀ ਮਾਮਲੇ 'ਚ ਪੁਲਿਸ ਪੜਤਾਲ ਦੌਰਾਨ ਸ਼ੱਕ ਦੀ ਸੂਈ ਕਿਰਾਏਦਾਰਾਂ 'ਤੇ ਵੀ ਸੀ, ਜਦੋਂ ਪੁਲਿਸ ਨੇ ਪੜਤਾਲ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਕਿਰਾਏਦਾਰ ਦਾ ਕਰੀਬ 17 ਸਾਲ ਦਾ ਨਾਬਾਲਗ ਲੜਕਾ ਘਟਨਾ ਵਾਲੇ ਦਿਨ ਤੋਂ ਹੀ ਫਰਾਰ ਹੈ। ਪੁਲਿਸ ਦਾ ਸ਼ੱਕ ਗਹਿਰਾ ਹੋਇਆ ਤੇ ਛਾਪੇਮਾਰੀਆਂ ਦੌਰਾਨ ਮੁਲਜ਼ਮ ਨੂੰ ਚੂਹੜਪੁਰ ਰੋਡ ਸੰਗਮ ਚੌਕ ਕੋਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਅਧਿਕਾਰੀਆਂ ਮੁਤਾਬਕ ਮੁਲਜ਼ਮ ਨੇ ਸ਼ੁਰੂਆਤੀ ਪੜਤਾਲ 'ਚ ਹੀ ਆਪਣਾ ਜੁਰਮ ਕਬੂਲ ਵੀ ਕਰ ਲਿਆ ਹੈ।

ਪੁਲਿਸ ਅਧਿਕਾਰੀਆਂ ਮੁਤਾਬਕ ਮੁਲਜ਼ਮ ਦੀ ਗ੍ਰਿਫਤਾਰੀ ਮਗਰੋਂ ਖੁਲਾਸਾ ਹੋਇਆ ਕਿ ਕਿਰਾਏਦਾਰ ਪਰਿਵਾਰ ਨੇ ਨਰਿੰਦਰ ਕੌਰ ਨੂੰ ਪਿਛਲੇ ਕਰੀਬ 6 ਮਹੀਨਿਆਂ ਤੋਂ ਘਰ ਦਾ ਕਰਾਇਆ ਨਹੀਂ ਦਿੱਤਾ ਸੀ। 6 ਮਹੀਨੇ ਦੇ ਬਣੇ ਕਿਰਾਏ 'ਚੋਂ ਉਹ ਕੁਝ ਪੈਸਾ ਦੇਣ ਲਈ ਪਹਿਲੀ ਮੰਜ਼ਿਲ 'ਤੇ ਰਹਿ ਰਹੇ ਨਰਿੰਦਰ ਕੌਰ ਕੋਲ ਗਿਆ ਪਰ ਉਸ ਨੇ ਪੂਰਾ ਕਰਾਇਆ ਦੇਣ ਲਈ ਕਿਹਾ ਤੇ ਬਿਨਾਂ ਪੈਸੇ ਲਏ ਕਿਰਾਏਦਾਰ ਨੂੰ ਵਾਪਸ ਭੇਜ ਦਿੱਤਾ। ਮਕਾਨ ਮਾਲਕ ਵੱਲੋਂ ਕੀਤੇ ਇਸ ਵਿਵਹਾਰ ਤੋਂ ਕਿਰਾਏਦਾਰ ਦੇ ਲੜਕੇ ਨੇ ਗੁੱਸੇ 'ਚ ਹੇਠਾਂ ਆ ਕੇ ਉਸ ਨੂੰ ਖਿੱਚ ਕੇ ਚੁੱਲ੍ਹੇ ਕੋਲ ਲਿਆਂਦਾ ਤੇ ਨਰਿੰਦਰ ਕੌਰ ਨੂੰ ਅੱਗ ਹਵਾਲੇ ਕਰ ਦਿੱਤਾ। ਇਸ ਦੌਰਾਨ ਅੱਗ ਦੀ ਲਪੇਟ 'ਚ ਆਈ ਨਰਿੰਦਰ ਕੌਰ ਨੇ ਚੀਕਾਂ ਮਾਰੀਆਂ ਤਾਂ ਮਹੱਲਾ ਵਾਸੀਆਂ ਨੇ ਆ ਕੇ ਉਸ ਨੂੰ ਬਚਾਇਆ ਤੇ ਦਿਆਨੰਦ ਹਸਪਤਾਲ ਲੈ ਗਏ।

# ਵਿਆਹ ਸਮਾਗਮ ਵਿਚ ਸਰਪੰਚ ਦੀ ਫੁਕਰੇਬਾਜ਼ੀ, ਚਲਾਈਆਂ ਗੋਲੀਆਂ, ਕੇਸ ਦਰਜ਼



ਬਟਾਲਾ-ਬਟਾਲਾ ਦੇ ਇਕ ਪੈਲੇਸ 'ਚ ਵਿਆਹ ਸਮਾਗਮ 'ਚ ਸਰਪੰਚ ਨੂੰ ਭੰਗੜਾ ਪਾਉਂਦਿਆਂ ਹਵਾਈ ਫਾਇਰ ਕਰਨਾ ਅਤੇ ਹਥਿਆਰ ਲਹਿਰਾਉਣਾ ਮਹਿੰਗਾ ਪੈ ਗਿਆ ਹੈ। ਥਾਣਾ ਸਿਵਲ ਲਾਈਨ ਦੀ ਪੁਲਸ ਨੇ ਵਿਆਹ ਸਮਾਗਮ ਵਿਚ ਹਵਾਈ ਫਾਇਰ ਕਰਨ ਵਾਲੇ ਸਰਪੰਚ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਵਲ ਲਾਈਨ ਦੇ ਐੱਸ.ਆਈ. ਗੁਰਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸਥਾਨਕ ਪੁਰਾਣਾ ਬਾਈਪਾਸ ਸਥਿਤ ਇਕ ਪੈਲੇਸ ਵਿਚ ਬਰਾਤ ਆਈ ਹੈ ਅਤੇ ਮੁੰਡੇ ਪਰਿਵਾਰ ਵਲੋਂ ਉਮ ਪ੍ਰਕਾਸ਼ ਸਰਪੰਚ ਵਾਸੀ ਕਿਲਾ ਲਾਲ ਸਿੰਘ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਸ਼ਾਮਿਲ ਹੋਇਆ ਹੈ ਅਤੇ ਸਰਪੰਚ ਨੇ ਬਰਾਤ 'ਚ ਸਾਕ ਸਬੰਧੀਆਂ ਦੇ ਨਾਲ ਭੰਗੜਾ ਪਾਉਂਦੇ ਸਮੇਂ ਆਪਣੇ ਪਿਸਤੌਲ ਨਾਲ ਹਵਾਈ ਫਾਇਰ ਕੀਤਾ, ਜਿਸ ਨਾਲ ਕਿਸੇ ਦਾ ਵੀ ਜਾਨੀ ਨੁਕਸਾਨ ਹੋ ਸਕਦਾ ਸੀ ਐੱਸ.ਆਈ. ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਸਿਵਲ ਲਾਈਨ ਵਿਖੇ ਉਕਤ ਸਰਪੰਚ ਵਿਰੁੱਧ ਮਾਮਲਾ ਦਰਜ ਕਰ ਦਿੱਤਾ ਗਿਆ ਹੈ ਦੱਸਣ ਯੋਗ ਹੈ ਕਿ ਪਿਛਲੇ ਸਮੇਂ 'ਚ ਮੈਰਿਜ ਪੈਲੇਸਾਂ 'ਚ ਖੁਸ਼ੀ ਮਨਾਉਂਦੇ ਗੋਲੀ ਲੱਗਣ ਨਾਲ ਕਈ ਘਟਨਾਵਾਂ ਵਾਪਰੀਆਂ ਹਨ, ਜਿਸ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਮੈਰਿਜ ਪੈਲੇਸਾਂ 'ਚ ਗੋਲੀਆਂ ਚਲਾਉਣੀਆਂ ਅਤੇ ਹਥਿਆਰਾਂ ਦੀ ਨੁਮਾਇਸ ਕਰਨ ਦੀ ਸਖ਼ਤ ਮਨਾਹੀ ਕੀਤੀ ਹੋਈ ਹੈ।

### -ਪਟਿਆਲਾ ਪੁਲਿਸ ਮੁੜ ਵਿਵਾਦਾਂ ਵਿਚ-

# ਗੈਂਗਸਟਰ ਤੇਜੀ ਦੇ ਪਰਿਵਾਰ ਨੇ ਲਾਇਆ ਝੂਠੇ ਪੁਲਿਸ ਮੁਕਾਬਲੇ ਦਾ ਦੋਸ਼

ਪਟਿਆਲਾ-ਸਪੈਸ਼ਲ ਸੈੱਲ ਰਾਜਪੁਰਾ ਟੀਮ ਵੱਲੋਂ ਲਗਭਗ ਤਿੰਨ ਹਫ਼ਤੇ ਪਹਿਲਾਂ ਰਾਜਪੁਰਾ ਵਿਚ ਕੀਤੇ ਗਏ ਮੁਕਾਬਲੇ ਦੇ ਫਰਜ਼ੀ ਹੋਣ ਦੇ ਦੋਸ਼ ਲੱਗੇ ਹਨ। ਇਹ ਦੋਸ਼ ਗੈਂਗਸਟਰ ਬੰਬੀਹਾ ਗਰੁੱਪ ਦੇ ਗ੍ਰਿਫ਼ਤਾਰ ਗੈਂਗਸਟਰ ਤੇਜਿੰਦਰ ਸਿੰਘ ਤੇਜੀ ਦੇ ਪਰਿਵਾਰ ਨੇ ਲਾਏ ਹਨ, ਜਿਨ੍ਹਾਂ ਨੇ ਭਾਜਪਾ ਆਗੂ ਗੁਰਤੇਜ ਸਿੰਘ ਢਿੱਲੋਂ ਦੇ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲ ਕੀਤੀ। ਗੁਰਤੇਜ ਸਿੰਘ ਢਿੱਲੋਂ ਨੇ ਪਟਿਆਲਾ ਪੁਲਿਸ ਤੇ ਫਰਜ਼ੀ ਮੁਕਾਬਲੇ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਪਟਿਆਲਾ ਪੁਲਿਸ ਤਰੱਕੀਆਂ ਲਈ ਲਗਾਤਾਰ ਝੂਠੇ ਮੁਕਾਬਲੇ ਕਰਵਾ ਰਹੀ ਹੈ ਅਤੇ ਵਰਦੀ ਦੇ ਪ੍ਰਭਾਵ ਹੇਠ ਉਨ੍ਹਾਂ ਦੇ ਰਿਸ਼ਤੇਦਾਰ ਕਰਨਲ ਬਾਠ ਅਤੇ ਉਨ੍ਹਾਂ ਦੇ ਪੁੱਤਰ ਅੰਗਦ ਸਿੰਘ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਇਸ ਮੌਕੇ ਗੈਂਗਸਟਰ ਤੇਜਿੰਦਰ ਸਿੰਘ ਤੇਜੀ ਦੇ ਪਿਤਾ ਭਜਨ ਸਿੰਘ ਵਾਸੀ ਉੱਪਲਹੇੜੀ ਨੇ ਕਿਹਾ ਕਿ ਘਟਨਾ ਵਾਲੇ ਦਿਨ ਉਨ੍ਹਾਂ ਦਾ ਪੁੱਤਰ ਦਵਾਈ ਲੈਣ ਲਈ ਘਰੋਂ ਨਿਕਲਿਆ ਸੀ। ਜਿਸ ਤੋਂ ਬਾਅਦ ਜਦੋਂ ਉਨ੍ਹਾਂ ਰਾਤ ਨੂੰ ਟੀਵੀ ਦੇਖਿਆ ਤਾਂ ਪਤਾ ਲੱਗਾ ਕਿ ਉਸ ਦੇ ਪੁੱਤਰ ਨੂੰ ਪਟਿਆਲਾ ਪੁਲਿਸ ਨੇ ਇੱਕ ਮੁਕਾਬਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਉਹ ਘਟਨਾ ਵਾਲੀ ਥਾਂ ਤੋਂ ਪੁਲ ਤੇ ਗਿਆ ਅਤੇ ਲੋਕਾਂ ਨਾਲ ਗੱਲ ਕੀਤੀ। ਉਸ ਨੂੰ ਪਤਾ ਲੱਗਾ ਕਿ ਪੁਲਿਸ ਨੇ ਉਸ ਦੇ ਪੁੱਤਰ ਨੂੰ ਪਿੱਠ ਮੋੜਨ ਲਈ ਕਿਹਾ ਸੀ ਅਤੇ ਬਾਅਦ ਵਿੱਚ ਗੋਲੀ ਚਲਾ ਦਿੱਤੀ। ਗੈਂਗਸਟਰ ਤੇਜਿੰਦਰ ਸਿੰਘ ਤੇਜੀ ਦੀ ਮਾਂ ਕਮਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਪੁੱਤਰ ਦੇ ਫਰਜ਼ੀ ਮੁਕਾਬਲੇ ਸਬੰਧੀ ਕੇਂਦਰੀ ਗ੍ਰਹਿ ਮੰਤਰੀ, ਮੁੱਖ ਮੰਤਰੀ ਤੇ ਰਾਜਪਾਲ ਨੂੰ ਭੇਜੀ ਹੈ।



# ਬ੍ਰਿਟੇਨ ਦੀ ਯਾਤਰਾ ਕਰਨਾ ਅਤੇ ਉੱਥੇ ਰਹਿਣਾ ਮਹਿੰਗਾ ਹੋਇਆ

## ✪ 9 ਅਪ੍ਰੈਲ ਤੋਂ ਲਾਗੂ ਹੋਵੇਗਾ ਵਾਧਾ



ਲੰਡਨ-ਯੂਕੇ ਦੇ ਗ੍ਰਹਿ ਮੰਤਰਾਲੇ ਨੇ ਵਿਦਿਆਰਥੀ, ਵਿਜ਼ਟਰ ਅਤੇ ਇਲੈਕਟ੍ਰਾਨਿਕ ਟਰੈਵਲ ਆਥੋਰਾਈਜੇਸ਼ਨ ਅਰਜ਼ੀਆਂ ਸਮੇਤ ਕਈ ਸ਼੍ਰੇਣੀਆਂ ਵਿੱਚ ਵੀਜ਼ਾ ਫੀਸਾਂ ਵਿੱਚ ਵਾਧੇ ਦਾ ਐਲਾਨ ਕੀਤਾ ਹੈ, ਜੋ ਕਿ 9 ਅਪ੍ਰੈਲ, 2025 ਤੋਂ ਲਾਗੂ ਹੋਵੇਗਾ। ਇਹ ਵਾਧਾ ਵੀਜ਼ਾ ਦੀ ਕਿਸਮ 'ਤੇ ਨਿਰਭਰ ਕਰਦਾ ਹੈ। ਵਿਦਿਆਰਥੀ ਅਤੇ ਵਿਜ਼ਟਰ ਵੀਜ਼ਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਈਟੀ ਦੀ ਰਿਪੋਰਟ ਦੇ ਅਨੁਸਾਰ, ਮੁੱਖ ਬਿਨੈਕਾਰਾਂ ਅਤੇ ਨਿਰਭਰ ਦੋਵਾਂ ਲਈ ਲਾਗੂ ਵਿਦਿਆਰਥੀ ਵੀਜ਼ਾ ਫੀਸ ਮੌਜੂਦਾ 490 ਪੌਂਡ ਤੋਂ 524 ਪੌਂਡ (ਅੱਜ ਭਾਰਤੀ ਮੁਦਰਾ ਵਿੱਚ 58059.57 ਰੁਪਏ) ਤੱਕ 7 ਪ੍ਰਤੀਸ਼ਤ ਵਧੇਗੀ।

ਇਸੇ ਤਰ੍ਹਾਂ, ਬਾਲ ਵਿਦਿਆਰਥੀ ਵੀਜ਼ਾ ਦੀ ਕੀਮਤ ਵੀ 524 ਪੌਂਡ ਹੋਵੇਗੀ। ਇਸ ਤੋਂ ਪਹਿਲਾਂ ਅਕਤੂਬਰ 2023 ਵਿੱਚ, ਵਿਦਿਆਰਥੀ ਵੀਜ਼ਾ ਫੀਸਾਂ ਵਿੱਚ ਇੱਕ ਤਿਹਾਈ ਤੋਂ ਵੱਧ ਦਾ ਵਾਧਾ ਹੋਇਆ ਸੀ। ਛੇ ਤੋਂ 11 ਮਹੀਨਿਆਂ ਦੇ ਅੰਗਰੇਜ਼ੀ ਭਾਸ਼ਾ ਦੇ ਕੋਰਸਾਂ ਲਈ ਥੋੜ੍ਹੇ ਸਮੇਂ ਦੇ ਅਧਿਐਨ ਵੀਜ਼ਿਆਂ ਦੀ ਲਾਗਤ 7 ਪ੍ਰਤੀਸ਼ਤ ਵਧੇਗੀ, 200 ਤੋਂ 214 ਪੌਂਡ ਹੋ ਜਾਵੇਗੀ।

### ਯੂਕੇ ਵਿਜ਼ਟਰ ਵੀਜ਼ਾ ਫੀਸ ਵਿੱਚ ਕਿੰਨਾ ਵਾਧਾ ਹੋਇਆ ਹੈ ?

ਯੂਕੇ ਵਿਜ਼ਟਰ ਵੀਜ਼ਾ ਫੀਸਾਂ ਵਿੱਚ 10 ਪ੍ਰਤੀਸ਼ਤ ਦਾ ਵਾਧਾ ਹੋਵੇਗਾ, ਜਿਸ ਨਾਲ ਛੇ ਮਹੀਨਿਆਂ ਦੇ ਵੀਜ਼ੇ ਦੀ ਕੀਮਤ 115 ਤੋਂ ਵਧ ਕੇ 127 ਪੌਂਡ ਹੋ ਜਾਵੇਗੀ। ਦੋ, ਪੰਜ ਅਤੇ ਦਸ ਸਾਲਾਂ ਦੇ ਲੰਬੇ ਸਮੇਂ ਦੇ ਵਿਜ਼ਿਟ ਵੀਜ਼ੇ ਵੀ ਮਹਿੰਗੇ ਹੋ ਜਾਣਗੇ, ਜਿਨ੍ਹਾਂ ਦੀ ਫੀਸ ਕ੍ਰਮਵਾਰ 475 ਪੌਂਡ, 848 ਪੌਂਡ ਅਤੇ 1,059 ਪੌਂਡ ਤੱਕ ਪਹੁੰਚ ਜਾਵੇਗੀ।

ਡਾਇਰੈਕਟ ਏਅਰਸਾਈਡ ਟ੍ਰਾਂਜ਼ਿਟ ਵੀਜ਼ਾ ਫੀਸ 39 ਪੌਂਡ ਤੱਕ ਹੋਵੇਗੀ, ਜਦੋਂ ਕਿ ਲੈਂਡਸਾਈਡ ਟ੍ਰਾਂਜ਼ਿਟ ਵੀਜ਼ਾ ਫੀਸ 70 ਪੌਂਡ ਹੋਵੇਗੀ। ਜਿਨ੍ਹਾਂ ਨਾਗਰਿਕਾਂ ਨੂੰ ਯੂਕੇ ਦੀ ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਹੈ, ਉਨ੍ਹਾਂ ਲਈ ਲੋੜੀਂਦੀ ਇਲੈਕਟ੍ਰਾਨਿਕ ਟਰੈਵਲ ਆਥੋਰਾਈਜੇਸ਼ਨ ਫੀਸ 60 ਪ੍ਰਤੀਸ਼ਤ ਵਧ ਕੇ 16 ਪੌਂਡ ਹੋ ਜਾਵੇਗੀ।

### ਵੀਜ਼ਾ ਫੀਸਾਂ ਵਿੱਚ ਵਾਧੇ ਬਾਰੇ ਚਿੰਤਾ

ਯੂਕੇ ਸਰਕਾਰ ਨੇ 2 ਅਪ੍ਰੈਲ, 2025 ਤੋਂ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਲਈ ਇਸ ਦੇ ਵਿਸਥਾਰ ਤੋਂ ਪਹਿਲਾਂ, ਜਨਵਰੀ ਵਿੱਚ ਹੀ ਇਸ ਬਦਲਾਅ ਦਾ ਸੰਕੇਤ ਦਿੱਤਾ ਸੀ। ਬ੍ਰਿਟਿਸ਼ ਐਜੂਕੇਸ਼ਨਲ ਟ੍ਰੈਵਲ ਐਸੋਸੀਏਸ਼ਨ (ਬੀਟਾ) ਦੀ ਕਾਰਜਕਾਰੀ ਨਿਰਦੇਸ਼ਕ ਐਮਾ ਇੰਗਲਿਸ਼ ਨੇ ਇਨ੍ਹਾਂ ਬਦਲਾਵਾਂ ਦੇ ਪ੍ਰਭਾਵ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ। ਐਮਾ ਇੰਗਲਿਸ਼ ਨੇ ਕਿਹਾ: "ਬ੍ਰੈਕਸਿਟ ਤੋਂ ਬਾਅਦ ਦੀ ਸਰਕਾਰ ਦੀ ਨੀਤੀ ਅਨੁਸਾਰ ਅੰਤਰਰਾਸ਼ਟਰੀ ਸਕੂਲ ਸਮੂਹਾਂ ਨੂੰ ਪਛਾਣ ਪੱਤਰਾਂ ਦੀ ਬਜਾਏ ਪਾਸਪੋਰਟ ਦੀ ਵਰਤੋਂ ਕਰਨ ਦੀ ਲੋੜ ਹੈ, ਜਿਸ ਕਾਰਨ ਪਹਿਲਾਂ ਹੀ ਸਮੂਹ ਯਾਤਰਾਵਾਂ ਵਿੱਚ ਗਿਰਾਵਟ ਆਈ ਹੈ। ਇਲੈਕਟ੍ਰਾਨਿਕ ਟਰੈਵਲ ਆਥੋਰਾਈਜੇਸ਼ਨ ਦੀ ਲਾਗਤ ਵਿੱਚ ਵਾਧਾ ਇੱਕ ਹੋਰ ਰੁਕਾਵਟ ਪੈਦਾ ਕਰਦਾ ਹੈ, ਜੋ ਕਿ ਸੈਕਟਰ ਦੀਆਂ ਚੁਣੌਤੀਆਂ ਨੂੰ ਹੋਰ ਵਧਾਉਂਦਾ ਹੈ। ਨੌਜਵਾਨ ਯਾਤਰੀ ਆਪਣੇ ਆਰਥਿਕ ਯੋਗਦਾਨ ਅਤੇ ਲੰਬੇ ਸਮੇਂ ਦੇ ਅੰਤਰਰਾਸ਼ਟਰੀ ਸਬੰਧਾਂ ਅਤੇ ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਅਹਿਮੀਅਤ ਰਖਦੇ ਹਨ।"

### ਵਰਕ ਵੀਜ਼ਾ ਫੀਸ ਵਿੱਚ ਕਿੰਨਾ ਵਾਧਾ ਹੋਇਆ ?

ਵਰਕ ਵੀਜ਼ਾ ਸ਼੍ਰੇਣੀਆਂ ਵੀ ਪ੍ਰਭਾਵਿਤ ਹੁੰਦੀਆਂ ਹਨ। ਤਿੰਨ ਸਾਲ ਜਾਂ ਇਸ ਤੋਂ ਘੱਟ ਸਮੇਂ ਲਈ ਵੈਧ ਹੁਨਰਮੰਦ ਵਰਕਰ ਵੀਜ਼ਾ ਦੀ ਫੀਸ 719 ਪੌਂਡ ਤੋਂ ਵਧ ਕੇ 769 ਪੌਂਡ ਹੋ ਜਾਵੇਗੀ, ਜਦੋਂ ਕਿ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਅਰਜ਼ੀ 1,420 ਪੌਂਡ ਤੋਂ ਵਧ ਕੇ 1,519 ਪੌਂਡ ਹੋ ਜਾਵੇਗੀ।ਇਨੋਵੇਟਰ ਫਾਊਂਡਰ ਵੀਜ਼ਾ ਦੀ ਕੀਮਤ 1,274 ਪੌਂਡ ਹੋਵੇਗੀ, ਜੋ ਕਿ 83 ਪੌਂਡ ਦਾ ਵਾਧਾ ਹੈ, ਜਦੋਂ ਕਿ ਟੀਅਰ 1 ਇਨਵੈਸਟਰ ਵੀਜ਼ਾ 116 ਪੌਂਡ ਤੋਂ 2,000 ਪੌਂਡ ਤੱਕ ਵਧੇਗਾ।

ਸੈਟਲਮੈਂਟ ਰੂਟ ਅਰਜ਼ੀਆਂ ਵਿੱਚ ਵੀ ਐਡਜੈਸਟਮੈਂਟ ਕੀਤੀ ਜਾਵੇਗੀ, ਜਿਸ ਵਿੱਚ ਨਿਰਭਰ ਰਿਸ਼ਤੇਦਾਰਾਂ ਲਈ ਫੀਸ 3,250 ਪੌਂਡ ਤੋਂ ਵਧਾ ਕੇ 3,413 ਪੌਂਡ ਕੀਤੀ ਜਾਵੇਗੀ। ਐਚਐਮ ਆਰਮਡ ਫੋਰਸਿਜ਼ ਰੂਲਜ਼ ਦੇ ਤਹਿਤ ਅਣਮਿੱਥੇ ਸਮੇਂ ਲਈ ਭਰਤੀ ਛੁੱਟੀ ਦੀ ਕੀਮਤ 3,029 ਪੌਂਡ ਹੋਵੇਗੀ।

### ਪ੍ਰੀਮੀਅਮ ਸੇਵਾਵਾਂ ਲਈ ਵੀਜ਼ਾ ਪ੍ਰੋਸੈਸਿੰਗ ਫੀਸਾਂ ਵਿੱਚ ਕੋਈ ਬਦਲਾਅ ਨਹੀਂ

ਪ੍ਰੀਮੀਅਮ ਸੇਵਾਵਾਂ ਜਿਵੇਂ ਕਿ ਪ੍ਰਾਇਓਰਿਟੀ ਅਤੇ ਹਾਈ ਪ੍ਰਾਇਓਰਿਟੀ ਵੀਜ਼ਾ ਪ੍ਰੋਸੈਸਿੰਗ ਫੀਸਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ, ਪ੍ਰਾਇਓਰਿਟੀ ਸੇਵਾ ਲਈ ਫੀਸ 500 ਪੌਂਡ ਅਤੇ ਹਾਈ ਪ੍ਰਾਇਓਰਿਟੀ ਲਈ 1000 ਪੌਂਡ ਹੋਵੇਗੀ। ਇਹ ਬਦਲਾਅ ਯੂਕੇ ਸਰਕਾਰ ਵੱਲੋਂ ਇਮੀਗ੍ਰੇਸ਼ਨ ਲਾਗਤਾਂ ਨੂੰ ਐਡਜਸਟ ਕਰਨ ਦੇ ਵਿਆਪਕ ਯਤਨਾਂ ਵਿਚਾਲੇ ਕੀਤੇ ਜਾ ਰਹੇ ਹਨ। ਇਸ ਦਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ, ਕਾਮਿਆਂ ਅਤੇ ਸੈਲਾਨੀਆਂ 'ਤੇ ਪਵੇਗਾ ਜੋ ਯੂਕੇ ਦੀ ਯਾਤਰਾ ਕਰਨ ਜਾਂ ਉੱਥੇ ਮੁੜ ਵਸੇਬਾ ਕਰਨ ਦੀ ਯੋਜਨਾ ਬਣਾ ਰਹੇ ਹਨ।

## ਦੋ ਕੁੜੀਆਂ ਨਾਲ ਹੋਇਆ ਪਿਆਰ, ਮੁੰਡੇ ਨੇ ਇੱਕੋ ਮੰਡਪ ਵਿਚ ਦੋਵਾਂ ਨਾਲ ਕੀਤਾ ਵਿਆਹ

ਨਵੀਂ ਦਿੱਲੀ-ਇਕ ਅਨੋਖਾ ਮਾਮਲਾ ਤੇਲੰਗਾਨਾ ਤੋਂ ਸਾਹਮਣੇ ਆਇਆ ਹੈ, ਜਿੱਥੇ ਇਕ ਨੌਜਵਾਨ ਨੇ ਇੱਕੋ ਮੰਡਪ ਵਿਚ ਦੋ ਲੜਕੀਆਂ ਨਾਲ ਵਿਆਹ ਕੀਤਾ। ਇਹ ਮਾਮਲਾ ਕੋਮਾਰਾਮ ਭੀਮ ਆਸਿਫਾਬਾਦ ਜ਼ਿਲ੍ਹੇ ਦਾ ਹੈ। ਸੂਰਜ ਦੇਵ ਨਾਂ ਦੇ ਸ਼ਖ਼ਸ ਨੇ ਇੱਕੋ ਸਮੇਂ ਵਿਚ ਦੋ ਔਰਤਾਂ, ਲਾਲ ਦੇਵੀ ਤੇ ਝਲਕਾਰੀ ਦੇਵੀ ਨਾਲ ਵਿਆਹ ਕੀਤਾ ਹੈ।

ਸੂਰਜ ਦੇਵ ਨੇ ਵਿਆਹ ਦੇ ਨਿਮੰਤ੍ਰਣ ਕਾਰਡ 'ਤੇ ਦੋਹਾਂ ਲਾੜੀਆਂ ਦੇ ਨਾਂ ਛਪਵਾਏ ਤੇ ਇਕ ਸ਼ਾਨਦਾਰ ਸਮਾਗਮ ਦਾ ਪ੍ਰਬੰਧ ਕੀਤਾ। ਇਸ ਵਿਆਹ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ ਦੋਵੇਂ ਔਰਤਾਂ ਉਸ ਵਿਅਕਤੀ ਦਾ ਹੱਥ ਫੜੀ ਦਿਖਾਈ ਦੇ ਰਹੀਆਂ ਹਨ। ਵਿਆਹ ਦੀਆਂ ਸਾਰੀਆਂ ਰਸਮਾਂ ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿਚ ਨਿਭਾਈਆਂ ਗਈਆਂ।

### ਵਿਆਹ ਕਰਵਾਉਣ 'ਚ ਪਿੰਡ ਵਾਲਿਆਂ ਨੇ ਕੀਤੀ ਮਦਦ

ਇਸ ਬਾਰੇ ਜਾਣਕਾਰੀ ਮਿਲੀ ਹੈ ਕਿ ਸੂਰਜ ਦੇਵ ਨੂੰ ਲਾਲ ਦੇਵੀ ਤੇ ਝਲਕਾਰੀ ਦੇਵੀ ਨਾਲ ਪਿਆਰ ਹੋ ਗਿਆ ਸੀ, ਜਿਸ ਤੋਂ ਬਾਅਦ ਤਿੰਨਾਂ ਨੇ ਇਕੱਠੇ ਰਹਿਣ ਦਾ ਫੈਸਲਾ ਕੀਤਾ। ਹਾਲਾਂਕਿ, ਸ਼ੁਰੂਆਤ ਵਿਚ ਪਿੰਡ ਦੇ ਬਜ਼ੁਰਗ ਇਸ ਵਿਆਹ ਲਈ ਰਾਜ਼ੀ ਨਹੀਂ ਸਨ ਪਰ ਬਾਅਦ ਵਿਚ ਉਹ ਮੰਨ ਗਏ ਤੇ ਤਿੰਨਾਂ ਦੀ ਵਿਆਹ ਕਰਵਾਉਣ ਵਿਚ ਮਦਦ ਵੀ ਕੀਤੀ।



### ਪਹਿਲਾਂ ਵੀ ਹੋ ਚੁੱਕੀਆਂ ਹਨ ਅਜਿਹੀਆਂ ਘਟਨਾਵਾਂ

ਹਾਲਾਂਕਿ, ਭਾਰਤ 'ਚ ਹਿੰਦੂਆਂ ਲਈ ਇਕ ਤੋਂ ਜ਼ਿਆਦਾ ਵਿਆਹ ਕਰਨਾ ਗ਼ੈਰ-ਕਾਨੂੰਨੀ ਹੈ। ਇਹ ਪਹਿਲੀ ਵਾਰੀ ਨਹੀਂ ਹੈ ਜਦੋਂ ਅਜਿਹਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ 2021 'ਚ ਤੇਲੰਗਾਨਾ ਦੇ ਆਦਿਲਾਬਾਦ ਜ਼ਿਲ੍ਹੇ 'ਚ ਇਕ ਵਿਅਕਤੀ ਨੇ ਇੱਕੋ ਮੰਡਪ 'ਚ ਦੋ ਔਰਤਾਂ ਨਾਲ ਵਿਆਹ ਕੀਤਾ ਸੀ। ਇਸੇ ਤਰ੍ਹਾਂ 2022 ਵਿਚ ਝਾਰਖੰਡ 'ਚ ਇਕ ਨੌਜਵਾਨ ਨੇ ਆਪਣੀਆਂ ਦੋ ਗਰਲਫ੍ਰੈਂਡ ਨਾਲ ਵਿਆਹ ਕੀਤਾ ਸੀ।

## ਐਲੋਨ ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਐਕਸ ਏ ਆਈ ਨੂੰ ਵੇਚ ਦਿੱਤਾ

**○ ਸੌਦਾ 33 ਬਿਲੀਅਨ ਡਾਲਰ ਵਿੱਚ ਹੋਇਆ**



ਨਿਊਯਾਰਕ-ਐਲੋਨ ਮਸਕ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੀ ਮਲਕੀਅਤ ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀ ਐਕਸ ਏ ਆਈ ਨੂੰ ਤਬਦੀਲ ਕਰ ਦਿੱਤੀ ਹੈ। ਇਹ ਸੌਦਾ ਆਲ-ਸਟਾਕ ਟ੍ਰਾਂਜੈਕਸ਼ਨ ਤਹਿਤ 33 ਬਿਲੀਅਨ ਡਾਲਰ ਵਿਚ ਹੋਇਆ। 29 ਮਾਰਚ ਨੂੰ ਇਸ ਕਦਮ ਦਾ ਐਲਾਨ ਕਰਦੇ ਹੋਏ, ਮਸਕ ਨੇ ਕਿਹਾ ਕਿ ਇਹ ਕਦਮ ਐਕਸ ਏ ਆਈ ਦੀ ਏ ਆਈ ਮੁਹਾਰਤ ਅਤੇ ਐਕਸ ਦੇ ਵੱਡੇ ਯੂਜ਼ਰ ਅਧਾਰ ਨੂੰ ਜੋੜ ਕੇ "ਅਸੀਮਤ ਸੰਭਾਵਨਾਵਾਂ ਦੇ ਦਰਵਾਜ਼ੇ" ਖੋਲ੍ਹੇਗਾ।

# ਫੈਂਟਾਨਿਲ ਤਸਕਰੀ : ਚੀਨ ਤੋਂ ਬਾਅਦ ਅਮਰੀਕਾ ਨੇ ਭਾਰਤ 'ਤੇ ਕਿਉਂ ਲਗਾਇਆ ਵੱਡਾ ਦੋਸ਼ ?

## ✪ ਟਰੰਪ ਵਲੋਂ ਭਾਰਤ ਲਈ ਕੂਟਨੀਤਕ ਅਤੇ ਆਰਥਿਕ ਚੁਣੌਤੀਆਂ ਪੈਦਾ ਕਰਨ ਦੀ ਸੰਭਾਵਨਾ

ਅਮਰੀਕਾ ਨੇ ਭਾਰਤ ਅਤੇ ਚੀਨ ਦੀਆਂ ਸਰਕਾਰਾਂ 'ਤੇ ਫੈਂਟਾਨਿਲ ਦੀ ਗੈਰ-ਕਾਨੂੰਨੀ ਤਸਕਰੀ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਹੈ। ਇਹ ਇੱਕ ਘਾਤਕ ਦਵਾਈ ਹੈ ਜਿਸ ਕਾਰਨ ਨਵੰਬਰ 2023 ਅਤੇ ਅਕਤੂਬਰ 2024 ਦੇ ਵਿਚਕਾਰ 52,000 ਤੋਂ ਵੱਧ ਅਮਰੀਕੀਆਂ ਦੀ ਮੌਤ ਹੋ ਚੁਕੀ ਹੈ।ਅਮਰੀਕਾ ਦਾ ਕਹਿਣਾ ਹੈ ਕਿ ਭਾਰਤ ਇਸ ਪੂਰੇ ਮਾਮਲੇ ਵਿੱਚ ਇੱਕ ਸਟੇਟ ਐਕਟਰ ਵਜੋਂ ਕੰਮ ਕਰ ਰਿਹਾ ਹੈ, ਜਿਸਦਾ ਮਤਲਬ ਹੈ ਕਿ ਭਾਰਤ ਸਰਕਾਰ ਵੀ ਇਸ ਵਿੱਚ ਸ਼ਾਮਲ ਹੈ। ਅਮਰੀਕਾ ਨੇ ਇਸ ਲਈ ਚੀਨ ਅਤੇ ਭਾਰਤ ਦੋਵਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਅਮਰੀਕਾ ਦਾ ਦੋਸ਼ ਹੈ ਕਿ ਭਾਰਤ ਅਤੇ ਚੀਨ ਦੀਆਂ ਸਰਕਾਰਾਂ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਫੈਂਟਾਨਿਲ ਬਣਾਉਣ ਲਈ ਲੋੜੀਂਦੇ ਸਾਰੇ ਰਸਾਇਣਾਂ ਦੀ ਤਸਕਰੀ ਵਿੱਚ ਸ਼ਾਮਲ ਹਨ। ਇਹ ਧਿਆਨ ਦੇਣ ਯੋਗ ਹੈ ਕਿ ਫੈਂਟਾਨਿਲ ਨੂੰ ਅਮਰੀਕਾ ਵਿੱਚ ਤਸਕਰੀ ਕੀਤੀ ਜਾਣ ਵਾਲੀ ਸਭ ਤੋਂ ਖਤਰਨਾਕ ਦਵਾਈ ਮੰਨਿਆ ਜਾਂਦਾ ਹੈ। ਫੈਂਟਾਨਿਲ ਇੱਕ ਸਿੰਥੈਟਿਕ ਦਵਾਈ ਹੈ ਜੋ ਰਸਾਇਣਾਂ ਦੇ ਸੁਮੇਲ ਤੋਂ ਬਣਾਈ ਜਾਂਦੀ ਹੈ।ਯੂਐੱਸ ਰੈਗੂਲੇਟਰਾਂ ਨੇ ਫ਼ੈਂਟਾਨਿਲ ਨੂੰ 1960 ਦੇ ਦਹਾਕੇ ਵਿੱਚ ਦਰਦ ਨਿਵਾਰਕ ਵਜੋਂ ਕੁਝ ਦਵਾਈਆਂ ਵਿੱਚ ਇਸਤੇਮਾਲ ਕਰਨ ਦੀ ਮਨਜ਼ੂਰੀ ਦਿੱਤੀ ਸੀ, ਪਰ ਉਦੋਂ ਤੋਂ ਹੀ ਇਹ ਅਮਰੀਕਾ ਵਿੱਚ ਓਪੀਔਡ ਓਵਰਡੋਜ਼ ਮੌਤਾਂ ਲਈ ਜ਼ਿੰਮੇਵਾਰ ਮੁੱਖ ਦਵਾਈ ਬਣ ਗਈ ਹੈ। ਯੂਐੱਸ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ (ਸੀਡੀਸੀ) ਦੇ ਮੁਤਾਬਕ, ਫੈਂਟਾਨਿਲ ਵਾਲੇ ਨਸ਼ੀਲੇ ਪਦਾਰਥਾਂ ਦੇ ਮਿਸ਼ਰਣ ਦੇ ਸੇਵਨ ਕਾਰਨ 2023 ਵਿੱਚ 74,000 ਤੋਂ ਵੱਧ ਅਮਰੀਕੀਆਂ ਦੀ ਮੌਤ ਹੋ ਗਈ ਸੀ। ਇਸ ਨੂੰ



> ਪੰਜਾਬ ਟਾਈਮਜ ਅਨੁਸਾਰ ਅਮਰੀਕਾ ਅਤੇ ਭਾਰਤ ਵਿਚਕਾਰ ਦਰਾਰ ਵਧਣ ਦੀ ਪ੍ਰਬਲ ਸੰਭਾਵਨਾ ਹੈ। ਭਾਰਤ ਉੱਤੇ ਲੇਵੀ ਜਾਂ ਵਾਧੂ ਡਿਊਟੀ ਦਾ ਖ਼ਤਰਾ ਵੀ ਮੰਡਰਾ ਰਿਹਾ ਹੈ। ਇਸ ਦੇ ਨਾਲ ਹੀ, ਦੁਨੀਆ ਭਰ ਵਿੱਚ ਭਾਰਤ ਦਾ ਅਕਸ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ। ਕੀ ਭਾਰਤ ਇਸ ਰਿਪੋਰਟ ਵਿੱਚ ਲਗਾਏ ਗਏ ਦੋਸ਼ਾਂ ਦਾ ਢੁਕਵਾਂ ਜਵਾਬ ਦੇ ਸਕੇਗਾ ? ਕੀ ਉਹ ਅਮਰੀਕਾ ਨਾਲ ਆਪਣੀਆਂ ਵਪਾਰਕ ਅਤੇ ਕੂਟਨੀਤਕ ਨੀਤੀਆਂ ਨੂੰ ਬਣਾਕੇ ਰੱਖ ਸਕੇਗਾ ?

ਅਕਸਰ ਹੋਰ ਗ਼ੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਨਾਲ ਮਿਲਾਇਆ ਜਾਂਦਾ ਹੈ, ਜਿਸ ਬਾਰੇ ਬਹੁਤ ਸਾਰੇ ਉਪਭੋਗਤਾ ਜਾਣੂ ਹੀ ਨਹੀਂ ਹੁੰਦੇ ਹਨ ਕਿ ਉਹ ਫੈਂਟਾਨਿਲ ਵਾਲਾ ਕੋਈ ਪਦਾਰਥ ਖਾ ਰਹੇ ਹਨ।ਫੈਂਟਾਨਿਲ ਦੀ ਦੋ ਮਿਲੀਗ੍ਰਾਮ ਖੁਰਾਕ ਜਿੰਨੀ ਘੱਟ ਯਾਨੀ ਕਿ ਕਿ ਸਰੋਂ ਦੇ ਦਾਣੇ ਦਾਣੇ ਜਿੰਨੀ ਖੁਰਾਕ ਵੀ ਘਾਤਕ ਹੋ ਸਕਦੀ ਹੈ।

ਪਿਛਲੇ ਦਹਾਕੇ ਦੌਰਾਨ, ਗਲੋਬਲ ਫੈਂਟਾਨਿਲ ਸਪਲਾਈ ਚੇਨ ਦਾ ਵਿਸਥਾਰ ਹੋਇਆ ਹੈ, ਜਿਸ ਨਾਲ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਨੀਤੀ ਨਿਰਮਾਤਾਵਾਂ ਲਈ ਇਸਨੂੰ ਕੰਟਰੋਲ ਕਰਨਾ ਔਖਾ ਹੋ ਗਿਆ ਹੈ।

ਚੀਨ ਫੈਂਟਾਨਿਲ ਪੈਦਾ ਕਰਨ ਲਈ ਵਰਤੇ ਜਾਣ ਵਾਲੇ ਮੁੱਢਲੇ ਰਸਾਇਣਾਂ ਦਾ ਮੁੱਖ ਸਰੋਤ ਹੈ। ਅਮਰੀਕੀ ਖੁਫੀਆ ਏਜੰਸੀ ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਦਾ ਨਾਮ 'ਐਨੂਅਲ ਥਰੇਟ ਅਸੈਸਮੈਂਟ' ਹੈ। ਇਸ ਅਨੁਸਾਰ, ਇਸ ਡਰੱਗ ਕਾਰਣ ਨਵੰਬਰ 2023 ਤੋਂ ਅਕਤੂਬਰ 2024 ਤਕ ਇਸ ਦਵਾਈ ਕਾਰਨ 52,000 ਅਮਰੀਕੀਆਂ ਦੀ ਜਾਨ ਜਾ ਚੁਕੀ ਹੈ।

ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ "ਚੀਨ ਗੈਰ-ਕਾਨੂੰਨੀ ਫੈਂਟਾਨਿਲ ਪੂਰਵਗਾਮੀ ਰਸਾਇਣਾਂ ਅਤੇ ਗੋਲੀਆਂ ਬਣਾਉਣ ਵਾਲੇ ਉਪਕਰਣਾਂ ਦਾ ਮੁੱਖ ਸਰੋਤ ਬਣਿਆ ਹੋਇਆ ਹੈ, ਉਸ ਤੋਂ ਬਾਅਦ ਭਾਰਤ ਆਉਂਦਾ ਹੈ।"

ਇਹ ਧਿਆਨ ਦੇਣ ਯੋਗ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਨੇ ਇਸ ਮਾਮਲੇ ਵਿੱਚ ਭਾਰਤ ਅਤੇ ਚੀਨ ਨੂੰ ਇੱਕੋ ਥਾਂ ਪਾਇਆ ਹੈ। ਦੋਵੇਂ ਦੇਸ਼ ਗੈਰ-ਕਾਨੂੰਨੀ ਫੈਂਟਾਨਿਲ ਦੇ ਸਪਲਾਇਰ ਮੰਨੇ ਜਾਂਦੇ ਹਨ। ਪਿਛਲੇ ਸਾਲ ਦੀ ਰਿਪੋਰਟ ਵਿੱਚ ਭਾਰਤ ਨੂੰ ਸਿਰਫ਼ ਇੱਕ ਛੋਟਾ ਸਪਲਾਇਰ ਵਜੋਂ ਦਰਜਾ ਦਿੱਤਾ ਗਿਆ ਸੀ। ਜਦੋਂ ਕਿ ਚੀਨ ਨੂੰ ਮੁੱਖ ਸਰੋਤ ਕਿਹਾ ਜਾਂਦਾ ਸੀ। ਇਸ ਵਾਰ ਮਾਮਲਾ ਬਦਲ ਗਿਆ ਹੈ। ਇਹ ਬਦਲਾਅ ਦਰਸਾਉਂਦਾ ਹੈ ਕਿ ਅਮਰੀਕਾ ਹੁਣ ਭਾਰਤ ਦੀ ਭੂਮਿਕਾ 'ਤੇ ਪਹਿਲਾਂ ਨਾਲੋਂ ਵਧੇਰੇ ਗੰਭੀਰ ਨਜ਼ਰ ਰੱਖ ਰਿਹਾ ਹੈ। ਇਹ ਨਵੀਂ ਦਿੱਲੀ ਲਈ ਵੱਖ-ਵੱਖ ਤਰ੍ਹਾਂ ਦੀਆਂ ਕੂਟਨੀਤਕ ਅਤੇ ਆਰਥਿਕ ਚੁਣੌਤੀਆਂ ਪੈਦਾ ਕਰ ਸਕਦਾ ਹੈ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਟਰੰਪ ਨੇ ਐਲਾਨ ਕੀਤਾ ਹੈ ਕਿ ਨਸ਼ਿਆਂ ਤੋਂ ਛੁਟਕਾਰਾ ਪਾਉਣਾ ਦੇਸ਼ ਲਈ ਇੱਕ ਰਾਜਨੀਤਿਕ ਤਰਜੀਹ ਹੈ। ਇਸ ਦਾ ਅਸਰ ਦੇਸ਼ ਦੀ ਵਿਦੇਸ਼ ਨੀਤੀ 'ਤੇ ਵੀ ਪਵੇਗਾ। ਇਸ ਮਹੀਨੇ ਦੇ ਸ਼ੁਰੂ ਵਿੱਚ, ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਉਦੋਂ ਤੱਕ ਆਰਾਮ ਨਹੀਂ ਕਰੇਗਾ ਜਦੋਂ ਤੱਕ ਸੰਯੁਕਤ ਰਾਜ ਵਿੱਚ ਫੈਂਟਾਨਿਲ ਦੀ ਸਮੱਸਿਆ ਹਮੇਸ਼ਾ ਲਈ ਖਤਮ ਨਹੀਂ ਹੋ ਜਾਂਦੀ। ਇਸ ਕਾਰਨ, ਟਰੰਪ ਨੇ 1 ਫਰਵਰੀ ਤੋਂ ਅਮਰੀਕਾ 'ਤੇ 10% ਵਾਧੂ ਟੈਰਿਫ ਲਗਾ ਦਿੱਤਾ। ਅਮਰੀਕਾ ਨੇ ਕਿਹਾ ਕਿ ਚੀਨ ਫੈਂਟਾਨਿਲ ਦੀ ਤਸਕਰੀ ਨੂੰ ਰੋਕਣ ਲਈ ਢੁਕਵੇਂ ਕਦਮ ਨਹੀਂ ਚੁੱਕ ਰਿਹਾ ਹੈ। ਟਰੰਪ ਨੇ ਕੈਨੇਡਾ ਅਤੇ ਮੈਕਸੀਕੋ 'ਤੇ 25% ਦੀ ਵਾਧੂ ਡਿਊਟੀ ਲਗਾਈ ਸੀ। ਟਰੰਪ ਨੇ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਦੇਸ਼ਾਂ ਕੋਲ ਸਰਹੱਦ 'ਤੇ ਸੁਰੱਖਿਆ ਬਣਾਈ ਰੱਖਣ ਲਈ ਲੋੜੀਂਦੀਆਂ ਫੌਜਾਂ ਨਹੀਂ ਹਨ।

ਟਰੰਪ ਨੇ ਹਾਲ ਹੀ ਵਿੱਚ 2 ਅਪ੍ਰੈਲ ਤੋਂ ਵੱਖ-ਵੱਖ ਦੇਸ਼ਾਂ ਵੱਲੋਂ ਲਗਾਏ ਗਏ ਟੈਰਿਫਾਂ ਦੇ ਜਵਾਬ ਵਿੱਚ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਹਾਲਾਂਕਿ, ਭਾਰਤ ਅਮਰੀਕਾ ਨਾਲ ਇਸ ਮਾਮਲੇ ਵਿੱਚ ਰਿਆਇਤਾਂ ਪ੍ਰਾਪਤ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਹਰ ਤਰ੍ਹਾਂ ਨਾਲ, ਉਹ ਅਮਰੀਕਾ ਨੂੰ ਮਨਾਉਣ ਦੀਆਂ ਕੋਸ਼ਿਸ਼ ਕਰ ਰਿਹਾ ਹੈ। ਇਸ ਕਾਰਨ, ਕੁਝ ਦਿਨ ਪਹਿਲਾਂ, ਭਾਰਤ ਨੇ ਅਮਰੀਕੀ ਡਿਜੀਟਲ ਕੰਪਨੀਆਂ 'ਤੇ ਲਗਾਈ ਗਈ ਇਕਵਿਲਾਈਜੇਸ਼ਨ ਲੇਵੀ ਨੂੰ ਹਟਾਉਣ ਦਾ ਫੈਸਲਾ ਵੀ ਕੀਤਾ ਸੀ। ਇਸ ਟੈਕਸ ਨੂੰ ਗੂਗਲ ਟੈਕਸ ਵੀ ਕਿਹਾ ਜਾਂਦਾ ਹੈ। ਗੂਗਲ ਅਤੇ ਮੈਟਾ ਵਰਗੀਆਂ ਔਨਲਾਈਨ ਇਸ਼ਤਿਹਾਰ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਨੂੰ 6% ਦੀ ਦਰ ਨਾਲ ਇਹ ਟੈਕਸ ਅਦਾ ਕਰਨਾ ਪਿਆ। ਭਾਰਤ ਨੇ ਇਸਨੂੰ 1 ਅਪ੍ਰੈਲ ਤੋਂ ਹਟਾਉਣ ਦਾ ਐਲਾਨ ਕੀਤਾ ਹੈ, ਹੁਣ ਅਮਰੀਕਾ ਨੇ ਫੈਂਟਾਨਿਲ ਮਾਮਲੇ ਵਿੱਚ ਚੀਨ ਦੇ ਨਾਲ-ਨਾਲ ਭਾਰਤ 'ਤੇ ਵੀ ਦੋਸ਼ੀ ਠਹਿਰਾਇਆ ਹੈ।

# ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਦਾ ਕਬਜ਼ਾ

## ✪ 2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ✪ ਪਾਰਟੀਆਂ ਸਿਰਫ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਨੇ

ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਨੇ ਕਬਜ਼ਾ ਕਰ ਲਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ 2024 ਵਿੱਚ ਬਣੀ 543 ਮੈਂਬਰੀ ਲੋਕ ਸਭਾ 'ਚ ਕਰੋੜਪਤੀ ਮੈਂਬਰਾਂ ਦੀ ਗਿਣਤੀ 504 ਹੈ, ਜੋ ਕਿ ਕਰੀਬ 93 ਫੀਸਦੀ ਬਣਦੀ ਹੈ। ਏ ਡੀ ਆਰ ਮੁਤਾਬਕ 2002 ਵਿੱਚ ਕਰੋੜਪਤੀ ਮੈਂਬਰਾਂ ਦੀ ਗਿਣਤੀ 153 ਸੀ, 2009 ਵਿੱਚ 300 ਪਾਰ ਕਰ ਗਈ ਤੇ 2014 ਵਿੱਚ 443 ਹੋ ਗਈ। 2019 ਵਿੱਚ ਇਹ ਗਿਣਤੀ ਵਧ ਕੇ 479 ਹੋ ਗਈ ਸੀ ਤੇ ਹੁਣ 504 ਹੋ ਗਈ ਹੈ, ਯਾਨੀ ਕਿ 92.08 ਫੀਸਦੀ ਮੈਂਬਰ ਕਰੋੜਪਤੀ ਹਨ।

ਜਦੋਂ ਤੋਂ ਲੋਕ ਸਭਾ ਮੈਂਬਰਾਂ ਲਈ ਆਪਣੀ ਸੰਪਤੀ ਦੇ ਵੇਰਵੇ ਦੱਸਣੇ ਲਾਜ਼ਮੀ ਕੀਤੇ ਗਏ ਹਨ, ਉਦੋਂ ਤੋਂ ਕਰੋੜਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਮੈਂਬਰਾਂ ਨੂੰ ਆਪਣੀ ਸੰਪਤੀ ਦਾ ਬਾਜ਼ਾਰੀ ਭਾਅ ਦੱਸਣਾ ਪੈਂਦਾ ਹੈ। 2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ।

ਇਸ ਵਾਧੇ ਤੋਂ ਇਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਹੁਣ ਪਾਰਟੀਆਂ ਸਿਰਫ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ। ਜਿਹੜਾ ਕਰੋੜਪਤੀ ਨਹੀਂ, ਉਹ ਚੋਣ ਮੈਦਾਨ ਵਿੱਚ ਉਤਰਨ ਦਾ ਹੌਸਲਾ ਨਹੀਂ ਕਰੇਗਾ। ਇਸ ਤਰ੍ਹਾਂ ਅਜਿਹੇ ਮੈਂਬਰ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਧਿਆਨ ਦੇਣ ਦੀ ਥਾਂ ਖੁਦ ਦੀ ਆਰਥਕ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਬਹੁਤਾ ਸਮਾਂ ਬਿਤਾਉਂਦੇ ਹਨ।

ਪੈਸੇ ਵਾਲਿਆਂ ਦੇ ਹੀ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਮੈਂਬਰ ਬਣਨ ਦਾ ਹੀ ਨਤੀਜਾ ਹੈ ਕਿ ਸਦਨਾਂ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਧੜਾਧੜ ਪਾਸ ਹੋ ਰਹੀਆਂ ਹਨ। ਮਨਰੇਗਾ ਵਰਗੇ ਜਿਹੜੇ ਪ੍ਰੋਗਰਾਮ ਗਰੀਬਾਂ ਦਾ ਕੁਝ ਢਿੱਡ ਭਰਦੇ ਹਨ, ਉਨ੍ਹਾਂ ਦੇ ਫੰਡਾਂ ਵਿੱਚ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰੀ ਸਿੱਖਿਆ ਲਈ ਘੱਟ ਫੰਡ ਰੱਖੇ ਜਾ ਰਹੇ ਹਨ, ਤਾਂ ਕਿ ਗਰੀਬਾਂ ਦੇ ਬੱਚੇ ਮਜ਼ਦੂਰੀ ਕਰਨ ਜੋਗੇ ਹੀ ਰਹਿਣ।

> ਪੰਜਾਬ ਟਾਈਮਜ਼ ਅਨੁਸਾਰ ਵੋਟਰਾਂ ਨੂੰ ਇਹ ਸੋਚਣਾ ਪੈਣਾ ਹੈ ਕਿ ਚੋਣਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਸਾਂਸਦ ਤੇ ਵਿਧਾਇਕ ਬਣਨ ਵਾਲੇ ਉਨ੍ਹਾਂ ਦੇ ਖੈਰ-ਖਵਾਹ ਨਹੀਂ। ਅਜਿਹੇ ਲੋਕਾਂ ਦਾ ਮਕਸਦ ਸਿਰਫ ਆਪਣੀ ਦੌਲਤ ਵਧਾਉਣਾ ਹੀ ਹੈ। ਵੋਟਰਾਂ ਨੇ ਸਮਝਦਾਰੀ ਨਾ ਦਿਖਾਈ ਤਾਂ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਦੇ ਹੱਕ ਵਿੱਚ ਬੋਲਣ ਵਾਲਾ ਕੋਈ ਨਹੀਂ ਰਹਿਣਾ ਅਤੇ ਮੁਫਤ ਦੀਆਂ ਸਕੀਮਾਂ ਵੀ ਜਾਂਦੀਆਂ ਲੱਗਣੀਆਂ ਹਨ।

# ਨਸ਼ੇ ਦੀਆਂ ਜੜ੍ਹਾਂ ਹੁਣ ਪੰਜਾਬ ਦੇ ਸਕੂਲਾਂ ਵਿੱਚ ਫੈਲੀਆਂ

**ਖਾਸ ਖਬਰ** ✪ ਵ੍ਹਟਸਐਪ 'ਤੇ ਹੁੰਦੇ ਆਰਡਰ, ਐਨਰਜੀ ਡਰਿੰਕਸ ਕਾਰਣ ਹੁਣ ਈ-ਸਿਗਰੇਟ ਤੇ ਚਿੱਟੇ ਦੀ ਲਤ ਲੱਗੀ ✪ ਪਾਨ ਦੀਆਂ ਦੁਕਾਨਾਂ 'ਤੇ ਨਸ਼ਾ, ਮਿਲਕ ਬੂਥਾਂ 'ਤੇ ਐਨਰਜੀ ਡਰਿੰਕਸ ਉਪਲਬਧ



ਪੰਜਾਬ ਸਰਕਾਰ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਤੋੜਨ ਲਈ ਡਰੱਗਜ਼ ਸੈਂਸਜ ਕਰਨ ਜਾ ਰਹੀ ਹੈ, ਪਰ ਨਸ਼ੇ ਦੀ ਦੁਰਵਰਤੋਂ ਦੀਆਂ ਜੜ੍ਹਾਂ ਹੁਣ ਸਕੂਲਾਂ ਵਿੱਚ ਫੈਲ ਗਈਆਂ ਹਨ। ਸਕੂਲੀ ਬੱਚੇ ਵਟਸਐਪ ਗਰੁੱਪਾਂ 'ਤੇ ਈ-ਸਿਗਰੇਟ ਅਤੇ ਹੋਰ ਨਸ਼ੀਲੇ ਪਦਾਰਥ ਮੰਗਵਾ ਰਹੇ ਹਨ ਅਤੇ ਤਸਕਰ ਉਨ੍ਹਾਂ ਨੂੰ ਸਕੂਲ ਦੇ ਗੇਟਾਂ 'ਤੇ ਪਹੁੰਚਾ ਰਹੇ ਹਨ। ਜਦੋਂ ਜਲੰਧਰ, ਲੁਧਿਆਣਾ, ਬਠਿੰਡਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਰਗੇ ਵੱਡੇ ਸ਼ਹਿਰਾਂ ਵਿੱਚ ਕਈ ਮਾਮਲਿਆਂ ਦੀ ਕੁਝ ਪੱਤਰਕਾਰਾਂ ਨੇ ਜਾਂਚ ਕੀਤੀ , ਤਾਂ ਇਹ ਗੱਲ ਸਾਹਮਣੇ ਆਈ ਕਿ ਬੱਚਿਆਂ ਦੀ ਲਤ ਆਸਾਨੀ ਨਾਲ ਉਪਲਬਧ 'ਐਨਰਜੀ ਡਰਿੰਕਸ' ਨਾਲ ਸ਼ੁਰੂ ਹੋਈ ਸੀ। ਹੌਲੀ-ਹੌਲੀ ਇਹ ਨਸ਼ਾ ਇੰਨਾ ਵੱਧ ਗਿਆ ਕਿ ਇਹ ਬੱਚੇ ਚਿੱਟਾ (ਹੈਰੋਇਨ) ਤੱਕ ਪਹੁੰਚ ਗਏ। 7 ਮਾਰਚ ਨੂੰ, ਟਿੱਬਾ ਰੋਡ ਦਾ ਰਹਿਣ ਵਾਲਾ ਇੱਕ ਅੱਠ ਸਾਲਾ ਬੱਚਾ, ਜੋ ਕਿ ਚਿੱਟਾ ਪੀਣ ਦਾ ਆਦੀ ਸੀ, ਨੂੰ ਲੁਧਿਆਣਾ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿੱਚ ਲਿਆਂਦਾ ਗਿਆ। ਉਸਨੂੰ ਆਪਣੇ ਦੋਸਤਾਂ ਤੋਂ ਇਸਦੀ ਲਤ ਲੱਗੀ ਅਤੇ ਉਹ ਘਰ ਵਿੱਚ ਚੋਰੀਆਂ ਕਰਨ ਲੱਗ ਪਿਆ। ਜਦੋਂ ਉਸਨੂੰ ਹਸਪਤਾਲ ਲਿਆਂਦਾ ਗਿਆ ਤਾਂ ਪਤਾ ਲੱਗਾ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਨਸ਼ੇ ਲੈ ਰਿਹਾ ਸੀ। ਇਸੇ ਤਰ੍ਹਾਂ, ਸ਼ਿਮਲਾਪੁਰੀ ਵਿੱਚ, ਇੱਕ 12 ਸਾਲ ਦੀ ਕੁੜੀ ਆਪਣੇ ਇੱਕ ਜਾਣਕਾਰ ਦੇ ਸੰਪਰਕ ਵਿੱਚ ਆਈ ਅਤੇ ਆਪਣੇ ਆਪ ਨੂੰ ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣ ਲੱਗ ਪਈ।ਤਲਵੰਡੀ ਸਾਬੋ ਦੇ ਇੱਕ ਵਿਦਿਆਰਥੀ, ਜੋ ਬਠਿੰਡਾ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਇਲਾਜ ਕਰਵਾ ਰਿਹਾ ਹੈ, ਨੇ ਕਿਹਾ ਕਿ ਆਪਣੇ ਦੋਸਤਾਂ ਨੂੰ ਦੇਖਣ ਤੋਂ ਬਾਅਦ, ਉਸਨੇ ਆਪਣੇ ਸਕੂਲ ਦੇ ਨੇੜੇ ਇੱਕ ਦੁਕਾਨ ਤੋਂ ਐਨਰਜੀ ਡਰਿੰਕ ਪੀਣੇ ਸ਼ੁਰੂ ਕਰ ਦਿੱਤੇ। ਜਦੋਂ ਮੈਨੂੰ ਇੱਕ ਵੱਖਰੀ ਕਿਸਮ ਦਾ ਨਸ਼ਾ ਮਹਿਸੂਸ ਹੋਇਆ, ਤਾਂ ਇਹ ਇੱਕ ਆਦਤ ਬਣ ਗਈ। ਕੁਝ ਮਹੀਨਿਆਂ ਬਾਅਦ, ਪਿੰਡ ਦੇ ਇੱਕ ਨੌਜਵਾਨ ਨੇ ਉਸਨੂੰ ਨਸ਼ੀਲੀਆਂ ਦਵਾਈਆਂ ਦਿੱਤੀਆਂ। ਫਿਰ ਇਹ ਸਿਲਸਿਲਾ ਚਿੱਟਾ ਤੱਕ ਪਹੁੰਚ ਗਿਆ। ਗੁਰਦਾਸਪੁਰ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ 21 ਸਾਲਾ ਨੌਜਵਾਨ ਨੇ ਕਿਹਾ ਕਿ ਉਸਦੀ ਪ੍ਰੇਮਿਕਾ ਦੇ ਛੱਡਣ ਤੋਂ ਬਾਅਦ ਉਸਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਹੌਲੀ-ਹੌਲੀ ਇਹ ਨਸ਼ਾ ਇੰਨਾ ਵੱਧ ਗਿਆ ਕਿ ਉਹ ਹੈਰੋਇਨ ਦਾ ਆਦੀ ਹੋ ਗਿਆ। ਜਦੋਂ ਉਸਦੇ ਪੈਸੇ ਖਤਮ ਹੋਣ ਲੱਗੇ, ਤਾਂ ਉਸਨੇ ਖੁਦ ਨਸ਼ੇ ਵੇਚਣੇ ਸ਼ੁਰੂ ਕਰ ਦਿੱਤੇ।

ਇਸੇ ਤਰ੍ਹਾਂ, ਅੰਮ੍ਰਿਤਸਰ ਵਿੱਚ ਇਹ ਖੁਲਾਸਾ ਹੋਇਆ ਕਿ ਬੱਚੇ ਸਕੂਲ ਦੇ ਬਾਥਰੂਮਾਂ ਵਿੱਚ ਸਿਗਰਟ ਪੀ ਰਹੇ ਸਨ। ਸਫਾਈ ਕਰਮਚਾਰੀਆਂ ਨੇ ਇਸ ਬਾਰੇ ਕਈ ਵਾਰ ਸਕੂਲ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਹੈ, ਪਰ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਕੁਝ ਬੱਚੇ ਆਪਣੇ ਪਰਿਵਾਰਾਂ ਨਾਲ ਝੂਠ ਬੋਲ ਕੇ ਗੈਰ-ਕਾਨੂੰਨੀ ਹੁੱਕਾ ਬਾਰਾਂ ਵਿੱਚ ਜਾਣ ਲੱਗ ਪਏ ਹਨ।

### ਪੁਲਿਸ ਨਹੀਂ ਦੇ ਰਹੀ ਧਿਆਨ


ਸੂਬੇ ਵਿੱਚ ਨਾਬਾਲਗਾਂ ਦੇ ਨਸ਼ੇ ਦਾ ਸ਼ਿਕਾਰ ਹੋਣ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ, ਪਰ ਪੁਲਿਸ ਇਸ 'ਤੇ ਕੋਈ ਠੋਸ ਕਾਰਵਾਈ ਨਹੀਂ ਕਰ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਦਾ ਧਿਆਨ ਹੈਰੋਇਨ, ਸਮੈਕ ਅਤੇ ਆਈਸ ਤਸਕਰਾਂ 'ਤੇ ਜ਼ਿਆਦਾ ਰਹਿੰਦਾ ਹੈ। ਲੁਧਿਆਣਾ ਦੇ ਏਡੀਸੀਪੀ ਕ੍ਰਾਈਮ ਅਮਨਦੀਪ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਮਾਮਲੇ ਦਰਜ ਕੀਤੇ ਹਨ ਪਰ ਤਸਕਰ ਬੱਚਿਆਂ ਨੂੰ ਨਸ਼ੀਲੇ ਪਦਾਰਥ ਸਪਲਾਈ ਕਰਨ ਦੇ ਨਵੇਂ ਤਰੀਕੇ ਲੱਭ ਰਹੇ ਹਨ।

ਜਲੰਧਰ ਦੇ ਇੱਕ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਬਹੁਤ ਸਾਰੇ ਬੱਚਿਆਂ ਨੇ ਦੱਸਿਆ ਕਿ ਸਕੂਲ ਦੇ ਨੇੜੇ ਸਥਿਤ ਪਾਨ ਦੀਆਂ ਦੁਕਾਨਾਂ 'ਤੇ ਵੀ ਨਸ਼ੇ ਉਪਲਬਧ ਹਨ। ਹਾਲਾਂਕਿ, ਉਹ ਇਹ ਸਿਰਫ਼ ਜਾਣਕਾਰ ਅਤੇ ਵਫ਼ਾਦਾਰ ਗਾਹਕਾਂ ਨੂੰ ਹੀ ਪ੍ਰਦਾਨ ਕਰਦੇ ਹਨ। ਜਦੋਂ ਗਾਹਕ ਕੋਡ ਸ਼ਬਦਾਂ ਵਿੱਚ ਆਰਡਰ ਦਿੰਦੇ ਹਨ। ਇਸ ਤੋਂ ਇਲਾਵਾ, ਲੁਧਿਆਣਾ ਦੇ ਦੋ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਇਹ ਵੀ ਕਿਹਾ ਕਿ ਸਕੂਲਾਂ ਦੇ ਆਲੇ ਦੁਆਲੇ ਦੁੱਧ ਦੇ ਬੂਥਾਂ 'ਤੇ ਐਨਰਜੀ ਡਰਿੰਕ ਵੀ ਉਪਲਬਧ ਹਨ, ਜੋ ਕਿ ਬਹੁਤ ਖਤਰਨਾਕ ਸਾਬਤ ਹੋ ਰਹੇ ਹਨ। ਉਸਨੇ ਕਈ ਵਾਰ ਪੁਲਿਸ ਨੂੰ ਵੀ ਸੂਚਿਤ ਕੀਤਾ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

'ਲੋਕਾਂ' ਦਾ ਮੰਨਣਾ ਹੈ ਕਿ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਜੋ ਵੀ ਕਾਰਵਾਈ ਕਰ ਰਹੀ ਹੈ, ਉਹ ਸ਼ਲਾਘਾਯੋਗ ਹੈ, ਪਰ ਜਦੋਂ ਤੱਕ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਸਕੂਲਾਂ ਨੂੰ ਨਸ਼ੇ ਸਪਲਾਈ ਕਰਨ ਵਾਲਿਆਂ ਨੂੰ ਸਲਾਖਾਂ ਪਿੱਛੇ ਨਹੀਂ ਸੁੱਟਿਆ ਜਾਂਦਾ, ਉਦੋਂ ਤੱਕ ਇਸ ਨੈੱਟਵਰਕ ਨੂੰ ਤੋੜਿਆ ਨਹੀਂ ਜਾ ਸਕਦਾ। ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਵੀ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਸਕੂਲਾਂ ਵਿੱਚ ਨਿਯਮਤ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਨਸ਼ੀਲੇ ਪਦਾਰਥਾਂ ਦਾ ਸੇਵਨ ਨਾ ਕਰਨ।

ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਸਿਰਫ਼ ਸਕੂਲਾਂ ਤੱਕ ਹੀ ਸੀਮਤ ਨਹੀਂ ਹੋਣੀਆਂ ਚਾਹੀਦੀਆਂ, ਸਗੋਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਲੱਛਣਾਂ ਨੂੰ ਪਛਾਣਨ ਅਤੇ ਬਿਨਾਂ ਕਿਸੇ ਝਿਜਕ ਦੇ ਪੁਲਿਸ ਅਤੇ ਸਿਹਤ ਵਿਭਾਗ ਨਾਲ ਸੰਪਰਕ ਕਰਨ ਲਈ ਸਿਖਾਇਆ ਜਾਣਾ ਚਾਹੀਦਾ ਹੈ। ਨਾਬਾਲਗਾਂ ਨੂੰ ਨਸ਼ੇ ਵੇਚਣ ਵਾਲਿਆਂ ਨੂੰ ਸਖ਼ਤ ਸਜ਼ਾ ਦੇਣ ਲਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

## ਪੰਜਾਬ ਸਰਕਾਰ ਨੇ ਸੂਬੇ ਦੇ ਸਕੂਲਾਂ ਵਿਚ ਐਨਰਜੀ ਡਰਿੰਕਸ ਦੀ ਵਿਕਰੀ ਉਤੇ ਪਾਬੰਦੀ ਲਗਾਈ



ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਹਰ ਵਰਗ ਦੇ ਲੋਕਾਂ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਛੋਟੀ ਉਮਰ ਵਿੱਚ ਵਧੇਰੇ ਬੱਚੇ ਐਨਰਜੀ ਡਰਿੰਕ ਪੀਣ ਦੇ ਆਦਿ ਹੋ ਜਾਂਦੇ ਹਨ, ਜੋ ਕਿ ਸਿਹਤ ਲਈ ਵਧੇਰੇ ਹਾਨੀਕਾਰਕ ਹੈ। ਐਨਰਜੀ ਡਰਿੰਕਸ ਵਿਚ ਕੈਫੀਨ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਇਸ ਲਈ ਸਕੂਲਾਂ ਵਿਚ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਇਹ ਫੈਸਲਾ ਸਿਹਤ ਵਿਭਾਗ ਵੱਲੋਂ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਇਹ ਫੈਸਲਾ ਪੰਜਾਬ ਦੇ ਸਾਰੇ ਸਕੂਲ ਵੀ ਲਾਗੂ ਹੋਵੇਗਾ।

## ਕੀ ਕਹਿੰਦੀ ਹੈ ਕੈਨੇਡਾ ਦੀ ਹੈਲਥ ਰਿਪੋਟ

ਕੈਨੇਡਾ ਦੇ ਓਂਟਾਰੀਓ ਵਿਚ ਵਾਟਰਲੂ ਯੂਨੀਵਰਸਿਟੀ ਵਿਚ ਕੀਤੀ ਗਈ ਰਿਸਰਚ ਵਿਚ ਕਿਹਾ ਗਿਆ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਅਜਿਹੇ ਡਰਿੰਕਸ ਪੀਣ ਦੀ ਮਨਾਹੀ ਕੀਤੀ ਜਾਣੀ ਚਾਹੀਦੀ ਹੈ। ਹਾਲ ਹੀ ਵਿਚ ਕੀਤੇ ਗਏ ਇਕ ਅਧਿਐਨ ਵਿਚ ਵੇਖਿਆ ਗਿਆ ਕਿ 12 ਤੋਂ 24 ਸਾਲ ਦੇ 55 ਫੀਸਦੀ ਨੌਜਵਾਨਾਂ ਨੂੰ ਐਨਰਜੀ ਡਰਿੰਕਸ ਪੀਣ ਤੋਂ ਬਾਅਦ ਸਿਹਤ ਸਬੰਧੀ ਗੰਭੀਰ ਪ੍ਰਭਾਵਾਂ 'ਚੋਂ ਲੰਘਣਾ ਪਿਆ। ਇਨ੍ਹਾਂ ਵਿਚ ਹਾਰਟ ਰੇਟ ਤੇਜ਼ ਹੋਣ ਦੇ ਨਾਲ ਹੀ ਦਿਲ ਦਾ ਦੌਰਾ ਵੀ ਸ਼ਾਮਲ ਹੈ। ਰਿਸਰਚਰਾਂ ਨੇ 2 ਹਜ਼ਾਰ ਤੋਂ ਵੱਧ ਨੌਜਵਾਨਾਂ ਤੋਂ ਪੁੱਛਿਆ ਕਿ ਉਹ ਰੈੱਡ ਬੁੱਲ ਜਾਂ ਮੌਨਸਟਰ ਜਿਹੇ ਐਨਰਜੀ ਡਰਿੰਕਸ ਨੂੰ ਕਿੰਨਾ ਵੱਧ ਪੀਂਦੇ ਹਨ। ਰਿਸਰਚਰਾਂ ਦਾ ਕਹਿਣਾ ਹੈ ਕਿ ਹੋਰ ਕੈਫੀਨ ਪੀਣ ਵਾਲੇ ਪਦਾਰਥਾਂ ਦੇ ਮੁਕਾਬਲੇ ਜਿਸ ਤਰ੍ਹਾਂ ਐਨਰਜੀ ਡਰਿੰਕਸ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸਨੂੰ ਵੇਖਦਿਆਂ ਐਨਰਜੀ ਡਰਿੰਕਸ ਵੱਧ ਖਤਰਨਾਕ ਹੋ ਸਕਦੇ ਹਨ। ਸੋਧ ਵਿਚ ਸਾਹਮਣੇ ਆਇਆ ਹੈ ਜਿਨ੍ਹਾਂ ਲੋਕਾਂ ਨੇ ਐਨਰਜੀ ਡਰਿੰਕਸ ਪੀਤੀ ਸੀ, ਉਨ੍ਹਾਂ ਵਿਚੋਂ 24.7 ਫੀਸਦੀ ਲੋਕਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਹੈ। ਉਥੇ 24.1 ਫੀਸਦੀ ਲੋਕਾਂ ਨੇ ਕਿਹਾ ਕਿ ਇਸਨੂੰ ਪੀਣ ਤੋਂ ਬਾਅਦ ਉਨ੍ਹਾਂ ਨੂੰ ਨੀਂਦ ਨਹੀਂ ਆ ਰਹੀ ਸੀ। ਇਸ ਤੋਂ ਇਲਾਵਾ 18.3 ਫੀਸਦੀ ਲੋਕਾਂ ਨੇ ਸਿਰਦਰਦ, 5.1 ਫੀਸਦੀ ਦਿਲ ਘਬਰਾਉਣ, ਉਲਟੀ ਜਾਂ ਦਸਤ ਤੇ 3.6 ਫੀਸਦੀ ਲੋਕਾਂ ਨੇ ਛਾਤੀ ਵਿਚ ਦਰਦ ਮਹਿਸੂਸ ਕੀਤਾ। ਭਾਵੇਂ ਰਿਸਰਚਰਾਂ ਦੀ ਚਿੰਤਾ ਦਾ ਕਾਰਨ ਇਹ ਸੀ ਕਿ ਇਨ੍ਹਾਂ ਨੌਜਵਾਨਾਂ ਨੇ ਇਕ ਜਾਂ ਦੋ ਐਨਰਜੀ ਡਰਿੰਕਸ ਹੀ ਪੀਤੇ ਸਨ। ਫਿਰ ਵੀ ਉਨ੍ਹਾਂ ਨੂੰ ਅਜਿਹੇ ਮਾੜੇ ਪ੍ਰਭਾਵ ਮਹਿਸੂਸ ਹੋ ਰਹੇ ਸਨ। ਅਧਿਐਨ ਦੇ ਬਾਰੇ ਪ੍ਰੋ. ਡੇਵਿਡ ਹੈਮੋਂਡ ਦਾ ਕਹਿਣਾ ਹੈ ਕਿ ਫਿਲਹਾਲ ਐਨਰਜੀ ਡਰਿੰਕਸ ਖਰੀਦਣ ਵਾਲੇ ਬੱਚਿਆਂ 'ਤੇ ਕੋਈ ਰੋਕ ਨਹੀਂ ਹੈ। ਕਰਿਆਨੇ ਦੀਆਂ ਦੁਕਾਨਾਂ ਵਿਚ ਵਿੱਕਰੀ ਦੇ ਨਾਲ ਹੀ ਬੱਚਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਇਸਦੇ ਇਸ਼ਤਿਹਾਰ ਬਣਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੋਧ ਦੇ ਨਤੀਜੇ ਦੱਸਦੇ ਹਨ ਕਿ ਇਨ੍ਹਾਂ ਉਤਪਾਦਾਂ ਦੇ ਸਿਹਤ ਪ੍ਰਭਾਵਾਂ ਦੀ ਨਿਗਰਾਨੀ ਵਧਾਉਣ ਦੀ ਲੋੜ ਹੈ।

# ਕਾਨੂੰਨੀ ਢੰਗ ਨਾਲ ਹੀ ਅਮਰੀਕਾ ਆਓ, ਆਪਣੇ ਭਵਿੱਖ ਨੂੰ ਖ਼ਤਰੇ ਵਿਚ ਨਾ ਪਾਓ



**ਜਾਰਗਨ ਐਂਡਰਿਊਜ**
ਚਾਰਜ ਡੀ ਅਫੈਅਰਜ਼,
ਅਮਰੀਕੀ ਅੰਬੈਸੀ, ਨਵੀਂ ਦਿੱਲੀ।



ਰਾਸ਼ਟਰਪਤੀ ਟਰੰਪ ਚਾਹੁੰਦੇ ਹਨ ਕਿ ਅਮਰੀਕਾ ਨੂੰ ਸੁਰੱਖਿਅਤ, ਮਜ਼ਬੂਤ ਤੇ ਖੁਸ਼ਹਾਲ ਰੱਖਣ ਨੂੰ ਯਕੀਨੀ ਬਣਾਉਣ ਲਈ ਅਮਰੀਕੀ ਇੰਮੀਗ੍ਰੇਸ਼ਨ (ਆਵਾਸ) ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਜੇਕਰ ਤੁਸੀਂ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋ, ਵੀਜ਼ਾ ਪ੍ਰਾਪਤ ਕਰਨ ਲਈ ਝੂਠ ਬੋਲਦੇ ਹੋ, ਕਾਨੂੰਨੀ ਇਜਾਜ਼ਤ ਬਗੈਰ ਇਥੇ ਕੰਮ ਕਰਦੇ ਹੋ, ਆਪਣੇ ਵੀਜ਼ਾ ਜਾਂ ਵੀਜ਼ਾ ਛੋਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿਚ ਰਹਿੰਦੇ ਹੋ ਤਾਂ ਤੁਹਾਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਸਜ਼ਾਵਾਂ ਵਿਚ ਜੇਲ੍ਹ ਦੀ ਸਜ਼ਾ, ਦੇਸ਼ ਨਿਕਾਲਾ ਅਤੇ ਭਵਿੱਖ ਵਿਚ ਅਮਰੀਕੀ ਵੀਜ਼ਾ ਪ੍ਰਾਪਤ ਕਰਨ ’ਤੇ ਸਥਾਈ ਪਾਬੰਦੀ ਆਦਿ ਸ਼ਾਮਿਲ ਹਨ। ਜੇਕਰ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਰਹਿ ਰਿਹਾ ਹੈ ਤਾਂ ਉਸ ਨੂੰ ਘਰ ਵਾਪਸ ਆਉਣ ਲਈ ਕਹਿਣ ਦਾ ਇਹ ਬਿਲਕੁੱਲ ਸਹੀ ਸਮਾਂ ਹੈ।

## ਗ਼ੈਰ-ਕਾਨੂੰਨੀ ਆਉਣ ਵਾਲੇ ਫੜੇ ਜਾਣਗੇ

ਕੁਝ ਲੋਕਾਂ ਨੂੰ ਲਗਦਾ ਹੈ ਕਿ ਉਹ ਅਮਰੀਕਾ ਵਿਚ ਘੁਸਪੈਠ ਕਰ ਸਕਦੇ ਹਨ ਅਤੇ ਫੜੇ ਜਾਣ ਤੋਂ ਵੀ ਬਚ ਸਕਦੇ ਹਨ, ਪਰ ਇਹ ਸੱਚ ਨਹੀਂ ਹੈ। ਟਰੰਪ ਪ੍ਰਸ਼ਾਸਨ ਨੇ ਸਰਹੱਦੀ ਸੁਰੱਖਿਆ ਵਧਾ ਦਿੱਤੀ ਹੈ, ਜਿਸ ਦੇ ਚਲਦਿਆਂ ਗ੍ਰਿਫ਼ਤਾਰ ਹੋਣ ਵਾਲੇ ਅਤੇ ਦੇਸ਼ ਨਿਕਾਲਾ ਦਿੱਤੇ ਗਏ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। ਫਰਵਰੀ 2025 ਵਿਚ ਫਰਵਰੀ 2024 ਦੇ ਮੁਕਾਬਲੇ ਗੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲਿਆਂ ਦੀ ਗਿਣਤੀ ਵਿਚ 94 ਫ਼ੀਸਦੀ ਦੀ ਕਮੀ ਆਈ ਹੈ, ਜਦਕਿ ਅਮਰੀਕਾ ਅੰਦਰ ਗੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲਿਆਂ ਦੀਆਂ ਗ੍ਰਿਫ਼ਤਾਰੀਆਂ ਵਿਚ 627 ਫ਼ੀਸਦੀ ਦਾ ਵਾਧਾ ਹੋਇਆ ਹੈ। ਜੇਕਰ ਤੁਸੀਂ ਅਮਰੀਕੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋ ਜਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿੰਦੇ ਹੋ ਤਾਂ ਤੁਸੀਂ ਫੜੇ ਜਾਵੋਗੇ ਅਤੇ ਤੁਹਾਨੂੰ ਹਿਰਾਸਤ ਵਿਚ ਲੈਣ ਬਾਅਦ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਤੁਹਾਨੂੰ ਦੁਬਾਰਾ ਕਦੇ ਵੀ ਅਮਰੀਕਾ ਆਉਣ ਤੋਂ ਰੋਕਿਆ ਜਾ ਸਕਦਾ ਹੈ ਜਾਂ ਜੁਰਮਾਨੇ ਅਤੇ ਅਪਰਾਧਿਕ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਵੀਜ਼ਾ ਧੋਖਾਧੜੀ

ਅਮਰੀਕੀ ਵੀਜ਼ਾ ਪ੍ਰਕਿਰਿਆ ਦੁਨੀਆ ਦੀਆਂ ਸਭ ਤੋਂ ਸੁਰੱਖਿਅਤ ਪ੍ਰਕਿਰਿਆਵਾਂ ਵਿਚੋਂ ਇਕ ਹੈ। ਫਿਰ ਵੀ ਕਈ ਲੋਕ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਝੂਠੀਆਂ ਅਰਜ਼ੀਆਂ ਲਿਖ ਕੇ ਜਾਂ ਵੀਜ਼ਾ ਮਿਆਦ ਖਤਮ ਹੋਣ ਦੇ ਬਾਵਜੂਦ ਵੀ ਅਮਰੀਕਾ ਵਿਚ ਰਹਿ ਕੇ ਵਿਵਸਥਾ (ਸਿਸਟਮ) ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਹ ਸਭ ਵੀਜ਼ਾ ਧੋਖਾਧੜੀ ਦੀਆਂ ਉਦਾਹਰਨਾਂ ਹਨ ਅਤੇ ਗੰਭੀਰ ਅਪਰਾਧ ਮੰਨੇ ਜਾਂਦੇ ਹਨ। ਇਸ ਤਰ੍ਹਾਂ ਦੀ ਕੋਈ ਵੀ ਧੋਖਾਧੜੀ ਕਰਕੇ ਅਮਰੀਕੀ ਕਾਨੂੰਨਾਂ ਨੂੰ ਤੋੜਨ ’ਤੇ ਤੁਹਾਨੂੰ ਸਜ਼ਾ ਮਿਲੇਗੀ ਅਤੇ ਤੁਹਾਨੂੰ ਦੁਬਾਰਾ ਕਦੇ ਵੀ ਅਮਰੀਕਾ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## ਅਮਰੀਕੀ ਸਰਹੱਦਾਂ ਦੀ ਸੁਰੱਖਿਆ

ਜੋ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਲਈ ਖ਼ਤਰਨਾਕ ਯਾਤਰਾ (ਡੌਂਕੀ) ਦੇ ਤਰੀਕੇ ਅਪਣਾਉਣ ਬਾਰੇ ਸੋਚ ਰਹੇ ਹਨ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਕਰਨਾ ਉਨ੍ਹਾਂ ਲਈ ਸੁਰੱਖਿਅਤ ਨਹੀਂ, ਇਥੋਂ ਤੱਕ ਕਿ ਉਨ੍ਹਾਂ ਦੀ ਜਾਨ ਵੀ ਖਤਰੇ ਵਿਚ ਪੈ ਸਕਦੀ ਹੈ। ਮਨੁੱਖੀ ਤਸਕਰੀ ਕਰਨ ਵਾਲੇ ਕਾਰਟੈਲ ਤੇ ਅਪਰਾਧਿਕ ਗਰੋਹ ਅਕਸਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਕੋਲੋਂ ਜਬਰੀ ਵਸੂਲੀ ਕਰਨ ਲਈ ਹਿੰਸਾ ਕਰਦੇ ਹਨ। ਇਸ ਰਸਤੇ ’ਤੇ ਚੱਲਣ ਵਾਲੇ ਬਹੁਤੇ ਲੋਕ ਕਦੇ ਵੀ ਆਪਣੀ ਮੰਜ਼ਿਲ ਭਾਵ ਅਮਰੀਕਾ ਤੱਕ ਨਹੀਂ ਪਹੁੰਚ ਪਾਉਂਦੇ। ਅਮਰੀਕਾ ਗੈਰ-ਕਾਨੂੰਨੀ ਤੌਰ ’ਤੇ ਆਪਣੇ ਦੇਸ਼ ਦੀ ਸਰਹੱਦ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਰੋਕਣ ਲਈ ਪੱਛਮੀ ਦੇਸ਼ਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਉਹ ਆਪਣੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਕੇ ਨਾ ਸਿਰਫ਼ ਅਮਰੀਕੀ ਨਾਗਰਿਕਾਂ ਦੀ ਰੱਖਿਆ ਕਰ ਰਿਹਾ ਹੈ, ਸਗੋਂ ਆਪਣੇ ਲੋਕਾਂ ਨੂੰ ਗੈਰ-ਕਾਨੂੰਨੀ ਇੰਮੀਗ੍ਰੇਸ਼ਨ ਕਾਰਨ ਹੋਣ ਵਾਲੇ ਖ਼ਤਰਿਆਂ ਤੋਂ ਵੀ ਬਚਾਅ ਰਿਹਾ ਹੈ।

## ਸਭ ਦੀ ਜਵਾਬਦੇਹੀ

ਅਮਰੀਕਾ ਸਰਕਾਰ ਉਨ੍ਹਾਂ ਸਭ ਲੋਕਾਂ ਵਿਰੁੱਧ ਵੀ ਕਾਰਵਾਈ ਕਰ ਰਹੀ ਹੈ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣ ਵਾਲਿਆਂ ਦੀ ਮਦਦ ਕਰਦੇ ਹਨ। ਇਨ੍ਹਾਂ ਵਿਚ ਮਨੁੱਖੀ ਤਸਕਰੀ ਕਰਨ ਵਾਲਿਆਂ ਤੋਂ ਇਲਾਵਾ ਉਹ ਵਿਦੇਸ਼ੀ ਸਰਕਾਰੀ ਅਧਿਕਾਰੀ ਵੀ ਸ਼ਾਮਿਲ ਹਨ, ਜੋ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿੰਦੇ ਹਨ। ਹਾਲ ਹੀ ਵਿਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਵਿਦੇਸ਼ੀ ਅਧਿਕਾਰੀਆਂ-ਜਿਨ੍ਹਾਂ ਵਿਚ ਇਮੀਗ੍ਰੇਸ਼ਨ, ਕਸਟਮ ਅਤੇ ਬੰਦਰਗਾਹਾਂ ਦੇ ਕਰਮਚਾਰੀ ਸ਼ਾਮਿਲ ਹਨ, ਉਨ੍ਹਾਂ ਸਭ ਲਈ ਇਕ ਨਵੀਂ ਵੀਜ਼ਾ ਪਾਬੰਦੀ ਨੀਤੀ ਦਾ ਐਲਾਨ ਉਨ੍ਹਾਂ ਲਈ ਕੀਤਾ ਹੈ ਜੋ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਵਿਚ ਅਸਫਲ ਰਹਿੰਦੇ ਹਨ। ਇਹ ਨੀਤੀ ਟਰਾਂਸਪੋਰਟ ਅਤੇ ਸੈਰ-ਸਪਾਟਾ ਉਦਯੋਗ ਵਿਚ ਕੰਮ ਕਰਨ ਵਾਲੇ ਲੋਕਾਂ ਲਈ ਪਹਿਲਾਂ ਤੋਂ ਹੀ ਲਾਗੂ ਪਾਬੰਦੀਆਂ ਦੀ ਪਾਲਣਾ ਕਰਦੀ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ਜਿਹੜੇ ਲੋਕ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਚ ਮਦਦ ਕਰਕੇ ਅਮਰੀਕੀ ਸੁਰੱਖਿਆ ਨੂੰ ਖ਼ਤਰਾ ਪੈਦਾ ਕਰਦੇ ਹਨ, ਉਨ੍ਹਾਂ ਦਾ ਸਾਡੇ ਦੇਸ਼ ਵਿਚ ਸਵਾਗਤ ਨਹੀਂ ਹੈ।

## ਬਦਲ ਸਪੱਸ਼ਟ ਹੈ-ਕਾਨੂੰਨ ਦੀ ਪਾਲਣਾ ਕਰੋ

ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਨ ਦੇ ਜੋਖਮ ਕਿਸੇ ਵੀ ਸੰਭਾਵੀ ਲਾਭਾਂ ਤੋਂ ਕਿਤੇ ਵੱਧ ਹਨ। ਅਜਿਹਾ ਕਰਕੇ ਤੁਸੀਂ ਆਪਣੀ ਜਾਨ ਗੁਆ ਸਕਦੇ ਹੋ, ਅਪਰਾਧੀਆਂ ਦਾ ਸ਼ਿਕਾਰ ਬਣ ਸਕਦੇ ਹੋ ਜਾਂ ਕਿਸੇ ਕਾਨੂੰਨੀ ਕਾਰਵਾਈ ਵਿਚ ਫਸ ਕੇ ਆਪਣੇ ਅਤੇ ਆਪਣੇ ਪਰਿਵਾਰ ਦੇ ਭਵਿੱਖ ਨੂੰ ਨੁਕਸਾਨ ਪਹੁੰਚਾ ਸਕਦੇ ਹੋ। ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣਾ ਨਾ ਸਿਰਫ਼ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਹੈ, ਸਗੋਂ ਇਹ ਤੁਹਾਡੀ ਆਪਣੀ ਸਲਾਮਤੀ ਤੇ ਸੁਰੱਖਿਆ ਨੂੰ ਵੀ ਖ਼ਤਰੇ ਵਿਚ ਪਾਉਂਦਾ ਹੈ। ਇਸ ਲਈ ਸਜ਼ਾਵਾਂ ਬਹੁਤ ਸਖ਼ਤ ਹਨ-ਜਿਨ੍ਹਾਂ ਵਿਚ ਜੇਲ੍ਹ ਦੀ ਸਜ਼ਾ, ਆਪਣੇ ਪਰਿਵਾਰ ਤੋਂ ਅਲਹਿਦਗੀ ਅਤੇ ਅਮਰੀਕਾ ਵਿਚ ਦੁਬਾਰਾ ਕਦੇ ਵੀ ਦਾਖਲ ਹੋਣ ’ਤੇ ਸਥਾਈ ਪਾਬੰਦੀ ਆਦਿ ਸ਼ਾਮਿਲ ਹਨ। ਸਾਰਿਆਂ ਲਈ ਸਰਲ ਤੇ ਸਪੱਸ਼ਟ ਸੁਨੇਹਾ ਇਹੀ ਹੈ ਕਿ ਸਹੀ ਬਦਲ ਦੀ ਚੋਣ ਕਰਕੇ ਕਾਨੂੰਨ ਦੀ ਪਾਲਣਾ ਕਰੋ, ਆਪਣੀ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਤੇ ਭਵਿੱਖ ਨੂੰ ਜੋਖਮ ਵਿਚ ਨਾ ਪਾਓ।

# ਹਰਪ੍ਰੀਤ ਹੈਪੋ ਗਿਰੋਹ ਦੇ ਚਾਰ ਗੈਂਗਸਟਰ ਮੈਕਲੋਡਗੰਜ ਤੋਂ ਗ੍ਰਿਫ਼ਤਾਰ

**✪ ਮੁਲਾਜ਼ਮਾਂ ਦੇ ਕਬਜ਼ੇ ਵਿਚੋਂ ਮੈਗਜ਼ੀਨਾਂ ਅਤੇ 20 ਕਾਰਤੂਸਾਂ ਸਮੇਤ ਦੋ 32 ਬੋਰ ਪਿਸਤੌਲ ਬਰਾਮਦ**



ਚੰਡੀਗੜ੍ਹ-ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਹਿਮਾਚਲ ਪ੍ਰਦੇਸ਼ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਜਿਮ ਟ੍ਰੇਨਰ ਕਤਲ ਕੇਸ ਵਿੱਚ ਸ਼ਾਮਲ ਹਰਪ੍ਰੀਤ ਹੈਪੋ ਗੈਂਗ ਦੇ ਚਾਰ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਪੁਲਿਸ ਯਾਦਵ ਨੇ ਦਿੱਤੀ।

ਜਾਣਕਾਰੀ ਅਨੁਸਾਰ ਜਿਮ ਟ੍ਰੇਨਰ ਗੁਰਪ੍ਰੀਤ ਸਿੰਘ ਉਰਫ ਗੁਰੀ ਦੀ 31 ਜਨਵਰੀ, 2025 ਨੂੰ ਖਰੜ ਵਿੱਚ ਚਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਿਲੌਰ ਦੇ ਪਿੰਡ ਪਰਤਾਪੁਰਾ ਦੇ ਅੰਮ੍ਰਿਤ; ਕਪੂਰਥਲਾ ਦੇ ਪਿੰਡ ਪੰਡਵਾ ਦੇ ਵਾਸੀ ਓਂਕਾਰ ਸਿੰਘ ਗੋਲੂ ਅਤੇ ਪ੍ਰਿੰਸ ਅਤੇ ਫਗਵਾੜਾ ਦੇ ਸਤਨਾਮਪੁਰਾ ਦੇ ਗੁਰਪ੍ਰੀਤ ਸਿੰਘ ਗੁਰੀ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਮੁਲਾਜ਼ਮਾਂ ਦੇ ਕਬਜ਼ੇ ਚੋਂ ਮੈਗਜ਼ੀਨਾਂ ਅਤੇ 20 ਕਾਰਤੂਸਾਂ ਸਮੇਤ ਦੋ .32 ਬੋਰ ਪਿਸਤੌਲ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਗ੍ਰੇਅ ਮਾਰੂਤੀ ਅਰਟੀਗਾ ਕਾਰ (ਪੀਬੀ-01-ਡੀ-2996), ਜਿਸ ਵਿੱਚ ਉਹ ਜਾ ਰਹੇ ਸਨ, ਵੀ ਜ਼ਬਤ ਕਰ ਲਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਰਾਜ ਵਿੱਚ ਟਾਰਗੇਟ ਕਿਲਿੰਗ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਉਨ੍ਹਾਂ ਵਿਰੁੱਧ ਕਤਲ, ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਆਦਿ ਸਮੇਤ ਕਈ ਅਪਰਾਧਿਕ ਮਾਮਲੇ ਦਰਜ ਹਨ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਅਪ੍ਰੈਲ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ । ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ । –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਸੰਘਰਸ਼ ਭਰੇ ਹਾਲਾਤ ਹੁੰਦੇ ਹੋਏ ਵੀ ਗੁਜ਼ਾਰੇ ਲਈ ਧਨ ਦੀ ਪ੍ਰਾਪਤੀ ਹੋਵੇਗੀ। ਆਪਣੇ ਵਿਹਾਰ ਅਤੇ ਮਿਹਨਤ ਨਾਲ ਮਾਣ–ਇੱਜ਼ਤ ਵਿੱਚ ਵਾਧਾ ਹੋਵੇਗਾ। ਸੁਭਾਅ ਵਿੱਚ ਗੁੱਸਾ ਅਤੇ ਚਿੜਚਿੜਾਪਨ ਰਹੇਗਾ। ਇਸ ਮਹੀਨੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਦੇ ਬਾਵਜੂਦ ਸੁਧਾਰ ਹੋਵੇਗਾ। ਪਰਿਵਾਰ ਵਿੱਚ ਮਨ–ਮੁਟਾਵ ਦਾ ਮਾਹੌਲ ਬਣੇਗਾ। ਹਾਲਾਤਾਂ ਤੋਂ ਘਬਰਾਉ ਨਾ, ਪ੍ਰਮਾਤਮਾ 'ਤੇ ਆਪਣਾ ਵਿਸ਼ਵਾਸ ਪੱਕਾ ਰੱਖੋ, ਉਹ ਹਰ ਹਾਲਤ ਵਿੱਚ ਤੁਹਾਡੀ ਮਦਦ ਕਰੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਇਸ ਮਹੀਨੇ ਜ਼ਿਆਦਾ ਭੱਜ–ਦੌੜ ਅਤੇ ਮਿਹਨਤ ਕਰਨ ਨਾਲ ਧਨ ਪ੍ਰਾਪਤੀ ਦੇ ਸਾਧਨ ਬਣਨਗੇ। ਅਚਾਨਕ ਕਿਸੇ ਸ਼ੁੱਭ ਕੰਮ 'ਤੇ ਖਰਚ ਹੋਵੇਗਾ। ਮਾਣ–ਇੱਜ਼ਤ ਵਿੱਚ ਵਾਧਾ ਅਤੇ ਖਰਚ ਵੀ ਵਧਣਗੇ। ਕੁਝ ਰੁਕੇ ਹੋਏ ਕੰਮਾਂ ਵਿੱਚ ਰੁਕਾਵਟਾਂ ਦੇ ਰਹਿੰਦੇ ਤਰੱਕੀ ਹੋਵੇਗੀ। ਪਰ ਜਲਦੀ ਵਿੱਚ ਕੋਈ ਵੀ ਕੰਮ ਨਾ ਕਰੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਸੰਤਾਨ ਦੇ ਕੈਰੀਅਰ ਸਬੰਧੀ ਚਿੰਤਾ ਬਣੀ ਰਹੇਗੀ। ਬੱਚਿਆਂ ਨਾਲ ਗੱਲਾਂਬਾਤਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਕਾਰੋਬਾਰ ਵਿੱਚ ਸੰਘਰਸ਼ਪੂਰਨ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ। ਜ਼ਿਆਦਾ ਦੌੜ–ਭੱਜ ਕਰਨ 'ਤੇ ਵੀ ਆਮਦਨ ਨਾਲੋਂ ਖਰਚ ਜ਼ਿਆਦਾ ਹੋਵੇਗਾ। ਮਾਨਸਿਕ ਤਣਾਅ ਅਤੇ ਧਨ ਦਾ ਵਧੇਰੇ ਖਰਚ ਹੋਵੇਗਾ। ਸੰਤਾਨ ਪੱਖੋਂ ਚਿੰਤਾ ਰਹੇਗੀ, ਪਰ ਨਾਲ ਹੀ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ, ਪਰ ਜ਼ਿਆਦਾ ਮਿਹਨਤ ਕਰਨ ਦੇ ਬਾਵਜੂਦ ਲਾਭ ਘੱਟ ਹੀ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਸ ਮਹੀਨੇ ਮਿਲੇ–ਜੁਲੇ ਫਲ ਮਿਲਣਗੇ। ਹੌਸਲਾ ਅਤੇ ਆਪਣੀ ਮਿਹਨਤ ਨਾਲ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਉੱਚੇ ਅਹੁਦੇ ਵਾਲੇ ਵਿਅਕਤੀਆਂ ਨਾਲ ਸੰਪਰਕ ਕਰਨ ਨਾਲ ਮਾਨ ਇੱਜ਼ਤ ਵਿੱਚ ਵਾਧਾ, ਪਰਿਵਾਰਕ ਅਤੇ ਰਾਜਸੀ ਕੰਮਾਂ ਵਿੱਚ ਸਫਲਤਾ ਮਿਲੇਗੀ। ਹਾਲਾਤਾਂ ਵਿੱਚ ਸੁਧਾਰ ਹੋਵੇਗਾ ਅਤੇ ਸਮੇਂ ਦੀ ਸਹੀ ਵਰਤੋਂ ਕਰਨ ਨਾਲ ਮਨ ਨੂੰ ਸਕੂਨ ਵੀ ਮਿਲੇਗਾ। ਮਾਤਾ–ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਸਮੇਂ ਆਰਾਮ ਘੱਟ ਅਤੇ ਦੌੜ–ਭੱਜ ਜ਼ਿਆਦਾ ਰਹੇਗੀ। ਵਪਾਰ ਅਤੇ ਕਾਰੋਬਾਰ ਠੀਕ–ਠਾਕ ਰਹੇਗਾ, ਪਰ ਗੁਜ਼ਾਰੇ ਲਈ ਹੀ ਧਨ ਮਿਲੇਗਾ। ਭਾਈਚਾਰੇ ਦੇ ਕੰਮਾਂ ਵਿੱਚ ਲਾਭ ਘੱਟ ਹੋਵੇਗਾ। ਮਾਨਸਿਕ ਤਣਾਅ ਅਤੇ ਫਿਕਰ ਹੋਵੇਗੀ। ਸਮਾਜ ਵਿੱਚ ਇੱਜ਼ਤ–ਮਾਣ ਬਣਾਏ ਰੱਖਣ ਲਈ ਕੋਸ਼ਿਸ਼ ਕਰਨੀ ਪਵੇਗੀ। ਵਿੱਦਿਆਰਥੀਆਂ ਨੂੰ ਰੁਝੇਵਿਆਂ ਦੇ ਕਾਰਨ, ਵਿੱਦਿਆ ਵਿੱਚ ਵਿਘਨ ਅਤੇ ਆਸ ਮੁਤਾਬਕ ਫਲ ਨਹੀਂ ਮਿਲੇਗਾ। ਕਿਸੇ ਤਾਂਤਰਿਕ ਜੋਤਸ਼ੀ ਕੋਲੋਂ ਸਲਾਹ ਨਾ ਲਵੋ, ਇਨ੍ਹਾਂ ਨੂੰ ਨਾ ਮਿਲੋ ਅਤੇ ਨਾ ਹੀ ਪੈਸੇ ਦਿਉ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਇਸ ਮਹੀਨੇ ਧਨ ਦਾ ਖਰਚਾ ਜ਼ਿਆਦਾ ਹੋਵੇਗਾ। ਸੱਜਣ–ਮਿੱਤਰਾਂ ਨਾਲ ਮੇਲ ਹੋਵੇਗਾ। ਪਰ ਵਾਧੂ ਦੇ ਵਾਦ–ਵਿਵਾਦ ਤੋਂ ਬਚੋ, ਨਹੀਂ ਤਾਂ ਨੁਕਸਾਨ ਹੋਵੇਗਾ। ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ–ਨਾਲ ਧਨ ਲਾਭ ਵੀ ਵਧੇਗਾ। ਪਰ ਸਾਂਝੇਦਾਰੀ ਦੇ ਕੰਮਾਂ ਵਿੱਚ ਸਾਵਧਾਨੀ ਵਰਤੋ। ਇਸਤਰੀਆਂ ਨੂੰ ਇਸ ਸਮੇਂ ਦੌਰਾਨ ਆਪਣੀ ਸਿਹਤ ਸਬੰਧੀ ਖਾਸ ਖਿਆਲ ਰੱਖਣਾ ਚਾਹੀਦਾ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਿਹਨਤ ਅਤੇ ਦੌੜ–ਭੱਜ ਜ਼ਿਆਦਾ ਰਹੇਗੀ। ਫਿਰ ਵੀ ਗੁਜ਼ਾਰੇ ਯੋਗ ਧਨ ਲਾਭ ਨਹੀਂ ਹੋਵੇਗਾ। ਕਾਰੋਬਾਰ ਵਿੱਚ ਕਈ ਤਰ੍ਹਾਂ ਦੇ ਉਤਾਰ–ਚੜ੍ਹਾਅ ਅਤੇ ਕਈ ਪ੍ਰੇਸ਼ਾਨੀਆਂ ਰਹਿਣਗੀਆਂ। ਜਗ੍ਹਾ ਵਿੱਚ ਤਬਦੀਲੀ ਦਾ ਯੋਗ ਹੈ। ਆਰਥਿਕ ਖੇਤਰ ਵਿੱਚ ਤਰੱਕੀ ਦੇ ਯੋਗ ਹਨ। ਕਿਸੇ ਉੱਚ ਅਧਿਕਾਰੀ ਨਾਲ ਮੇਲ ਹੋਵੇਗਾ। ਮਾਨ–ਇੱਜ਼ਤ ਵਿੱਚ ਵਾਧਾ ਹੋਵੇਗਾ। ਫਜ਼ੂਲ ਦੇ ਵਾਦ–ਵਿਵਾਦ ਤੋਂ ਗੁਰੇਜ਼ ਕਰੋ। ਗੁਰੂ ਘਰ ਜਾ ਕੇ ਗੁਰਬਾਣੀ ਸਰਵਣ ਕਰੋ, ਇਸ ਨਾਲ ਆਪਣੇ ਆਪ ਨਿਜਾਤ ਮਿਲੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਸਥਾਨ ਬਦਲਾਵ, ਦੂਰ ਨੇੜੇ ਦੀ ਯਾਤਰਾ, ਕਾਰਜ ਵਪਾਰ ਵਿੱਚ ਸੰਘਰਸ਼ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਆਰਾਮ ਘੱਟ ਅਤੇ ਭੱਜ–ਦੌੜ ਜ਼ਿਆਦਾ ਰਹੇਗੀ। ਵਪਾਰਕ ਅਤੇ ਘਰੇਲੂ ਉਲਝਣਾਂ ਕਰਕੇ ਮਨ ਅਸ਼ਾਂਤ ਰਹੇਗਾ ਅਤੇ ਖਰਚ ਵੀ ਜ਼ਿਆਦਾ ਹੋਵੇਗਾ। ਦੌੜ–ਭੱਜ ਤੋਂ ਬਾਅਦ ਆਮਦਨ ਦੇ ਸਾਧਨ ਬਣਨਗੇ। ਨਵੇਂ ਮੇਲ–ਜੋਲ ਨਾਲ ਤਰੱਕੀ ਦੇ ਰਸਤੇ ਖੁੱਲਣਗੇ। ਨਸ਼ਿਆਂ ਦੇ ਕੋਹੜ ਨੂੰ ਸਮਾਜ ਤੋਂ ਦੂਰ ਕਰੋ, ਖੁਦ ਵੀ ਅਤੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਸਮੇਂ ਧਰਮ–ਕਰਮ ਵਿੱਚ ਰੁਝਾਨ ਵਧੇਗਾ। ਸਮਾਜ ਵਿੱਚ ਵਿਚਰਣ ਨਾਲ ਮਾਣ–ਇੱਜ਼ਤ ਵਧੇਗੀ। ਵਣਜ–ਵਪਾਰ/ਨੌਕਰੀ ਵਿੱਚ ਤਰੱਕੀ ਦੇ ਸਾਧਨ ਬਣਨਗੇ। ਘਰ ਦੀ ਸੁੱਖ–ਸ਼ਾਂਤੀ ਵਿੱਚ ਮਿੱਤਰ ਵਿਘਨ ਪਾਉਣਗੇ। ਥੋੜ੍ਹੀ ਜਿਹੀ ਉਤੇਜਨਾ ਨਾਲ ਵੀ ਕੰਮ ਵਿਗੜ ਸਕਦਾ ਹੈ। ਮਾਤਾ–ਪਿਤਾ ਦੀ ਸਿਹਤ ਦਾ ਖਾਸ ਖਿਆਲ ਰੱਖੋ। ਪਤਨੀ ਅਤੇ ਸੰਤਾਨ ਦੀ ਤਰਫੋਂ ਸ਼ੁੱਭ ਸਮਾਚਾਰ ਮਿਲੇਗਾ। ਮਨ ਅੰਦਰ ਸਿਰਫ ਪ੍ਰਮਾਤਮਾ ਨੂੰ ਯਾਦ ਕਰੋ, ਵਿਗੜੇ ਕੰਮ ਬਣਨੇ ਸ਼ੁਰੂ ਹੋ ਜਾਣਗੇ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਾਰੋਬਾਰ ਵਿੱਚ ਲੈਣ–ਦੇਣ ਕਰਦੇ ਹੋਏ ਧਨ ਦਾ ਨੁਕਸਾਨ ਅਤੇ ਧੋਖਾ ਮਿਲਣ ਦੇ ਯੋਗ ਹਨ। ਬਾਹਰ ਦੇ ਕੰਮਾਂ ਵਿੱਚ ਤਰੱਕੀ ਨਾ–ਬਰਾਬਰ ਹੋਵੇਗੀ। ਪਰਿਵਾਰ ਵਿੱਚ ਆਰਥਿਕ ਤੰਗੀ ਅਤੇ ਤਣਾਅ ਰਹੇਗਾ। ਅਚਾਨਕ ਖਰਚ ਵੀ ਵਧਣਗੇ। ਦੋਸਤਾਂ ਨਾਲ ਮਨ–ਮੁਟਾਵ ਅਤੇ ਭਵਿੱਖ ਵਿੱਚ ਰੁਕਾਵਟਾਂ ਹੋਣਗੀਆਂ। ਧਨ ਲਾਭ ਦੇ ਮੌਕੇ ਘੱਟ ਮਿਲਣਗੇ। ਸਿਹਤ ਦਾ ਧਿਆਨ ਰੱਖਣ ਦੀ ਲੋੜ ਹੈ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ। ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਸੰਘਰਸ਼ਮਈ ਹਾਲਾਤਾਂ ਦੇ ਬਾਵਜੂਦ ਕਾਰੋਬਾਰ ਵਿੱਚ ਧਨ ਲਾਭ ਅਤੇ ਤਰੱਕੀ ਦੇ ਯੋਗ ਹਨ। ਸਥਾਨ ਬਦਲੀ ਦਾ ਯੋਗ ਵੀ ਸੰਭਵ ਹੋ ਸਕਦਾ ਹੈ। ਇਸਤਰੀ ਅਤੇ ਸੰਤਾਨ ਸੁੱਖ ਮਿਲੇਗਾ। ਸੱਜਣਾਂ–ਮਿੱਤਰਾਂ ਨਾਲ ਮੇਲ ਹੋਵੇਗਾ। ਕਾਰੋਬਾਰੀ ਰੁਝੇਵੇਂ ਵੱਧਣਗੇ। ਘਰੇਲੂ ਸਮੱਸਿਆਵਾਂ ਕਾਰਨ ਅਚਨਚੇਤ ਖਰਚੇ ਵੱਧਣਗੇ। ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਪਣੇ ਮਾਤਾ–ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂਬਾਤਾਂ ਸਾਂਝੀਆਂ ਕਰੋ, ਮਾਨਸਿਕ ਤਾਜ਼ਗੀ ਅਨੁਭਵ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਮਹੀਨੇ ਦੇ ਪਹਿਲੇ ਹਿੱਸੇ ਵਿੱਚ ਧਨ ਦਾ ਨੁਕਸਾਨ ਅਤੇ ਕਿਸੇ ਉੱਚ ਅਹੁਦੇ ਦੇ ਬੰਦੇ ਨਾਲ ਮਨ ਮੁਟਾਵ ਰਹੇਗਾ। ਸ਼ਰੀਰਕ ਰੋਗ ਅਤੇ ਮਾਨਸਿਕ ਤਣਾਅ ਵੀ ਜ਼ਿਆਦਾ ਰਹੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਦੇ ਸੰਕੇਤ ਹਨ। ਮਹੀਨੇ ਦੇ ਅੱਧ ਤੋਂ ਹਾਲਾਤ ਵਿੱਚ ਸੁਧਾਰ ਹੋਵੇਗਾ। ਵਿਗੜੇ ਕੰਮ ਬਣਨਗੇ। ਗੁਜ਼ਾਰੇ ਲਾਇਕ ਧਨ ਲਾਭ ਹੋਵੇਗਾ। ਕਿਸੇ ਮਿੱਤਰ ਪ੍ਰੇਮੀ ਨਾਲ ਮੁਲਾਕਾਤ ਹੋਵੇਗੀ। ਆਮਦਨ ਘੱਟ ਤੇ ਖਰਚ ਜ਼ਿਆਦਾ ਹੋਵੇਗਾ। ਗੁਰੂ ਘਰ ਜਾ ਕੇ ਲੰਗਰ ਆਦਿ ਦੀ ਸੇਵਾ ਵਿੱਚ ਬਣਦਾ ਯੋਗਦਾਨ ਜਰੂਰ ਪਾਉ।

* * * * * * *


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................................................
ADDRESS..........................................................................
.............................................POST CODE..............................
TEL....................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**
*www.panjabtimes.uk Email: Panjabtimes@aol.com*


## ਪੰਜਾਬੀਆਂ ਨੂੰ ਪਨਾਮਾ ਡਿਪੋਰਟ ਕਰਨ ਤੇ ਰੋਕ

ਬੋਸਟਨ : ਟਰੰਪ ਸਰਕਾਰ ਹੁਣ ਪੰਜਾਬੀਆਂ ਨੂੰ ਪਨਾਮਾ ਜਾਂ ਕੌਸਟਾ ਰੀਕਾ ਡਿਪੋਰਟ ਨਹੀਂ ਕਰ ਸਕੇਗੀ। ਜੀ ਹਾਂ, ਬੋਸਟਨ ਦੇ ਜ਼ਿਲ੍ਹਾ ਜੱਜ ਬਰਾਇਨ ਮਰਫ਼ੀ ਵੱਲੋਂ ਪ੍ਰਵਾਸੀਆਂ ਨੂੰ ਉਨ੍ਹਾਂ ਮੁਲਕਾਂ ਵੱਲ ਡਿਪੋਰਟ ਕਰਨ ਫ਼ਰਸਤੋਤੇ ਰੋਕ ਲਾ ਦਿਤੀ ਗਈ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਵਾਹ–ਵਾਸਤਾ ਨਹੀਂ। ਸਿਰਫ ਐਨਾ ਹੀ ਨਹੀਂ ਅਦਾਲਤ ਵੱਲੋਂ ਅਮਰੀਕਾ ਵਿਚ ਗੈਰਕਾਨੂੰਨੀ ਤੌਰ ਫ਼ਰਸਤੋਤੇ ਮੌਜੂਦ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਤੋਂ ਪਹਿਲਾਂ ਆਪਣਾ ਪੱਖ ਰੱਖਣ ਦਾ ਮੌਕਾ ਦਿਤੇ ਜਾਣ ਦੇ ਹੁਕਮ ਵੀ ਜਾਰੀ ਕੀਤੇ ਗਏ ਹਨ। ਜੱਜ ਬਰਾਇਨ ਮਰਫ਼ੀ ਦਾ ਫੈਸਲਾ ਪ੍ਰਵਾਸੀਆਂ ਨਾਲ ਸਬੰਧਤ ਕਈ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਫ਼ਰਸਤੋਤੇ ਦਾਇਰ ਮੁਕੱਦਮੇ ਉਤੇ ਸੁਣਵਾਈ ਦੌਰਾਨ ਆਇਆ ਹੈ। ਪ੍ਰਵਾਸੀਆਂ ਦੇ ਵਕੀਲਾਂ ਨੇ ਦਲੀਲ ਦਿਤੀ ਕਿ ਅਣਜਾਣ ਮੁਲਕਾਂ ਵੱਲ ਭੇਜੇ ਜਾਣ ਫ਼ਰਸਤੋਤੇ ਜਾਨ ਦਾ ਖਤਰਾ ਪੈਦਾ ਹੋ ਜਾਂਦਾ ਹੈ ਅਤੇ ਆਪਣੇ ਜੱਦੀ ਮੁਲਕਾਂ ਵੱਲ ਵਾਪਸੀ ਕਰਨੀ ਬੇਹੱਦ ਮੁਸ਼ਕਲ ਹੋ ਜਾਂਦੀ ਹੈ।

# ਕਿਸਾਨੀ ਧਰਨੇ 'ਤੇ ਸੂਬਾ ਸਰਕਾਰ ਦੀ ਵੱਡੀ ਕਾਰਵਾਈ ਅਤੇ ਭਵਿੱਖ ਦੀਆਂ ਚਣੌਤੀਆਂ

**ਬਘੇਲ ਸਿੰਘ ਧਾਲੀਵਾਲ**
99142-58142







ਬੀਤੇ ਦਿਨੀਂ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਪਿਛਲੇ 13 ਮਹੀਨਿਆਂ ਤੋਂ ਐਮ ਐਸ ਪੀ ਸਮੇਤ ਕੁੱਝ ਹੋਰ ਮੰਗਾਂ ਲਈ ਕੇਂਦਰ ਦੀ ਸਰਕਾਰ ਖਿਲਾਫ ਲੱਗੇ ਧਰਨੇ ਨੂੰ ਪੰਜਾਬ ਸਰਕਾਰ ਦੇ ਸਖਤ ਹੁਕਮਾਂ ਤੇ ਪੰਜਾਬ ਪੁਲਿਸ ਵੱਲੋਂ ਹਟਾ ਦਿੱਤਾ ਗਿਆ ਹੈ। ਇਹ ਧਰਨਾ ਚੁਕਵਾਉਣ ਲਈ ਪੰਜਾਬ ਪੁਲਿਸ ਵੱਲੋਂ ਜਿਸਤਰ੍ਹਾਂ ਦੀ ਪਹੁੰਚ ਅਪਨਾਈ ਗਈ, ਉਹਦੇ ਤੇ ਵੀ ਰਲਵੇਂ ਮਿਲਵੇਂ ਪ੍ਰਤੀਕਰਮ ਸੁਨਣ ਨੂੰ ਮਿਲ ਰਹੇ ਹਨ, ਪਰ ਜਿਸਤਰ੍ਹਾਂ ਕਿਸਾਨਾਂ ਨੂੰ ਖਦੇੜਨ ਸਮੇਂ ਉਹਨਾਂ ਨੂੰ ਸਮਾਨ ਸਾਂਭਣ ਦਾ ਵੀ ਸਮਾਂ ਨਹੀਂ ਦਿੱਤਾ ਗਿਆ, ਬਲਕਿ ਕਿਸਾਨਾਂ ਦੇ ਸਮਾਨ ਨੂੰ ਇਸਤਰ੍ਹਾਂ ਲੁੱਟਿਆ ਪੁੱਟਿਆ ਗਿਆ, ਜਿਵੇਂ ਪੁਰਾਤਨ ਇਤਿਹਾਸ ਵਿੱਚ ਰਾਜੇ ਆਪਣੇ ਵਿਰੋਧੀਆਂ ਤੇ ਹਮਲਾ ਕਰਨ ਤੋ ਬਾਅਦ ਵਿਰੋਧੀ ਰਾਜੇ ਦੀ ਪਰਜਾ ਨੂੰ ਲੁੱਟ ਪੁੱਟ ਲਿਆ ਕਰਦੇ ਸਨ। ਭਾਵੇਂ ਇਹ ਹੁਕਮ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਸੂਬਾ ਸਰਕਾਰ ਨੇ ਪੁਲਿਸ ਨੂੰ ਦਿੱਤੇ ਹਨ, ਪਰੰਤੂ ਇਹ ਵਰਤਾਰਾ ਪੰਜਾਬ ਪੁਲਿਸ ਦੇ ਪਹਿਲਾਂ ਤੋਂ ਹੀ ਬਣੇ ਲੋਕ ਵਿਰੋਧੀ ਅਕਸ ਨੂੰ ਹੋਰ ਉੱਘੜਵੇਂ ਰੂਪ ਵਿੱਚ ਪੇਸ਼ ਕਰਨ ਵਾਲਾ ਹੈ।

ਕਿਸਾਨਾਂ ਦੇ ਖਾਣ ਪੀਣ ਦਾ ਸਮਾਨ, ਕੱਪੜਾ ਲੱਤਾ, ਬਿਜਲੀ ਦਾ ਸਮਾਨ ਜਿਸ ਵਿੱਚ ਪੱਖੇ, ਕੂਲਰ, ਵਾਸ਼ਿੰਗ ਮਸ਼ੀਨਾਂ, ਅਤੇ ਏ ਸੀ ਆਦਿ ਸ਼ਾਮਿਲ ਹਨ, ਸਭ ਚੁੱਕ ਲਏ ਗਏ ਹਨ। ਚਸ਼ਮਦੀਦ ਪੱਤਰਕਾਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਕਿਸਾਨਾਂ ਦੇ ਸਮਾਨ ਨੂੰ ਮੂੰਹ ਢਕੇ ਵਾਲੇ ਵਿਅਕਤੀਆਂ ਵੱਲੋਂ ਚੁੱਕਿਆ ਗਿਆ। ਇੱਕ ਗੈਸ ਸਿਲੰਡਰ ਚੁੱਕਦੇ ਪੁਲਿਸ ਮੁਲਾਜ਼ਮ ਬਾਰੇ ਵੀ ਉਹਨਾਂ ਪੱਤਰਕਾਰਾਂ ਵੱਲੋਂ ਦੱਸਿਆ ਗਿਆ ਹੈ ਕਿ ਪੁਲਿਸ ਮੁਲਾਜ਼ਮ ਨੇ ਸਿਲੰਡਰ ਨੂੰ ਕੱਪੜੇ ਨਾਲ ਢੱਕਦਿਆਂ ਚੁੱਕਣ ਸਮੇਂ ਕਿਹਾ ਕਿ ਚਲੋ ਥਾਣੇ ਵਿੱਚ ਕੰਮ ਆਵੇਗਾ।

ਦੱਸਿਆ ਜਾ ਰਿਹਾ ਸੀ ਕਿ ਮੂੰਹ ਢਕੇ ਵਾਲੇ ਕੁੱਝ ਵਿਅਕਤੀ ਟਰਾਲੀਆਂ ਵੀ ਉੱਥੋ ਖਿੱਚ ਕੇ ਲਿਜਾ ਰਹੇ ਸਨ, ਜਿੰਨਾਂ ਵਿਚੋਂ ਕੁੱਝ ਟਰਾਲੀਆਂ ਖੇਤਾਂ ਵਿੱਚ, ਕੁੱਝ ਖਤਾਨਾਂ ਵਿੱਚ ਸੁਟ ਦਿੱਤੀਆਂ ਗਈਆਂ ਅਤੇ ਕਿਸਾਨਾਂ ਦੇ ਤੰਬੂਆਂ ਨੂੰ ਸਮੇਤ ਸਮਾਨ ਜੇ ਬੀ ਸੀ ਮਸ਼ੀਨਾਂ ਲਾ ਕੇ ਨਸ਼ਟ ਕੀਤਾ ਗਿਆ।

ਅਜਾਦੀ ਤੋਂ ਬਾਅਦ ਪੰਜਾਬ ਅੰਦਰ ਬਨਣ ਵਾਲੀਆਂ ਸਰਕਾਰਾਂ ਪੰਜਾਬ ਪੱਖੀ ਭੂਮਿਕਾ ਨਹੀਂ ਨਿਭਾਅ ਸਕੀਆਂ, ਬਲਕਿ ਉਹਨਾਂ ਨੇ ਆਪਣੇ ਪਰਿਵਾਰਾਂ ਦੇ ਹਿਤ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਕੇਂਦਰ ਦਾ ਹਰ ਉਹ ਹੁਕਮ ਸਿਰ ਮੱਥੇ ਪਰਵਾਂਨ ਕੀਤਾ, ਜਿਹੜਾ ਪੰਜਾਬ ਦੀ ਬਰਬਾਦੀ ਲਈ ਸਮੇਂ ਸਮੇਂ ਕੇਂਦਰ ਵੱਲੋਂ ਜਾਰੀ ਕੀਤਾ ਜਾਂਦਾ ਰਿਹਾ, ਭਾਵੇਂ ਉਹ ਬਿਜਲੀ, ਪਾਣੀਆਂ, ਡੈਮਾਂ ਦੇ ਪ੍ਰਬੰਧ ਨੂੰ ਛੱਡਣ ਦੇ ਹੁਕਮ ਹੋਣ ਜਾ ਸਿੱਖੀ ਸਿਧਾਂਤਾਂ ਨਾਲ ਛੇੜ ਛਾੜ ਦੇ ਉਹਨਾਂ ਸਭਨਾਂ ਲਈ ਕਾਂਗਰਸੀ ਅਤੇ ਅਕਾਲੀ ਦਲ ਦੇ ਤਤਕਾਲੀ ਆਗੂ ਪੂਰੀ ਤਰਾਂ ਜ਼ਿੰਮੇਵਾਰ ਰਹੇ ਹਨ, ਜਿਹੜੇ ਪੰਜਾਬ ਦੇ ਸ਼ਾਸਕ ਹੁੰਦਿਆਂ ਕੇਂਦਰ ਨਾਲ ਸੌਦੇਬਾਜੀਆਂ ਵਿੱਚ ਪੰਜਾਬ ਦੇ ਹਿਤਾਂ ਨੂੰ ਅਸਲੋਂ ਹੀ ਕੌਡੀਆਂ ਦੇ ਭਾਅ ਵੇਚ ਵੱਟ ਕੇ ਡਕਾਰ ਮਾਰਦੇ ਰਹੇ ਹਨ।

ਸੋ ਇਹ ਕੁਰੱਖਤ ਵਰਤਾਰਾ ਆਉਣ ਵਾਲੇ ਬੇਹੱਦ ਖਤਰਨਾਕ ਸਮੇਂ ਵੱਲ ਇਸ਼ਾਰਾ ਕਰਦਾ ਹੈ। ਪੰਜ ਸੱਤ ਸੌ ਕਿਸਾਨਾਂ ਨੂੰ ਖਦੇੜਨ ਖਾਤਰ ਤਿੰਨ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ, ਤਾਂ ਕਿ ਇਸ ਕਾਰਵਾਈ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਏਥੇ ਸੋਚਣ ਸਮਝਣ ਵਾਲੀ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਪੁਰ ਅਮਨ ਕੇਂਦਰ ਸਰਕਾਰ ਦੇ ਖਿਲਾਫ ਪੱਕਾ ਧਰਨਾ ਲਾਈ ਬੈਠੇ ਕਿਸਾਨਾਂ ਤੋ ਇੱਕਦਮ ਪੰਜਾਬ ਸਰਕਾਰ ਨੂੰ ਕੀ ਪਰੇਸ਼ਾਨੀ ਹੋ ਗਈ ਕਿ ਕਿਸਾਨਾਂ ਨੂੰ ਬਗੈਰ ਸੂਚਿਤ ਕੀਤਿਆਂ ਹੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਭਾਵੇਂ ਕਿ ਪੁਲਿਸ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਕਿਸਾਨ ਨਾਲ ਕੋਈ ਵਧੀਕੀ ਨਹੀ ਕੀਤੀ ਗਈ ਨਾ ਹੀ ਕਿਸਾਨਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ ਗਈ ਹੈ, ਬਲਕਿ ਉਹਨਾਂ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਸੁਰਖਿਆ ਥਾਵਾਂ ਤੇ ਪਹੁੰਚਾ ਦਿੱਤਾ ਗਿਆ ਹੈ, ਜਦੋਂਕਿ ਦੂਜੇ ਪਾਸੇ ਓਥੇ ਮੌਕੇ ਤੇ ਮੌਜੂਦ ਪੱਤਰਕਾਰਾਂ ਨੇ ਉਪਰੋਕਤ ਮੰਜਰ ਨੂੰ ਕਬਰ ਕਰਦਿਆਂ ਮੌਕੇ ਦੀਆਂ ਉਹ ਤਸਵੀਰਾਂ ਜਾਰੀ ਕੀਤੀਆਂ ਹਨ, ਜਿੰਨਾਂ ਵਿੱਚ ਬਜ਼ੁਰਗ ਕਿਸਾਨਾਂ ਨੂੰ ਸਿਰਾਂ ਉੱਪਰ ਕੱਪੜਿਆਂ ਦੀਆਂ ਗੰਢੜੀਆਂ ਚੁੱਕੀ ਅੱਧੀ ਰਾਤ ਦੇ ਹਨੇਰਿਆਂ ਵਿੱਚ ਪੈਦਲ ਠੇਬਡੇ ਖਾਂਦਿਆਂ ਦੇਖਿਆ ਜਾ ਸਕਦਾ ਹੈ। ਕੀ ਕਿਸਾਨਾਂ ਵਿਰੁੱਧ ਇਸਤਰਾਂ ਦਾ ਵਰਤਾਰਾ ਪੰਜਾਬ ਸਰਕਾਰ ਦੀ ਸਾਖ ਨੂੰ ਹਾਸ਼ੀਏ ਤੇ ਧੱਕਣ ਲਈ ਜ਼ਿੰਮੇਵਾਰ ਨਹੀ ਬਣੇਗਾ ? ਇਹ ਸਵਾਲ ਅੱਜ ਹਰ ਸੂਝਵਾਨ ਪੰਜਾਬੀ ਦੀ ਜ਼ਬਾਨ ਤੇ ਹੋਵੇਗਾ।

ਇਹ ਵੀ ਸੱਚ ਹੈ ਕਿ ਅਮ ਆਦਮੀ ਪਾਰਟੀ ਦੀ ਮੌਜੂਦਾ ਸੂਬਾ ਸਰਕਾਰ ਤੋ ਪਹਿਲਾਂ ਹੀ ਪੰਜਾਬ ਦਾ ਹਰ ਵਰਗ ਬੁਰੀ ਤਰ੍ਹਾਂ ਖ਼ਫ਼ਾ ਹੈ। ਕੀ ਸੂਬਾ ਸਰਕਾਰ ਇਸ ਗੱਲ ਤੋਂ ਅਣਜਾਣ ਹੈ ਕਿ ਇਸ ਕਾਰਵਾਈ ਨਾਲ ਸਰਕਾਰ ਨੂੰ ਕਿਸਾਨਾਂ ਦੇ ਹੋਰ ਪਰਚੰਡ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ ਜ਼ਾਂ ਫਿਰ ਸਰਕਾਰ ਐਨੇ ਹੰਕਾਰ ਵਿੱਚ ਆ ਗਈ ਹੈ ਕਿ ਉਹ ਹੁਣ ਪੰਜਾਬ ਦੀ ਧਰਤੀ ਤੇ ਕਿਸਾਨੀ ਅੰਦੋਲਨ ਨੂੰ ਕਿਸੇ ਵੀ ਤਰਾਂ ਕਾਮਯਾਬ ਹੀ ਨਹੀਂ ਹੋਣ ਦੇਵੇਗੀ, ਬਲਕਿ ਕਿਸਾਨਾਂ ਨੂੰ ਸਿਰ ਹੀ ਚੁੱਕਣ ਨਹੀ ਦੇਵੇਗੀ ਭਾਵ ਕਿ ਸ਼ੁਰੂਆਤੀ ਦੌਰ ਵਿੱਚ ਹੀ ਕੁਚਲਣ ਦਾ ਮਨ ਬਣਾ ਬੈਠੀ ਹੈ, ਜਿਹੜਾ ਸ਼ਾਇਦ ਸੰਭਵ ਨਹੀ ਹੋ ਸਕੇਗਾ। ਜੇਕਰ ਸਰਕਾਰ ਉਪਰੋਕਤ ਬਾਰੇ ਸਪੱਸ਼ਟ ਹੈ ਤਾਂ ਵੀ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਲਈ ਕੰਡਿਆਲੇ ਰਾਹਾਂ ਤੇ ਨੰਗੇ ਪੈਰੀਂ ਚੱਲਣ ਵਰਗਾ ਹੋਵੇਗਾ।

2027 ਦਾ ਵਰ੍ਹਾ ਛੜੱਪੇ ਮਾਰਦਾ ਨੇੜੇ ਆਉਂਦਾ ਪ੍ਰਤੀਤ ਹੋ ਰਿਹਾ ਹੈ, ਪਰ ਅਜਿਹੇ ਸਮੇਂ ਸਰਕਾਰ ਦਾ ਕਿਸਾਨਾਂ ਨਾਲ ਵੈਰ ਆਮ ਆਦਮੀ ਪਾਰਟੀ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਜੋਖਮ ਭਰਿਆ ਕਾਰਜ ਹੈ। ਪਹਿਲਾਂ ਹੀ ਦਿੱਲੀ ਵਿੱਚੋਂ ਸੱਤਾ ਗੁਆ ਚੁੱਕੀ ਆਮ ਆਦਮੀ ਪਾਰਟੀ ਕੋਲ ਲੈ ਦੇ ਕੇ ਪੰਜਾਬ ਦੀ ਸੱਤਾ ਤੋ ਬਗੈਰ ਹੋਰ ਕੁੱਝ ਵੀ ਨਹੀਂ ਹੈ। ਬਾਕੀ ਮੁਲਕ ਵਿੱਚ ਪਹਿਲਾਂ ਹੀ ਇਸ ਪਾਰਟੀ ਦਾ ਕੋਈ ਅਧਾਰ ਨਹੀ ਸੀ।

ਇਹ ਵੀ ਸੱਚ ਹੀ ਕਿ ਆਮ ਆਦਮੀ ਪਾਰਟੀ ਦੀ ਹੋਂਦ ਪੰਜਾਬ ਕਰਕੇ ਹੀ ਹੈ, ਜੇਕਰ ਪੰਜਾਬ ਵੀ ਹੱਥੋਂ ਨਿਕਲ ਜਾਂਦਾ ਹੈ ਤਾਂ ਇਹ ਪਾਰਟੀ ਦਾ ਬਚਪਣ ਵਿੱਚ ਹੀ ਪਤਨ ਹੋਣਾ ਤਹਿ ਹੈ, ਜਿਸਨੂੰ ਕੋਈ ਰੋਕ ਨਹੀਂ ਸਕੇਗਾ। ਅਜਿਹੇ ਨਾਜ਼ਕ ਦੌਰ ਵਿੱਚ ਪੰਜਾਬ ਦੇ ਪਰਮੁੱਖ ਵਰਗ ਕਿਸਾਨਾਂ ਅਤੇ ਮਜਦੂਰਾਂ ਦੀ ਬਗੈਰ ਮਤਲਬ ਤੋਂ ਨਰਾਜਗੀ ਗਲ੍ਹ ਪਾਉਣੀ ਚੰਗੇ ਸ਼ਾਸਕ ਦੀ ਨਿਸ਼ਾਨੀ ਨਹੀ ਹੈ, ਬਲਕਿ ਇਹ ਕਾਰਵਾਈ ਭਗਵੰਤ ਮਾਨ ਸਰਕਾਰ ਦੇ ਅਨਾੜੀਪੁਣੇ ਨੂੰ ਹੋਰ ਸਪੱਸ਼ਟ ਰੂਪ ਪਰਦਾਨ ਕਰਦੀ ਹੈ।

ਇਸ ਵਰਤਾਰੇ ਤੋ ਇੰਜ ਜਾਪਦਾ ਹੈ ਜਿਵੇਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਅਜਿਹੀ ਪਹਿਲੀ ਸਰਕਾਰ ਬਣਨ ਦਾ ਰਿਕਾਰਡ ਆਪਣੇ ਨਾਮ ਕਰਨ ਲਈ ਕੰਮ ਕਰ ਰਹੀ ਹੈ, ਜਿਹੜਾ ਪਿਛਲੇ 77 ਸਾਲਾਂ ਵਿੱਚ ਕੋਈ ਹੋਰ ਪੰਜਾਬ ਦੀ ਸਰਕਾਰ ਨਹੀ ਕਰ ਸਕੀ।

ਇਹ ਵੀ ਸੱਚ ਹੈ ਕਿ ਅਜਾਦੀ ਤੋਂ ਬਾਅਦ ਪੰਜਾਬ ਅੰਦਰ ਬਨਣ ਵਾਲੀਆਂ ਸਰਕਾਰਾਂ ਪੰਜਾਬ ਪੱਖੀ ਭੂਮਿਕਾ ਨਹੀਂ ਨਿਭਾਅ ਸਕੀਆਂ, ਬਲਕਿ ਉਹਨਾਂ ਨੇ ਆਪਣੇ ਪਰਿਵਾਰਾਂ ਦੇ ਹਿਤ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਕੇਂਦਰ ਦਾ ਹਰ ਉਹ ਹੁਕਮ ਸਿਰ ਮੱਥੇ ਪਰਵਾਂਨ ਕੀਤਾ, ਜਿਹੜਾ ਪੰਜਾਬ ਦੀ ਬਰਬਾਦੀ ਲਈ ਸਮੇਂ ਸਮੇਂ ਕੇਂਦਰ ਵੱਲੋਂ ਜਾਰੀ ਕੀਤਾ ਜਾਂਦਾ ਰਿਹਾ, ਭਾਵੇਂ ਉਹ ਬਿਜਲੀ, ਪਾਣੀਆਂ, ਡੈਮਾਂ ਦੇ ਪ੍ਰਬੰਧ ਨੂੰ ਛੱਡਣ ਦੇ ਹੁਕਮ ਹੋਣ ਜਾ ਸਿੱਖੀ ਸਿਧਾਂਤਾਂ ਨਾਲ ਛੇੜ ਛਾੜ ਦੇ ਉਹਨਾਂ ਸਭਨਾਂ ਲਈ ਕਾਂਗਰਸੀ ਅਤੇ ਅਕਾਲੀ ਦਲ ਦੇ ਤਤਕਾਲੀ ਆਗੂ ਪੂਰੀ ਤਰਾਂ ਜ਼ਿੰਮੇਵਾਰ ਰਹੇ ਹਨ, ਜਿਹੜੇ ਪੰਜਾਬ ਦੇ ਸ਼ਾਸਕ ਹੁੰਦਿਆਂ ਕੇਂਦਰ ਨਾਲ ਸੌਦੇਬਾਜੀਆਂ ਵਿੱਚ ਪੰਜਾਬ ਦੇ ਹਿਤਾਂ ਨੂੰ ਅਸਲੋਂ ਹੀ ਕੌਡੀਆਂ ਦੇ ਭਾਅ ਵੇਚ ਵੱਟ ਕੇ ਡਕਾਰ ਮਾਰਦੇ ਰਹੇ ਹਨ।

ਇਹ ਵੀ ਸੱਚ ਹੋਵੇਗਾ ਕਿ ਮੌਜੂਦਾ ਸਰਕਾਰ ਉਪਰੋਕਤ ਸਾਰੀਆਂ ਹੀ ਸੂਬਾ ਸਰਕਾਰਾਂ ਦੇ ਘਿਨਾਉਣੇ ਕਾਰਨਾਮਿਆਂ ਨੂੰ ਬੌਨਿਆਂ ਕਰਨ ਲਈ ਕਾਹਲ ਨਾਲ ਅੱਗੇ ਵਧਦੀ ਦਿਖਾਈ ਦਿੰਦੀ ਹੈ। ਲੰਮਾ ਸਮਾਂ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਬੁਰੇ ਕਾਰਜ-ਕਾਲ ਨੂੰ ਬੇਹੱਦ ਨਖਿੱਧ ਸਮੇਂ ਦੇ ਤੌਰ ਤੇ ਯਾਦ ਰੱਖਣਗੇ।



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਜੇ ਬੰਦੇ ਦੀ ਸੁਰਤਿ (ਪ੍ਰਭੂ ਵਿਚ ਪੂਰਨ ਧਿਆਨ) ਹੋਵੇ ਤਾਂ ਪ੍ਰਭੂ ਦੇ ਦਰਬਾਰ ਵਿਚ ਆਦਰ ਮਿਲਦਾ ਹੈ, ਗੁਰੂ ਦੇ ਬਚਨਾਂ ਦੁਆਰਾ ਉਹ ਸੰਸਾਰਕ ਡਰ ਮੁਕਾ ਲੈਂਦਾ ਹੈ ਅਤੇ ਸਦਾ-ਥਿਰ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਉਸ ਨੂੰ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ। "ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥4॥10॥ ਅੰਗ 18"। ਗੁਰੂ ਦੇ ਬਚਨ ਸੁਣ ਕੇ ਕੰਨ ਰੱਜ ਜਾਂਦੇ ਹਨ; ਭਾਵ ਕੰਨਾਂ ਨੂੰ ਆਪਣੀ ਉਸਤਤਿ ਤੇ ਦੂਸਰਿਆਂ ਦੀ ਨਿੰਦਿਆ ਚੁਗਲੀ ਸੁਣਨ ਦੀ ਆਦਤ ਹਟ ਜਾਂਦੀ ਹੈ। "ਸੁਨਿ ਕਰਿ ਬਚਨ ਕਰਨ ਆਘਾਨੇ ॥ ਅੰਗ 286"। ਸਤਿਗੁਰੂ ਜੀ ਤੁਹਾਡੇ ਬਚਨਾਂ ਨੇ ਗੁਣਹੀਨਾਂ ਨੂੰ ਵੀ ਤਾਰ ਦਿੱਤਾ! "ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥1॥ ਰਹਾਉ ॥ ਅੰਗ 406"। ਇਸ ਕਰਕੇ ਸਤਿਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ ਕਿ ਜੇ ਕੋਈ ਮੈਨੂੰ ਗੁਰੂ ਦੇ ਬਚਨ ਸੁਣਾਵੇ, ਮੈਂ ਆਪਣਾ ਮਨ ਤੇ ਤਨ ਕੱਟ ਕੇ ਉਸ ਦੇ ਹਵਾਲੇ ਕਰ ਦਿਆਂਗਾ। "ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥ ਅੰਗ 572"। ਸਤਿਗੁਰੂ ਦੀ ਬਾਣੀ ਆਤਮਿਕ ਜੀਵਨ ਦੇਣ ਵਾਲ਼ੇ ਬਚਨ ਹਨ, ਜੇਹੜਾ ਮਨੁੱਖ ਇਹ ਬਾਣੀ ਉਚਾਰਦਾ ਹੈ, ਉਹ ਮਨੁੱਖ ਆਪਣੇ ਮੂੰਹ ਵਿਚ ਅੰਮ੍ਰਿਤ ਨਾਮ ਰੂਪੀ ਜਲ ਪਾਉਂਦਾ ਹੈ। "ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥2॥ ਅੰਗ 494"। ਗੁਰੂ ਦਾ ਬਚਨ (ਪ੍ਰਭੂ ਦਾ ਨਾਮ) ਮੇਰੀ ਜਿੰਦ ਦੇ ਨਾ਼ਲ ਵਸਦਾ ਹੈ। ਇਹ ਪਾਣੀ ਵਿਚ ਡੁੱਬਦਾ ਨਹੀਂ, ਇਸ ਨੂੰ ਚੋਰ ਚੁਰਾ ਨਹੀਂ ਸਕਦਾ ਤੇ ਇਸ ਨੂੰ ਅੱਗ ਸਾੜ ਨਹੀਂ ਸਕਦੀ ।1।ਰਹਾਉ। "ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥1॥ ਰਹਾਉ ॥ ਅੰਗ 679"। ਸੰਤ (ਗੁਰੂ) ਦੇ ਬਚਨ ਮੇਰੇ ਮਨ 'ਚ ਮੰਤ੍ਰ ਹਨ। "ਸੰਤ ਬਚਨ ਮੇਰੇ ਮਨਹਿ ਮੰਤ ॥ ਅੰਗ 987"। ਗੁਰੂ ਦੇ ਬਚਨ ਸੁਣ ਕੇ ਮੇਰੇ ਮਨ ਵਿਚ (ਬਿਰਹੋਂ ਦੇ) ਤੀਰ ਖੁੱਭ ਗਏ ਹਨ, ਮੇਰੇ ਅੰਦਰ ਪ੍ਰਭੂ ਦੇ ਦਰਸ਼ਨ ਦੀ ਤਾਂਘ ਪੈਦਾ ਹੋ ਗਈ ਹੈ। ਮੇਰੇ ਮਨ ਦੀ ਹਾਲਤ ਨੂੰ ਮੇਰਾ ਮਨ ਹੀ ਜਾਣਦਾ ਹੈ, ਕੋਈ ਹੋਰ ਪਰਾਈ ਪੀੜ ਨੂੰ ਕੀ ਜਾਣਦਾ ਹੈ? "ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥1॥ ਅੰਗ 835"। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰੋ, ਗੁਰੂ ਦਾ ਬਚਨ ਹਿਰਦੇ 'ਚ ਸੰਭਾਲ ਕੇ ਰੱਖੋ ਤੇ ਸੰਗਤਿ ਨਾ਼ਲ ਪ੍ਰੇਮ ਕਰੋ। "ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ ॥ ਅੰਗ 1014"। ਸਾਧ ਸੰਗਤ ਵੀ ਅਟੱਲ ਹੈ ਤੇ ਸਾਧ (ਗੁਰੂ) ਦਾ ਬਚਨ ਵੀ ਅਟੱਲ ਹੈ; ਭਾਵ ਗੁਰੂ ਦਾ ਬਚਨ ਸਦੀਵੀ ਸੱਚ ਹੁੰਦਾ ਹੈ। "ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥ ਅੰਗ 1101"। ਇਸ ਕਰਕੇ ਜਿਹੜਾ ਬਚਨ ਪੂਰੇ ਗੁਰੂ ਨੇ ਕਿਹਾ ਮੈਂ ਉਹ ਘੁੱਟ ਕੇ ਅਪਣੇ ਪੱਲੇ ਬੰਨ ਲਿਆ ਹੈ। "ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥1॥ ਰਹਾਉ ॥ ਅੰਗ 1204"। ਤੇ ਮੈਂ ਵੀ ਪ੍ਰਭੂ ਕਿਰਪਾ ਨਾ਼ਲ ਗੁਰੂ ਦੇ ਬਚਨ ਨੂੰ ਕਮਾ ਕੇ ਅਟੱਲ ਹੋ ਗਿਆ, ਫੇਰ ਮੇਰੀ ਨੱਠ ਭੱਜ ਮੁੱਕ ਗਈ। "ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ ॥ ਅੰਗ 1214"। ਜੇ ਗੁਰੂ ਦੇ ਬਚਨ ਹਿਰਦੇ 'ਚ ਧਾਰਨ ਕਰੋ ਤੇ ਪੰਜ ਵਿਕਾਰਾਂ ਨੂੰ ਕਾਬੂ ਕਰੋ ਤਾਂ ਆਪਣਾ ਤੇ ਆਪਣੀ ਕੁੱਲ ਦਾ ਉਧਾਰ ਕਰ ਲਓਗੇ ਤੇ ਪ੍ਰਭੂ ਦੇ ਦੁਆਰ ਤੇ ਮਾਨਤਾ ਪ੍ਰਾਪਤ ਕਰੋਗੇ। "ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥ ਅੰਗ 1400"।

ਸਤਿਗੁਰ ਨਾਨਕ ਦੇਵ ਜੀ ਸੁਮਤਿ ਬਖਸ਼ਦੇ ਹਨ ਕਿ ਗੁਰੂ ਦੇ ਬਚਨਾਂ ਉੱਤੇ ਤੁਰ ਕੇ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ; ਹੋਰ ਕੋਈ ਹੀਲਾ ਨਹੀਂ ਸੁੱਝਦਾ। "ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥4॥3॥21॥ ਅੰਗ 1186"। ਸਤਿਗੁਰੂ ਰਾਮ ਦਾਸ ਜੀ ਇਸ ਗੱਲ ਤੇ ਮੋਹਰ ਲਾਉਂਦੇ ਕਹਿੰਦੇ ਹਨ ਕਿ ਜਿਹੜਾ ਆਦਮੀ ਗੁਰੂ ਦੇ ਬਚਨ ਕੰਨਾਂ ਨਾ਼ਲ ਸੁਣ ਕੇ ਧਿਆਉਂਦਾ ਹੈ ਉਹ ਡਰਾਉਣੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। "ਗੁਰ ਕੇ ਬਚਨ ਕਰਨ ਸੁਨਿ ਧਿਆਵੈ ਭਵ ਸਾਗਰੁ ਪਾਰਿ ਪਰੈ ॥1॥ ਰਹਾਉ ॥ ਅੰਗ 1263"। ਹੇ ਮੇਰੇ ਮਨ! ਗੁਰੂ ਗੁਰੂ ਜਪ, ਸ਼ਿਵ ਜੀ, ਉਸ ਦੇ ਗਣ, ਸਿੱਧ, ਸਾਧਿਕ, ਦੇਵ, ਦੈਂਤ ਤੇ ਤੇਤੀ ਕਰੋੜ ਦੇਵਤੇ, ਉਸ (ਗੁਰੂ) ਦੀ ਸੇਵਾ ਕਰ ਕੇ ਤੇ ਗੁਰੂ ਦੇ ਬਚਨ ਕੰਨੀਂ ਸੁਣ ਕੇ ਤਰ ਗਏ ਹਨ। "ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨ ਰੇ ॥ ਜਾ ਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ ਗਣ ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ ॥ ਅੰਗ 1401"। ਇਸ ਕਰਕੇ ਗੁਰੂ ਦਾ ਬਚਨ (ਮੰਤ੍ਰ) ਜਪ; ਇਹੀ ਸ੍ਰੇਸ਼ਟ ਤੇ ਅਸਲੀ ਭਗਤੀ ਹੈ। "ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥ ਅੰਗ 895"। ਜਿਸ ਦਾ ਮਨ ਗੁਰੂ ਦੇ ਬਚਨਾਂ ਨਾ਼ਲ ਮੰਨ ਜਾਂਦਾ ਹੈ, ਉਹ ਪਿਆਰੀ ਜੀਵ ਇਸਤ੍ਰੀ ਅਡੋਲ ਅਵਸਥਾ ਵਿਚ ਸੁਖ ਮਾਣਦੀ ਹੈ। "ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ॥ ਅੰਗ 1254"। ਗੁਰੂ ਦੇ ਬਚਨਾਂ ਦੀ ਰਾਹੀਂ ਹਿਰਦੇ ਵਿਚ (ਅਜਿਹੀ) ਕੋਮਲਤਾ ਪੈਦਾ ਹੁੰਦੀ ਹੈ ਕਿ ਬਲੀ ਵਿਕਾਰਾਂ ਨੂੰ ਵੱਸ ਵਿਚ ਕਰ ਕੇ ਪਰਮਾਤਮਾ ਦਾ ਨਾਮ-ਰਸ ਪੀਤਾ ਜਾ ਸਕਦਾ ਹੈ। "ਮੈਨ ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ ॥3॥ ਅੰਗ 1324"। ਸਤਿਗੁਰ ਦਾ ਬਚਨ ਸੁੰਦਰ ਹੈ, ਗੁਰੂ ਦੇ ਬਚਨ ਰਾਹੀਂ ਹੀ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋਵੇਗੀ। "ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ ਅੰਗ 1311"। ਜਿਹੜੇ ਗੁਰੂ ਦੇ ਬਚਨਾਂ ਨੂੰ ਸਤਿ ਸਤਿ ਕਰਕੇ ਜਾਣਦੇ ਹਨ, ਉਹ ਮੇਰੇ ਮਾਲਕ ਪ੍ਰਭੂ ਨੂੰ ਬਹੁਤ ਪਿਆਰੇ ਲੱਗਦੇ ਹਨ। "ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥6॥ ਅੰਗ 982"। ਇਸਦੇ ਉਲਟ ਅਗਰ ਕਿਸੇ ਦੇ ਮਨ ਨੂੰ ਸਤਿਗੁਰੂ ਦੇ ਬਚਨ ਨਹੀਂ ਭਾਉਂਦੇ ਤਾਂ ਉਹਦੇ ਸਾਰੇ ਕੀਤੇ ਹੋਏ ਸੁੰਦਰ ਸ਼ਿੰਗਾਰ ਵਿਅਰਥ ਹਨ। "ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ॥3॥ ਅੰਗ 983"। ਅਸਲ ਸ਼ਿੰਗਾਰ ਗੁਰੂ ਦੇ ਬਚਨ ਨਾ਼ਲ ਹੀ ਹੁੰਦਾ ਹੈ! ਪੰਚਮ ਪਾਤਿਸ਼ਾਹ ਬਚਨ ਕਰਦੇ ਹਨ ਕਿ ਮੇਰੇ ਸਤਿਗੁਰੂ ਜੀ ਜਦੋਂ ਤੋਂ ਤੁਸੀਂ ਮੈਨੂੰ ਆਪਣਾ ਬਚਨ (ਗੁਰਮੰਤ੍ਰ) ਦਿੱਤਾ ਹੈ, ਉਦੋਂ ਤੋਂ ਮੇਰਾ ਸਾਜ ਸ਼ਿੰਗਾਰ ਹੋ ਗਿਆ ਹੈ; ਭਾਵ ਮੇਰਾ ਜੀਵਨ ਸੰਵਰ ਗਿਆ ਹੈ। "ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ ॥1॥ ਰਹਾਉ ॥ ਅੰਗ 1213"। ਸਤਿਗੁਰ ਬਚਨ ਦੀ ਐਨੀ ਮਹਿਮਾ ਹੈ ਕਿ ਸਤਿਗੁਰੂ ਰਾਮ ਦਾਸ ਜੀ ਸਤਿਗੁਰੂ ਤੇ ਸਤਿਗੁਰੂ ਦੇ ਬਚਨ ਨੂੰ ਇਕੋ ਰੂਪ ਦੱਸਦੇ ਹਨ ਤੇ ਫੁਰਮਾਉਂਦੇ ਹਨ ਕਿ ਸਤਿਗੁਰੂ ਦਾ ਬਚਨ ਮੁਕਤੀ ਦੇ ਰਸਤੇ ਦੀ ਜਾਣਕਾਰੀ ਦਿੰਦਾ ਹੈ। "ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥5॥ ਅੰਗ 1309"। ਇਸ ਕਰਕੇ, ਗੁਰੂ ਦੇ ਬਚਨਾਂ ਨੂੰ ਦ੍ਰਿੜ੍ਹ ਕਰ ਕੇ ਚਿੱਤ ਵਿਚ ਟਿਕਾਓ ਤੇ ਆਪਣੇ ਮਨੁੱਖਾ ਜਨਮ ਤੇ ਸਰੀਰ ਨੂੰ ਸਫਲ ਕਰ ਲਓ। "ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥ ਅਮਗ 1401"।

ਬਾਕੀ ਅਗਲੇ ਹਫ਼ਤੇ


## VACANCY FOR RELIGIOUS WORKER

### ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ

***Job Title:*** **Religious Worker (Sikh Faith)** ***Location*****: Derby, UK**

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

Deadline for Applications: Applications must be submit before 18-4-2025

Applications should be sent to Email: info@sgssderby.com

or delivered to the Gurdwara Sahib's Address below:

## Sri Guru Singh Sabha Gurdwara

1 Princes Street, Normanton, Derby. DE23 8NT. TEL: 01332 773010

**PLEASE CONTACT BHAI AJIT SINGH 07533 362911**



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ:**

**01332 372 851 M: 07966 388 388**

# ਗੁਰੁ ਅੰਗਦ ਗੁਰ ਅੰਗੁ ਤੇ

## ਕਿਸ਼ਤ 27

'ਚੰਗਾ ਹੋਇਆ ਆਪ ਨੂੰ ਅੰਦਰਲੀਆਂ ਅੱਗਾਂ ਦਾ ਅਹਿਸਾਸ ਹੋ ਗਿਆ। ਬਿਲਕੁਲ ਬਾਹਰਲੀਆਂ ਅੱਗਾਂ ਦਿਸਦੀਆਂ ਹਨ, ਲੋਕ ਬੁਝਾਉਣ ਵਿਚ ਇਕ ਦੂਜੇ ਦੀ ਮਦਦ ਕਰਦੇ


- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




ਹਨ ਪਰ, ਅੰਦਰਲੀਆਂ ਦਿਸਦੀਆਂ ਨਹੀਂ ਇਸੇ ਕਾਰਨ ਲੋਕ ਮਦਦ ਵੀ ਨਹੀਂ ਕਰ ਸਕਦੇ। ਜੇ ਸਾਨੂੰ ਆਪੇ ਦਾ ਅਹਿਸਾਸ ਹੋ ਜਾਏ ਤਾਂ ਸਾਨੂੰ ਆਪ ਯਤਨਸ਼ੀਲ ਹੋਣ ਦੀ ਲੋੜ ਹੈ। ਕਰਤਾਰ ਕਿਰਪਾ ਕਰੇ, ਆਉ ਵਿਚਾਰੀਏ! ਬਾਹਰ ਲੱਗੀ ਅੱਗ ਨਾਲ ਜਿਥੇ ਵਣ-ਬੂਟੇ ਸੜ ਰਹੇ ਹਨ ਓਥੇ ਜੀਵਾਂ ਦਾ ਵੀ ਨੁਕਸਾਨ ਹੋ ਰਿਹਾ ਹੈ। ਵਣ-ਬੂਟਾ ਤਾਂ ਜੜ੍ਹ ਹੈ ਜੋ ਆਪਣਾ ਸਥਾਨ ਤਿਆਗ ਨਹੀਂ ਸਕਦਾ ਪਰ, ਜੀਵ ਤਾਂ ਜੜ੍ਹ ਨਹੀਂ, ਇਹ ਸੋਝੀ ਅਨੁਸਾਰ ਏਧਰ ਓਧਰ ਹੋ ਸਕਦੇ ਹਨ। ਤੁਹਾਨੂੰ ਪਤਾ ਹੈ ਇਹ ਕਿਵੇਂ ਬਚ ਸਕਦੇ ਹਨ'?

'ਜੀ, ਜਿਹੜੇ ਦੌੜ ਕੇ ਪਾਣੀ ਵਿਚ ਜਾ ਵੜਨਗੇ' ਕਿਦਾਰੀ ਜੀ ਨੇ ਕਿਹਾ। ਹਜ਼ੂਰ ਫ਼ੁਰਮਾਇਆ,

'ਕਿਦਾਰੀ! ਤੁਸਾਂ ਠੀਕ ਬੁੱਝਿਆ। ਵਣ ਦੀ ਅੱਗ ਵਿਚ ਉਹੀ ਮ੍ਰਿਗ ਬਚਣਗੇ ਜਿਹੜੇ ਪਾਣੀ ਵਿਚ ਵੜ ਜਾਣਗੇ, ਇਸੇ ਤਰਹ ਵਿਕਾਰਾਂ ਦੀ ਅੱਗ ਜਿਹੜੀ ਸਾਡੇ ਆਲੇ ਦੁਆਲੇ ਅਰ ਅੰਦਰ ਲੱਗੀ ਹੋਈ ਹੈ ਉਸ ਤੋਂ ਵੀ ਉਹੀ ਜੀਵ ਬਚ ਸਕਦੇ ਹਨ ਜਿਹੜੇ ਜਲ ਵਿਚ ਜਾ ਵੜਦੇ ਹਨ, ਅਰ ਉਹ ਜਲ ਹੈ ਨਾਮ-ਬਾਣੀ ਦਾ ਪ੍ਰਵਾਹ ਜੋ ਸਰੋਵਰ ਰੂਪੀ ਗੁਰਸੰਗਤ ਵਿਚ ਸਦਾ ਵਹਿੰਦਾ ਹੈ। ਜਿਹੜੇ ਪ੍ਰਾਣੀ ਇਸ ਨਾਮ-ਜਲ ਦੇ ਸਰੋਵਰ ਵਿਚ ਟੁੱਭੇ ਲਾਉਂਦੇ ਹਨ ਉਨ੍ਹਾਂ ਨੂੰ ਵਿਕਾਰਾਂ ਦੀ ਅੱਗ ਨਹੀਂ ਸਾੜਦੀ। ਗੁਰੂ-ਬਾਬਾ ਜੀ ਦੱਸ ਗਏ ਹਨ : ਆਤਸ ਦੁਨੀਆ ਖੁਨਕ ਨਾਮੁ ਖੁਦਾਇਆ। ਤਾਂ ਤੇ ਜਿਸ ਨੂੰ ਅੰਦਰਲੀ ਅੱਗ ਦੀ ਭਿਆਨਕਤਾ ਦਾ ਅਹਿਸਾਸ ਹੋ ਗਿਆ ਉਹ ਗੁਰਸੰਗਤ ਦੇ ਜੋੜ ਮੇਲ ਵਿਚ ਆ ਕੇ ਆਪਣੇ ਆਤਮਕ ਜੀਵਨ ਰਖਿਆ ਕਰੇ, ਕਰਤਾਰ ਮਿਹਰ ਕਰੇਗਾ'। ਬਚਨ ਸੁਣ ਕੇ ਕਿਦਾਰੀ ਨਿਹਾਲ ਹੋ ਗਏ ਅਰ ਸੰਗਤ ਦੀਆਂ ਹਾਜ਼ਰੀਆਂ ਭਰਦੇ ਸਦਾ ਲਈ ਅਡੋਲ ਹੋ ਗਏ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਵਡਾ ਭਗਤ ਭਾਈ ਕੇਦਾਰੀ ਕਹਿ ਕੇ ਯਾਦ ਕੀਤਾ ਹੈ।

ੳ. ਤਾਂ ਬਚਨ ਹੋਆ- ਜਿਵੈ ਬਨ ਨੂੰ ਅਗਨ ਲਗਦੀ ਹੈ। ਤੇ ਮ੍ਰਿਗ ਬਨ ਸੇ ਕੂਦ ਕੈ ਨਦੀ ਵਿਚ ਜਾਇ ਪ੍ਰਵੇਸ ਕਰਦੇ ਹੈਨ। ਸੋ ਸੁਖੀ ਹੁੰਦੇ ਹੈਨ। ਤੈਸੇ ਜਗਤ ਵਿਚ ਕਾਮ ਕ੍ਰੋਧ ਵਰਤਿਆ ਹੋਇਆ ਹੈ। ਜੋ ਸਾਧਸੰਗਤ ਵਿਚ ਆਂਵਦੇ ਹੈਨ। ਸੋ ਸੀਤਲ ਹੋ ਜਾਂਦੇ ਹੈਨ।ਤੇ ਜੋ ਸਬਦ ਬਾਣੀ ਦੇ ਸਮਝਣ ਵਿਚ ਟੁਬਕੀ ਲੈਂਦੇ ਹੈਨ ਤਿਨਾਂ ਦਾ ਮਨ ਵੀ ਸੀਤਲ ਹੋਇ ਆਂਵਦਾ ਹੈ। ਤੇ ਤੂ ਸਦਾ ਸਾਧਸੰਗਤ ਕਰਿਆ ਕਰ। ਤੇ ਸਿਖਾਂ ਦੀ ਟਹਲ ਕਰ ਤੈਨੂੰ ਗਿਆਨ ਪ੍ਰਾਪਤ ਹੋਵੈਗਾ।ਤਾਂ ਭਾਈ ਕਿਦਾਰੀ ਨੇ ਗੁਰੂ ਅੰਗਦੁ ਜੀ ਦਾ ਬਚਨ ਦ੍ਰਿੜ ਕੀਤਾ। ਓਸ ਦਾ ਉਧਾਰ ਹੋਇਆ।22। ਸਿਖਾਂ ਦੀ ਭਗਤਮਾਲਾ

ਅ. 'ਕਾਮ ਕ੍ਰੋਧ ਮਹਿਂ ਜਲਤੋ ਜਗਤ (ਵਿਕਾਰਾਂ ਵਿਚ ਦੁਨੀਆਂ ਸੜ ਰਹੀ ਹੈ)।
ਮੋਹਿ ਉਧਾਰਹੁ ਕਰਿ ਨਿਜ ਭਗਤ'
(ਮੈਨੂੰ ਆਪਣਾ ਜਾਣ ਕੇ ਬਚਾਉ) ।16॥ ..
ਸੁਨਿ ਕੈ ਗੁਰ ਅੰਗਦ ਤਿਸ ਕਹਯੋ
(ਗੁਰਦੇਵ ਜੀ ਨੇ ਕਿਹਾ)।
'ਸਗਲ ਬਿਕਾਰਨ ਤੇ ਬਨ ਦਹਯੋ (ਜਿਵੇਂ ਸਾਰੇ ਬਨ ਨੂੰ ਅੱਗ ਨੇ ਸਾੜਿਆ ਹੈ)।17॥
ਜਿਮ ਦੌ ਲਗਯੋ ਮਹਾਂ ਸਭ ਬਨ ਕੋ
(ਪਰ, ਭਿਆਨਕ ਅੱਗ 'ਚੋਂ)।
ਫਾਂਧ ਜਾਤ ਮ੍ਰਿਗ ਕਰਿ ਬਲ ਤਨ ਕੋ
(ਮ੍ਰਿਗ ਛਾਲ ਮਾਰ ਕੇ)।
ਮਹਾਂ ਤਪਤ ਤੇ ਸਲਿਤਾ ਮਾਂਹੀ
(ਅੱਗ ਦੇ ਸੇਕ ਤੋਂ, ਨਦੀ ਵਿਚ)।
ਜਾਇ ਪ੍ਰਵੇਸ਼ਹਿ ਸੁਖ ਬਹੁ ਪਾਈ
(ਪੈ ਕੇ ਸੁਖ ਪਾਉਂਦਾ ਹੈ)।18॥
ਤਿਮ ਜਗ ਜਲਤ ਦੇਖਿ ਕਰਿ ਤਿਆਗੇ
(ਤਿਵੇਂ ਸੜ ਰਹੇ ਜਗਤ ਵਿਚੋਂ ਜੋ)।
ਮਿਲਿ ਸਤਸੰਗਤ ਸੇਵਾ ਲਾਗੇ
(ਸੰਗਤ ਦੀ ਸੇਵਾ ਵਿਚ ਆ ਜਾਂਦੇ ਹਨ)।..
ਗੁਰਬਾਣੀ ਕੋ ਕਰਤ ਬਿਚਾਰਨਿ
(ਅਰ ਗੁਰਬਾਣੀ ਦੀ ਵਿਚਾਰ ਕਰਦੇ ਹਨ)।
ਗਯਾਨ ਸੀਤ ਲਹਿ ਮੋਹ ਨਿਵਾਰਨਿ'
(ਗਿਆਨ ਸੀਤਲਤਾ ਨਾਲ ਵਿਕਾਰੀ ਸੇਕ ਤੋਂ ਬਚ ਜਾਂਦੇ ਹਨ)।19॥
ਸੁਨਿ ਕਰਿ ਗੁਰ ਉਪਦੇਸ ਕਿਦਾਰੀ
(ਗੁਰਉਪਦੇਸ਼ ਸੁਣ ਕੇ ਭਾਈ ਕਿਦਾਰੀ)।
ਦ੍ਰਿੜ ਕੀਨਸਿ ਉਰ ਬਹੁ ਨਿਰਧਾਰੀ
(ਦ੍ਰਿੜਤਾ ਨਾਲ ਸੰਗਤ ਕਰਨ ਲਗਾ)।

ਭਾਈ ਦੀਪਾ, ਨਾਰਾਇਣ ਦਾਸ ਅਤੇ ਬੂਲਾ ਇਹ ਤਿੰਨ ਪ੍ਰੇਮੀ ਜੀਉੜੇ -ਦੇਉ ਖਾਨਦਾਨ ਦੇ ਭਾਈ ਦੀਪਾ ਅਤੇ ਭਾਈ ਨਾਰਾਇਣ ਦਾਸ ਤੇ ਭਾਈ ਬੂਲਾ ਗੁਰੂ ਕੇ ਦਰਸ਼ਨਾਂ ਨੂੰ ਖਡੂਰ ਸਾਹਿਬ ਆਏ। ਜਦੋਂ ਇਨ੍ਹਾਂ ਆਪਣੇ ਜੀਵਨ ਦੀ ਸਫ਼ਲਤਾ ਲਈ ਮਾਰਗ ਦਰਸ਼ਨ ਦੀ ਮੰਗ ਕੀਤੀ ਤਾਂ ਗੁਰੂ ਪਾਤਸ਼ਾਹ ਜੀ ਨੇ ਫ਼ੁਰਮਾਇਆ ਕਿ ਵਾਹਿਗੁਰੂ ਜੀ ਦੀ ਭਗਤੀ ਕਰਨੀ ਉੱਤਮ ਹੈ, ਉਹ ਕਰੋ, ਜੀਵਨ ਸਫ਼ਲ ਹੋਵੇਗਾ। ਏਹਨਾਂ ਮੰਗ ਕੀਤੀ, 'ਪਾਤਸ਼ਾਹ ਜੀ! ਕੋਈ ਹੋਰ ਭਗਤੀ ਵੀ ਹੈ'? ਗੁਰਦੇਵ ਜੀ ਨੇ ਕਿਹਾ,

'ਹਾਂ, ਭਾਈ! ਭਾਰਤ ਵਿਚ ਲੋਕ ਨੌਂ ਪ੍ਰਕਾਰ ਦੀ ਭਗਤੀ ਕਰ ਕੇ ਜਾਣਦੇ ਹਨ ਜਿਸ ਨੂੰ ਨਵਧਾ ਭਗਤੀ ਕਹਿੰਦੇ ਹਨ। ਗੁਰੂ ਬਾਬਾ ਜੀ ਨੇ ਆਪਾਂ ਨੂੰ ਪ੍ਰੇਮਾ-ਭਗਤੀ ਅਥਵਾ ਪ੍ਰੇਮ ਰੂਪ ਭਗਤੀ ਦੇ ਮਾਰਗ 'ਤੇ ਤੋਰਿਆ ਹੈ। ਸਤਿਗੁਰਾਂ ਨੇ ਸਾਨੂੰ ਕਿਸੇ ਵੀ ਆਕਾਰ ਦੀ ਸੇਵਾ, ਪੂਜਾ ਕਰਨ ਅਰ ਭੋਗ ਆਦਿਕ ਲੁਆਉਣ ਦੀ ਬਜਾਇ ਕੇਵਲ ਉਸ ਕਰਤਾਰ ਪ੍ਰਤੀ ਸਮਰਪਤ ਹੋ ਕੇ ਉਸ ਦੇ ਸਿਮਰਨ ਕਰਨ ਅਰ ਉਸ ਦੇ ਭਾਣੇ ਵਿਚ ਚਲਣ ਨੂੰ ਹੀ ਉੱਤਮ ਮਾਰਗ ਜਣਾਇਆ ਹੈ ਭਾਵ ਉਸ ਨੂੰ ਸੁਆਮੀ ਜਾਣ ਕੇ ਆਪਣਾ ਤਨ ਮਨ ਅਤੇ ਧਨ ਸੌਂਪ ਕੇ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਰਹਿਣ ਨੂੰ ਜੀਵਨ ਨੂੰ ਮਨੋਰਥ ਸਮਝਾਇਆ ਹੈ'।

'ਸਤਿਗੁਰੂ ਜੀ! ਭਗਤੀ ਤੋਂ ਬਿਨਾਂ ਹੋਰ ਵੀ ਸਾਧਨ ਹੈਨ'? ਦੀਪਾ ਜੀ ਨੇ ਪੁੱਛਿਆ।

'ਹਾਂ, ਭਾਈ! ਤਾਂ ਹੀ ਤਾਂ ਗੁਰੂ ਬਾਬਾ ਜੀ ਨੇ ਭਗਤੀ ਨੂੰ ਉੱਤਮ ਆਖਿਆ ਹੈ। ਵੈਰਾਗ, ਜੋਗ, ਗਿਆਨ ਅਰ ਭਗਤੀ ਰਾਹੀਂ ਕੁਝ ਲੋਕ ਕਰਤਾਰ ਨਾਲ ਸਾਂਝ ਪਾਉਣ ਦਾ ਯਤਨ ਕਰਦੇ ਹਨ। ਵੈਰਾਗ ਵਿਚ ਸਮਝਿਆ ਗਿਆ ਕਿ ਸੰਸਾਰ ਦਾ ਮੁਕੰਮਲ ਤਿਆਗ ਕਰਨ ਵਾਲਾ ਹੀ ਵੈਰਾਗੀ ਹੈ; ਜੋਗ ਵਿਚ ਸਮਝਿਆ ਗਿਆ ਕਿ ਅੱਠ ਪ੍ਰਕਾਰ ਦੀਆਂ ਸਰੀਰਕ ਅਰ ਸੁਰਤੀ ਦੀਆਂ ਕਠਿਨ ਸਾਧਨਾਵਾਂ ਵਿਚ ਸਫ਼ਲ ਹੋਣ ਵਾਲਾ ਹੀ ਜੋਗੀ ਹੈ; ਗਿਆਨ ਮਾਰਗ ਵਿਚ ਵੇਦਾਂ ਸ਼ਾਸਤ੍ਰਾਂ ਆਦਿਕ ਦਾ ਗਿਆਨੀ ਹੋਣ ਵਾਲਾ ਹੀ ਗਿਆਨੀ ਹੈ ਅਰ ਭਗਤੀ ਮਾਰਗ ਵਿਚ ਵਿਸ਼ਨੂੰ ਦੇ ਕਿਸੇ ਅਵਤਾਰ ਦੇਵੀ ਦੇਵਤੇ ਦੀ ਬਿਧੀ ਨਾਲ ਨੌਂ ਪ੍ਰਕਾਰ ਦੀ ਪੂਜਾ ਆਦਿ ਕਰਨ ਵਾਲਾ ਹੀ ਭਗਤ ਮੰਨਿਆ ਗਿਆ ਪਰ, ਗੁਰੂ-ਬਾਬਾ ਜੀ ਨੇ ਡੰਕੇ ਦੀ ਚੋਟ ਨਾਲ ਕਿਹਾ, ਮਨ ਰੇ ਸਾਚੀ ਖਸਮ ਰਜਾਇ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ॥ ਭਾਵ ਸਭਨਾਂ ਦੇ ਸਾਜਣਹਾਰ ਦੀ ਰਜ਼ਾ ਵਿਚ ਚਲਨਾ ਅਰ ਪ੍ਰੇਮ ਕਰਨਾ ਸਰਬੋਤਮ ਹੈ। ਬਾਕੀ ਸਭ ਧਾਰਮਕ ਯਤਨਾਂ ਦਾ ਖੰਡਨ ਕਰਦਿਆਂ ਕਿਹਾ ਕਿ ਅਸੀਂ ਚੰਗੀ ਤਰਹ ਵਿਚਾਰਨ ਉਪਰੰਤ ਕਹਿ ਸਕਦੇ ਹਾਂ ਕਿ 'ਸਭ ਡਿਠੀ ਟੋਕ ਵਜਾਇ' ।ਵੇਖੋ, ਇਹ ਸਭ ਕਹੇ ਜਾਂਦੇ ਧਾਰਮਕ ਯਤਨ ਕਰਨ ਦਾ ਨਾ ਤਾਂ ਹਰੇਕ ਅਧਿਕਾਰੀ ਹੈ ਅਰ ਨ ਹੀ ਗ੍ਰਿਹਸਤੀ ਨਿਭਾ ਸਕਦਾ ਹੈ।ਅਸੀਂ ਹਰ ਮਨੁਖ ਮਾਤ੍ਰ ਨੂੰ ਇਨ੍ਹਾਂ ਵੈਰਾਗ, ਜੋਗ, ਗਿਆਨ ਅਰ ਅਵਤਾਰ ਭਗਤੀ ਦੇ ਬੇਲੋੜੇ ਯਤਨਾਂ ਦਾ ਤਿਆਗ ਕਰ ਕੇ ਕੇਵਲ ਕਰਤਾਰ ਪ੍ਰਤੀ ਆਪਾ ਸਮਰਪਤ ਕਰ ਕੇ ਉਸ ਨਾਲ ਪ੍ਰੇਮ ਕਰਦਿਆਂ ਸੁਰਤੀ ਦੀ ਸਾਂਝ ਪਾਉਣ ਨੂੰ ਹੀ ਉੱਤਮ ਮਾਰਗ ਜਾਣਦੇ ਹਾਂ ਜਿਸ 'ਤੇ ਹਰ ਕੋਈ ਸਹਜ-ਸੁਭਾ ਚੱਲ ਸਕਦਾ ਹੈ। ਗੁਰੂ-ਬਾਬਾ ਜੀ ਦਾ ਪੂਰਾ ਵਾਕ ਇਸ ਤਰਹ ਹੈ, ਤੁਸੀਂ ਵੀ ਲਿਖ ਲੈਣਾ':

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ॥ ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ॥1॥ ਮਨ ਰੇ ਸਾਚੀ ਖਸਮ ਰਜਾਇ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵਲ-ਾਇ॥1॥ ਰਹਾਉ॥ ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥2॥ ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ॥3॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ॥ ਰਾਮ ਨਾਮਿ ਮਨੁ ਬੇਧਿਆ



ਗੁਰਿ ਦੀਆ ਸਚੁ ਦਾਨੁ॥4॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥5॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ॥6॥ ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹ ਪੈਧਾ ਜਾਇ॥7॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ॥8॥14॥

ਗੁ.ਗ੍ਰ.ਸਾ. ਪੰਨਾ 62

ਹਜ਼ੂਰ ਗੁਰੂ ਅੰਗਦ ਸਾਹਿਬ ਜੀ ਨੇ ਦਰਸਾਇਆ,

ਭਾਈ ਦੀਪਾ ਤੇ ਹੋਰ ਸੱਜਣੋ! ਗੁਰੂ-ਘਰ ਵਿਚ ਜਦੋਂ ਵੈਰਾਗ, ਜੋਗ, ਗਿਆਨ ਅਰ ਭਗਤੀ ਦੇ ਧਾਰਨੀ ਹੋਣ ਦਾ ਜ਼ਿਕਰ ਹੈ ਤਾਂ ਇਸ ਦਾ ਭਾਵ ਸਦਾ ਗੁਰਮਤ ਅਨੁਸਾਰੀ ਸਮਝਣਾ, ਸਮਾਜ ਵਿਚ ਪ੍ਰਚਲਤ ਅਰਥਾਂ ਵਿਚ ਸਮਝਣ ਦੀ ਕਦੀ ਭੁੱਲ ਨ ਕਰਨੀ। ਗੁਰੂ ਬਾਬਾ ਜੀ ਨੇ ਵੈਰਾਗ ਤੋਂ ਸੰਸਾਰ ਦਾ ਤਿਆਗ ਨਹੀਂ ਸਗੋਂ ਸੰਸਾਰੀ ਝੰਮੇਲਿਆਂ ਤੋਂ ਅਲੇਪ ਰਹਿਣਾ; ਜੋਗ ਤੋਂ ਭਾਵ ਅੱਠ ਪ੍ਰਕਾਰ ਦੀ ਯੋਗ ਸਾਧਨਾ ਨਹੀਂ ਸਗੋਂ ਕਰਤਾਰ ਨਾਲ ਜੁੜਨਾ; ਗਿਆਨ ਤੋਂ ਭਾਵ ਬੇਦਾਂ ਸ਼ਾਸਤਰ ਆਦਿ ਦਾ ਗਿਆਨ ਨਹੀਂ ਸਗੋਂ ਗੁਰਮਤ ਨੂੰ ਸੁਣਨਾ ਸਮਝਣਾ ਤੇ ਕਮਾਉਣਾ ਅਰ ਭਗਤੀ ਤੋਂ ਭਾਵ ਅਵਤਾਰਾਂ ਦੀ ਨੌਧਾ-ਭਗਤੀ ਨਹੀਂ ਸਗੋਂ ਪ੍ਰੇਮ-ਭਗਤੀ ਹੈ'। ਦੀਪਾ, ਨਾਰਾਇਣ ਦਾਸ ਅਤੇ ਬੂਲਾ ਜੀ ਨੇ ਭਲੀ ਪ੍ਰਕਾਰ ਸਮਝਦਿਆਂ ਗੁਰੂ-ਚਰਨਾਂ ਵਿਚ ਮੱਥਾ ਟੇਕਦਿਆਂ ਕਿਹਾ,

'ਪਾਤਸ਼ਾਹ ਜੀ! ਤੁਸੀਂ ਕਿਰਪਾ ਦ੍ਰਿਸ਼ਟੀ ਰੱਖਣੀ ਤਾਂ ਕਿ ਅਸੀਂ ਇਸ ਮਾਰਗ 'ਤੇ ਗੁਰਮਤ ਅਨੁਸਾਰ ਠੀਕ ਚੱਲ ਸਕੀਏ'। ਸਤਿਗੁਰਾਂ ਕਿਹਾ,

'ਕਰਤਾਰ ਚਿਤ ਆਵੇ'!

ੳ. ਏਕ ਭਗਤਿ ਹੈ ਦੂਜਾ ਨੌਧਾ ਭਗਤਿ ਹੈ। ਤੇ ਭਗਤਿ ਏਹੁ ਹੈ ਜੋ ਵਾਹਗੁਰੂ ਨੂ ਸੁਆਮੀ ਜਾਣਨਾ। ਆਪ ਨੂੰ ਸੇਵਕ ਜਾਣਨਾ। ਤੇ ਤਨ ਮਨ ਧਨੁ ਵਾਹਗੁਰੂ ਨੂ ਸੌਂਪ ਛਡਨਾ।...

ਬਾਕੀ ਹਿਸਾ ਸਫ਼ਾ 29 ਤੇ ਪੜ੍ਹੋ

# ਸਿੱਖ ਵਿਦਵਾਨ ਤੇ ਚਿੰਤਕ ਪ੍ਰੋ: ਗੁਰਬਚਨ ਸਿੰਘ ਤਾਲਿਬ ਨੂੰ ਯਾਦ ਕਰਦਿਆਂ

**7 ਅਪ੍ਰੈਲ ਨੂੰ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸ਼ਵ ਦਾ ਉਹ ਮਹਾਨ ਗ੍ਰੰਥ ਹੈ, ਜਿਸ ਦਾ ਅਧਿਐਨ ਕਰਨ ਲਈ ਸੰਸਾਰ ਦਾ ਹਰ ਵਿਦਵਾਨ ਖਾਹਿਸ਼ ਰੱਖਦਾ ਹੈ। ਇਸ ਪਾਵਨ ਗ੍ਰੰਥ ਵਿੱਚ ਦਰਜ ਹਰ ਫੁਰਮਾਨ ਸਮੁੱਚੀ ਮਨੁੱਖਤਾ ਲਈ ਸਰਬ-ਸਾਂਝਾ ਹੈ। ਪ੍ਰਸਿੱਧ ਸਿੱਖ ਚਿੰਤਕ ਤੇ ਉੱਘੇ ਵਿਦਵਾਨ ਪ੍ਰੋ: ਗੁਰਬਚਨ ਸਿੰਘ ਤਾਲਿਬ ਵਿਸ਼ਵ ਦੀ ਉਹ ਸਿੱਖ ਸ਼ਖ਼ਸੀਅਤ ਸਨ, ਜਿਨ੍ਹਾਂ ਅੰਗ੍ਰੇਜ਼ੀ ਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਅਨੁਵਾਦ ਕਰਕੇ ਅਜਿਹਾ ਚਿਰ ਸਥਾਈ ਕਾਰਜ ਕੀਤਾ, ਜਿਹੜਾ ਸਦੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ, ਇਸ ਮਹਾਨ ਕਾਰਜ ਲਈ ਉਨ੍ਹਾਂ ਨੂੰ ਸਖਤ ਘਾਲਣਾ ਘਾਲਣੀ ਪਈ। ਇਸੇ ਅਨੁਵਾਦ ਸਦਕਾ ਹੀ ਸਮੁੱਚੇ ਸੰਸਾਰ ਵਿੱਚ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਕੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਸਾਰੇ ਵਿਸ਼ਵ ਵਿਆਪੀ ਧਰਮਾਂ ਦੇ ਵਿਦਵਾਨਾਂ ਵਿੱਚੋਂ ਉੱਚ ਕੋਟੀ ਦੇ ਵਿਦ-ਵਾਨ ਵਜੋਂ ਮਾਣ ਸਤਿਕਾਰ ਮਿਲਿਆ। ਅੱਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਅਨੁਵਾਦ ਕਾਰਜ ਦੇਸ਼ ਅਤੇ ਵਿਦੇਸ਼ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ, ਉਸ ਸਮੇਂ ਧਰਮ ਦੀ ਦੁਨੀਆਂ ਦੇ ਉਹ ਲੋਕ ਜੋ ਸਿੱਖ ਧਰਮ ਦੇ ਸੰਦੇਸ਼ ਅਤੇ ਪਾਵਨ ਬਾਣੀ ਦੇ ਉਪਦੇਸ਼ ਨੂੰ ਵਿਸ਼ਵ ਦੇ ਕੋਨੇ-ਕੋਨੇ ਪਹੁੰਚਾਉਣਾ ਚਾਹੁੰਦੇ ਹਨ, ਉਹ ਪ੍ਰੋ: ਤਾਲਿਬ ਦੀ ਪ੍ਰਸ਼ੰਸਾ ਕਰਦੇ ਹਨ।

ਪ੍ਰੋ: ਤਾਲਿਬ ਦਾ ਜਨਮ ਉਸ ਸਮੇਂ ਦੀ ਜੀਂਦ ਰਿਆਸਤ ਦੇ ਮੂਣਕ ਕਸਬੇ ਵਿੱਚ ਸ: ਕਰਤਾਰ ਸਿੰਘ ਅਤੇ ਮਾਤਾ ਜੈ ਕੌਰ ਦੇ ਗ੍ਰਹਿ ਵਿਖੇ 7 ਅਪ੍ਰੈਲ, 1911 ਨੂੰ ਹੋਇਆ। ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ 1927 ਈ: ਵਿੱਚ ਸਟੇਟ ਹਾਈ ਸਕੂਲ, ਸੰਗਰੂਰ ਤੋਂ ਵਜ਼ੀਫੇ ਸਾਹਿਤ ਦੱਸਵੀਂ ਦੀ ਪ੍ਰੀਖਿਆ ਪਾਸ ਕੀਤੀ। ਇਥੇ ਇਨ੍ਹਾਂ ਦੇ ਪਿਤਾ ਜੀ ਰਿਆਸਤ ਵਿੱਚ ਸਰਕਾਰੀ ਮੁਲਾਜ਼ਮ ਸਨ। ਇਸ ਤੋਂ ਪਿੱਛੋਂ ਇਸ ਹੋਣਹਾਰ ਨੌਜਵਾਨ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1933 ਈ: ਵਿੱਚ ਪੰਜਾਬ ਯੂਨੀਵਰਸਿਟੀ ਤੋਂ ਪਹਿਲੇ ਸਥਾਨ 'ਤੇ ਰਹਿ ਕੇ ਐਮ.ਏ. ਅੰਗ੍ਰੇਜ਼ੀ ਪਾਸ ਕੀਤੀ। ਇਸ ਤੋਂ ਬਾਅਦ ਇਸੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗ੍ਰੇਜ਼ੀ ਦੇ ਲੈਕਚਰਾਰ ਵਜੋਂ ਵਿਦਵਤਾ ਦੇ ਪੱਖ ਤੋਂ ਖ਼ੂਬ ਨਾਮਣਾ ਖੱਟਿਆ।

ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਇਨ੍ਹਾਂ ਮੁੱਢਲੇ ਸਾਲਾਂ ਵਿੱਚ ਅਨੇਕਾਂ ਵਿੱਦਿਆਰਥੀਆਂ ਨੂੰ ਅੰਗ੍ਰੇਜ਼ੀ ਵਿਸ਼ੇ ਵਿੱਚ ਨਿਪੁੰਨ ਕੀਤਾ। 1940 ਈ: ਵਿੱਚ ਪ੍ਰੋ: ਤਾਲਿਬ ਨੇ ਖ਼ਾਲਸਾ ਕਾਲਜ ਛੱਡ ਕੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਅੰਗ੍ਰੇਜ਼ੀ ਦੇ ਲੈਕਚਰਾਰ ਵਜੋਂ ਸੇਵਾ ਆਰੰਭ ਕੀਤੀ। ਪ੍ਰੋ: ਤਾਲਿਬ ਦੀ ਵਿਦਵਤਾ ਤੋਂ ਅੰਗ੍ਰੇਜ਼ ਵਿਦਵਾਨ ਵੀ ਕਾਇਲ ਸਨ। 1969 ਤੋਂ 1973 ਤੱਕ ਇਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਗੁਰੂ ਨਾਨਕ ਚੇਅਰ ਵਿੱਚ ਸਿੱਖ ਧਰਮ ਦੇ ਅਧਿਐਨ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਬਾਅਦ ਕੁਝ ਕੁ ਸਮੇਂ ਲਈ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਵੀ ਗੁਰੂ ਨਾਨਕ ਚੇਅਰ ਲਈ ਵੀ ਫਰਜ਼ ਨਿਭਾਏ। ਹੁਣ ਸਿਹਤ ਦੀ ਖਰਾਬੀ ਰਹਿਣ ਕਰਕੇ ਪਟਿਆਲਾ ਆ ਗਏ। ਇਸ ਸਮੇਂ ਪੰਜਾਬੀ ਯੂਨੀਵਰਸਿਟੀ ਵਿੱਚ ਫੈਲੋ ਵਜੋਂ ਆਪਣੀ ਡਿਊਟੀ ਨੂੰ ਨਿਭਾਇਆ।



ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਆਪਣੇ ਜੀਵਨ ਦੇ ਯਾਦਗਾਰੀ ਕਾਰਜ 1976 ਈ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨੂੰ ਆਰੰਭ ਕੀਤਾ। ਇਸ ਕਾਰਜ ਦੀ ਸੰਪੂਰਨਤਾ ਤੋਂ ਪਿੱਛੋਂ 1985 ਈ: ਵਿੱਚ ਭਾਰਤ ਸਰਕਾਰ ਵੱਲੋਂ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਵਜੋਂ ਪਦਮ-ਭੂਸ਼ਣ ਦਾ ਸਨਮਾਨ ਪ੍ਰਾਪਤ ਕੀਤਾ। ਹੁਣ ਪ੍ਰੋ: ਗੁਰਬਚਨ ਸਿੰਘ ਤਾਲਿਬ ਨੂੰ ਇੰਡੀਅਨ ਕੌਂਸਲ ਆਫ਼ ਹਿਸਟੋਰੀਅਨ ਰਿਸਰਚ ਨਵੀਂ ਦਿੱਲੀ ਵੱਲੋਂ ਰਾਸ਼ਟਰੀ ਫੈਲੋਸ਼ਿੱਪ ਵੀ ਦਿੱਤੀ ਗਈ। ਪ੍ਰੋ: ਤਾਲਿਬ ਨੂੰ ਇਸ ਗੱਲ ਲਈ ਪੂਰੀ ਸੰਤੁਸ਼ਟੀ ਸੀ ਕਿ ਆਪਣੇ ਜੀਵਨ ਦਾ ਯਾਦਗਾਰੀ ਕਾਰਜ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਚਾਰ ਭਾਗਾਂ ਵਿੱਚ ਸੰਪੂਰਨ ਹੋ ਚੁੱਕਾ ਸੀ। ਇਸ ਕਾਰਜ ਤੋਂ ਇਲਾਵਾ ਪ੍ਰੋ: ਤਾਲਿਬ ਨੇ ਅੰਗ੍ਰੇਜ਼ੀ ਭਾਸ਼ਾ ਦੀਆਂ ਬਹੁਤ ਸਾਰੀਆਂ ਪੁਸਤਕਾਂ ਪਾਠਕਾਂ ਨੂੰ ਭੇਟ ਕੀਤੀਆਂ। ਪੰਜਾਬੀ ਭਾਸ਼ਾ ਦੇ ਸਾਹਿ-ਤਕ ਖੇਤਰ ਵਿੱਚ ਵੀ ਸਮੇਂ-ਸਮੇਂ ਆਪਣਾ ਭਰਪੂਰ ਯੋਗਦਾਨ ਪਾਇਆ। ਪੰਜਾਬੀ ਵਿੱਚ ਛਪੀਆਂ ਪੁਸਤਕਾਂ ਵਿੱਚ ਅਣਪਛਾਤੇ ਰਾਹ, ਆਧੁਨਿਕ ਪੰਜਾਬੀ ਸਾਹਿਤ, ਆਧੁਨਿਕ ਵਾਰਤਿਕ ਲਿਖਾਰੀ, ਪਵਿੱਤਰ ਜੀਵਨ ਕਥਾਵਾਂ, ਬਾਬਾ ਸ਼ੇਖ ਫ਼ਰੀਦ ਜੀਵਨ-ਵਾਰਤਾ ਤੇ ਸਿੱਖਿਆ ਆਦਿ ਪੁਸਤਕਾਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਵੀ ਕੀਤੀ। ਇਸ ਤੋਂ ਇਲਾਵਾ ਅਨੇਕਾਂ ਖੋਜ ਪੱਤਰ ਅਤੇ ਲੇਖ ਵੀ ਪ੍ਰਕਾਸ਼ਿਤ ਕੀਤੇ।

ਸਮੁੱਚੇ ਵਿਸ਼ਵ ਵਿੱਚ ਗੁਰਬਾਣੀ ਦੇ ਉਪਦੇਸ਼ ਅਤੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਉਦੇਸ਼ ਸਮਝਕੇ ਕਰਨ ਵਾਲੀ ਮਹਾਨ ਸ਼ਖ਼ਸੀਅਤ 9 ਅਪ੍ਰੈਲ, 1986 ਈ: ਨੂੰ ਪਟਿਆਲਾ ਸ਼ਹਿਰ ਵਿੱਚ ਦਿਲ ਦੀ ਹਰਕਤ ਬੰਦ ਹੋ ਜਾਣ ਕਰਕੇ ਆਪਣੇ ਅਨੇਕਾਂ ਸਨੇਹੀਆਂ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਈ। ਅੱਜ ਵੀ ਸਾਡੇ ਸੁਹਿਰਦ ਵਿਦਵਾਨਾਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਦਾ ਸਰੋਤ ਹੈ। ਸਾਡੇ ਕੋਲ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁ-ਵਾਦ ਦੇ ਚਾਰ ਭਾਗ ਉਨ੍ਹਾਂ ਦੀ ਯਾਦ ਵਿੱਚ ਮੌਜੂਦ ਹਨ।

28 ਸਫੇ ਦੀ ਬਾਕੀ

ਤਾਂ ਏਹੁ ਵਚਨ ਸੁਣ ਕੈ ਸਭੈ ਸਿਖ ਨਰਾਇਣ ਦਾਸ ਥੀਂ ਆਦਿਕ ਸਿਖਾਂ ਦੀ ਸੇਵਾ ਟਹਲ ਕਰਨ ਲਗੇ ਤੇ ਗੁਰ ਕੀ ਬਾਣੀ ਨਾਲ ਹਿਤੁ ਕੀਤੋਨੇ। ਸਭਨਾਂ ਦਾ ਉਧਾਰੁ ਹੋਆ।23॥
ਸਿਖਾਂ ਦੀ ਭਗਤਮਾਲਾ
ਅ. 'ਵਾਹਿਗੁਰੂ ਕੀਜਹਿ ਨਿਜ ਸੁਆਮੀ
(ਕਰਤਾਰ ਨੂੰ ਆਪਣਾ ਸੁਆਮੀ ਜਾਣੋ)।
ਸਕਲ ਸ਼ਕਤਿ ਯੁਤ ਅੰਤਰਜਾਮੀ (ਜੋ ਸਰਬ ਸ਼ਕਤੀਮਾਨ ਅੰਤਰਜਾਮੀ ਹੈ)।36॥
ਆਪ ਬਨਹਿ ਦਾਰਾ ਪ੍ਰਭੁ ਕੇਰੀ
(ਆਪ ਨੂੰ ਉਸ ਦੀ ਪਤਨੀ ਜਾਣੇ)।
ਪਤਿਬਰਤਾ ਕੀ ਰੀਤਿ ਬਡੇਰੀ
(ਪੂਰਨ ਪਤੀਬਰਤਾ ਇਸਤ੍ਰੀ ਵਾਂਗ)।
ਤਨ ਮਨ ਧਨ ਸਭਿ ਅਰਪਹਿ ਪਤਿ ਕੌ
(ਤਨ ਮਨ ਧਨ ਆਦਿ ਕਰਤਾਰ ਨੂੰ ਅਰਪੇ)।
ਪਯਾਰੋ ਪਰਮ ਪ੍ਰੇਮ ਕਰਿ ਚਿਤੁ ਕੌ
(ਹਿਰਦੇ ਵਿਚ ਪੂਰਾ ਪ੍ਰੇਮ ਕਰੇ)।37॥
ਪਤਿ ਰਜ਼ਾਇ ਮਹਿ ਰਾਜ਼ੀ ਰਹੈ
(ਉਸ ਦੇ ਹੁਕਮ ਵਿਚ ਸਦਾ ਪ੍ਰਸੰਨ ਰਹੇ)।
ਬਿਛੁਰੈ ਨਿਤ ਮਿਲਬੇ ਕੌ ਚਹੈ
(ਸਦਾ ਉਸ ਨਾਲ ਜੁੜੀ ਰਹਿਣਾ ਲੋਚੇ)।..
ਜੋ ਤਿਸ ਪਤਿ ਕੀ ਬਾਤ ਸੁਣਾਵੈ
(ਜੋ ਉਸ ਪਤੀ ਮਾਲਕ ਦੀ ਗੱਲ ਸੁਣਾਵੇ)।
ਸੇਵਾ ਕਰਹਿ ਪ੍ਰੇਮ ਕੌ ਲਾਵੈ'
(ਭਾਵਨਾ ਨਾਲ ਉਸ ਦੀ ਸੇਵਾ ਕਰੇ')।39॥
ਸੁਨਿ ਸਤਿਗੁਰ ਕੇ ਬਾਕ ਸੁਹਾਏ (ਗੁਰਦੇਵ ਜੀ ਦੇ ਸੁਖਦਾਈ ਬਚਨ ਸੁਣ ਕੇ)।
ਤੀਨਹੁ ਭਗਤ ਭਏ ਸੁਖ ਪਾਏ
(ਤਿੰਨੇ ਹੀ ਭਗਤ ਹੋ ਗਏ)।
ਸਤਿਸੰਗਤਿ ਕੀ ਸੇਵਾ ਲਾਗੇ
(ਗੁਰਸੰਗਤ ਦੀ ਸੇਵਾ ਵਿਚ ਲਗੇ ਅਰ)।
ਪ੍ਰੇਮ ਪਰਮੇਸੁਰ ਕੋ ਮਨ ਜਾਗੇ
(ਹਿਰਦੇ ਵਿਚ ਕਰਤਾਰ ਨਾਲ ਪ੍ਰੇਮ ਬਣ ਗਿਆ)।40॥12॥ ਰਾਸਿ ਪਹਿਲੀ
ਜ਼ਿ ਵਸਫ਼ਸ਼ ਜ਼ਬਾਨ-ਇ ਦੋ ਆਲਮ ਕਸੀਰ,
ਬਵਦ ਤੰਗ ਪੇਸ਼ਸ਼ ਫ਼ਜ਼ਾ ਇ ਜ਼ਮੀਰ।60॥
{ਗੁਰੂ ਅੰਗਦ ਸਾਹਿਬ ਜੀ ਦੀ(ਵਡਿਆਈ ਕਹਿਣ ਤੋਂ ਦੋਹਾਂ ਜਹਾਨਾਂ ਦੀ ਜ਼ੁਬਾਨ ਅਸਮਰੱਥ ਹੈ, ਆਤਮ-ਮੰਡਲ ਦੀ ਉਡਾਰੀ ਵੀ ਤੰਗ ਜਾਪਦੀ ਹੈ।) ਗੰਜ ਨਾਮਹ, ਭਾਈ ਨੰਦ ਲਾਲ ਜੀ

## ਰਾਮਗੜ੍ਹੀਆ ਸਿੱਖ ਗੁਰਦੁਆਰਾ, ਫੌਰੈਸਟ ਗੇਟ ਵਿਖੇ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ ਹੈ

### 1 Vacancy for Religious Worker (Tier 5) at Ramgarhia Sikh Gurdwara, Forest Gate, London E7 9QX

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

***Duties & responsibilities:***
To undertake **non-pastoral** work and support activities to **assist the Minister of Religion** (Head Priest) as and when required at all religious duties within the organisation.
**Duties** include reading of the Sri Guru Granth Sahib Ji, singing hymns, saying prayers, participating in weekly diwans to support the activities of the Gurdwara.
Performing Akhand Path, Sehaj Path, saying daily prayers from Sri Guru Granth Sahib ji.
Perform kirtan using instruments like, tabla and harmonium.
Co-ordinate all religious programs and events in promotion of Sikh way of life.
Assist with the preparation and serving of Langar.
Undertake any other reasonable religious duties/activities in pursuing the organisation's religious programs.
**PS** – This is not a **Pastoral role** and duties will not include leading a congregation.

***Salary:*** According to UK Employment Law and National minimum wage for a minimum of 30 hours a week.
***Employee Benefits:*** Free Food and accommodation will be provided by the Gurdwara Sahib.
Other requirements: Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.


**Closing date 18th April 2025.**
**For more information, please contact the General Secretary**
(6:30pm - 8:00pm - Mon to Fri)
on 020 8552 9494.
Interested candidates please send your application /CV to the Gen. Secretary on the address below or email to: rsgtemple@yahoo.co.uk

**RAMGARHIA SIKH GURDWARA**
**10-16 Neville Road, Forest Gate, London, E7 9QX. Tel: 020 8552 9494**

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਇੱਕ ਮੇਰੀ ਅੱਖ ਕਾਸ਼ਣੀ...




**ਉਸ ਦੇ ਯਾਰ ਮਿੱਤਰ ਅਤੇ ਘਰ ਦੇ ਮੈਂਬਰ ਬੜੇ ਹੀ ਪ੍ਰੇਸ਼ਾਨ ਸਨ ਕਿ ਕੈਰੀ ਨੂੰ ਹੋ ਕੀ ਗਿਆ ਸੀ...? "ਨਸ਼ਾ ਛੁਡਾਊ ਕੇਂਦਰ" ਵਾਲ਼ਾ ਡਾਕਟਰ ਅਤੇ ਨਰਸਾਂ ਵੀ ਹੈਰਾਨ ਸਨ ਕਿ ਕੈਰੀ 'ਕੇਂਦਰ' ਵਿੱਚ ਗੇੜਾ ਤੱਕ ਨਹੀਂ ਮਾਰਨ ਆਇਆ ਸੀ। ਇਤਨਾ ਕਿਰਿਆਸ਼ੀਲ, ਹਿੰਮਤੀ ਅਤੇ ਹਰ ਨਿਰਾਸ਼ ਮਰੀਜ਼ ਨੂੰ ਉਤਸ਼ਾਹ ਦੇ ਕੇ ਖੜ੍ਹਾ ਕਰਨ ਵਾਲ਼ਾ ਕੈਰੀ ਕਿਹੜੀ ਕੂਟੀਂ ਚੜ੍ਹ ਗਿਆ ਸੀ...? ਕੇਂਦਰ ਦਾ ਸਟਾਫ਼ ਹੈਰਾਨ ਸੀ। ਕੈਰੀ ਦੇ ਮਾਂ ਬਾਪ ਉਸ ਦੇ ਅਚਾਨਕ ਮੰਜੇ 'ਤੇ ਪੈ ਜਾਣ ਨਾਲ਼ ਚਿੰਤਤ ਅਤੇ ਅਥਾਹ ਦੁਖੀ ਸਨ। ਪੰਜਾਬ ਪੱਧਰ 'ਤੇ ਖੇਡਣ ਵਾਲ਼ ਉਤਸ਼ਾਹਿਤ ਖਿਡਾਰੀ ਦੇ ਅਚਾਨਕ ਬਿਮਾਰ ਹੋਣ ਨਾਲ਼ ਸਮੁੱਚੀ ਹਾਕੀ ਦੀ ਟੀਮ ਵਿੱਚ ਨਿਰਾਸ਼ਾ ਫ਼ੈਲ ਗਈ। ਟੀਮ ਦੇ ਮੁੱਖ ਖਿਡਾਰੀ ਅਤੇ ਕੋਚ ਤੁਰੰਤ ਕੈਰੀ ਦੇ ਘਰ ਪਹੁੰਚੇ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ 19**

## ਕਾਂਡ 9

ਜਾਂ ਕੈਰੀ ਨੂੰ ਕੋਈ ਭਿਆਨਕ ਬਿਮਾਰੀ ਨੇ ਆ ਜਕੜਿਆ ਸੀ, ਜਿਸ ਕਾਰਨ ਉਹ ਦਿਨਾਂ ਵਿੱਚ ਹੀ ਹੱਡੀਆਂ ਦੀ ਮੁੱਠ ਰਹਿ ਗਿਆ ਸੀ...?

ਉਸ ਦੇ ਯਾਰ ਮਿੱਤਰ ਅਤੇ ਘਰ ਦੇ ਮੈਂਬਰ ਬੜੇ ਹੀ ਪ੍ਰੇਸ਼ਾਨ ਸਨ ਕਿ ਕੈਰੀ ਨੂੰ ਹੋ ਕੀ ਗਿਆ ਸੀ...? "ਨਸ਼ਾ ਛੁਡਾਊ ਕੇਂਦਰ" ਵਾਲ਼ਾ ਡਾਕਟਰ ਅਤੇ ਨਰਸਾਂ ਵੀ ਹੈਰਾਨ ਸਨ ਕਿ ਕੈਰੀ 'ਕੇਂਦਰ' ਵਿੱਚ ਗੇੜਾ ਤੱਕ ਨਹੀਂ ਮਾਰਨ ਆਇਆ ਸੀ। ਇਤਨਾ ਕਿਰਿਆਸ਼ੀਲ, ਹਿੰਮਤੀ ਅਤੇ ਹਰ ਨਿਰਾਸ਼ ਮਰੀਜ਼ ਨੂੰ ਉਤਸ਼ਾਹ ਦੇ ਕੇ ਖੜ੍ਹਾ ਕਰਨ ਵਾਲ਼ਾ ਕੈਰੀ ਕਿਹੜੀ ਕੂਟੀਂ ਚੜ੍ਹ ਗਿਆ ਸੀ...? ਕੇਂਦਰ ਦਾ ਸਟਾਫ਼ ਹੈਰਾਨ ਸੀ। ਕੈਰੀ ਦੇ ਮਾਂ ਬਾਪ ਉਸ ਦੇ ਅਚਾਨਕ ਮੰਜੇ 'ਤੇ ਪੈ ਜਾਣ ਨਾਲ਼ ਚਿੰਤਤ ਅਤੇ ਅਥਾਹ ਦੁਖੀ ਸਨ। ਪੰਜਾਬ ਪੱਧਰ 'ਤੇ ਖੇਡਣ ਵਾਲ਼ ਉਤਸ਼ਾਹਿਤ ਖਿਡਾਰੀ ਦੇ ਅਚਾਨਕ ਬਿਮਾਰ ਹੋਣ ਨਾਲ਼ ਸਮੁੱਚੀ ਹਾਕੀ ਦੀ ਟੀਮ ਵਿੱਚ ਨਿਰਾਸ਼ਾ ਫ਼ੈਲ ਗਈ।
ਟੀਮ ਦੇ ਮੁੱਖ ਖਿਡਾਰੀ ਅਤੇ ਕੋਚ ਤੁਰੰਤ ਕੈਰੀ ਦੇ ਘਰ ਪਹੁੰਚੇ।

ਕੈਰੀ ਖੁਰਕ ਖਾਧੇ ਕੁੱਤੇ ਵਾਂਗ ਕੰਨ ਜਿਹੇ ਸੁੱਟੀ ਪਿਆ ਸੀ।

ਦੇਖ ਕੇ ਸਾਰਿਆਂ ਦੇ ਹਰਾਸ ਮਾਰੇ ਗਏ। ਹਰ ਵਕਤ "ਹੱਸੂੰ - ਹੱਸੂੰ" ਕਰਨ ਵਾਲ਼ਾ ਚਿਹਰਾ ਪੀਲ਼ਾ ਭੂਕ ਹੋਇਆ ਪਿਆ ਸੀ। ਉਸ ਦੀ ਖ਼ਸਤਾ ਹਾਲਤ ਦੇਖ ਕੇ ਕੋਚ ਸਿਰ ਫ਼ੜ ਕੇ ਬੈਠ ਗਿਆ। ਕੈਰੀ ਦੀ ਮਾਂ ਚੰਦ ਕੌਰ ਨੇ ਸਾਰਿਆਂ ਨੂੰ ਗਰਮ ਦੁੱਧ ਪੀਣ ਨੂੰ ਦਿੱਤਾ।

-"ਬੀਜੀ, ਥੋਨੂੰ ਤਾਂ ਕੁਛ ਪਤਾ ਹੋਊ ਬਈ ਕੀ ਗੱਲ ਹੋਈ ਐ...?" ਕੋਚ ਮਾਂ ਕੋਲ਼ ਰਸੋਈ ਵਿੱਚ ਚਲਾ ਗਿਆ।

-"ਜਿਸ ਦਿਨ ਦਾ 'ਐਸ਼ੀਡੈਂਟ' ਹੋਇਆ, ਚੁੱਪ ਜੀ ਵੱਟ ਗਿਆ, ਪੁੱਤ..!" ਮਾਂ ਅੱਖਾਂ ਭਰ ਆਈ, "ਪਤਾ ਨੀ ਕੀ ਅਚਾ ਆ ਗਈ...? ਬੱਸ ਜਿਸ ਦਿਨ ਦਾ ਹਸਪਤਾਲ਼ 'ਚੋਂ ਆਇਐ, ਬੱਸ ਚੁੱਪ ਜੀ ਵੱਟ ਲਈ, ਮੂੰਹੋਂ ਈ ਨੀ ਫੁੱਟਿਆ ਚੰਦਰਾ...।" ਮਾਂ ਨੇ ਅੱਖਾਂ ਅਤੇ ਨੱਕ ਪੂੰਝਿਆ। ਉਸ ਦਾ ਦੁੱਖ ਅਤੇ ਦਰਦ ਵਿਰਲਾਪ ਕਰੀ ਜਾ ਰਿਹਾ ਸੀ।

-"..................।" ਕੋਚ ਮੁੜ ਆਪਣੇ ਖਿਡਾਰੀਆਂ ਕੋਲ਼ ਆ ਗਿਆ।

-"ਚੱਲ ਕੈਰੀ ਸਿਆਂ, ਉਠ ਕੇ ਨਹਾ ਤੇ ਤਿਆਰ ਹੋ, ਲੁਧਿਆਣੇ ਜਾਣੈ...।" ਕੋਚ ਨੇ ਹੁਕਮ ਚਾੜ੍ਹਿਆ।

ਅਣਮੰਨੇ ਜਿਹੇ ਮਨ ਨਾਲ਼ ਕੈਰੀ ਉਠਿਆ ਅਤੇ ਨਹਾਉਣ ਤੁਰ ਗਿਆ।

ਚਾਲ ਢਾਲ ਤੋਂ ਉਹ ਕੋਈ ਹਾਕੀ ਦਾ ਖਿਡਾਰੀ ਨਹੀਂ, ਕੋਈ ਬਿਮਾਰ ਜਿਹਾ 'ਅਮਲੀ' ਜਾਪਦਾ ਸੀ।

ਸਾਰੇ ਖਿਡਾਰੀ ਬੜੀ ਦੁਬਿਧਾ ਜਿਹੀ ਵਿੱਚ ਬੈਠੇ ਸਨ।

ਜਦ ਕੈਰੀ ਨਹਾ ਕੇ ਮੁੜਿਆ ਤਾਂ ਮਾਂ ਨੇ ਨਵੇਂ ਕੱਪੜੇ ਕੱਢ ਦਿੱਤੇ। ਹੁਣ ਮਾਂ ਨੂੰ ਕੁਝ ਹੌਂਸਲਾ ਸੀ। ਪੁੱਤ ਦੇ ਬੱਬਰ ਸ਼ੇਰਾਂ ਵਰਗੇ ਯਾਰ ਦੇਖ ਕੇ ਭਾਵੁਕਤਾ ਵਿੱਚ ਉਸ ਦਾ ਮੁੜ ਰੋਣ ਨਿਕਲ਼ ਗਿਆ। ਕੈਰੀ ਦਾ ਬਾਪੂ ਅਜੇ ਖੇਤੋਂ ਨਹੀਂ ਮੁੜਿਆ ਸੀ।

-"ਬੀਜੀ, ਹੁਣ ਇਹਨੂੰ ਠੀਕ ਕਰ ਕੇ ਈ ਮੋੜਾਂਗੇ, ਸਾਨੂੰ ਦੋ ਤਿੰਨ ਦਿਨ ਲੱਗ ਜਾਣਗੇ, ਫ਼ਿਕਰ ਨਾ ਕਰਿਓ...।" ਕੋਚ ਨੇ ਮਾਂ ਨੂੰ ਕਿਹਾ।

-"ਮੇਰੇ ਵੱਲੋਂ ਚਾਹੇ ਮਹੀਨਾਂ ਰੱਖਿਓ, ਪੁੱਤ...! ਪਰ ਇਹਨੂੰ ਠੀਕ ਕਰ ਕੇ ਲਿਆਇਓ..।" ਮਾਂ ਫ਼ਿਰ ਮਨ ਭਰ ਆਈ।

-"ਬੀਜੀ ਚਿੰਤਾ ਨਾ ਕਰੋ, ਅਸੀਂ ਸਾਰੇ ਥੋਡੇ ਪੁੱਤ ਆਂ, ਤੇ ਇਹ ਸਾਡਾ ਭਰਾ...! ਹੁਣ ਕੰਗਣ ਬਣ ਕੇ
ਘਰੇ ਆਊ...।"

ਉਹ ਤੁਰ ਗਏ।

ਮਾਂ ਦੂਰ ਤੱਕ ਉਹਨਾਂ ਨੂੰ ਜਾਂਦੇ ਦੇਖਦੀ ਰਹੀ। ਫ਼ਿਰ ਉਸ ਨੂੰ ਭਰੀਆਂ ਅੱਖਾਂ ਕਾਰਨ ਝੌਲ਼ਾ ਜਿਹਾ ਦਿਸਣ ਲੱਗ ਪਿਆ।

ਸ਼ਾਮ ਦੇ ਚਾਰ ਕੁ ਵਜੇ ਉਹ ਸਾਰੇ ਲੁਧਿਆਣੇ ਪਹੁੰਚ ਗਏ।

-"ਓਏ ਕਿਵੇਂ ਐਂ ਯੈਂਕੀਓ...!" ਟੀਮ ਲੀਡਰ ਮੜ੍ਹਾਕਾ ਬੋਲਿਆ, "ਅੱਜ ਰਾਹੂ ਕੇਤੂ ਸਾਰੇ ਈ ਕੱਠੇ ਹੋਏ ਫ਼ਿਰਦੇ ਐ, ਸੁੱਖ ਐ...?"

-"ਦੱਸਦੇ ਆਂ...! ਪਹਿਲਾਂ ਪਾਣੀ ਦਾ ਪ੍ਰਬੰਧ ਕਰ ਤੇ ਨਾਲ਼ ਲਿਆ ਕੁਛ ਖਾਣ ਨੂੰ...!"

-"ਉਹ ਤਾਂ ਕਰ ਦਿੰਨੈਂ, ਪਰ ਨਾਲ਼ ਕੋਈ ਯੈਂਕਣ ਵੀ ਲੈ ਆਉਂਦੇ...?"

-"ਤੂੰ ਖੌਂਸੜੇ ਨਾ ਖਾਲੀਂ, ਸਾਲ਼ਾ ਚਗਲ਼...! ਜਿਹੜਾ ਕੰਮ ਕਿਹੈ, ਓਹ ਕਰ...!"

-"ਬਖਸ਼ ਮਾਲਕਾ, ਅੱਜ ਬਾਹਲ਼ੇ ਈ ਤਪੇ ਫ਼ਿਰਦੇ ਓਂ...?" ਮੜ੍ਹਾਕਾ ਕਿਚਨ ਅੰਦਰ ਚਲਾ ਗਿਆ।

-"ਸਾਲ਼ੇ ਨੂੰ ਨਾ ਚੜ੍ਹੀਦੀ, ਤੇ ਨਾ ਲੱਥੀਦੀ...।"

-"ਗੁੜ ਗੰਢੇ ਨਾਲ਼ ਪੀਲੋਂਗੇ, ਕਿ ਆਂਡੇ ਤੜਕ ਕੇ ਦੇਵਾਂ...?" ਉਹ ਕੋਕ, ਸੋਢਾ ਅਤੇ ਗਿਲਾਸ ਮੇਜ਼ 'ਤੇ ਟਿਕਾਉਂਦਾ ਬੋਲਿਆ

-"ਅਜੇ ਗੁੜ ਗੰਢਾ ਈ ਚੱਕ ਲਿਆ, ਆਂਡੇ ਬਾਅਦ 'ਚ ਤੜਕ ਲਈਂ...!" ਕੋਚ ਨੇ ਦੋ ਬੋਤਲਾਂ ਵਿਸਕੀ ਦੀਆਂ ਕੱਢ ਕੇ ਮੇਜ਼ ਉਪਰ ਟਿਕਾਅ ਦਿੱਤੀਆਂ।

-"ਆਹ ਤਾਂ ਰੰਗ ਲਾਅਤੇ ਯੈਂਕੀਓ...! ਮੇਰੀਆਂ ਤਾਂ ਬਾਹਵਾ ਚਿਰ ਦੀਆਂ ਨਾੜਾਂ ਖੁਸ਼ਕ ਹੋਈਆਂ ਪਈਆਂ ਸੀ...।" ਮੜ੍ਹਾਕੇ ਨੇ ਬੁੱਲ੍ਹਾਂ 'ਤੇ ਜੀਭ ਫੇਰੀ।

-"ਜੇ ਇੱਕ ਅੱਧੀ ਯੈਂਕਣ ਨਾਲ਼ ਹੁੰਦੀ, ਜਾਣੀਦੀ ਰੰਗ ਬੱਝ ਜਾਣੇ ਸੀ, ਆਹ ਕਿਵੇਂ ਪੈਂਚਰ ਜਿਆ ਹੋਇਆ ਪਿਐ...?" ਮੜ੍ਹਾਕੇ ਨੇ ਕੈਰੀ ਵੱਲ ਦੇਖ ਕੇ ਪੁੱਛਿਆ।

-"ਇਹਨੂੰ ਤਾਂ ਰੰਗਾਂ 'ਚ ਕਰਨੈਂ...! ਲੈ ਚੱਕ ਬਈ ਕੈਰੀ ਸਿਆਂ, ਸਿੱਟ ਅੰਦਰ ਅੱਖਾਂ ਮੀਚ ਕੇ...!"

ਕੋਚ ਨੇ ਵਿਸਕੀ ਦਾ ਅੱਧਾ ਗਿਲਾਸ ਉਸ ਨੂੰ ਸੋਢਾ ਪਾ ਕੇ ਦਿੱਤਾ। ਕੈਰੀ ਜਾੜ੍ਹ ਘੁੱਟ ਕੇ ਚਾੜ੍ਹ ਗਿਆ।

ਟੁੱਟਦੇ ਤਾਰੇ ਵਾਂਗ ਲੀਕ ਪਾਉਂਦੀ ਵਿਸਕੀ ਸੰਘ ਥੱਲੇ ਉੱਤਰੀ ਸੀ। ਅੰਦਰ ਕੁਛ 'ਨਿਘਾਸ' ਜਿਹਾ ਭਰ ਗਿਆ ਸੀ।

-"ਅੱਜ ਪਾਰਟੀ ਕਾਹਦੀ ਐ...?"

-"ਤੂੰ ਬੈਂਗਣ ਫੜਨੈਂ...?"

-"ਯਾਰ ਮੈਂ ਟੀਮ ਲੀਡਰ ਐਂ ਆਫ਼ਟਰ ਆਲ...।"

-"ਟੀਮ ਲੀਡਰ ਤੂੰ ਗਰਾਊਂਡ 'ਚ ਹੁੰਨੈ, ਹੁਣ ਕੋਈ ਟੀਮ ਲੀਡਰ ਨੀ ਤੂੰ..! ਚੱਤੋ ਪਹਿਰ ਟੀਮ ਲੀਡਰੀ ਦਾ ਅਫ਼ਰੇਂਵਾਂ ਨਾ ਚੱਕੀ ਫਿਰਿਆ ਕਰ...!" ਬੀਕਾ ਬੋਲਿਆ।

-"ਪ੍ਰਧਾਨ, ਹੁਣ ਸਾਨੂੰ ਵੀ ਪਾ ਦੇ ਘੁੱਟ ਘੁੱਟ, ਕਾਣੀ ਵੰਡ ਕਿਉਂ ਕਰਦੈਂ...?" ਦਾਰੂ ਦੀਆਂ ਬੋਤਲਾਂ ਸਾਹਮਣੇ ਦੇਖ ਕੇ ਮੜ੍ਹਾਕੇ ਨੂੰ 'ਹਲ਼ਕ' ਛੁੱਟ ਪਿਆ ਸੀ।

-"ਪ੍ਰਧਾਨ, ਡੰਮ੍ਹ ਇਹਦਾ ਮੱਥਾ, ਨਹੀਂ ਸਾਲ਼ੀ ਹਜ਼ਮ ਨੀ ਆਉਣੀ, ਨਾਸਾਂ ਵਿੱਚ ਦੀ ਨਿਕਲੂਗੀ...।"

ਸਾਰੇ ਹੱਸ ਪਏ।

-"ਪਰ ਅੱਜ ਪਾਰਟੀ ਕਾਹਦੀ ਐ, ਕੋਈ...।"

-"ਮੂੰਹ ਨੂੰ ਲਗਾਮ ਦੇਹ ਯਾਰ...! ਸਾਡਾ ਯਾਰ ਕੈਰੀ ਉਦਾਸ ਐ, ਇਹਦੀ ਉਦਾਸੀ ਚੱਕਣੀ ਐਂ...!" ਕੋਚ ਬੋਲਿਆ।

-"ਲੈ, ਉਹ ਤਾਂ ਬੇਸ਼ਰਮ ਦੇ ਝੱਗੇ ਮਾਂਗੂੰ ਚੱਕ ਦਿਆਂਗੇ...! ਤੁਸੀਂ ਮੈਨੂੰ ਇੱਕ ਲੰਡਾ ਜਿਆ ਪੈੱਗ ਪਾ ਕੇ ਦਿਓ...!" ਮੜ੍ਹਾਕਾ ਮੁੱਛਾਂ ਸੁਆਰ ਕੇ ਸਾਹਮਣੇ ਬੈਠ ਗਿਆ।

-"ਪਹਿਲਾਂ ਇਹਨੂੰ ਨਾ ਝੱਗਾ ਚੱਕੀਏ, ਪ੍ਰਧਾਨ...?"

-"ਓਏ ਕਾਹਨੂੰ...? ਮੜ੍ਹਾਕਾ ਬੰਦਾ ਬੜਾ ਲੱਠੈ...! ਇਹ ਤਾਂ ਮੇਰੀ ਜਿੰਦ ਜਾਨ ਐਂ, ਮੇਰੀ ਡਾਰਲਿੰਗ...!"

-"ਗੱਲ ਸੁਣ ਪ੍ਰਧਾਨ, ਪੈੱਗ ਜਮਾਂ ਨਾ ਦੇਹ, ਪਰ ਆਹ ਲੁੱਚੀਆਂ ਜੀਆਂ ਗੱਲਾਂ ਨਾ ਕਰ, ਮੈਂ ਕੋਈ 'ਗੇਅ' ਨੀ...!"

ਸਾਰੇ ਫ਼ੇਰ ਹੱਸ ਪਏ।

-"ਇਹ ਤਾਂ ਜਮਾਂ ਈ ਮੋਕ ਮਾਰ ਗਿਆ ਪ੍ਰਧਾਨਾਂ..!"

-"ਹੋਰ ਦਾਰੂ ਦੇ ਪੈੱਗ ਬਦਲੇ ਥੋਨੂੰ ਬੁੱਘੀਆਂ ਥੋੜ੍ਹੋ ਦਿਊਂਗਾ..? ਥੋਡਾ ਤਾਂ ਸਾਲ਼ਿਓ ਥੁੱਕ ਵੀ ਤੇਜ਼ਾਬ ਵਰਗਾ ਹੋਊ..।" ਮੁੜ ਹਾਸੜ ਪੈ ਗਈ।

-"ਲੈ ਚੱਕ ਮੜ੍ਹਾਕਿਆ..! ਬਿਨਾ ਗੱਲੋਂ ਗੁੱਸਾ ਨਾ ਕਰਿਆ ਕਰ..! ਇਹ ਮੇਲਾ ਚਾਰ ਦਿਨਾਂ ਦਾ ਈ ਐ...।"

ਕੋਚ ਨੇ ਉਸ ਨੂੰ ਪੈੱਗ ਪਾ ਕੇ ਦਿੱਤਾ। ਮੜ੍ਹਾਕੇ ਨੇ ਭੁੱਖਿਆਂ ਵਾਂਗ ਬੁੱਚ੍ਹਿਆ ਅਤੇ ਇੱਕੋ ਸਾਹ ਖਾਲੀ ਕਰ ਦਿੱਤਾ।

-"ਦੇਖ ਸਾਲ਼ਾ ਕਿੱਡਾ ਹਲ਼ਕਿਆ ਵਿਐ, ਸਾਲ਼ਿਆ ਹੌਲ਼ੀ ਨੀ ਮਰਿਆ ਜਾਂਦਾ...?"

-"ਖਾਣ ਪੀਣ ਦੀ ਕੋਈ ਚਾਲ ਨੀ ਹੁੰਦੀ..! ਖਾਣ 'ਚ ਚਾਹੇ ਚਾਲ ਹੌਲ਼ੀ ਹੋਜੇ, ਪਰ ਪੀਣ 'ਚ ਤਾਂ ਮੋਟੀ ਰੱਖੀਦੀ ਐ...!"

ਮੁੜ ਸਾਰੇ ਹੱਸ ਪਏ।

ਇਸ ਵਾਰ ਕੈਰੀ ਬੜਾ ਖੁੱਲ੍ਹ ਕੇ ਹੱਸਿਆ।

-"ਲੈ ਕੈਰੀ ਸਿਆਂ, ਚੱਕ ਇੱਕ ਹੋਰ, ਤੇ ਫ਼ੇਰ ਕਰਾਂਗੇ ਦਿਲ ਦੀਆਂ ਗੱਲਾਂ...।" ਕੋਚ ਨੇ ਕੈਰੀ ਨੂੰ ਗਲਾਸ ਅੱਧਾ ਕਰ ਕੇ ਫੜਾ ਦਿੱਤਾ। ਉਸ ਨੇ ਫ਼ਿਰ ਡੀਕ ਲਾ ਕੇ ਖਿੱਚ ਲਿਆ। ਹੁਣ ਉਸ ਨੂੰ ਦਾਰੂ ਕੌੜੀ ਨਹੀਂ ਲੱਗੀ ਸੀ। ਹੁਣ ਤਾਂ ਸਗੋਂ ਉਸ ਨੂੰ ਸਰੂਰ ਦੀ ਲੋਰ ਜਿਹੀ ਆਈ ਸੀ ਅਤੇ ਮਨ ਬਾਘੀਆਂ ਪਾਉਣ ਲੱਗ ਪਿਆ ਸੀ।

ਦੋ ਬੋਤਲਾਂ ਖਾਲੀ ਹੋ ਗਈਆਂ।

ਤੀਜੀ ਨੂੰ 'ਵਾਢਾ' ਧਰ ਲਿਆ ਗਿਆ ਸੀ। ਪਰ ਸਾਰੇ ਸੁਰਤ ਸਿਰ ਸਨ। ਕੋਚ ਕੈਰੀ ਪ੍ਰਤੀ ਸੁਚੇਤ ਸੀ ਕਿ ਜਿਸ ਕੰਮ ਲਈ ਉਹ ਕੈਰੀ ਨੂੰ ਲੈ ਕੇ ਆਏ ਸਨ, ਉਹ ਵੀ ਸਿਰੇ ਲਾਉਣਾ ਜ਼ਰੂਰੀ ਸੀ।

-"ਹਾਂ ਬਈ ਕੈਰੀ ਸਿਆਂ...! ਹੁਣ ਦੱਸ ਤੈਨੂੰ ਕੀ ਬਿਮਾਰੀ ਐ...?" ਕੋਚ ਨੇ ਬਗੈਰ ਕਿਸੇ ਭੂਮਿਕਾ ਤੋਂ ਸਿੱਧੀ ਗੱਲ ਪੁੱਛੀ। ਕੈਰੀ ਚੁੱਪ ਰਿਹਾ।

-"ਚੁੱਪ ਰਹੇ ਤੋਂ ਨੀ ਸਰਨਾ..! ਤੂੰ ਸਾਡੀ ਹਿੱਕ ਦਾ ਵਾਲ਼ ਐਂ, ਤੇ ਟੀਮ ਦਾ ਸਿਰ ਕੱਢ ਖਿਡਾਰੀ, ਬੋਲ ਤੈਨੂੰ ਤਕਲੀਫ਼ ਕੀ ਐ..?"

-"ਓਏ ਤੇਰੀ ਖਾਤਰ ਅਸੀਂ ਕੁਰਬਾਨ ਹੋ ਜੀਏ...!"

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

# ਭਾਈ ਸਾਹਿਬ ਭਾਈ ਮਹਿਲ ਸਿੰਘ ਬੱਬਰ
## ਉਹ ਗੁਰੂ ਦੇ ਸਨਮੁੱਖ ਕੀਤੇ ਪ੍ਰਣ ਆਖਰੀ ਸਾਹਾਂ ਤੱਕ ਨਿਭਾਅ ਗਏ–



ਬੱਬਰ ਖਾਲਸਾ ਜਥੇਬੰਦੀ ਦੇ ਮੋਢੀ ਉਸਰਈਆਂ ਵਿੱਚੋਂ ਇੱਕ ਜੁਝਾਰੂ ਜਰਨੈਲ ਸੰਤ ਸਰੂਪ ਭਾਈ ਮਹਿਲ ਸਿੰਘ ਜੀ ਬੱਬਰ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ। ਜਦ ਕਦੇ ਵੀ ਸਿੱਖ ਅਜ਼ਾਦੀ ਦੀ ਜੱਦੋਜਹਿਦ ਦੀ ਗੱਲ ਕੀਤੀ ਜਾਏਗੀ ਤਾਂ ਨਿਰਸੰਦੇਹ ਆਪਜੀ ਦਾ ਨਾਮ ਸਤਿਕਾਰ ਸਹਿਤ ਲਿਆ ਜਾਏਗਾ। ਭਾਈ ਮਹਿਲ ਸਿੰਘ ਬੱਬਰ ਉਹਨਾਂ ਚੰਦ ਕੁ ਸਿਰਲੱਥ ਯੋਧਿਆਂ ਦੇ ਕਾਫ਼ਲੇ ਦੀ ਕੜੀ ਸਨ ਜਿਨ੍ਹਾਂ ਨੇ ਵਿਸਾਖੀ ੧੯੭੮ ਦੇ ਸ਼ਹੀਦ ਭਾਈ ਫੌਜਾ ਸਿੰਘ ਜੀ ਅਤੇ ਸਾਥੀਆਂ ਦੀ ਬਲਦੀ ਚਿਖਾ ਉੱਤੇ ਖੜਕੇ ਸੌਹਾਂ ਖਾਧੀਆਂ ਸਨ ਕਿ ਉਹ ਉਨ੍ਹਾਂ ਚਿਰ ਵਾਪਿਸ ਘਰਾਂ ਨੂੰ ਨਹੀਂ ਪਰਤਣਗੇ ਜਿੰਨਾਂ ਚਿਰ ਸ਼ਹੀਦਾਂ ਦੇ ਡੁੱਲ੍ਹੇ ਲਹੂ ਦਾ ਬਦਲਾ ਨਹੀਂ ਲੈ ਲੈਂਦੇ ਅਤੇ ਜਿੰਨਾਂ ਚਿਰ ਸਿੱਖ ਕੌਮ ਦਾ ਆਪਣਾ ਘਰ-ਦਰ ਨਹੀਂ ਬਣ ਜਾਂਦਾ। ਭਾਈ ਮਹਿਲ ਸਿੰਘ ਬੱਬਰ ਨੇ ਤਾਅ ਉਮਰ ਆਪਣੇ ਕੀਤੇ ਇਹਨਾਂ ਬਚਨਾਂ ਉੱਤੇ ਡੱਟ ਕੇ ਪਹਿਰਾ ਦਿੱਤਾ। ਉਹ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ (ਤਕਰੀਬਨ ਪੰਜਾਹ ਸਾਲ) ਸੰਘਰਸ਼ ਰੱਤ ਰਹੇ। ਇਸ ਦੌਰਾਨ ਉਹ ਲਗਾਤਾਰ ਹਕੂਮਤ ਦੇ ਅੱਖੀਂ ਘੱਟਾ ਪਾ ਕੇ ਸੰਘਰਸ਼ ਸ਼ੀਲ ਰਹੇ। ਅਨੇਕ ਯਤਨਾਂ ਦੇ ਬਾਵਜੂਦ ਵੀ ਹਕੂਮਤ ਆਪ ਜੀ ਨੂੰ ਇਕ ਵਾਰ ਵੀ ਗ੍ਰਿਫਤਾਰ ਨਹੀਂ ਕਰ ਸਕੀ। ਆਪ ਜੀ ਬੱਬਰ ਖਾਲਸਾ ਜਥੇਬੰਦੀ ਦੇ ਜਥੇਦਾਰ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਵੀ ਸਨ ਜਿਸ ਕਰਕੇ ਬੱਬਰ ਖਾਲਸਾ ਦੇ ਨਾਲ-ਨਾਲ ਬਾਕੀ ਖਾੜਕੂ ਸਫਾਂ ਵਿੱਚ ਵੀ ਆਪ ਜੀ ਦਾ ਵੱਡੇ ਭਰਾਵਾਂ ਵਾਂਗ ਸਤਿਕਾਰ ਕੀਤਾ ਜਾਂਦਾ ਸੀ। ਸਮੁੱਚੀਆਂ ਪੰਥਕ ਅਤੇ ਖਾੜਕੂ ਸਫਾਂ ਵਿੱਚ ਆਪ ਜੀ ਨੂੰ "ਭਾਈ ਸਾਹਿਬ" ਦੇ ਤਖ਼ੱਲਸ ਨਾਲ ਸੰਬੋਧਤ ਕੀਤਾ ਜਾਂਦਾ ਰਿਹਾ। ਸਾਰੀਆਂ ਪੰਥਕ ਧਿਰਾਂ ਆਪ ਜੀ ਨੂੰ ਨਾਮ-ਬਾਣੀ ਵਿੱਚ ਰੰਗੀ ਰੂਹ ਅਤੇ ਪੂਰਨ ਗੁਰਸਿੱਖ ਜੀਵਨ ਜਾਚ ਜਿਊਣ ਕਰਕੇ ਵੀ ਅਤਿ ਸਤਿਕਾਰ ਨਾਲ ਯਾਦ ਕਰਦੀਆਂ ਰਹਿਣਗੀਆਂ। ਭਾਈ ਸਾਹਿਬ ਅਤਿ ਮਿਠਬੋਲੜੇ ਅਤੇ ਸ਼ਾਂਤ ਸੁਭਾਅ ਦੇ ਮਾਲਿਕ ਗੁਰਸਿੱਖ ਸਨ। ਪੁਰਾਤਨ ਗੁਰਸਿੱਖਾਂ ਦੇ ਜੀਵਨ ਦੀ ਝਲਕ ਆਪ ਦੇ ਚਿਹਰੇ-ਮੋਹਰੇ, ਬੋਲ-ਚਾਲ ਅਤੇ ਸੁਭਾਅ ਵਿੱਚੋਂ ਸਹਿਜੇ ਹੀ ਪ੍ਰਗਟ ਹੋ ਜਾਂਦੀ ਸੀ। ਸ਼ਾਂਤ ਚਿੱਤ ਵਿਚਰਨਾ, ਬਹੁਤ ਘੱਟ ਬੋਲਣਾ ਅਤੇ ਹਰ ਦਮ ਅਕਾਲ ਪੁਰਖ ਦੇ ਨਾਮ ਦਾ ਅਭਿਆਸ ਕਰਦੇ ਰਹਿਣਾ ਆਪ ਜੀ ਦਾ ਖਾਸ ਗੁਣ ਸੀ।

ਆਪ ਜੀ ਦਾ ਜਨਮ ਸੰਨ ੧੯੪੪ ਵਿੱਚ ਬਾਪੂ ਜਿੰਦ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਸੂਰਬੀਰਾਂ ਦੀ ਧਰਤੀ ਮਾਝੇ ਦੇ ਇਤਿਹਾਸਕ ਕਸਬੇ ਪੱਟੀ ਦੇ ਲਾਗਲੇ ਪਿੰਡ ਦਾਸੂਵਾਲ ਵਿਖੇ ਹੋਇਆ। ਭਾਈ ਸਾਹਿਬ ਆਪਣੇ ਸੱਤ ਭੈਣ ਭਰਾਵਾਂ ਵਿੱਚੋਂ ਚੌਥੇ ਨੰਬਰ ਤੇ ਆਉਂਦੇ ਸਨ। ਜੱਥੇਦਾਰ ਭਾਈ ਸੁਖਦੇਵ ਸਿੰਘ ਬੱਬਰ ਆਪ ਸਭਨਾਂ ਤੋਂ ਛੋਟੇ ਹੋਣ ਕਰਕੇ ਆਪ ਜੀ ਨੂੰ "ਵੀਰ ਜੀ" ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਭਾਵੇਂ ਕਿ ਬਾਪੂ ਜਿੰਦ ਸਿੰਘ ਦਾ ਪਰਿਵਾਰ ਪਿਛਲੀਆਂ ਕਈ ਪੀੜ੍ਹੀਆਂ ਤੋਂ ਹੀ ਗੁਰਸਿੱਖੀ ਨਾਲ ਜੁੜਿਆ ਹੋਇਆ ਸੀ ਪਰ ਭਾਈ ਮਹਿਲ ਸਿੰਘ ਜੀ ਦੇ ਜੀਵਨ ਵਿੱਚ ਕ੍ਰਾਂਤੀਕਾਰੀ ਮੋੜ ਉਦੋਂ ਆਇਆ ਜਦ ੧੯੭੪ ਵਿੱਚ ਆਪ ਜੀ ਦਾ ਮੇਲ ਭਾਈ ਫੌਜਾ ਸਿੰਘ ਨਾਲ ਹੋਇਆ ਅਤੇ ਆਪ ਜੀ ਨੇ ਅਖੰਡ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਇਹਨਾਂ ਦਿਨਾਂ ਵਿੱਚ ਆਪ ਜੀ ਚੰਡੀਗੜ ਇੰਡੀਅਨ ਏਅਰ ਫੋਰਸ ਵਿੱਚ ਬਤੌਰ ਇੰਜੀਨੀਅਰ ਨੌਕਰੀ ਕਰਿਆ ਕਰਦੇ ਸਨ। ਖੰਡੇ-ਬਾਟੇ ਦੀ ਪਾਹੁਲ ਲੈਣ ਤੋਂ ਬਾਅਦ ਆਪ ਜੀ ਦੇ ਜੀਵਨ ਨੇ ਐਸਾ ਪਲਟਾ ਖਾਧਾ ਕਿ ਆਪ ਜੀ ਸੁਆਸ-ਸੁਆਸ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਅਤੇ ਗੁਰਬਾਣੀ ਦਾ ਪਾਠ ਅਧਿਐਨ ਕਰਨ ਵਿੱਚ ਜੁੱਟ ਗਏ ਜੋ ਕਿ ਆਖਰੀ ਸਾਹਾਂ ਤੱਕ ਨਿਰੰਤਰ ਚਲਦਾ ਰਿਹਾ। ੧੯੭੪ ਤੋਂ ਲੈਕੇ ੧੯੭੮ ਤੱਕ ਆਪ ਜੀ ਭਾਈ ਫੌਜਾ ਸਿੰਘ ਵੱਲੋਂ ਮਾਝੇ ਦੇ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਹਿੱਤ ਚਲਾਈ ਜਾ ਰਹੀ ਚਲਦਾ ਵਹੀਰ ਨਾਮੀ ਲਹਿਰ ਦਾ ਹਿੱਸਾ ਬਣੇ। ਆਪ ਜੀ ਨੇ ਭਾਈ ਫੌਜਾ ਸਿੰਘ ਨਾਲ ਮਿਲਕੇ ਬਹੁਤ ਸਾਰੇ ਥਾਵਾਂ ਤੇ ਅੰਮ੍ਰਿਤ ਸੰਚਾਰ ਕੀਤੇ ਜਿਨ੍ਹਾਂ ਵਿੱਚ ਆਪ ਜੀ ਨੇ ਕਈ ਵਾਰ ਪੰਜਾਂ ਪਿਆਰਿਆਂ ਵਿੱਚ ਜਥੇਦਾਰ ਵਜੋਂ ਸੇਵਾ ਨਿਭਾਈ। ਕਈ ਸਿੰਘਾਂ ਨੇ ਆਪ ਜੀ ਦੇ ਹੱਥੋਂ ਪਾਹੁਲ ਲਈ ਅਤੇ ਸੰਘਰਸ਼ ਵਿੱਚ ਆਪਣੀਆਂ ਸੇਵਾਵਾਂ ਕਰਕੇ ਜਾਣੇ ਗਏ ਜਿਨ੍ਹਾਂ ਵਿੱਚ ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਬਲਵਿੰਦਰ ਸਿੰਘ ਨਾਗੋਕੇ, ਭਾਈ ਸੁਰਿੰਦਰ ਸਿੰਘ ਮੁਕਤਸਰ ਅਤੇ ਭਾਈ ਬਲਵਿੰਦਰ ਸਿੰਘ ਬੱਬਰ ਗੰਗਾ ਆਦਿਕ ਨਾਮ ਜ਼ਿਕਰਯੋਗ ਸਥਾਨ ਰੱਖਦੇ ਹਨ।

੧੯੭੮ ਦਾ ਵਿਸਾਖੀ ਕਾਂਡ ਹੋਇਆ ਜਿਸਨੇ ਨਾਮ ਬਾਣੀ ਦਾ ਪ੍ਰਚਾਰ ਕਰਨ ਵਿੱਚ ਜੁਟੇ ਭਾਈ ਫੌਜਾ ਸਿੰਘ ਦੇ ਸੰਗੀ-ਸਾਥੀ ਨੌਜਵਾਨਾਂ ਦੇ ਜੀਵਨ ਦੀ ਮੁਹਾਣਾਂ ਦਾ ਰੁਖ ਸੰਘਰਸ਼ ਦੇ ਰਾਹਾਂ ਵੱਲ ਨੂੰ ਮੋੜ ਦਿੱਤਾ। ਨਾਮ-ਬਾਣੀ ਵਿੱਚ ਰੱਤੇ ਇਹਨਾਂ ਨੌਜਵਾਨਾਂ ਦੇ ਕਾਫ਼ਲੇ ਨੇ, ਜਿਸ ਨੂੰ ਬਾਅਦ ਵਿੱਚ ਜਾ ਕੇ ਇਤਿਹਾਸ ਦੇ ਸਫਿਆਂ ਵਿੱਚ "ਬੱਬਰ ਖਾਲਸਾ" ਦੇ ਨਾਮ ਨਾਲ ਜਾਣਿਆ ਗਿਆ, ਨੇ ਹਵਾਵਾਂ ਦਾ ਅਜਿਹਾ ਰੁਖ ਮੋੜਿਆ ਕਿ ਵਿਰੋਧੀ ਵੀ ਅਸ਼-ਅਸ਼ ਕਰ ਉੱਠੇ। ਵਿਰੋਧੀਆਂ ਨੂੰ ਵੀ ਨਿਰਸੰਕੋਚ ਇਹ ਗੱਲ ਮੰਨਣੀ ਪਈ ਕਿ ਸਿਰਲੱਥਾਂ ਦੀ ਇਸ ਜਥੇਬੰਦੀ ਨੇ ਅਠਾਰਵੀਂ ਸਦੀ ਦੇ ਸਿੰਘਾਂ ਦਾ ਇਤਿਹਾਸ ਦੁਬਾਰਾ ਦੁਹਰਾਅ ਦਿੱਤਾ। ਭਾਵੇਂ ਕਿ ਭਾਈ ਮਹਿਲ ਸਿੰਘ ਬੱਬਰ ਆਪਣੇ ਹੋਰ ਸਾਥੀਆਂ, ਭਾਈ ਵਧਾਵਾ ਸਿੰਘ ਬੱਬਰ, ਭਾਈ ਤਰਸੇਮ ਸਿੰਘ ਕਾਲ਼ਾ ਸੰਘਿਆ, ਭਾਈ ਸੁਖਦੇਵ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ ਆਦਿਕ ਜੁਝਾਰੂਆਂ ਨਾਲ ਰਲਕੇ ੧੯੭੮ ਤੋਂ ਹੀ ਸੰਘਰਸ਼ ਵਿੱਚ ਆ ਗਏ ਸਨ ਐਪਰ ੧੯੮੧ ਵਿੱਚ ਬੱਬਰਾਂ ਦੀ ਇੱਕ ਟੀਮ ਨੇ ਨਿਰੰਜਣ ਸਿੰਹੁ ਆਈ.ਏ.ਐਸ ਉੱਤੇ ਚੰਡੀਗੜ ਸਕੱਤਰੇਤ ਵਿੱਚ ਵੜ ਕੇ ਹਮਲਾ ਕੀਤਾ ਜਿਸ ਵਿੱਚ ਉਹ ਆਪ ਬਚ ਗਿਆ ਪਰ ਉਸਦਾ ਭਰਾ ਮਾਰਿਆ ਗਿਆ। ਯਾਦ ਰਹੇ ਨਿਰੰਜਣ ਸਿੰਹੁ ਨਰਕਧਾਰੀ ਗੁਰਬਚਨੇ ਦੇ ਅਤਿ ਨਜ਼ਦੀਕੀ ਬੰਦਿਆਂ ਵਿੱਚੋਂ ਇੱਕ ਸੀ ਅਤੇ ਵਿਸਾਖੀ ਕਾਂਡ ਲਈ ਜ਼ਿੰਮੇਵਾਰ ਬੰਦਿਆਂ ਵਿੱਚੋਂ ਇੱਕ ਸੀ। ਇਹ ਹਮਲਾ ਭਾਈ ਸੁਖਦੇਵ ਸਿੰਘ ਬੱਬਰ ਦੀ ਅਗਵਾਈ ਵਿੱਚ ਕੀਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਭਾਈ ਮਹਿਲ ਸਿੰਘ ਬੱਬਰ ਨੇ ਪੂਰਨ ਰੂਪ ਵਿੱਚ ਹਮੇਸ਼ਾ ਵਾਸਤੇ ਆਪਣਾ ਘਰ-ਬਾਰ, ਨੌਕਰੀ, ਬਾਲ-ਬੱਚਾ ਤਿਆਗ ਕੇ ਰੂਪੋਸ਼ ਜੀਵਨ ਅਖਤਿਆਰ ਕਰ ਲਿਆ। ਬੱਬਰ ਖਾਲਸਾ ਵਿੱਚ ਆਪ ਜੀ ਨੂੰ ਡਿਪਟੀ ਮੁਖੀ ਦਾ ਸਥਾਨ ਦਿੱਤਾ ਗਿਆ। ਜਥੇਬੰਦੀ ਵਿੱਚ ਆਪ ਜੀ ਦਾ ਅਹੁਦਾ, ਜਥੇਦਾਰ ਭਾਈ ਵਧਾਵਾ ਸਿੰਘ (ਮੌਜੂਦਾ ਮੁਖੀ), ਭਾਈ ਅਨੋਖ ਸਿੰਘ, ਆਦਿਕ ਸਿੰਘਾਂ ਦੇ ਬਰਾਬਰ ਦਾ ਗਿਣਿਆ ਜਾਂਦਾ ਸੀ। ਜਥੇਬੰਦੀ ਵੱਲੋਂ ਕੀਤੇ ਅਹਿਮ ਐਕਸ਼ਨਾਂ ਨੂੰ ਉਲੀਕਣ ਵਿੱਚ ਆਪ ਜੀ ਦੀ ਵੱਡੀ ਭੂਮਿਕਾ ਰਹੀ। ਦੂਸਰੀਆਂ ਜਥੇਬੰਦੀਆਂ ਦੇ ਸਿੰਘਾਂ ਨਾਲ ਵਾਰਤਾਲਾਪ, ਜਥੇਬੰਦਕ ਐਕਸ਼ਨਾਂ ਵਿੱਚ ਜ਼ਾਬਤਾ ਕਾਇਮ ਰੱਖਣਾ, ਨਵੇਂ ਰੰਗਰੂਟਾਂ ਦੀ ਭਰਤੀ ਅਤੇ ਟ੍ਰੇਨਿੰਗ ਦੀ ਜ਼ਿੰਮੇਵਾਰੀ ਆਪ ਜੀ ਦੇ ਸਿਰ ਰਹੀ ਜਿਸਨੂੰ ਆਪ ਨੇ ਆਪਣੇ ਸਾਥੀ ਸਿੰਘਾਂ ਨਾਲ ਰਲਕੇ ਬਾਖੂਬੀ ਨਿਭਾਇਆ। ਜਥੇਦਾਰ ਵਧਾਵਾ ਸਿੰਘ ਬੱਬਰ ਨਾਲ ਆਪ ਜੀ ਦਾ ਵੱਡੇ ਭਰਾਵਾਂ ਵਰਗਾ ਸਨੇਹ ਸੀ। ਵੱਡੇ ਕੱਦਵਾਰ ਖਾੜਕੂ ਲੀਡਰਾਂ ਜਿਵੇਂ ਕਿ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਭਾਈ ਅਵਤਾਰ ਸਿੰਘ ਬ੍ਰਹਮਾ ਜਾਂ ਭਾਈ ਦਲਜੀਤ ਸਿੰਘ ਬਿੱਟੂ ਹੋਰਾਂ ਵਿੱਚ ਜੇਕਰ "ਭਾਈ ਸਾਹਿਬ" ਸੰਬੋਧਨ ਨਾਲ ਕਿਸੇ ਦੀ ਕੋਈ ਗੱਲ ਚੱਲਦੀ ਤਾਂ ਸਾਰਿਆਂ ਨੂੰ ਸੁਤੇ ਸਿੱਧ ਹੀ ਇਹ ਪਤਾ ਹੁੰਦਾ ਸੀ ਕਿ ਇਹ ਗੱਲ ਭਾਈ ਮਹਿਲ ਸਿੰਘ ਬੱਬਰ ਬਾਬਤ ਕੀਤੀ ਜਾ ਰਹੀ ਹੈ। ਆਪ ਜੀ ਸ਼ਾਂਤ ਚਿੱਤ ਲੰਮਾ ਸਮਾਂ ਖਾੜਕੂ ਸਫਾਂ ਵਿੱਚ ਵਿਚਰਦੇ ਰਹੇ, ਬਹੁਤ ਸਾਰੇ ਲੋਕਾਂ ਨੂੰ ਗੁਪਤ ਵਾਸ ਸਮੇਂ ਵੀ ਮਿਲਦੇ ਰਹੇ ਜਿਨ੍ਹਾਂ ਵਿੱਚ ਵੱਡੇ ਵਿਦਵਾਨ, ਕਾਲਜਾਂ ਦੇ ਸਟੂਡੈਂਟਸ ਤੋਂ ਲੈ ਕੇ ਪ੍ਰੋਫੈਸਰ, ਸਿਆਸੀ ਲੋਕ, ਤੇ ਕਈ ਉੱਚ ਅਹੁਦਿਆਂ ਵਾਲੇ ਅਫਸਰ ਵੀ ਹੁੰਦੇ ਐਪਰ ਆਪ ਜੀ ਦੀ ਸ਼ਖ਼ਸੀਅਤ ਦੀ ਬਾ-ਕਮਾਲ ਖਾਸੀਅਤ ਇਹ ਸੀ ਕਿ ਆਪ ਜੀ ਕਦੇ ਵੀ ਆਪਣਾ ਆਪਾ ਨਾ ਜਣਾਉਂਦੇ। ਸਗੋਂ ਮਿਲਣ ਵਾਲਾ ਹਰ ਵਿਅਕਤੀ ਇਹਨਾਂ ਦੀ ਸੰਤ ਸਰੂਪ ਦਰਵੇਸ਼ੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦਾ ਸੀ। ਜੇਕਰ ਜਥੇਬੰਦੀ ਵੱਲੋਂ ਕੀਤੇ ਖਾੜਕੂ ਐਕਸ਼ਨਾਂ ਨੂੰ ਉਲੀਕਣ ਦੀ ਗੱਲ ਕੀਤੀ ਜਾਵੇ ਤਾਂ ਨਿਰੰਜਣ ਸਿੰਹੁ ਆਈ.ਏ.ਐਸ ਉੱਤੇ ਕੀਤੇ ਹਮਲੇ ਤੋਂ ਲੈ ਕੇ ਮੁੱਖ ਮੰਤਰੀ ਬੇਅੰਤ ਸਿੰਹੁ ਨੂੰ ਸੋਧਣ ਵਾਲੇ ਐਕਸ਼ਨ ਤੱਕ ਮੁੱਖ ਯੋਜਨਾਕਾਰਾਂ ਵਿੱਚ ਆਪ ਜੀ ਦਾ ਨਾਮ ਪ੍ਰਮੁੱਖ ਸੇਵਕਾਂ ਵਿੱਚ ਗਿਣਿਆ ਜਾਂਦਾ ਹੈ।

ਸੰਘਰਸ਼ ਦੇ ਸ਼ੁਰੂਆਤੀ ਦੌਰ ਵਿੱਚ ੧੯੮੪ ਤੋਂ ਪਹਿਲਾਂ ਆਪ ਜੀ ਲੰਮਾ ਸਮਾਂ ਦਰਬਾਰ ਸਾਹਿਬ ਅੰਦਰ ਹੋਰ ਖਾੜਕੂ ਸਾਥੀ ਸਿੰਘਾਂ ਨਾਲ ਵਿਚਰਦੇ ਦੇਖੇ ਗਏ। ਸਾਕਾ ਨੀਲਾ ਤਾਰਾ ਦੇ ਘੱਲੂਘਾਰੇ ਦੇ ਦਿਨਾਂ ਤੋਂ ਕੁਝ ਸਮਾਂ ਪਹਿਲਾਂ ਆਪ ਜੀ ਨੇ ਲੰਗਰ ਹਾਲ ਦੀ ਬਿਲਡਿੰਗ ਦੇ ਨੇੜਲੇ ਇਕ ਗੁਪਤ ਕਮਰੇ ਵਿੱਚ ਦੇਸੀ ਤਰੀਕੇ ਨਾਲ ਸ਼ਸਤਰ ਤਿਆਰ ਕਰਨ ਦਾ ਨਿੱਕਾ ਜਿਹਾ ਕਾਰਖਾਨਾ ਵੀ ਲਾਇਆ। ਸਾਕਾ ਨੀਲਾ ਤਾਰਾ ਦੌਰਾਨ ਖਾੜਕੂ ਸਿੰਘਾਂ ਵੱਲੋਂ ਵਰਤੇ ਗਏ ਬਟਾਲੇ ਵਾਲੇ ਟੋਕਾ ਬੰਬ ਦਾ ਜ਼ਿਕਰ ਕਈ ਲੇਖਕਾਂ ਨੇ ਆਪਣੀਆਂ ਕਿਤਾਬਾਂ ਵਿੱਚ ਕੀਤਾ ਹੈ। ਉਹ ਬਟਾਲਾ ਟੋਕਾ ਬੰਬ ਭਾਈ ਸਾਹਿਬ ਦੀ ਹੀ ਕਾਢ ਸਨ। ਹਮਲੇ ਵੇਲੇ ਸੰਤ ਜਰਨੈਲ ਸਿੰਘ ਜੀ ਦੇ ਸੱਦੇ ਉੱਤੇ ਆਪ ਜੀ ਰੇਡੀਓ ਟ੍ਰਾਂਸਮਿਸ਼ਨ ਠੀਕ ਕਰਨ ਵੀ ਗਏ। ਉਸ ਤੋਂ ਉਪਰੰਤ ਜਦ ਬੱਬਰ ਖਾਲਸਾ ਦੇ ਮੋਰਚਿਆਂ ਉੱਤੇ ਗੋਲੀ ਸਿੱਕਾ ਖਤਮ ਹੋ ਗਿਆ ਤਾਂ ਆਪ ਜੀ ਸੰਤ ਜਰਨੈਲ ਸਿੰਘ ਜੀ ਪਾਸੋਂ ਗੋਲੀ ਸਿੱਕਾ ਵੀ ਲੈ ਕੇ ਆਏ। ਇਸ ਸਮੇਂ ਭਾਈ ਅਮਰੀਕ ਸਿੰਘ ਜੀ ਸ਼ਹੀਦ ਆਪ ਜੀ ਨੂੰ ਅਤਿ ਭਾਵੁਕ ਹੋ ਕੇ ਗਲਵੱਕੜੀ ਪਾਕੇ ਵਾਰ-ਵਾਰ ਮਿਲੇ ਅਤੇ ਇਹੋ ਕਹਿੰਦੇ ਰਹੇ ਕਿ "ਭਾਊ ਜੀ, ਮੇਰਾ ਤੁਹਾਨੂੰ ਗਲਵੱਕੜੀ ਵਿੱਚੋਂ ਛੱਡਣ ਦਾ ਮਨ ਨਹੀਂ ਕਰਦਾ ਹੁਣ ਖੌਰੇ ਮੇਲ ਹੋਣ ਕਿ ਨਾ ਹੋਣ"। ਪ੍ਰਤੱਖਦਰਸ਼ੀ ਦੱਸਦੇ ਹਨ ਕਿ ਇਸ ਸਮੇਂ ਦੋਨੋਂ ਧਿਰਾਂ ਅਤਿ ਭਾਵੁਕ ਸਨ। ਪੰਜ ਜੂਨ ਦੀ ਰਾਤ ਨੂੰ ਆਪ ਜੀ ਨੇ ਬਾਕੀ ਬੱਬਰ ਸਾਥੀ ਸਿੰਘਾਂ ਸਮੇਤ ਗੁਰਦੁਆਰਾ ਬਾਬਾ ਅਟੱਲ ਰਾਏ ਕੋਲ ਖਲੋ ਕੇ ਅਕਾਲ ਤਖਤ ਸਾਹਿਬ ਵੱਲ ਮੁੱਖ ਕਰਕੇ ਸਹੁੰਆਂ ਖਾਧੀਆਂ ਕਿ ਅੱਜ ਤੋਂ ਬਾਅਦ ਅਸੀਂ ਮਰ ਚੁੱਕੇ ਹਾਂ, ਅਸੀਂ ਜਿਉਂਦੇ ਜੀਅ ਕਦੇ ਵੀ ਘਰ ਪਰਿਵਾਰ ਵੱਲ ਮੂੰਹ ਨਹੀਂ ਕਰਾਂਗੇ। ਜਿੰਨਾਂ ਚਿਰ ਕੌਮ ਅਜ਼ਾਦ ਨਹੀਂ ਹੋ ਜਾਂਦੀ ਓਨਾ ਚਿਰ ਬਣਦੇ ਵਿੱਤ ਮੁਤਾਬਕ ਆਖਰੀ ਸਾਹਾਂ ਤੱਕ ਸੰਘਰਸ਼ ਕਰਦੇ ਰਹਾਂਗੇ। ਦਰਬਾਰ ਸਾਹਿਬ ਤੇ ਹਮਲਾ ਕਰਨ ਵਾਲੀਆਂ ਧਿਰਾਂ ਤੇ (ਬਾਕੀ ਹਿਸਾ ਸਫਾ '32ਤੇ ਪੜ੍ਹੋ)

31 ਸਫੇ ਦੀ ਬਾਕੀ

ਉਹਨਾਂ ਦੀਆਂ ਹਿੱਤੂ ਧਿਰਾਂ ਨੂੰ ਸਦਾ ਨਿਸ਼ਾਨੇ ਉੱਤੇ ਰੱਖਾਂਗੇ ਤੇ ਉਹਨਾਂ ਨੂੰ ਸੋਧਣ ਦਾ ਹਰ ਉਪਰਾਲਾ ਕਰਦੇ ਰਹਾਂਗੇ। ਇਸ ਤੋਂ ਬਾਅਦ ਭਾਈ ਮਹਿਲ ਸਿੰਘ ਨੇ ਆਪਣੇ ਭਰਾਤਾ ਸੁਖਦੇਵ ਸਿੰਘ ਬੱਬਰ ਸਮੇਤ ਆਪਣੇ ਘਰ ਆਪਣੇ ਸਤਿਕਾਰਯੋਗ ਪਿਤਾ ਬਾਪੂ ਜਿੰਦ ਸਿੰਘ ਨੂੰ ਸੁਨੇਹਾ ਪਹੁੰਚਾਅ ਦਿੱਤਾ ਕਿ ਉਹਨਾਂ ਦਾ ਜਿਊਂਦੇ ਜੀਅ ਦੁਸਹਿਰੇ ਦਾ ਭੋਗ ਪਵਾ ਕੇ ਅੰਤਮ ਅਰਦਾਸ ਕਰਵਾ ਦਿੱਤੀ ਜਾਵੇ। ਬਾਪੂ ਜਿੰਦ ਸਿੰਘ ਜੀ ਵੱਲੋਂ ਵੀ ਅਜਿਹਾ ਹੀ ਕੀਤਾ ਗਿਆ ਕਿ ਆਪਣੇ ਦੋਵਾਂ ਜਵਾਨ ਪੁੱਤਰਾਂ ਦੀ ਜਿਊਂਦੇ ਜੀਅ ਹੀ ਅੰਤਮ ਅਰਦਾਸ ਕਰਵਾ ਦਿੱਤੀ ਗਈ। ਇਹੋ ਸੁਨੇਹੇ ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਬੱਬਰ, ਭਾਈ ਮਨਮੋਹਨ ਸਿੰਘ ਬੱਬਰ ਆਦਿਕ ਸਿੰਘਾਂ ਦੇ ਘਰਾਂ ਵਿੱਚ ਵੀ ਪਹੁੰਚਦੇ ਕੀਤੇ ਗਏ ਤੇ ਉਹਨਾਂ ਦਿਆਂ ਵਾਰਸਾਂ ਨੇ ਵੀ ਅਜਿਹਾ ਹੀ ਕੀਤਾ। ਸਰਦਾਰਾਂ ਦੇ ਛੈਲ ਬਾਂਕੜੇ ਗੱਭਰੂ ਪੁੱਤਰ ਆਪਣੇ ਜਿਊਂਦੇ ਜੀਅ ਸਿਰਾਂ ਤੇ ਕਫ਼ਨ ਬੰਨ੍ਹਕੇ ਘਰਾਂ ਤੋਂ ਅਜਿਹੇ ਨਿਕਲੇ ਕਿ ਮੁੜਕੇ ਪਿਛਾਂਹ ਨਹੀਂ ਦੇਖਿਆ।

ਭਾਈ ਸਾਹਿਬ ਦੇ ਉਲੀਕੇ ਬਹੁਤ ਸਾਰੇ ਐਕਸ਼ਨਾਂ ਦਾ ਮੁਲਾਂਕਣ ਤਾਂ ਆਉਣ ਵਾਲਾ ਇਤਿਹਾਸ ਹੀ ਕਰੇਗਾ ਪਰ ਦੋ ਦਾ ਜ਼ਿਕਰ ਟੂਕ ਮਾਤਰ ਕਰਨਾ ਬਹੁਤ ਜ਼ਰੂਰੀ ਹੈ। ਸਤਲੁਜ ਜਮੁਨਾ ਲਿੰਕ ਨਹਿਰ ਨੂੰ ਬੰਦ ਕਰਵਾਉਣ ਦਾ ਵੱਡਾ ਐਕਸ਼ਨ ਜੋ ਬਲਵਿੰਦਰ ਸਿੰਘ ਜਟਾਣੇ ਹੋਰਾਂ ਨੇ ਕੀਤਾ ਉਸ ਦੀ ਸਾਰੀ ਯੋਜਨਾ ਭਾਈ ਸਾਹਿਬ ਵੱਲੋਂ ਉਲੀਕੀ ਗਈ ਸੀ ਅਤੇ ਇਸ ਐਕਸ਼ਨ ਵਿਚਲੇ ਦਫਤਰ ਦੀ ਸਾਰੀ ਰੇਕੀ ਖੁਦ ਭਾਈ ਸਾਹਿਬ ਦਫਤਰ ਵਿੱਚ ਜਾ ਕੇ ਕਰਕੇ ਆਏ ਸਨ। ਬਾਕਮਾਲ ਗੱਲ ਇਹ ਸੀ ਕਿ ਜਥੇਦਾਰ ਸੁਖਦੇਵ ਸਿੰਘ ਬੱਬਰ ਓਨਾਂ ਚਿਰ ਦਫਤਰ ਦੇ ਸਾਹਮਣੇ ਥੱਲੇ ਆਪਣੀ ਜੀਪ ਵਿੱਚ ਖੜੇ ਸਨ ਜਦਕਿ ਭਾਈ ਜਟਾਣਾ ਤੇ ਉਹਦੀ ਟੀਮ ਉੱਪਰ ਐਕਸ਼ਨ ਕਰ ਰਹੀ ਸੀ।

ਇਹ ਗੱਲ ਲੋਹੇ ਤੇ ਲੀਕ ਵਾਂਗ ਪ੍ਰਤੱਖ ਹੈ



ਜਥੇਦਾਰ ਸੁਖਦੇਵ ਸਿੰਘ ਬੱਬਰ ਅਤੇ ਭਾਈ ਮਹਿਲ ਸਿੰਘ ਬੱਬਰ



ਕਿ ਬੇਅੰਤੇ ਬੁੱਚੜ ਨੂੰ ਸੋਧਣ ਵਾਲੇ ਐਕਸ਼ਨ ਦੀਆਂ ਸੀ.ਬੀ.ਆਈ ਫਾਈਲਾਂ ਵਿੱਚ ਮੁੱਖ ਯੋਜਨਾਕਾਰਾਂ ਵਿੱਚ ਜਥੇਦਾਰ ਭਾਈ ਵਧਾਵਾ ਸਿੰਘ ਬੱਬਰ ਦੇ ਨਾਲ-ਨਾਲ ਪ੍ਰਮੁੱਖ ਨਾਮ ਭਾਈ ਮਹਿਲ ਸਿੰਘ ਬੱਬਰ ਦਾ ਹੀ ਗੂੰਜਦਾ ਹੈ।

ਨਿਰਸੰਦੇਹ ਭਾਈ ਮਹਿਲ ਸਿੰਘ ਬੱਬਰ ਦੇ ਸਰੀਰ ਵਿੱਚ ਅਠਾਰਵੀਂ ਸਦੀ ਦੇ ਸਿੰਘਾਂ ਦੀ ਰੂਹ ਵਿਚਰਦੀ ਸੀ। ਸਦੀਆਂ ਤੱਕ ਪੰਜਾਬ ਦੀ ਧਰਤੀ, ਸਿੱਖ ਪੰਥ, ਪੰਜਾਬ ਦੀ ਕਿਰਸਾਨੀ ਤੇ ਪੰਜਾਬ ਦੇ ਲੋਕ ਆਪਣੇ ਇਸ ਸੰਤ ਸਿਪਾਹੀ ਸਪੂਤ ਦੀਆਂ ਬਾਤਾਂ ਪਾਉਂਦੇ ਰਹਿਣਗੇ। ਆਪ ਜੀ ਦੇ ਨਿਰੋਲ ਧਾਰਮਿਕ ਕਾਰਜਾਂ ਵਿੱਚੋਂ ਪੱਛਮੀ ਪੰਜਾਬ ਤੇ ਸਿੰਧ ਪ੍ਰਾਂਤ ਦੇ ਗੁਰਦੁਆਰਾ ਸਾਹਿਬਾਨ ਦੀ ਕਾਰ ਸੇਵਾ ਕਰਵਾਉਣ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ। ਗੁਰਦੁਆਰਾ ਜਨਮ ਅਸਥਾਨ ਸਾਹਿਬ, ਬਾਲ ਲੀਲਾ ਸਾਹਿਬ, ਤੰਬੂ ਸਾਹਿਬ, ਕਿਆਰਾ ਸਾਹਿਬ, ਮਾਲ ਜੀ ਸਾਹਿਬ, ਜਨਮ ਅਸਥਾਨ ਗੁਰੂ ਰਾਮਦਾਸ ਜੀ, ਗੁਰਦੁਆਰਾ ਸ਼ਹੀਦ ਸਿੰਘ ਸਿੰਘਣੀਆਂ ਨਖਾਸ ਚੌਂਕ ਅਤੇ ਚੋਆ ਸਾਹਿਬ ਦੀ ਉਸਾਰੀ ਅਤੇ ਮੁਰੰਮਤ ਦੇ ਕਾਰਜ ਆਪ ਜੀ ਦੇ ਹੱਥੀਂ ਨੇਪਰੇ ਚੜ੍ਹੇ।

ਆਪ ਜੀ ਦੇ ਇਕ ਜਾਣਕਾਰ ਸਿੰਘ ਨੇ ਦੱਸਿਆ ਕਿ ਇਕ ਵਾਰ ਸੁਭਾਵਿਕ ਉਹਨਾਂ ਨਾਲ ਗੱਲਬਾਤ ਕਰਦਿਆਂ ਉਸ ਕੋਲੋਂ ਇਹ ਗੱਲ ਕਹਿ ਹੋ ਗਈ ਕਿ ਭਾਈ ਸਾਹਿਬ ਜੀ "ਅਸੀਂ ਜੰਗ ਜਿੱਤ ਨਹੀਂ ਸਕੇ.." ਤਾਂ ਭਾਈ ਸਾਹਿਬ ਨੇ ਹੱਸਦਿਆਂ ਹੋਇਆਂ ਬੜੀ ਹਲੀਮੀ ਨਾਲ ਉੱਤਰ ਦਿੱਤਾ "ਜੋ ਹੁੰਦਾ ਹੈ ਅਕਾਲ ਪੁਰਖ ਦੇ ਭਾਣੇ ਵਿੱਚ ਹੀ ਹੁੰਦਾ ਹੈ, ਕੀ ਹੋਇਆ ਜੇਕਰ ਹਾਲੇ ਜੰਗ ਜਿੱਤ ਨਹੀਂ ਹੋਈ ਪਰ ਆਪਾਂ ਜੰਗ ਛੱਡੀ ਵੀ ਨਹੀਂ.. ਜਦੋਂ ਅਕਾਲ ਪੁਰਖ ਨੇ ਚਾਹਿਆ, ਸਮਾਂ ਆਵੇਗਾ, ਦੁਨੀਆਂ ਖਾਲਸੇ ਦਾ ਰਾਜ ਅਵੱਸ਼ ਦੇਖੇਗੀ..." ।

ਨਿਰਸੰਦੇਹ ਭਾਈ ਮਹਿਲ ਸਿੰਘ ਜੀ ਪੂਰਨ ਗੁਰਸਿੱਖਾਂ ਵਾਲਾ ਜੀਵਨ ਨਿਭਾਉਂਦੇ ਹੋਏ ਆਪਣੇ ਕੀਤੇ ਬਚਨਾਂ ਨੂੰ ਗੁਰੂ ਸਾਹਿਬ ਦੀ ਕਿਰਪਾ ਸਦਕਾ ਆਖਰੀ ਸਾਹ ਤੱਕ ਨਿਭਾਅ ਗਏ। ਅਸੀਂ ਭਾਈ ਸਾਹਿਬ ਨੂੰ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਕਰਦੇ ਹਾਂ।

**ਅੰਤਿਕਾ - "ਮਾਨਾ ਕਿ ਗੁਲਸ਼ਨ ਕੋ ਗੁਲਜ਼ਾਰ ਨਾ ਬਨਾ ਸਕੇ**
**ਪਰ ਕੁਛ ਕਾਂਟੇ ਤੋ ਕਮ ਕਰ ਗਏ ਜਿਧਰ ਸੇ ਗੁਜ਼ਰੇ ਹਮ" ਅਮਰਦੀਪ ਸਿੰਘ ਅਮਰ ਉਰਫ ਮੰਗਲ ਸਿੰਘ ਅਕਾਲੀ**

## ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ ਸਮੈਦਿਕ ਵਿਖੇ ਸ਼ਰਧਾਂਜ਼ਲੀ ਸਮਾਗਮ 6 ਅਪਰੈਲ ਨੂੰ ਹੋਵੇਗਾ

ਸਮੈਦਿਕ (ਪੰਜਾਬ ਟਾਈਮਜ਼) - ਪੰਥਕ ਆਗੂ ਭਾਈ ਜੋਗਾ ਸਿੰਘ ਵੱਲੋਂ ਦਿੱਤੀ ਸੂਚਨਾ ਮੁਤਾ-ਬਕ ਹਾਲ ਹੀ ਦੌਰਾਨ ਆਕਾਲ ਚਲਾਣਾ ਕਰ ਗਏ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਅਤੇ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਸ਼ਰਧਾਂਜ਼ਲੀ ਸਮਾਗਮ ਗੁਰੂ ਨਾਨਕ ਗੁਰਦਵਾਰਾ ਸਮੈਦਿਕ ਵਿਖੇ 6 ਅਪਰੈਲ ਐਤਵਾਰ ਵਾਲੇ ਦਿਨ 1 ਵਜੇ ਕਰਵਾਇਆ ਜਾ ਰਿਹਾ ਹੈ। ਐਫ ਐਸ ਓ ਆਗੂਆਂ ਵੱਲੋਂ ਸਾਰੇ ਪੰਥ ਦਰਦੀਆਂ ਅਤੇ ਅਜ਼ਾਦੀ ਪਸੰਦ ਸਿੱਖਾਂ ਨੂੰ ਇਸ ਸ਼ਰਧਾਂਜ਼ਲੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ ਗਈ ਹੈ। ਭਾਈ ਜੋਗਾ ਸਿੰਘ ਨੇ ਕਿਹਾ ਕਿ ਆਪਣੀ ਜ਼ਿੰਦਗੀ ਦੇ ਚਾਰ ਦਹਾਕੇ ਕੌਮ ਦੇ ਲੇਖੇ ਲਗਾਉਣ ਵਾਲੇ ਅਤੇ ਭਾਰਤ ਸਰਕਾਰ ਮੂਹਰੇ ਗੋਡੇ ਨਾ ਟੇਕਣ ਵਾਲੇ ਕੌਮੀ ਪ੍ਰਵਾਨੇ ਦੀ ਦ੍ਰਿੜ੍ਹਤਾ ਨੂੰ ਆਉ ਇਕੱਠੇ ਹੋ ਕੇ ਸਿੱਜਦਾ ਕਰੀਏ।




## ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

***1 VACANCY FOR MINISTER OF RELIGION (TIER-2)***

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 10/04/2025**

**Apply/ Contact: via Phone 01384 238936 or Email:sdevsingh56@googlemail.com**

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**

# ਸੱਤਾਧਾਰੀ ਤਾਕਤਵਰ ਪਰ ਜਵਾਬਦੇਹੀ ਗਾਇਬ


ਗੁਰਮੀਤ ਸਿੰਘ ਪਲਾਹੀ
-9815802070




ਸੱਤਾ ਪ੍ਰਾਪਤ ਕਰਕੇ ਨੇਤਾਵਾਂ ਨੂੰ ਹੱਦੋਂ ਵੱਧ ਤਾਕਤਾਂ ਮਿਲ ਜਾਂਦੀਆਂ ਹਨ ਅਤੇ ਸੱਤਾ ਦੇ ਨਸ਼ੇ 'ਚ ਉਹ ਜਵਾਬਦੇਹੀ ਵੀ ਭੁੱਲ ਜਾਂਦੇ ਹਨ। ਕੋਈ ਵੀ ਉਹ ਸਿਧਾਂਤ, ਉਹਨਾਂ ਲਈ ਨਿਰਾਰਥਕ ਹੋ ਜਾਂਦਾ ਹੈ, ਜਿਸ ਅਧਿਕਾਰ ਸਿਧਾਂਤ ਦੀ ਵਰਤੋਂ ਨਾਲ ਉਹ ਸੱਤਾ ਹਥਿਆਉਂਦੇ ਹਨ। ਲੋਕਤੰਤਰ, ਗਣਤੰਤਰ ਅਤੇ ਸੰਵਿਧਾਨ ਦੀ ਆਤਮਾ ਨੂੰ ਉਹ ਸਮਝਣ ਦਾ ਯਤਨ ਹੀ ਨਹੀਂ ਕਰਦੇ। ਇਹ ਅੱਜ ਦੇ ਭਾਰਤ ਦਾ ਵੱਡਾ ਸੱਚ ਹੈ।

ਸੰਵਿਧਾਨ ਦੇ ਤਿੰਨ ਮੁੱਖ ਥੰਮ੍ਹ ਹਨ- ਵਿਧਾਨ ਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਇਹਨਾਂ ਤਿੰਨਾਂ ਥੰਮ੍ਹਾਂ ਦੇ ਸੁਚਾਰੂ ਰੂਪ ਨਾਲ ਕੰਮ ਕਰਨ ਨਾਲ ਹੀ ਦੇਸ਼ ਦਾ ਰਾਜ ਪ੍ਰਬੰਧ ਸਹੀ ਢੰਗ ਨਾਲ ਚੱਲ ਸਕਦਾ ਹੈ। ਇਸ ਅਧਾਰ ਉੱਤੇ ਇਮਾਨਦਾਰੀ ਨਾਲ ਚੱਲਣ ਵਾਲਾ ਸ਼ਾਸਨ ਹੀ ਲੋਕ ਹਿਤੈਸ਼ੀ ਹੋ ਸਕਦਾ ਹੈ। ਸ਼ਾਸਕ ਅਤੇ ਸ਼ਾਸਿਤ ਦਾ ਆਪਸੀ ਵਿਸ਼ਵਾਸ ਅਸਲ ਅਰਥਾਂ 'ਚ ਲੋਕਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢ ਬੰਨ੍ਹਦਾ ਹੈ। ਨੇਤਾਵਾਂ ਦਾ ਜਨਤਾ ਨਾਲ ਸੰਪਰਕ, ਸੰਬੰਧ ਅਤੇ ਸੰਵਾਦ ਜੋ ਅਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ 'ਚ ਵੇਖਣ ਨੂੰ ਮਿਲਿਆ ਕਰਦਾ ਸੀ,ਉਹ ਅਜ਼ਾਦੀ ਤੋਂ ਬਾਅਦ ਗਾਇਬ ਹੋ ਗਿਆ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਸੱਤਾਧਾਰੀਆਂ ਹੱਥ ਹੱਦੋਂ-ਵੱਧ ਤਾਕਤਾਂ ਆ ਗਈਆਂ ਤੇ ਉਹਨਾਂ ਦੀ ਜਵਾਬਦੇਹੀ ਘੱਟ ਹੁੰਦੀ-ਹੁੰਦੀ ਅੱਜ ਗਾਇਬ ਹੀ ਹੋ ਗਈ ਹੈ।

ਅਜ਼ਾਦੀ ਤੋਂ ਬਾਅਦ ਚੋਣ-ਦੌਰ ਚੱਲਿਆ। ਸਾਫ਼ - ਸੁਥਰੀਆਂ ਚੋਣਾਂ ਕਰਾਉਣ ਦੇ ਦਾਅਵੇ ਹੋਏ। ਸੱਤਾਧਾਰੀਆਂ ਹੱਥੋਂ ਜਦੋਂ ਤਾਕਤ ਖੁਸਦੀ ਰਹੀ, ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜੀਆਂ ਜਾਂਦੀਆਂ ਰਹੀਆਂ। ਚੋਣਾਂ 'ਚ ਬਾਹੂਬਲ,ਪੈਸੇ ਦਾ ਬੋਲਬਾਲਾ ਵਧਿਆ। ਸੰਵਿਧਾਨ ਦੀ ਮੂਲ ਭਾਵਨਾ ਹਰ ਇੱਕ ਨੂੰ ਬੋਲਣ ਦੀ ਅਜ਼ਾਦੀ ਦੇ ਖ਼ਾਤਮੇ ਦਾ ਦੌਰ ਚੱਲਿਆ। ਦੇਸ਼ 'ਚ ਐਮਰਜੈਂਸੀ ਲਾਉਣ ਜਿਹੇ ਕਾਲੇ ਦਿਨ ਦੇਸ਼ ਨੂੰ ਵੇਖਣੇ ਪਏ। ਕਾਨੂੰਨ-ਘਾੜੀਆਂ ਸੰਸਥਾਵਾਂ ਵਿਧਾਨ-ਸਭਾਵਾਂ ਤੇ ਲੋਕ-ਸਭਾ ਵਿੱਚ ਧਨ-ਕੁਬੇਰਾਂ ਅਤੇ ਅਪਰਾਧਿਕ ਲੋਕਾਂ ਦੀ ਭਰਮਾਰ ਹੋਈ। ਕਾਰਪੋਰੇਟਾਂ ਨੇ ਹੌਲੀ-ਹੌਲੀ ਸੱਤਾਧਾਰੀਆਂ 'ਤੇ ਗਲਬਾ ਪਾ ਲਿਆ ਅਤੇ ਦੇਸ਼ ਦੇ "ਕੁਦਰਤੀ ਸਾਧਨ ਲੁੱਟਣ ਦਾ ਦੌਰ" ਇਸੇ ਦਾ ਸਿੱਟਾ ਹੈ। ਦੇਸ਼ 'ਚ ਮੱਧ ਵਰਗੀ ਲੋਕਾਂ ਦੀ ਹਾਹਾਕਾਰ, ਕਿਸਾਨਾਂ, ਮਜ਼ਦੂਰਾਂ ਦਾ ਸ਼ੋਸ਼ਣ ਇਸੇ ਦਾ ਨਤੀਜਾ ਹੈ। ਇਸੇ ਲਈ ਕਿਸਾਨ ਮਜ਼ਦੂਰ ਅੱਜ ਸੜਕਾਂ 'ਤੇ ਹਨ। ਸੱਤਾ ਧਿਰ ਅੱਜ ਵਿਰੋਧੀ ਧਿਰ ਦੀ ਨਹੀਂ ਸੁਣਦੀ। ਆਪਣੇ ਤੋਂ ਉਲਟ ਵਿਚਾਰਾਂ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ 'ਚ ਸੁੱਟਿਆ ਜਾ ਰਿਹਾ ਹੈ।

ਕਦੇ ਸਮਾਂ ਸੀ ਕਿ ਦੇਸ਼ ਵਿੱਚ ਸੱਤਾ ਧਿਰ ਅਤੇ ਵਿਰੋਧੀ ਧਿਰ ਜਾਣਦੇ ਅਤੇ ਮੰਨਦੇ ਸਨ ਕਿ ਉਹਨਾਂ ਦਾ ਮੁੱਖ ਕੰਮ ਅਤੇ ਜਵਾਬਦੇਹੀ ਰਾਸ਼ਟਰ ਹਿਤ ਹੈ। ਜਿਸ ਲਈ ਮਿਲ ਕੇ ਕੰਮ ਕਰਨਾ ਹੈ। ਸੰਸਦ 'ਚ ਤਸੱਲੀ, ਦਲੀਲਬਾਜ਼ੀ ਦਾ ਬੋਲਬਾਲਾ ਸੀ। ਵਿਚਾਰ ਪ੍ਰਧਾਨ ਸੀ। ਅੱਜ ਵਿਚਾਰ ਗੁੰਮ ਹੈ। ਰੌਲਾ-ਰੱਪਾ ਹੈ। ਇਥੋਂ ਤੱਕ ਕਿ ਗਾਲੀ ਗਲੋਚ ਅਤੇ ਡਾਂਗ ਸੋਟਾ ਹੈ। ਸੰਵਿਧਾਨ ਉੱਤੇ ਸੱਤਾਧਾਰੀ ਧਿਰ ਦੇ ਹਮਲੇ ਪਰੇਸ਼ਾਨ ਕਰਨ ਵਾਲੇ ਹਨ। ਉਹ ਵਿਚਾਰ ਗਾਇਬ ਹੋ ਰਹੇ ਹਨ,ਜੋ ਦੇਸ਼ ਦੇ ਸੰਘੀ ਢਾਂਚੇ ਦੀ ਸੁਰੱਖਿਆ ਲਈ ਕਦੇ ਅਹਿਮ ਸਨ।

ਭਾਰਤੀ ਸੱਭਿਆਚਾਰ ਦੀ ਇਹ ਪ੍ਰਾਪਤੀ ਰਹੀ ਹੈ ਕਿ ਇਥੋਂ ਦੇ ਲੋਕਾਂ ਨੇ ਲੋਕਤੰਤਰ ਦੀ ਮੂਲ ਭਾਵਨਾ ਮਿਲ-ਬਹਿ ਕੇ ਹੱਲ ਕੱਢਣਾ,ਹਜ਼ਾਰਾਂ ਸਾਲ ਪਹਿਲਾਂ ਸਿੱਖ ਲਿਆ ਸੀ। ਉਸੇ ਨੂੰ ਯਾਦ ਕਰਕੇ ਅਸੀਂ ਕਹਿੰਦੇ ਹਾਂ ਕਿ ਲੋਕਤੰਤਰ ਦਾ ਜਨਮਦਾਤਾ ਭਾਰਤ ਹੈ। ਪਰੰਤੂ ਅੱਜ ਆਪਸੀ ਸੰਵਾਦ ਲਗਭਗ ਬੰਦ ਹੈ। ਮਿਲ-ਬੈਠ ਕੇ ਮਸਲੇ ਹੱਲ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਹੈ ਅਤੇ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮਿਲ ਬੈਠਣ ਲਈ ਕੋਈ ਸਾਰਥਕ ਯਤਨ ਹੀ ਨਹੀਂ ਹੋ ਰਹੇ। ਇਸੇ ਕਰਕੇ ਸੰਵੇਦਨਹੀਣਤਾ ਵਧ ਰਹੀ ਹੈ। ਫਿਰਕਿਆਂ 'ਚ ਪਾੜਾ ਪੈ ਰਿਹਾ ਹੈ। ਨਿੱਤ ਫਿਰਕੂ ਦੰਗੇ ਹੋ ਰਹੇ ਹਨ।

ਨੇਤਾਵਾਂ ਦੀ ਮਨਮਾਨੀ ਅਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਦਾ ਵਧਣਾ ਪ੍ਰਤੱਖ ਦਿਸਣ ਲੱਗਾ ਹੈ। ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਧਾਰਮਿਕ ਸੰਕੀਰਣਤਾ ਦਾ ਵਧਣਾ ਇਸਦਾ ਪ੍ਰਤੱਖ ਸਬੂਤ ਹੈ। ਦੇਸ਼ 'ਚ ਸੈਂਕੜੇ ਸਕੀਮਾਂ ਇਹੋ-ਜਿਹੀਆਂ ਚਲਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੇ ਟੈਕਸ ਦੀ ਵੱਡੀ ਦੁਰਵਰਤੋਂ ਹੈ। ਦੇਸ਼ ਦੇ ਚੁਣੇ ਸੰਸਦ ਮੈਂਬਰਾਂ ਨੂੰ ਮਿਲਦੇ 5 ਕਰੋੜ ਰੁਪਏ ਸਲਾਨਾ ਅਤੇ ਉਹਨਾਂ ਨੂੰ ਖਰਚਣ ਸੰਬੰਧੀ ਸਾਂਸਦਾਂ ਦੇ ਇੱਕ ਗਰੁੱਪ 'ਚ ਕਮਿਸ਼ਨ ਤੈਅ ਕਰਨ ਦੀਆਂ ਖ਼ਬਰਾਂ ਨੇ, "ਦੇਸੀ ਸ਼ਾਸਕਾਂ" ਦੇ "ਕਾਲੇ ਚਿਹਰੇ" ਨੰਗੇ ਕੀਤੇ ਹਨ।

2014 'ਚ ਬਣੀ ਮੋਦੀ ਸਰਕਾਰ ਵੱਲੋਂ 100 ਸ਼ਹਿਰਾਂ ਨੂੰ ਸਮਾਰਟ ਸ਼ਹਿਰ ਬਣਾਉਣ ਦੀ ਸਕੀਮ ਦੇਸ਼ ਚ ਗੱਜ-ਵੱਜ ਕੇ ਸ਼ੁਰੂ ਕੀਤੀ ਗਈ। ਇਸ ਸਕੀਮ ਨੂੰ ਹੁਣ ਖ਼ਤਮ ਕਰ ਦਿੱਤਾ ਗਿਆ। ਨਾ ਕੋਈ ਸ਼ਹਿਰ ਸਮਾਰਟ ਬਣ ਸਕਿਆ, ਨਾ ਕੋਈ ਸਿਟੀ ਮਿਸ਼ਨ 'ਚ ਕੰਮ ਪੂਰਾ ਹੋ ਸਕਿਆ। ਹਾਂ, ਸਿਰਫ਼ 16 ਸ਼ਹਿਰਾਂ 'ਚ ਕੰਮ ਪੂਰਾ ਹੋਇਆ। ਪਰ 14000 ਕਰੋੜ ਰੁਪਏ ਦੇ ਕੰਮ ਅਧੂਰੇ ਪਏ ਰਹੇ। ਸ਼ਹਿਰ ਪਹਿਲਾਂ ਨਾਲੋਂ ਵੀ ਗੰਦੇ ਹੋਏ। ਪ੍ਰਦੂਸ਼ਣ ਵਧਿਆ । ਗੰਦਗੀ ਵਧੀ ਹੈ।

ਨੇਤਾਵਾਂ ਦੀ ਨਿੱਜੀ ਸੁਰੱਖਿਆ ਦੇ ਨਾਂ 'ਤੇ ਕਰੋੜਾਂ ਖਰਚੇ ਜਾ ਰਹੇ ਹਨ। ਬੁਲਟ ਪਰੂਫ਼ ਜੈਕਟਾਂ, ਕਾਰਾਂ, ਹਵਾਈ ਖ਼ਜ਼ਾਨੇ, ਨੇਤਾ ਦੀ ਕਿਸ ਤੋਂ ਸੁਰੱਖਿਆ ਲਈ ਹਨ? ਨੇਤਾ ਤਾਂ ਲੋਕਾਂ ਦਾ ਨੁਮਾਇੰਦਾ ਹੈ। ਜੇਕਰ ਉਸ ਨੂੰ ਲੋਕਾਂ ਤੋਂ ਹੀ ਖ਼ਤਰਾ ਭਾਸਦਾ ਹੈ ਤਾਂ ਆਖਰ ਉਹ ਨੇਤਾ ਕਿਸ ਦਾ ਹੈ ? ਮੌਜੂਦਾ ਭਾਰਤੀ ਪ੍ਰਧਾਨ ਮੰਤਰੀ ਦੀ ਸ਼ਾਨੋ ਸ਼ੌਕਤ, ਡਰੈਸ ਖਰਚੇ, ਸ਼ਾਹੀ ਠਾਠ- ਬਾਠ, ਉਸਦੇ ਸ਼ਖ਼ਸ਼ੀ ਉਭਾਰ ਲਈ ਖਰਚੇ ਜਾ ਰਹੇ ਕਰੋੜਾਂ ਰੁਪਏ, ਆਖਰ ਲੋਕਾਂ ਦੇ ਗਾੜ੍ਹੇ ਖੂਨ ਪਸੀਨੇ ਦੀ ਕਮਾਈ 'ਚ ਉਡਾਏ ਜਾ ਰਹੇ ਹਨ। ਜਵਾਬਦੇਹੀ ਕਿੱਥੇ ਹੈ ? ਰਾਜਧਾਨੀ ਦਿੱਲੀ 'ਚ ਪੁਰਾਣੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਵੱਡੇ ਚਰਚੇ ਰਹੇ। ਰਾਜਭਾਗ ਦੀਆਂ ਪ੍ਰਾਪਤੀਆਂ ਨੂੰ ਪ੍ਰੈਸ, ਸੋਸ਼ਲ ਮੀਡੀਆ ਰਾਹੀਂ ਪ੍ਰਚਾਰਨ ਲਈ ਅਰਬਾਂ ਰੁਪਏ, ਡਾਲਰ ਖਰਚੇ ਜਾਂਦੇ ਹਨ। ਸਰਕਾਰੀ ਖਜਾਨੇ ਨੂੰ ਵੱਡਾ ਚੂਨਾ ਲਗਾਇਆ ਜਾਂਦਾ ਹੈ। ਇਹ ਆਖਰ ਸੱਤਾ ਦੇ ਗਲਿਆਰਿਆਂ 'ਚ ਬੈਠੇ ਢੁੱਠਾਂ ਵਾਲੇ ਨੇਤਾਵਾਂ ਦੀ ਨਾਦਰਸ਼ਾਹੀ ਸੋਚ ਕਾਰਨ ਹੀ ਨਹੀਂ ਵਾਪਰ ਰਿਹਾ? ਲੋਕ ਬੇਰੁਜ਼ਗਾਰੀ ਤੋਂ ਦੁਖੀ ਹਨ। ਮਹਿੰਗਾਈ ਤੋਂ ਪਰੇਸ਼ਾਨ ਹਨ। ਤੰਗੀਆਂ-ਤੁਰਸ਼ੀਆਂ ਦਾ ਜੀਵਨ ਬਿਤਾ ਰਹੇ ਹਨ। ਭ੍ਰਿਸ਼ਟਾਚਾਰ ਨਾਲ ਦੇਸ਼ ਪਰੁੰਨਿਆਂ ਪਿਆ ਹੈ। ਆਖਰ ਇਹ ਜਵਾਬਦੇਹੀ ਕਿਸ ਦੀ ਹੈ ? ਜੇਕਰ ਨੇਤਾ, ਸਿਆਸੀ ਪਾਰਟੀਆਂ ਲੋਕਾਂ ਨੂੰ ਸੁੱਖ ਆਰਾਮ ਨਹੀਂ ਦੇ ਸਕਦੀਆਂ ,ਸਹੂਲਤਾਂ ਨਹੀਂ ਦੇ ਸਕਦੀਆਂ, ਰੁਜ਼ਗਾਰ ਨਹੀਂ ਦੇ ਸਕਦੀਆਂ, ਚੰਗੀ ਪੜ੍ਹਾਈ ਅਤੇ ਚੰਗਾ ਵਾਤਾਵਰਣ ਪ੍ਰਦਾਨ ਕਰਨ 'ਚ ਅਸਮਰੱਥ ਹਨ ਤਾਂ ਕੀ ਉਹ ਨੇਤਾ ਹੋਣ ਤੇ ਅਖਵਾਉਣ ਦਾ ਹੱਕ ਨਹੀਂ ਗਵਾ ਲੈਂਦੇ ?

ਦੇਸ਼ 'ਚ ਚੋਣ ਪ੍ਰਬੰਧ ਵਿਗੜਿਆ। ਦੇਸ਼ ਦੀਆਂ ਖੁਦ ਮੁਖ਼ਤਿਆਰ ਏਜੰਸੀਆਂ ਇੱਕ ਪਾਸੜ ਫੈਸਲੇ ਲੈਣ ਲੱਗੀਆਂ। ਨਿਆਂ ਪ੍ਰਬੰਧ ਉੱਤੇ ਸਵਾਲ ਖੜੇ ਹੋਣ ਲੱਗੇ। ਕਾਰਜ ਪਾਲਿਕਾ ਆਪਣੇ ਫਰਜ਼ ਨਿਭਾਉਣ ਤੋਂ ਕੁਤਾਹੀ ਕਰਨ ਲੱਗੀ। ਦੇਸ਼ ਦੀ ਵਾਗਡੋਰ ਚੁਣੇ ਹੋਏ ਨੇਤਾਵਾਂ ਹੱਥ ਨਹੀਂ, ਮਾਫੀਏ ਹੱਥ ਫੜਾ ਦਿੱਤੀ ਗਈ ਤਾਂ ਦੇਸ਼ ਦੇ ਨੇਤਾ ਮਦਹੋਸ਼ ਪੰਜ ਵਰ੍ਹੇ ਐਸ਼ ਕਰਕੇ ਸਿਰਫ ਚੋਣ ਜਿੱਤਣ ਲਈ ਹਰ ਹੀਲਾ ਵਰਤਣ ਲੱਗੇ। ਲੋਕਾਂ ਨੂੰ ਮੁੱਠੀ ਭਰ ਅਨਾਜ ਬਖ਼ਸ਼ ਕੇ, ਲੋਕਾਂ ਨੂੰ ਧਰਮ ਦੇ ਨਾਂ ਤੇ ਲੜਾ ਕੇ, ਵੋਟਾਂ ਕਾਬੂ ਕਰਨੀਆਂ, ਕਿਹੜੀ ਰਾਜਨੀਤੀ ਹੈ ? ਇਸ ਦੇਸ਼ ਨੂੰ ਫ਼ਿਰੰਗੀਆਂ ਤੋਂ, ਵਿਦੇਸ਼ੀਆਂ ਤੋਂ ਮੁਕਤੀ ਦਿਵਾਉਣ ਲਈ ਅਜ਼ਾਦੀ ਦੇ ਪਰਵਾਨਿਆਂ ਨੂੰ ਇੱਕ ਪੂਰੀ ਸਦੀ ਸੰਘਰਸ਼ ਕਰਨਾ ਪਿਆ। ਇਸ ਨੂੰ ਨਫ਼ਰਤੀ ਰਾਜਨੀਤੀ ਨਾਲ ਕੁਝ ਦਹਾਕਿਆਂ ਵਿੱਚ ਹੀ ਤਹਿਸ-ਨਹਿਸ ਕਰਨ ਦੀਆਂ ਤਰਕੀਬਾਂ ਘੜੀਆਂ ਜਾ ਚੁੱਕੀਆਂ ਹਨ। ਧਰਮ, ਭਾਸ਼ਾ ਤੇ ਜਾਤ ਦੇ ਨਾਵਾਂ 'ਤੇ ਵੰਡੀਆਂ, ਦੇਸ਼ ਨੂੰ ਆਖਰ ਕਿੱਧਰ ਲੈ ਕੇ ਜਾਣਗੀਆਂ? ਕਿਸ ਦੀ ਹੈ ਜਵਾਬਦੇਹੀ? ਸਮਾਜ ਬਿਖਰ ਰਿਹਾ ਹੈ। ਇਸ ਦਾ ਤਾਣਾ-ਬਾਣਾ ਵਿਗਾੜਿਆ ਜਾ ਰਿਹਾ ਹੈ।

ਦੇਸ਼ 'ਚ ਆਖਰੀ ਕਤਾਰ 'ਚ ਖੜਾ ਵਿਅਕਤੀ ਕਈ ਵਰ੍ਹਿਆਂ ਤੋਂ ਇਹ ਸਭ ਕੁਝ ਦੇਖ ਰਿਹਾ ਹੈ। ਪਰ ਉਸ ਨੂੰ ਇਸ ਸਥਿਤੀ ਨੂੰ ਸਮਝਣ ਲਈ ਸਮਾਂ ਲੱਗ ਰਿਹਾ ਹੈ। ਉਸ ਦੀ ਬੇਚੈਨੀ ਵੱਧ ਰਹੀ ਹੈ। ਉਸ ਨੇ ਸੱਤਾ ਬਦਲਣੀ ਤਾਂ ਸਿੱਖ ਲਈ ਹੈ ਪਰ ਅੱਜ ਸਧਾਰਨ ਨਾਗਰਿਕ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਮੰਤਰੀ,ਜੱਜ, ਨੌਕਰਸ਼ਾਹ ਤੇ ਅਨੇਕਾਂ ਛੋਟੇ ਅਧਿਕਾਰੀਆਂ ਦੇ ਘਰ ਤਾਂ ਧਨ ਨਾਲ ਭਰੇ ਦਿਸਦੇ ਹਨ। ਅਨੇਕਾਂ ਖਬਰਾਂ ਕਰੋੜਾਂ ਦੀ ਰਿਸ਼ਵਤ ਲੈਣ ਦੀਆਂ ਲੋਕਤੰਤਰ ਦੇ ਚੌਥੇ ਥੰਮ੍ਹ ਉਸ ਪ੍ਰੈਸ ਛਪਦੀਆਂ ਹਨ,ਜਿਸ ਦਾ ਵੱਡਾ ਹਿੱਸਾ "ਗੋਦੀ ਮੀਡੀਆ" ਦਾ ਰੂਪ ਧਾਰਨ ਕਰ ਚੁੱਕਿਆ ਹੈ। ਆਖਰ ਦੇਸ਼ ਕਿੱਧਰ ਨੂੰ ਤੁਰਿਆ ਜਾ ਰਿਹਾ ਹੈ ?

ਸੁਧਾਰ ਦੇ ਅਨੇਕਾਂ ਯਤਨ ਅਰੰਭੇ ਜਾਂਦੇ ਹਨ, ਪਰ ਬਹੁਤੀ ਵੇਰ ਇਹ ਯਤਨ ਦਿਖਾਵਾ ਮਾਤਰ ਹੀ ਰਹਿ ਜਾਂਦੇ ਹਨ। ਲੋਕਾਂ ਨੂੰ ਨੇਤਾਵਾਂ ਨੇ ਸਮੇਂ-ਸਮੇਂ ' "ਸਵਰਾਜ" ਦਾ ਸੁਪਨਾ ਦਿਖਾਇਆ। "ਗਰੀਬੀ ਹਟਾਓ" ਦੇ ਨਾਅਰੇ ਲੱਗੇ।"ਜੈ ਜਵਾਨ, ਜੈ ਕਿਸਾਨ" ਗੂੰਜਿਆ। "ਸਭ ਦਾ ਵਿਕਾਸ, ਸਭ ਦਾ ਸਾਥ" ਹਵਾ 'ਚ ਲਹਿਰਾਇਆ ਗਿਆ। ਪਰ ਲੋਕਾਂ ਦੀਆਂ ਬਰੂਹਾਂ 'ਤੇ ਸਿਰਫ ਫੋਕੇ ਵਾਇਦੇ ਹੀ ਪੁੱਜ ਸਕੇ। ਕੀ ਭਾਰਤੀ ਲੋਕਤੰਤਰ ਦੇ ਨੇੜੇ ਜਾ ਰਹੇ ਹਨ ਜਾਂ ਇਸ ਤੋਂ ਦੂਰ ਭੇਜੇ ਜਾ ਰਹੇ ਹਨ? ਨਾਅਰੇ, ਵਾਅਦੇ ਤੇ ਸਿਰਫ ਵਾਅਦੇ ਆਖਰ ਦੋ ਡੰਗ ਦੀ ਲੋਕਾਂ ਦੀ ਰੋਟੀ ਦਾ ਸਾਧਨ ਤਾਂ ਨਹੀਂ ਨਾ ਬਣ ਸਕਦੇ। ਲੋਕ ਲੱਭਦੇ ਹਨ -"ਰਾਮ ਰਾਜ"। ਲੋਕ ਭਾਲ 'ਚ ਹਨ -ਆਪਣੇ ਹੱਕਾਂ ਦੇ। ਪਰ ਇਹ ਸਾਰੇ ਤਾਂ ਨੇਤਾਵਾਂ ਨੇ ਆਪਣੇ ਹੱਥ ਵੱਸ ਕਰ ਲਏ ਹਨ। ਉਹਨਾਂ ਪੱਲੇ ਤਾਂ ਲਾਚਾਰੀ ਹੈ। ਅਵਿਸ਼ਵਾਸ ਹੈ ਬੇਵਸੀ ਹੈ।

ਦੇਸ਼ ਦਾ ਨੇਤਾ ਅਮੀਰ ਹੈ, ਜਨਤਾ ਗਰੀਬ ਹੈ। ਮੁੱਠੀ ਭਰ ਦੇਸ਼ ਦੇ ਨੇਤਾਵਾਂ ਨੇ "ਜਨਤਾ"ਹਥਿਆ ਲਈ ਹੈ। ਅੱਜ ਦੇਸ਼ ਦੇ ਬਹੁਤੇ ਸਿਆਸੀ ਦਲ ਗੁਣ-ਦੋਸ਼, ਅਸੂਲ ਛੱਡ ਕੇ ਕੁਰਸੀ ਤੇ ਕਬਜ਼ੇ ਨੂੰ ਪਹਿਲ ਦੇਣ ਲੱਗੇ ਹਨ। ਉਹਨਾਂ ਲਈ ਲੋਕਤੰਤਰ ਦਾ ਅਰਥ "ਅਗਲੀ ਚੋਣ ਜਿੱਤਣਾ" ਹੈ। ਇਹ ਚੋਣ ਭਾਵੇਂ ਸਥਾਨਕ ਸਰਕਾਰ ਦੀ ਹੋਵੇ, ਸੂਬੇ ਦੀ ਹੋਵੇ, ਦੇਸ਼ ਦੀ ਵੱਡੀ ਕਾਨੂੰਨੀ ਘਾੜਨੀ ਸਭਾ ਸੰਸਦ ਦੀ ਹੋਵੇ ਜਾਂ ਫਿਰ ਟਰੱਕ ਯੂਨੀਅਨ ਦੇ ਨੇਤਾ ਦੀ। ਹਰ ਥਾਂ ਜੋੜ-ਤੋੜ,ਧਨ ਦੀ ਵਰਖਾ, ਨੇਤਾ ਲੋਕਾਂ ਦੀ ਅਦਲਾ ਬਦਲੀ, ਆਇਆ ਰਾਮ ਗਿਆ ਰਾਮ ਦੀ ਸਿਆਸਤ ਭਾਰੂ ਹੈ।

ਪੀੜ੍ਹੀਆਂ ਬਦਲ ਗਈਆਂ। ਸੱਤਾ ਵਿੱਚ ਜਾ ਕੇ ਲੋਕਾਂ ਨੇ ਦੇਖਿਆ ਕਿ ਸਿਆਸਤਦਾਨਾਂ ਦੀ ਤਾਕਤ ਅਸੀਮਤ ਹੋ ਗਈ ਹੈ। ਉਹ ਇਸ ਚਕਾਚੌਂਧ ਵਿੱਚ ਨਾ ਕੇਵਲ ਆਦਰਸ਼ ਭੁੱਲ ਗਏ ਹਨ, ਸਗੋਂ ਸਿਧਾਂਤ ਵੀ ਉਹਨਾਂ ਲਈ ਅਵਿਵਹਾਰਕ ਹੋ ਗਏ ਹਨ। ਉਹਨਾਂ ਦੀ ਮਾਨਸਿਕ ਅਵਸਥਾ ਤਾਂ ਇੱਥੇ ਤੱਕ ਪੁੱਜ ਗਈ ਹੈ ਕਿ ਉਹ ਲੋਕਾਂ ਨੂੰ ਭੁੱਲ ਗਏ ਹਨ।

ਸੈਕੂਲਰ ਸ਼ਬਦ ਦਾ ਗੁੰਮ ਹੋ ਜਾਣਾ, ਰਾਸ਼ਟਰਵਾਦ ਦਾ ਬੋਲਬਾਲਾ ਅੱਜ ਦੇ ਸੱਤਾਧਾਰੀ ਨੇਤਾਵਾਂ ਦਾ ਆਦਰਸ਼ ਹੈ। ਅਮਰੀਕਾ ਦਾ ਟਰੰਪ,ਭਾਰਤ ਦਾ ਮੋਦੀ, ਰੂਸ ਦਾ ਪੁਤਿਨ ਅਤੇ ਕਈ ਦੇਸ਼ਾਂ ਦੇ ਹੋਰ ਵੱਡੇ ਨੇਤਾ ਧਰਮ ਨਿਰਪੱਖਤਾ, ਲੋਕਤੰਤਰ ਨੂੰ ਹੀ ਨਹੀਂ ਭੁੱਲ ਰਹੇ, ਸਹੀ ਗਲਤ ਦੀ ਪਰਿਭਾਸ਼ਾ ਨੂੰ ਵੀ ਨੁੱਕਰੇ ਲਾ ਬੈਠੇ ਹਨ। ਇਹ ਸਭ ਤਾਕਤ ਦਾ ਨਸ਼ਾ ਹੈ। ਇਹ ਸੱਤਾ ਦੀ ਮਗਰੂਰੀ ਹੈ।

ਲੋਕਾਂ ਨੂੰ ਕੀੜੇ-ਮਕੌੜੇ ਸਮਝਣਾ ਅਤੇ ਇੱਕ ਵੋਟਰ ਸਮਝ ਕੇ ਉਹਨਾਂ ਨਾਲ ਵਿਵਹਾਰ ਕਰਨਾ, ਅੱਜ ਦੇ ਸਮੇਂ ਦਾ ਵੱਡਾ ਦੁਖਾਂਤ ਹੈ। ਦੇਸ਼ ਦੇ ਨੇਤਾਵਾਂ ਦਾ ਇਹ ਵਿਵਹਾਰ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ। ਇਹ ਲੋਕਾਂ ਪ੍ਰਤੀ ਸੰਵੇਦਨਹੀਣਤਾ ਹੈ। ਲੋਕ ਬਹੁਤਾ ਚਿਰ ਇਸ ਸਥਿਤੀ ਨੂੰ ਪ੍ਰਵਾਨ ਨਹੀਂ ਕਰਨਗੇ।

ਫ਼ਿਰਕੂ ਟੀਕੇ, ਮੁਫ਼ਤ ਦਾ ਰਾਸ਼ਨ, ਲੋਕਾਂ ਦੀਆਂ ਰਗਾਂ 'ਚ ਜ਼ਹਿਰ ਤੇ ਸੁਸਤੀ ਤਾਂ ਭਰ ਰਿਹਾ ਹੈ। ਪਰ ਸੁਚੇਤ ਸੋਚ ਉਸਨੂੰ ਥਾਂ ਸਿਰ ਕਰਨ ਲਈ ਅੱਗੇ ਵਧ ਰਹੀ ਹੈ, ਜਿਹੜੀ ਸੱਤਾ ਦੇ ਭੁੱਖੇ, ਲੂੰਬੜ-ਚਾਲਾਂ ਚੱਲਣ ਵਾਲੇ ਨੇਤਾਵਾਂ ਦਾ ਅਸਲ ਚਿਹਰਾ ਦੁਨੀਆਂ ਸਾਹਮਣੇ ਲਿਆਏਗੀ। ਸੱਤਾ ਦਾ ਸੁੱਖ ਮਾਣ ਰਹੇ ਤਾਕਤਵਰ ਨੇਤਾਵਾਂ ਨੂੰ ਆਖਰ ਲੋਕ ਕਚਹਿਰੀ 'ਚ ਆਪਣੇ ਗ਼ਲਤ ਕੰਮਾਂ ਲਈ ਜਵਾਬਦੇਹ ਹੋਣਾ ਪਵੇਗਾ।

* * * * * *

# ਅਕਾਲ ਤਖ਼ਤ ਸਾਹਿਬ ਦੀ ਅਜ਼ਾਦੀ ਲਈ ਪੰਥਕ ਪ੍ਰਬੰਧ ਦੀ ਰੂਪ ਰੇਖਾ ਘੜੀ ਜਾਵੇ

## ਗਿਆਨੀ ਕੇਵਲ ਸਿੰਘ



ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਿਆਨ ਆਇਆ ਹੈ ਕਿ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸੇਵਾ- ਮੁਕਤੀ ਤੇ ਅਧਿਕਾਰ ਸਬੰਧੀ ਵਿਧੀ-ਵਿਧਾਨ ਬਣਾਉਣ ਲਈ ਤਿਆਰ ਹੋ ਗਈ ਹੈ। ਇਸ ਉੱਦਮ ਨੂੰ ਜੀ ਆਇਆਂ ਨੂੰ ਆਖਣਾ ਬਣਦਾ ਹੈ। ਯਾ ਖੁਦਾ ਪੰਜੀ ਸਾਲ ਪਹਿਲਾਂ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦਾ ਪਾਲਣ ਕੀਤਾ ਹੁੰਦਾ ਤਾਂ ਜੋ ਪੰਥਕ ਸੱਥਾਂ ਵਿਚ ਪੀੜਾ ਆਈ ਹੈ ਤੇ ਜਥੇਬੰਦਕ ਦੂਰੀਆਂ ਵਧੀਆਂ ਤੇ ਦਰਾਰਾਂ ਪਈਆਂ ਇਨ੍ਹਾਂ ਸਭ ਤੋਂ ਬਚਿਆ ਜਾ ਸਕਦਾ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਹਨ ਸਾਡੇ ਲਈ ਜੋ ਵਧੇਰੇ ਕਰਕੇ ਸਾਡੀ ਸਮਝੋਂ ਬਾਹਰ ਹਨ। "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥"

ਅਸੀਂ ਧੜਿਆਂ ਦੇ ਪ੍ਰਭਾਵ ਨੂੰ ਪਹਿਲ ਦੇ ਪੰਥਕ ਮਾਣ ਮਰਯਾਦਾ ਦੇ ਘਾਣ ਕਰਨ ਨੂੰ ਕਈ ਵਾਰ ਪਹਿਲ ਕਰਦੇ ਆ ਰਹੇ ਹਾਂ। ਸਾਡੀਆਂ ਸੰਸਥਾਵਾਂ, ਜਿਨ੍ਹਾਂ 'ਤੇ ਸਮੂਹ ਪੰਥ ਰੱਜ ਕੇ ਮਾਣ ਕਰਦਾ ਸੀ ਧੜਿਆਂ ਦੀ ਬਿਮਾਰੀ ਕਰਕੇ ਕੱਖੋਂ ਹੌਲੀਆਂ ਕਰ ਲਈਆਂ ਹਨ। ਅੱਜ ਸੁਹਿਰਦ ਸਿੱਖ ਨਾਮ ਲੈਣ ਲੱਗਿਆਂ ਸੋਚਣ ਲੱਗੇ ਹਨ ਕਿ ਮੈਂ ਕੋਈ ਅਪਰਾਧ ਤੇ ਨਹੀਂ ਕਰ ਰਿਹਾ ਨਾਮ ਲੈ ਕੇ। ਇਹ ਤੇ ਹੁਣ ਪੰਥ ਦੀ ਵਫ਼ਾ ਵਿਚ ਖੜੀਆਂ ਹੀ ਨਹੀਂ ਹਨ। ਇਨ੍ਹਾਂ ਦੇ ਵਰਤਮਾਨ ਆਗੂਆਂ ਨੇ ਇਨ੍ਹਾਂ ਸੰਸਥਾਵਾਂ ਦੀਆ ਬੀਤੇ ਵਿਚ ਪੰਥ ਪ੍ਰਸਤ ਸੇਵਕਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਵਾਲਿਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸੇਵਕ ਕਹਿਣਾ ਖ਼ੁਦ ਨੂੰ ਜ਼ਲੀਲ ਕਰਨਾ ਹੈ।

ਜੋ ਸਾਡੀ ਪ੍ਰਬੰਧਕੀ ਦੁਰਦਸ਼ਾ ਹੁਣ ਬਣਾ ਦਿੱਤੀ ਗਈ ਹੈ ਇਸ ਨਾਲ ਪੀੜ੍ਹੀਆਂ ਦਾ ਪੰਥ ਤੇ ਪੰਥਕ ਫਰਜ਼ ਪ੍ਰਤੀ ਲਗਾਓ ਪੈਦਾ ਹੋਣਾ ਬੰਦ ਹੋ ਗਿਆ ਹੈ। ਇਸ ਨਾਲੋਂ ਘਾਤਕ ਪੱਖ ਹੋਰ ਕਿਹੜਾ ਹੋ ਸਕਦਾ ਹੈ? ਜਿਨ੍ਹਾਂ ਸੰਸਥਾਵਾਂ ਦੀ ਵਰਤਮਾਨ ਸਮੇਂ ਦੀ ਪੰਥਕ ਭਾਵਨਾ ਭਰੀ ਕਾਰਗੁਜ਼ਾਰੀ ਵੇਖ ਕੇ ਖ਼ੁਦ ਨੂੰ ਇਨ੍ਹਾਂ ਸੰਸਥਾਵਾਂ ਦੇ ਵਾਰਸ ਬਣਾਉਣ ਲਈ ਹਿਰਦੈ ਵਿਚ ਮਾਣ ਸਨਮਾਨ ਮਹਿਸੂਸ ਕਰਦਿਆਂ ਫੁੱਲੇ ਨਹੀਂ ਸੀ ਸਮਾਉਣਾ ਉਹ ਸਿੱਖੀ ਵਿਸ਼ਵਾਸ ਤੋਂ ਮੂੰਹ ਫੇਰਦੇ ਤੇ ਹੋਰ ਹੋਰ ਪਾਸੇ ਭਟਕਦੇ ਹੋਏ ਵੇਖੇ ਜਾ ਸਕਦੇ ਹਨ। ਦੁੱਖ ਇਸ ਗੱਲ ਦਾ ਇਨ੍ਹਾਂ ਸੰਸਥਾਵਾਂ ਦੇ ਨਾਮ ਧਰੀਕ ਗੈਰ ਜ਼ਿੰਮੇਵਾਰ ਆਗੂਆਂ ਨੂੰ ਇਸ ਗੱਲ ਦੀ ਕੋਈ ਲੱਥੀ ਚੜ੍ਹੀ ਨਹੀਂ ਕਿ ਸਾਡੀ ਨੌਜਵਾਨ ਪੀੜ੍ਹੀ ਕਿਹੜੀ ਕਿਹੜੀ ਮਾਨਸਿਕ ਪੀੜਾ ਥਾਣੀ ਗੁਜ਼ਰ ਰਹੀ ਹੈ। ਸਾਡੀ ਹਉਮੈ ਭਰੀ ਤੇ ਧੜਾਗ੍ਰਸਤ ਸੋਚ ਨੇ ਉਸ ਨੂੰ ਕਿਵੇਂ ਨਿਰਾਸਤਾ ਵੱਲ ਧੱਕ ਦਿੱਤਾ ਹੈ। ਕਿਉਂ ਨਹੀਂ ਅਸੀਂ ਆਪਣੇ ਪੰਥਕ ਜ਼ਾਬਤੇ ਵਿਹੂਣੇ ਕਦਮ ਰੋਕ ਲੈਂਦੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਵੱਲੋਂ ਆਏ ਬਿਆਨ ਨਾਲ ਵਕਤੀ ਵਿਰੋਧ ਰੋਕਣ ਦੀ ਕਿਧਰੇ ਖ਼ਾਨਾਪੂਰਤੀ ਤੇ ਨਹੀਂ ਹੈ? ਕਿ ਕਾਰਜਕਾਰਣੀ ਦੀ ਗ਼ੈਰ ਪ੍ਰਬੰਧਕੀ ਕਾਰਗੁਜ਼ਾਰੀ ਤੋਂ ਧਿਆਨ ਪਾਸੇ ਕਰਨ ਦੀ ਵਕਤੀ ਭਾਵਕ ਕਾਰਵਾਈ ਦਾ ਪ੍ਰਗਟਾਵਾ ਬਣ ਕੇ ਨ ਰਹਿ ਜਾਵੇ ਇਹ ਬਿਆਨ! ਕਿਉਂਕਿ ਪੰਥਕ ਸੁਹਿਰਦਤਾ ਵਾਲਾ ਇਤਬਾਰ ਇਸ ਮੌਕੇ ਕਿਸੇ ਤੇ ਕਰਣਾ ਬਹੁਤ ਔਖਾ ਹੈ।



ਅੱਜ ਜੋ ਹਸ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ 2 ਦਸੰਬਰ 2024 ਦੇ ਆਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਨੇ ਕੀਤਾ ਤੇ ਕਰਨ ਵਾਲਿਆਂ ਦਾ ਧੜਾ ਪਾਲਿਆ ਹੈ ਇਹ ਅੱਜ ਦੇ ਇਤਿਹਾਸ ਦਾ ਵੱਡਾ ਦੁਖਾਂਤ ਹੈ ਜਿਸ ਦੀ ਕਾਲਖ਼ ਨੂੰ ਛੇਤੀ ਮੇਟਿਆ ਹੀ ਨਹੀਂ ਜਾ ਸਕਦਾ। ਕੀ ਕਸੂਰ ਸੀ ਜਥੇਦਾਰਾਂ ਗਿਆਨੀ ਰਘਬੀਰ ਸਿੰਘ ਜੀ ਗਿਆਨੀ ਸੁਲਤਾਨ ਸਿੰਘ ਜੀ ਦਾ? ਉਨ੍ਹਾਂ ਨੂੰ ਵੀ ਉਨ੍ਹਾਂ ਦੀ ਆਪਣੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਪ੍ਰਤੀ ਬਣਦੀ ਵੱਡੇ ਪਹਿਰੇਦਾਰੀ ਤੋਂ ਇਸ ਨਖਾਸ ਧੜਾ ਗ੍ਰਸਤ ਆਗੂਆਂ ਨੇ ਕਮਜ਼ੋਰ ਕਰਨ ਦਾ ਅਪਰਾਧ ਵੀ ਕੀਤਾ ਹੈ। ਜੇਕਰ ਉਹ ਆਦੇਸ਼ਾਂ ਪ੍ਰਤੀ ਪੂਰੀ ਤਰ੍ਹਾਂ ਪਹਿਰੇਦਾਰੀ ਵਿਚ ਕਮਜ਼ੋਰ ਹੋਏ ਹਨ ਰਲਗੱਡ ਬਿਆਨ ਦੇਂਦੇ ਰਹੇ ਹਨ ਤਾਂ ਇਹ ਉਨ੍ਹਾਂ ਦਾ ਜਾਤੀ ਕਸੂਰ ਨਹੀਂ ਸੀ। ਉਨ੍ਹਾਂ 'ਤੇ ਦਬਾਅ ਬਣਾ ਕੇ ਕਈ ਤਰ੍ਹਾਂ ਦੀਆਂ ਅੜਚਨਾ ਖੜ੍ਹੀਆਂ ਕਰਕੇ ਉਨ੍ਹਾਂ ਦੀ ਪੰਥਕ ਛਵੀ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਣ ਦਾ ਅਪਰਾਧ ਕੂੜੀ ਸਿਆਸਤ ਦੇ ਧੜੇਬਾਜਾਂ ਨੇ ਕੀਤਾ ਹੈ। ਹਾਲਾਂ ਕਿ ਇਸ ਸੱਚ ਤਥਾ ਹਕੀਕਤ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ ਉਨ੍ਹਾਂ ਨੂੰ ਤਖ਼ਤ ਸਾਹਿਬ ਦੇ ਸੇਵਕ ਹੁੰਦਿਆਂ ਅਡਿੱਗ ਰਹਿਣਾ ਚਾਹੀਦਾ ਸੀ ਭਾਵੇਂ ਇਹ ਧੜੇਬਾਜ਼ ਕਿਸੇ ਵੀ ਤਰ੍ਹਾਂ ਦਾ ਦਬਾਅ ਬਣਾਓਣ ਲਈ ਬਜ਼ਿਦ ਸਨ। ਦਲੇਰੀ ਤੇ ਇਹ ਚਾਹੀਦੀ ਸੀ ਉਨ੍ਹਾਂ ਦੀਆਂ ਦਬਾਅ ਭਰੀਆਂ ਕਰੂਰ ਕਾਰਵਾਈਆਂ ਨੂੰ ਪੰਥ ਦੇ ਸਨਮੁਖ ਰੱਖ ਕੇ ਨਸ਼ਰ ਕਰਦੇ।

ਪੰਥਕ ਤਾਲਮੇਲ ਸੰਗਠਨ ਇਕੋ ਇਕ ਗੁਰੂ ਪੰਥ ਦੀਆਂ ਸੁਹਿਰਦ ਸੰਸਥਾਵਾਂ ਦਾ ਸਮੂਹ ਹੀ ਹੈ ਜੋ ਪੰਥਕ ਮਾਣ ਮਰਯਾਦਾ ਦਾ ਜਾਤੀ ਪਹਿਰੇਦਾਰ ਵੀ ਹੈ ਤੇ ਪ੍ਰਚਾਰਕ ਵੀ ਹੈ। ਇਸ ਦੇ ਸਾਰੇ ਸਹਿਯੋਗੀ ਦਹਾਕਿਆਂ ਤੋਂ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਨੂੰ ਪੜ੍ਹਦੇ ਵਿਚਾਰਦੇ, ਅਮਲਾਉਂਦੇ ਹਨ ।

ਬਿਆਨ ਵਿਚ ਹਾਲੀ ਵੀ ਪ੍ਰਧਾਨ ਜੀ ਸੰਪਰਦਾਵਾਂ ਦਾ ਧਿਆਨ ਰੱਖਣ ਦੀ ਗੱਲ ਕਰ ਰਹੇ ਹਨ ! ਇਹ ਕੀ ਹੈ? ਪੰਥ ਵਿਚ ਕੋਈ ਵੀ ਸੰਪਰਦਾ ਨਹੀਂ ਹੈ ਕੇਵਲ ਪੰਥ ਹੀ ਪੰਥ ਹੈ। ਸੰਪਰਦਾਵਾਂ ਅਨਮੱਤ ਮਨਮੱਤ ਦੀਆਂ ਪਿੱਛਲੱਗ ਹਨ ਸਖਸ਼ੀ ਪ੍ਰਭਾਵ ਹੇਠ ਹਨ। ਜਦੋਂ ਕਿ ਗੁਰੂ ਜੀ ਨੇ ਸ਼ਬਦ ਗੁਰੂ ਜੀ ਦੀ ਤਾਬਿਆ ਕੀਤਾ ਹੈ। ਉਨ੍ਹਾ ਨੇ ਕੋਈ ਵੱਖਰੀ ਸੰਪਰਦਾ ੧੪੬੯ ਤੋਂ ੧੭੦੮ ਤੱਕ ਨਹੀਂ ਬਣਾਈ ਨ ਹੀ ਮਾਨਤਾ ਦਿੱਤੀ। ਪੰਥ ਇਕ ਹੀ ਇਕ ਹੈ। ਇਕ ਹੀ ਰਹੇਗਾ। ਪੰਥ ਵਿਚ ਕਿਸੇ ਸੰਪਰਦਾ ਨੂੰ ਮਾਨਤਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਜੋ ਸੰਪਰਦਾਵਾਂ ਆਪੂ ਬਣ ਕੇ ਵਿਚਰ ਰਹੀਆਂ ਹਨ ਇਹ ਪੰਥਕ ਇਕਸੁਰਤਾ ਇਕਸਾਰਤਾ ਦੇ ਰਾਹ ਦਾ ਰੋੜਾ ਬਣ ਗਈਆਂ ਹਨ ਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਢਾਹ ਲਾਉਣ ਦਾ ਅਭਾਗ ਹਨ।

ਤਖ਼ਤਾਂ ਦੇ ਜਥੇਦਾਰਾਂ ਲਈ ਬਣਨ ਵਾਲਾ ਵਿਧੀ- ਵਿਧਾਨ ਪੰਥਕ ਸਿਧਾਂਤ ਦੀ ਕਸੌਟੀ 'ਤੇ ਖਰਾ ਉਤਰਨ ਵਾਲਾ ਚਾਹੀਦਾ ਹੈ। ਉਸ ਤੇ ਕਿਸੇ ਵੀ ਪ੍ਰਕਾਰ ਸੰਪਰਦਾਈ ਪ੍ਰਭਾਵ ਨਹੀਂ ਚਾਹੀਦਾ। ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਹੀ ਇਕੋ ਇਕ ਪੰਥ ਦੀ ਜੀਵਨ ਜਾਚ ਦਾ ਆਧਾਰ ਹੈ।

ਦਾਸ ਵਲੋਂ ਹੀ ਪਹਿਲਾ ਲੇਖ ਸੀ 'ਜਥੇਦਾਰਾਂ ਦੀ ਯੋਗਤਾ, ਨਿਯੁਕਤੀ ਅਧਿਕਾਰ ਤੇ ਸੇਵਾ ਮੁਕਤੀ' ਬਾਰੇ ਅਜੀਤ ਰੋਜ਼ਾਨਾ ਜਲੰਧਰ ਵਿਚ ਸੰਨ 1998 ਨੂੰ। ਜਦੋਂ ਭਾਈ ਰਣਜੀਤ ਸਿੰਘ ਜੀ ਨੂੰ ਗ਼ੈਰ ਪ੍ਰਬੰਧਕੀ ਤਰੀਕੇ ਨਾਲ ਉਤਾਰਿਆ ਗਿਆ ਸੀ। ਭਾਵੇਂ ਉਨ੍ਹਾਂ ਦੀਆਂ ਕਈਆਂ ਗੱਲਾਂ ਨਾਲ ਜਾਤੀ ਅਸਹਿਮਤੀ ਵੀ ਰਹੀ। ਉਹ ਪੰਥਕ ਮਾਣ ਮਰਯਾਦਾ ਨਾਲੋਂ ਆਪਣੇ ਜਾਤੀ ਵਿਕਾਰ ਤੇ ਸਮਝ ਨੂੰ ਅੱਗੇ ਰੱਖ ਕੇ ਫੈਸਲੇ ਲੈਣ ਵਿਚ ਯਕੀਨ ਕਰਦੇ ਸਨ। ਸਾਥੀਆਂ ਨੂੰ ਵੀ ਨਾਲ ਰੱਖਣ ਤੋਂ ਪਾਸਾ ਵਟ ਗਏ ਸਨ।

ਪੰਥ ਤਾਂ ਪੰਥ ਹੈ। ਪੰਥਕ ਮਾਣ ਮਰਯਾਦਾ ਤੋਂ ਉੱਪਰ ਕੋਈ ਵਿਅਕਤੀ ਜਾਂ ਸੰਸਥਾ ਨਹੀਂ ਹੋ ਸਕਦੀ। ਉਸ ਵਕਤ ਕਿਧਰੇ ਜਥੇਦਾਰਾਂ ਲਈ ਪੰਥਕ ਵਿਧੀ ਵਿਧਾਨ ਹੁੰਦਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਵਿਚ ਧੜੇਬੰਦੀ ਕਰਕੇ ਸਿਆਸੀ ਪ੍ਰਭਾਵ ਵਾਲੇ ਪਾਪ ਕਰਮ ਤੋਂ ਵੀ ਬਚਿਆ ਜਾ ਸਕਦਾ ਸੀ।

ਪ੍ਰਬੰਧ ਦੀ ਕਮਜ਼ੋਰੀ ਇਹ ਲੰਮੇ ਸਮੇਂ ਤੋਂ ਹੈ ਪ੍ਰਬੰਧਕਾਂ ਵਿਚ ਪੰਥਕ ਮਾਣ ਮਰਯਾਦਾ ਦੀ ਥਾਂ, ਆਪਣੀ ਪ੍ਰਭਤਾ ਵਧੇਰੇ ਮਹੱਤਵਪੂਰਣ ਜਾਪਦੀ ਰਹਿੰਦੀ ਹੈ। ਜਦੋਂ ਕਿਧਰੇ ਇਨ੍ਹਾਂ ਦੀ ਪ੍ਰਭਤਾ ਲਈ ਥੋੜ੍ਹਾ ਜਿਹਾ ਵੀ ਖ਼ਤਰਾ ਜਾਪਦਾ ਹੈ ਤਾਂ ਫਿਰ ਤਖ਼ਤਾਂ ਸੇਵਾਦਾਰਾਂ ਦੇ ਮਾਣ ਸਨਮਾਨ ਨੂੰ ਪ੍ਰਬੰਧਕੀ ਹਉਮੈਂ ਦੇ ਪੈਰਾਂ ਹੇਠ ਮਸਲਣ ਤੋਂ ਰਤਾ ਵੀ ਲਿਹਾਜ ਤਥਾ ਗੁਰੇਜ ਨਹੀਂ ਕੀਤਾ ਜਾਂਦਾ।

ਅੱਜ ਬਿਆਨ ਵਿਚ ਇਹ ਵੀ ਹੈ ਸੇਵਾ ਮੁਕਤੀ ਵੀ ਸਤਿਕਾਰ ਸਹਿਤ ਕਰਨ ਦੀ ਮਰਯਾਦਾ ਬਣੇਗੀ। ਇਹ ਕਿਹਾ ਗਿਆ ਜਿਨ੍ਹਾਂ ਨੂੰ ਧੱਕੇ ਨਾਲ ਉਤਾਰਿਆ ਹੈ ਉਨ੍ਹਾ ਦਾ ਵੀ ਸਨਮਾਨ ਕੀਤਾ ਜਾਵੇਗਾ। ਇਨ੍ਹਾਂ ਗੱਲਾਂ ਵਿਚ ਪੰਥਕ ਅਦਬ ਦੀ ਥਾਂ ਆਪਣੀ ਚਮੜੀ ਬਚਾਉਣ ਵਾਲੀ ਕਲਾਬਾਜ਼ੀ ਵਧੇਰੇ ਹੈ। ਜੋ ਅਪਮਾਨ ਤੁਸੀਂ ਗਲਤ ਢੰਗ ਨਾਲ ਉਤਾਰਦਿਆਂ ਕਰ ਦਿੱਤਾ ਹੈ, ਦੱਸੋ ਉਹ,ਉਸ ਸੱਜਣਾਂ ਨੂੰ ਕਿਥੋਂ ਵਾਪਸ ਮੋੜੋਗੇ? ਲੱਖ ਸਿਰੋਪਾਓ ਵੀ ਉਨ੍ਹਾਂ ਦਾ ਸਨਮਾਨ ਵਾਪਸ ਨਹੀਂ ਕਰ ਸਕਦੇ। ਇਹੋ ਜਿਹੀਆਂ ਮੂੰਹ ਲੁਕਵੀਆਂ ਗੱਲਾਂ ਦੇ ਕੋਈ ਅਰਥ ਨਹੀਂ। ਹੁਣ ਤੇ ਕੀਤੇ ਤੋਂ ਸਿੱਖਣ ਦੀ ਲੋੜ ਹੈ।

ਆਗੇ ਸਮਝ ਚਲੋ ਨੰਦ ਲਾਲਾ। ਪਾਛੈ ਜੋ ਬੀਤੀ ਸੋ ਬੀਤੀ।

ਇਹ ਮੌਕਾ ਹੈ ਪੰਥ ਪ੍ਰਸਤ ਸੰਸਥਾਵਾਂ ਦੇ ਸੇਵਕਾਂ ਲਈ ਉਹ ਅੱਗੇ ਆਉਣ। ਵਿਧੀ-ਵਿਧਾਨ ਬਣਾਉਣ ਵਿਚ ਵੱਡੇ ਪੰਥਕ ਸੰਦਰਭ ਵਿਚ ਲਿਖਤੀ ਸੁਝਾਅ ਪੇਸ਼ ਕਰਨ। ਜੋ ਵੀ ਸਰੂਪ ਇਸ ਨੂੰ ਤਿਆਰ ਕਰਨ ਲਈ ਨਿਯਤ ਹੋਵੇ ਉਸ ਨਾਲ ਮਿਲ ਬੈਠ ਕੇ ਪੂਰੇ ਸੰਸਾਰ ਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਸ਼ਮੂਲੀਅਤ ਕਰਵਾਉਣ।


ਹਾਲੀ ਵੱਡਾ ਮੁੱਦਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂ ਸੱਤਾ ਦੀ ਸੰਭਾਲ ਲਈ ਪੰਥਕ ਪ੍ਰਬੰਧ ਦੀ ਰੂਪ ਰੇਖਾ ਘੜਨ ਦਾ। ਇਸ ਦੇ ਪ੍ਰਬੰਧ ਲਈ ਸੰਸਾਰ ਭਰ ਦੇ ਸਿੱਖਾਂ ਦੀ ਭਾਈਵਾਲੀ ਵਾਲਾ ਪ੍ਰਬੰਧ ਅਤਿ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਪੰਥ ਦੀ ਨੁਮਾਇੰਦਗੀ ਨਹੀਂ ਕਰਦੀ। ਕਦੇ ਕਰਦੀ ਸੀ ਮਗਰ ਅੱਜ ਨਹੀਂ।

ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
9592093472

# ਪੰਜਾਬ ਬਜਟ-2025 ਕੋਈ ਪ੍ਰਭਾਵਸ਼ਾਲੀ ਨਹੀਂ

**ਡਾਕਟਰ ਐਸ ਐਸ ਛੀਨਾ**

## ✪ ਮੁੱਖ ਮੰਤਰੀ ਨੂੰ ਵੋਟਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਨਵੇਂ ਫ਼ੈਸਲੇ ਲੈਣੇ ਪੈਣਗੇ



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ ਆਪਣੀ ਸਰਕਾਰ ਦਾ ਚੌਥਾ ਬਜਟ ਪੇਸ਼ ਕੀਤਾ ਗਿਆ। ਬਜਟ ਪੇਸ਼ ਹੋਣ ਤੋਂ ਪਹਿਲਾਂ ਹੀ ਇਹ ਆਮ ਚਰਚਾ ਸੀ ਕਿ ਇਸ ਬਜਟ ਤੋਂ ਮੁੱਖ ਮੁੱਦੇ ਜਿਵੇਂ ਵਿਕਾਸ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਲਈ ਕੋਈ ਖ਼ਾਸ ਉਮੀਦ ਨਹੀਂ। ਸੋ, ਇਸ ਬਜਟ ਵਿਚ ਭਾਵੇਂ ਹਰ ਖ਼ਰਚ ਦੀ ਸਾਰਥਿਕਤਾ ਨੂੰ ਬੜੇ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਇਸ ਤੋਂ ਕਿਸੇ ਰਾਹਤ ਦੀ ਉਮੀਦ ਨਹੀਂ ਕੀਤੀ ਜਾ ਸਕਦੀ। 2 ਲੱਖ 36 ਹਜ਼ਾਰ ਕਰੋੜ ਰੁਪਏ ਦੇ ਬਜਟ ਵਿਚ ਸਭ ਤੋਂ ਵੱਧ ਰਾਸ਼ੀ ਸਿੱਖਿਆ ਵਿਭਾਗ ਲਈ 17,925 ਕਰੋੜ ਰੁਪਏ ਰੱਖੇ ਗਏ ਹਨ ਜੋ ਬਜਟ ਦਾ ਤਕਰੀਬਨ 12 ਫ਼ੀਸਦੀ ਬਣਦਾ ਹੈ। ਇਹ ਰਕਮ ਪਿਛਲੇ ਸਾਲ ਤੋਂ 10 ਫ਼ੀਸਦੀ ਜ਼ਿਆਦਾ ਹੈ, ਜੋ ਸਰਕਾਰ ਦੀ ਸਰਕਾਰੀ ਸਕੂਲਾਂ ਨੂੰ ਨਿੱਜੀ ਪਬਲਿਕ ਸਕੂਲਾਂ ਦੇ ਬਰਾਬਰ ਦਾ ਬਣਾਉਣ ਦੀ ਕੋਸ਼ਿਸ਼ ਹੈ। ਸਰਕਾਰ ਦਾ ਲਗਾਤਾਰ ਖੇਡਾਂ ਨੂੰ ਵਿਕਸਿਤ ਕਰਨ ਦਾ ਇਰਾਦਾ ਇਸ ਗੱਲ ਤੋਂ ਸਾਬਿਤ ਹੁੰਦਾ ਹੈ ਕਿ ਖੇਤੀ ਵਿਭਾਗ ਲਈ ਵੱਡੀ ਰਕਮ 979 ਕਰੋੜ ਰੁਪਏ ਰੱਖੀ ਗਈ ਹੈ। ਇਸ ਬਜਟ ਵਿਚ ਪਿੰਡਾਂ ਵਿਚ ਖੇਡ ਸਟੇਡੀਅਮ ਬਣਾਉਣ, ਤਰਨ ਤਾਰਨ ਵਿਚ 87 ਖੇਡ ਮੈਦਾਨ ਬਣਾਉਣੇ, ਪਿੰਡਾਂ ਵਿਚ 3000 ਇੰਨਡੋਰ ਜਿਮ ਬਣਾਉਣੇ ਬਹੁਤ ਵੱਡੇ ਕੰਮਾਂ ਦਾ ਐਲਾਨ ਕੀਤਾ ਗਿਆ ਹੈ।

ਕੇਂਦਰ ਸਰਕਾਰ ਵਲੋਂ ਰਾਜਾਂ ਦੀ ਵੱਡੀ ਮਦਦ ਕੀਤੀ ਜਾਂਦੀ ਹੈ। ਸੂਬਿਆਂ ਦੀਆਂ ਸਰਕਾਰਾਂ ਕਈ ਮੁੱਦਿਆਂ ਲਈ ਕੇਂਦਰ ਤੋਂ ਮੈਚਿੰਗ ਗ੍ਰਾਂਟ ਲੈਂਦੀਆਂ ਹਨ, ਜਿਸ ਵਿਚ ਕੁਝ ਹਿੱਸਾ ਸੂਬੇ ਨੂੰ ਦੇਣਾ ਪੈਂਦਾ ਹੈ। ਪਰ ਪਿਛਲੇ ਸਮਿਆਂ ਵਿਚ ਉਨ੍ਹਾਂ ਸਕੀਮਾਂ ਦਾ ਪੂਰਾ ਲਾਭ ਨਹੀਂ ਲਿਆ ਜਾ ਸਕਿਆ। ਇਸ ਬਜਟ ਵਿਚ ਭਾਵੇਂ ਇਹ ਗੱਲ ਤਾਂ ਸਪੱਸ਼ਟ ਨਹੀਂ ਕਿ ਵੱਖ-ਵੱਖ ਕੇਂਦਰ ਦੀਆਂ ਸਕੀਮਾਂ ਦਾ ਕਿਵੇਂ ਲਾਭ ਲਿਆ ਜਾਵੇਗਾ ਪਰ ਸਰਕਾਰ ਸਿਰ ਚੜ੍ਹੇ ਵੱਡੇ ਕਰਜ਼ੇ ਦੇ ਵਿਆਜ ਅਤੇ ਮੂਲ ਦਾ ਭੁਗਤਾਨ ਇਸ ਵਿਚ ਵੱਡੀ ਰੁਕਾਵਟ ਹਨ। ਇਸ ਬਜਟ ਵਿਚ ਬਦਲਦਾ ਪੰਜਾਬ ਬਣਾਉਣ ਲਈ ਪਿੰਡਾਂ ਦੇ ਵਿਕਾਸ ਲਈ 585 ਕਰੋੜ ਰੁਪਏ ਜਾਂ ਹਰ ਚੋਣ ਹਲਕੇ ਲਈ 5 ਕਰੋੜ ਰੁਪਏ ਰੱਖੇ ਗਏ ਹਨ ਜੋ ਬਹੁਤ ਹੀ ਥੋੜ੍ਹੇ ਹਨ ਪਰ ਇਉਂ ਪਿੰਡਾਂ ਦਾ ਵਿਕਾਸ ਕਰਨ ਦਾ ਯਤਨ ਕਰਨਾ ਇਕ ਚੰਗੀ ਸ਼ੁਰੂਆਤ ਹੈ। ਇਸ ਲਈ ਕੇਂਦਰ ਸਰਕਾਰ ਦੀ ਮਦਦ ਲੈਣੀ ਵੀ ਬਹੁਤ ਜ਼ਰੂਰੀ ਹੈ। ਖੇਤੀ ਕੇਂਦਰ ਅਤੇ ਪ੍ਰਾਂਤਾਂ ਦੋਵੇਂ ਸਰਕਾਰਾਂ ਦਾ ਵਿਸ਼ਾ ਹੈ। ਪੰਜਾਬ ਸਰਕਾਰ ਵਲੋਂ ਹਰ ਉਸ ਸਕੀਮ ਦੇ ਲਾਭ ਲਏ ਜਾਣੇ ਚਾਹੀਦੇ ਹਨ, ਜਿਹੜੀ ਜਨਤਕ ਭਲਾਈ ਲਈ ਕੇਂਦਰ ਦੀ ਸਰਕਾਰ ਨੇ ਸ਼ੁਰੂ ਕੀਤੀ ਹੋਈ ਹੈ। ਪੰਜਾਬ ਵਿਚ ਖੇਤੀ ਆਧਾਰਤ ਉਦਯੋਗਾਂ ਦੇ ਵੱਡੇ ਮੌਕੇ ਹਨ। ਇਹ ਉਹ ਉਦਯੋਗ ਹਨ ਜਿਹੜੇ ਛੋਟੇ ਪੱਧਰ 'ਤੇ ਸਹਿਕਾਰੀ ਅਦਾਰੇ ਵੀ ਚਲਾ ਸਕਦੇ ਹਨ। ਪਿਛਲੇ ਸਮੇਂ ਵਿਚ ਫਲਾਂ ਦੇ ਮੁਰੱਬੇ, ਜੂਸ, ਆਚਾਰ, ਜੈਮ ਆਦਿ ਬਾਹਰਲੇ ਸੂਬਿਆਂ ਤੋਂ ਆ ਕੇ ਪੰਜਾਬ ਵਿਚ ਵਿਕਦੇ ਰਹੇ ਹਨ। ਇਸ ਬਜਟ ਵਿਚ ਵੀ ਇਸ ਪਾਸੇ ਖ਼ਾਸ ਉੱਦਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਲਾਭ ਹੋਣ ਤੋਂ ਇਲਾਵਾ, ਨੌਜਵਾਨਾਂ ਲਈ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਰੁਜ਼ਗਾਰ ਦੇ ਮੌਕੇ ਪੈਦਾ ਹੋਣੇ ਸਨ। ਪੰਜਾਬ ਸਰਕਾਰ ਨੇ ਗੰਨੇ ਦੀ ਸਭ ਤੋਂ ਉੱਚੀ ਕੀਮਤ ਰੱਖੀ ਹੈ ਤਾਂ ਕਿ ਖੰਡ ਉਦਯੋਗ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਜਿਸ ਲਈ ਬਜਟ ਵਿਚ 250 ਕਰੋੜ ਰੁਪਏ ਰੱਖੇ ਗਏ ਹਨ।

ਖੇਤੀਬਾੜੀ ਪੰਜਾਬ ਵਿਚ ਮੁੱਖ ਕਿੱਤਾ ਹੈ, ਜਿਸ ਲਈ 14,524 ਕਰੋੜ ਰੁਪਏ ਦੀ ਇਕ ਵੱਡੀ ਰਕਮ ਰੱਖੀ ਗਈ ਹੈ। ਬਦਲਦੇ ਪੰਜਾਬ ਅਧੀਨ ਇਸ ਵਿਚ ਖੇਤੀ ਆਧਾਰਤ ਉਦਯੋਗਾਂ ਲਈ ਜੋ ਰਕਮ ਹੈ ਉਹ ਪਿਛਲੇ ਸਾਲ ਤੋਂ 5 ਫ਼ੀਸਦੀ ਜ਼ਿਆਦਾ ਰੱਖੀ ਗਈ ਹੈ, ਇਸ ਅਧੀਨ ਬਾਗਬਾਨੀ ਲਈ 187 ਕਰੋੜ, ਕੁਦਰਤੀ ਖੇਤੀ ਲਈ 115 ਕਰੋੜ ਰੁਪਏ ਅਤੇ ਸਹਾਇਕ ਪੇਸ਼ੇ ਪਸ਼ੂ ਪਾਲਣ ਲਈ 704 ਕਰੋੜ, ਜੰਗਲਾਤ ਲਈ 281 ਕਰੋੜ ਰੁਪਏ ਰੱਖਣੇ ਸਲਾਹੁਣ ਯੋਗ ਹਨ। ਖ਼ਾਸ ਕਰਕੇ ਕੁਦਰਤੀ ਖੇਤੀ ਹੀ ਉਹ ਖੇਤੀ ਹੈ ਜਿਹੜੀ ਲਗਾਤਾਰ ਕੀਤੀ ਜਾ ਸਕਦੀ ਹੈ। ਰਸਾਇਣਾਂ 'ਤੇ ਆਧਾਰਤ ਖੇਤੀ ਭਾਵੇਂ ਕਿਸਾਨ ਦੀ ਮਜਬੂਰੀ ਬਣੀ ਹੋਈ ਹੈ ਪਰ ਇਸ ਨੇ ਪੰਜਾਬ ਦੀ ਧਰਤੀ ਅਤੇ ਪਾਣੀ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਇਸ ਲਈ ਇਸ ਬਜਟ ਵਿਚ ਪੰਜਾਬ ਦੇ ਵਾਤਾਵਰਨ ਵਿਚ ਆਏ ਬਦਲਾਅ ਵਿਚ ਸੰਤੁਲਨ ਬਣਾਉਣ ਲਈ ਭਾਵੇਂ 60 ਕਰੋੜ ਰੁਪਏ ਹੀ ਰੱਖੇ ਹਨ ਪਰ ਇਹ ਇਸ ਪਾਸੇ ਵੱਲ ਨਵੀਂ ਸ਼ੁਰੂਆਤ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿਚ ਇਸ ਪਾਸੇ ਰੁਝਾਨ ਵਧਣ ਦੀ ਉਮੀਦ ਹੈ।

ਰੁਜ਼ਗਾਰ ਪੰਜਾਬ ਦੀ ਵੱਡੀ ਸਮੱਸਿਆ ਹੈ ਜਿਸ ਦਾ ਇਕ ਹੀ ਹੱਲ ਉਦਯੋਗਾਂ ਨੂੰ ਵਧਾਉਣਾ ਹੈ। ਬਜਟ ਵਿਚ ਵਿੱਤ ਮੰਤਰੀ ਵਲੋਂ ਐਲਾਨ ਕੀਤਾ ਗਿਆ ਹੈ ਕਿ ਆਉਣ ਵਾਲੇ ਸਮੇਂ ਵਿਚ ਨਵੀਂ ਉਦਯੋਗਿਕ ਨੀਤੀ ਦਾ ਐਲਾਨ ਕੀਤਾ ਜਾਵੇਗਾ, ਜਿਸ ਵਿਚ ਉਹ ਮੱਦਾਂ ਹੋਣਗੀਆਂ ਜਿਹੜੀਆਂ ਉਦਯੋਗਪਤੀਆਂ ਨੂੰ ਆਕਰਸ਼ਿਤ ਕਰਨਗੀਆਂ। ਪਰ ਇਸ ਬਜਟ ਵਿਚ ਨਿਵੇਸ਼ ਲਈ ਰੱਖੇ ਗਏ ਸਿਰਫ਼ 250 ਕਰੋੜ ਰੁਪਏ ਬਹੁਤ ਘੱਟ ਹਨ। ਬਜਟ ਵਿਚ ਵੱਖ-ਵੱਖ ਕਾਰੀਗਰਾਂ ਦੀਆਂ ਕਿਰਤਾਂ ਨੂੰ ਉਤਸ਼ਾਹਿਤ ਕਰਨ ਲਈ ਸਾਲ ਵਿਚ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨੀਆਂ ਲਗਾਉਣ ਦੀ ਵਿਵਸਥਾ ਵੀ ਕੀਤੀ ਜਾਵੇਗੀ, ਉਸ ਲਈ 80 ਕਰੋੜ ਰੁਪਏ ਰੱਖੇ ਗਏ ਹਨ ਜੋ ਦਸਤਕਾਰੀਆਂ ਦੇ ਵਿਕਾਸ ਲਈ ਬਹੁਤ ਚੰਗਾ ਕਦਮ ਹੈ, ਜਿਸ ਨਾਲ ਦੇਸ਼ ਅਤੇ ਪ੍ਰਦੇਸ਼ ਵਿਚ ਵਸਤੂਆਂ ਦੀ ਮੰਗ ਪੂਰੀ ਕੀਤੀ ਜਾਵੇਗੀ। ਭਾਰਤ ਅਤੇ ਪੰਜਾਬ ਤੋਂ ਇਹੋ ਜਿਹੀਆਂ ਵਸਤੂਆਂ ਦੀ ਬਰਾਮਦ ਦੇ ਬਹੁਤ ਮੌਕੇ ਸਨ, ਜਿਨ੍ਹਾਂ ਵੱਲ ਪਿਛਲੇ ਸਮੇਂ ਤੋਂ ਧਿਆਨ ਛੱਡ ਦਿੱਤਾ ਗਿਆ ਸੀ। ਇਸ ਬਜਟ ਵਿਚ ਖੇਤੀ ਆਧਾਰਤ ਉਦਯੋਗ ਜਿਹੜੇ ਪੰਜਾਬ ਵਿਚ ਸਭ ਤੋਂ ਜ਼ਿਆਦਾ ਸਫਲ ਹੋ ਸਕਦੇ ਹਨ, ਉਨ੍ਹਾਂ ਲਈ ਵੱਖਰੀ ਰਾਸ਼ੀ ਰੱਖੀ ਗਈ ਹੈ। ਭਾਵੇਂ ਉਹ ਬਹੁਤ ਘੱਟ ਹੈ ਪਰ ਇਸ ਵੱਲ ਲਗਾਤਾਰ ਧਿਆਨ ਦੇਣ ਦੀ ਵੱਡੀ ਜ਼ਰੂਰਤ ਹੈ।



ਬਜਟ ਵਿਚ 5983 ਕਰੋੜ ਰੁਪਏ ਸ਼ਹਿਰੀ ਅਤੇ ਸਰਕਾਰ ਵਲੋਂ ਹਾਊਸਿੰਗ ਵਿਕਾਸ ਲਈ ਰੱਖੇ ਗਏ ਹਨ। ਇਨ੍ਹਾਂ ਨਾਲ ਵੀ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। 155 ਪੁਲਾਂ ਦੀ ਮੁਰੰਮਤ ਅਤੇ ਨਵੇਂ ਪੁਲਾਂ ਦਾ ਨਿਰਮਾਣ ਕਰਨ ਦੀ ਯੋਜਨਾ ਵਿਕਾਸ ਮੁਖੀ ਹੈ। ਸਰਕਾਰ ਵਲੋਂ ਖੇਤੀ ਵਿਭਿੰਨਤਾ ਜਿਹੜੀ ਕਿ ਨਾ ਸਿਰਫ਼ ਸੂਬੇ ਦੀ ਆਰਥਿਕਤਾ ਅਤੇ ਬਰਾਮਦ ਲਈ ਜ਼ਰੂਰੀ ਹੈ, ਉਸ ਨਾਲ ਰੁਜ਼ਗਾਰ ਵਿਚ ਵੀ ਵਾਧਾ ਹੋਵੇਗਾ ਜਿਹੜਾ ਕਿ ਘਰਾਂ ਦੇ ਕੋਲ ਨੌਜਵਾਨਾਂ ਨੂੰ ਮਿਲੇਗਾ। ਉਸ ਲਈ ਬਜਟ ਵਿਚ ਵਿਵਸਥਾ ਕੀਤੀ ਗਈ ਹੈ। ਇਸ ਲਈ ਸਾਉਣੀ ਵਿਚ ਮੱਕੀ ਦੀ ਕਾਸ਼ਤ ਵਧਾਉਣ ਲਈ ਕਿਸਾਨਾਂ ਨੂੰ 17,500 ਰੁਪਏ ਪ੍ਰਤੀ ਹੈਕਟੇਅਰ (7000 ਰੁਪਏ ਪ੍ਰਤੀ ਏਕੜ) ਦੇਣ ਦਾ ਐਲਾਨ ਕੀਤਾ ਗਿਆ ਹੈ। 881 ਆਮ ਆਦਮੀ ਕਲੀਨਿਕਾਂ ਜਿਹੜੀਆਂ ਸੂਬੇ ਵਿਚ ਚੱਲ ਰਹੀਆਂ ਹਨ, ਉਨ੍ਹਾਂ ਵਿਚ ਹੋਰ ਵਾਧਾ ਕਰਨ ਲਈ 268 ਕਰੋੜ ਰੁਪਏ ਰੱਖੇ ਹਨ। ਬਜਟ ਵਿਚ ਸਭ ਤੋਂ ਚੰਗੀ ਸਕੀਮ ਹੈ ਕਿ ਸੂਬੇ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਦਾ ਸਿਹਤ ਬੀਮਾ ਪ੍ਰਦਾਨ ਕਰਨਾ, ਜਿਸ ਲਈ 5598 ਕਰੋੜ ਰੁਪਏ ਰੱਖੇ ਹਨ। ਪਿੰਡਾਂ ਵਿਚ 5 ਵੱਖ-ਵੱਖ ਵਿਕਾਸ ਸਕੀਮਾਂ ਜਿਨ੍ਹਾਂ ਵਿਚ ਛੱਪੜਾਂ ਦੀ ਸਫ਼ਾਈ, ਸੀਵਰੇਜ, ਨਹਿਰੀ ਪਾਣੀ ਦੇਣ ਤੇ ਖੇਡ ਸਟੇਡੀਅਮ ਬਣਾਉਣ ਲਈ 3500 ਕਰੋੜ ਰੁਪਏ ਰੱਖੇ ਗਏ ਹਨ। 1800 ਕਿੱਲੋਮੀਟਰ ਸੜਕਾਂ ਦੀ ਮੁਰੰਮਤ ਅਤੇ ਨਵੀਆਂ ਸੜਕਾਂ ਦੇ ਨਿਰਮਾਣ ਕਰਨ ਲਈ 2873 ਕਰੋੜ ਰੁਪਏ ਖ਼ਰਚ ਕਰਨਾ ਵੀ ਖੇਤੀ ਅਤੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਬਜਟ ਵਿਚ ਪਹਿਲਾਂ 4 ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਨੂੰ ਵਿਸ਼ਵ ਪੱਧਰੀ ਬਣਾਇਆ ਜਾਣਾ ਹੈ, ਜਿਸ ਲਈ ਪਹਿਲੇ ਸਾਲ 140 ਕਰੋੜ ਰੁਪਏ ਰੱਖੇ ਹਨ ਅਤੇ ਇਹ ਸੜਕਾਂ 10 ਸਾਲਾਂ ਵਿਚ ਬਣਨੀਆਂ ਹਨ। 225 ਕਰੋੜ ਰੁਪਏ ਪਾਣੀ ਦੀ ਪੂਰਤੀ ਅਤੇ ਸੀਵਰੇਜ ਲਈ ਰੱਖੇ ਗਏ ਹਨ।

ਪੰਜਾਬ ਵਿਚ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਥਾਵਾਂ 'ਤੇ ਸੈਰ ਸਪਾਟੇ ਵੱਲ ਧਿਆਨ ਦਿੱਤਾ ਗਿਆ ਹੈ। ਲੋਕ ਭਲਾਈ ਵਿਚ ਪਛੜੇ ਵਰਗਾਂ ਵਲੋਂ 2020 ਤੱਕ ਲਏ ਕਰਜ਼ੇ ਮੁਆਫ਼ ਕਰਨਾ, ਵਿਧਵਾਵਾਂ ਅਤੇ ਅਨਾਥ ਬੱਚਿਆਂ ਲਈ 6175 ਕਰੋੜ ਰੁਪਏ ਰੱਖਣਾ ਸਲਾਹੁਣਯੋਗ ਹੈ ਪਰ 450 ਕਰੋੜ ਰੁਪਏ ਔਰਤਾਂ ਦੇ ਮੁਫ਼ਤ ਸਫ਼ਰ ਲਈ ਤੇ 9992 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਕਿਸੇ ਵੀ ਤਰਕ 'ਤੇ ਆਧਾਰਿਤ ਨਹੀਂ ਅਤੇ ਫ਼ਜ਼ੂਲ ਖ਼ਰਚੀ ਨੂੰ ਉਤਸ਼ਾਹਿਤ ਕਰਦੀ ਹੈ।

ਬਜਟ ਵਿਚ ਭਾਵੇਂ ਇਹ ਦੱਸਿਆ ਗਿਆ ਹੈ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਸਰਕਾਰ ਵਲੋਂ 9683 ਲੱਖ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਨਿਵੇਸ਼ ਨਾਲ ਹੀ ਰੁਜ਼ਗਾਰ ਵਧਦਾ ਹੈ ਅਤੇ ਵਿਕਾਸ ਹੁੰਦਾ ਹੈ ਪਰ ਇਸ ਦੇ ਨਾਲ ਹੀ ਪਿਛਲੇ ਤਿੰਨਾਂ ਸਾਲਾਂ ਵਿਚ 95 ਲੱਖ ਕਰੋੜ ਰੁਪਏ ਦਾ ਨਵਾਂ ਕਰਜ਼ਾ ਵੀ ਚੁੱਕਿਆ ਗਿਆ ਹੈ, ਜਿਹੜਾ ਵਿੱਤ ਸੰਬੰਧੀ ਸੁਚੱਜੇ ਪ੍ਰਬੰਧਾਂ ਦੀ ਮੰਗ ਕਰਦਾ ਹੈ।

ਇਕ ਪੇਂਡੂ ਕਹਾਵਤ ਹੈ ਕਿ ਜਿਹੜੀ ਹੱਟੀ ਨਕਦ ਖ਼ਰੀਦ ਕੇ ਮੁਫ਼ਤ ਵੰਡੇ ਉਹ ਕਦੀ ਲਾਭ ਨਹੀਂ ਕਮਾ ਸਕਦੀ। ਇੱਥੇ ਬਿਜਲੀ ਥਰਮਲ ਪਲਾਂਟਾਂ ਤੋਂ ਮੁੱਲ ਲੈ ਕੇ ਮੁਫ਼ਤ ਵੰਡਣ ਦਾ ਕੋਈ ਵੀ ਤਰਕ ਨਜ਼ਰ ਨਹੀਂ ਆਉਂਦਾ। ਹਰ ਸਾਲ 550 ਕਰੋੜ ਰੁਪਏ ਦਾ ਬੋਝ ਚੁੱਕ ਕੇ ਵੰਡਣਾ ਕਿਸੇ ਆਰਥਿਕਤਾ ਦੇ ਮਿਆਰ 'ਤੇ ਠੀਕ ਨਹੀਂ। 2022 ਵਿਚ ਜਦੋਂ ਮੌਜੂਦਾ ਸਰਕਾਰ ਬਣੀ ਸੀ, ਪੰਜਾਬ ਸਿਰ 3.83 ਲੱਖ ਕਰੋੜ ਦਾ ਕਰਜ਼ਾ ਸੀ ਜਿਹੜਾ ਇਨ੍ਹਾਂ ਤਿੰਨਾਂ ਸਾਲਾਂ ਵਿਚ ਵਧ ਕੇ 4.78 ਲੱਖ ਕਰੋੜ ਹੋ ਗਿਆ ਹੈ ਜਾਂ ਕਹਿ ਲਓ ਇਹ 95 ਲੱਖ ਕਰੋੜ ਹੋਰ ਵਧ ਗਿਆ ਹੈ। ਇਸ ਪੱਖੋਂ ਪੰਜਾਬ, ਅਰੁਣਾਚਲ ਪ੍ਰਦੇਸ਼ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਕਰਜ਼ਈ ਸੂਬਾ ਹੈ। ਜੋ ਕਰਜ਼ਾ ਲੈ-ਲੈ ਕੇ ਔਰਤਾਂ ਲਈ ਸਫ਼ਰ ਅਤੇ ਹੋਰ ਮੁਫ਼ਤ ਦੇ ਤੋਹਫ਼ੇ ਦੇ ਰਿਹਾ ਹੈ, ਜੋ ਰਾਜਨੀਤਕ ਤੇ ਆਰਥਿਕਤਾ 'ਤੇ ਪੂਰੇ ਨਹੀਂ ਉਤਰਦੇ, ਕਿਉਂ ਜੋ ਇਸ ਨਾਲ ਸਮਾਜਿਕ ਸੁਰੱਖਿਆ ਜੋ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਹੁੰਦੀ ਹੈ, ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।

ਬਿਜਲੀ ਮੁਫ਼ਤ ਕਰਨ ਦਾ ਇਕ ਹੋਰ ਵੱਡਾ ਨੁਕਸਾਨ ਇਹ ਹੈ ਕਿ ਬਿਜਲੀ ਹੋਰ ਵਧੇਰੇ ਜ਼ਾਇਆ ਜਾਂਦੀ ਹੈ। ਬਿਜਲੀ ਵਰਤਣ ਵਾਲਾ ਇਹ ਮਹਿਸੂਸ ਹੀ ਨਹੀਂ ਕਰਦਾ ਕਿ ਇਸ 'ਤੇ ਲਾਗਤ ਲੱਗੀ ਹੈ। ਪੰਜਾਬ ਪਾਣੀ ਦੀ ਬਹੁਤਾਤ ਵਾਲਾ ਪ੍ਰਾਂਤ ਸੀ, ਪਰ ਇਸ ਵਕਤ ਸਭ ਤੋਂ ਵੱਡੀ ਸਮੱਸਿਆ ਇਸ ਲਈ ਬਣੀ ਹੋਈ ਹੈ ਕਿ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋ ਰਿਹਾ ਹੈ। ਭਗਵੰਤ ਮਾਨ ਵੋਟਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਉਸ ਦੀ ਸਰਕਾਰ ਨੂੰ ਨਵੇਂ ਫ਼ੈਸਲੇ ਲੈਣੇ ਪੈਣੇ ਹਨ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਸੁੱਖ ਵਿਚ ਵਾਧਾ ਹੋਵੇ।

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



# ਧੁੰਧਲੇ ਰਿਸ਼ਤੇ

''ਨਹੀਂ ਬੇਟਾ ਇੰਗਲੈਂਡ ਵਿਚ ਹੀ ਸੈਂਟ ਹੈ, ਬਹੁਤ ਸੋਹਣੀ ਜੌਬ 'ਤੇ ਲੱਗਾ ਹੈ ਅਤੇ ਉਸ ਦਾ ਵਿਆਹ ਵੀ ਹੋ ਗਿਆ ਤੇ ਆਪਣੀ ਵਾਈਫ ਨਾਲ ਬਹੁਤ ਖੁਸ਼ ਹੈ। ਪਰਮਾਤਮਾ ਦੀ ਮਿਹਰ ਹੈ ਬੀਰਾ। ਦੋਵੇਂ ਜਣੇ ਹਰ ਸਾਲ ਦੋ ਤਿੰਨ ਹਫਤਿਆਂ ਲਈ ਆ ਜਾਂਦੇ ਹਨ ਮੇਰੇ ਕੋਲ। ਮੈਨੂੰ ਬਹੁਤ ਸੱਦਦੇ ਰਹਿੰਦੇ ਹਨ ਕਿ ਮਾਂ ਇਥੇ ਆ ਜਾਓ ਸਾਡੇ ਕੋਲ ਰਹੋ ਪਰ ਮੇਰਾ ਮਨ ਮਰ ਗਿਆ ਹੈ ਇੰਗਲੈਂਡ ਦੀ ਧਰਤੀ ਤੋਂ ਬੀਰਾ। ਪੂਰੇ ਪੰਜ ਵਰ੍ਹੇ ਹੋ ਗਏ ਮੈਂ ਉਸ ਦੇਸ਼ ਦੀ ਧਰਤੀ 'ਤੇ ਪੈਰ ਨਹੀਂ ਪਾਇਆ। ਕੌਫੀ ਦਾ ਖਾਲੀ ਕੱਪ ਟੇਬਲ 'ਤੇ ਰੱਖਦਿਆਂ ਕੈਲਾਸ਼ ਨੇ ਲੰਬਾ ਹੌਕਾ ਲਿਆ। ਮੇਰੀ ਵੀ ਕੌਫੀ ਖਤਮ ਹੋ ਗਈ ਸੀ । ਕੌਫੀ ਦਾ ਉਹੀ ਸੇਮ ਸਵਾਦ ਸੀ ਜੋ ਵਰ੍ਹਿਆ ਪਹਿਲਾਂ ਇਨ੍ਹਾਂ ਦੇ ਹੱਥਾਂ ਦੀ ਪੀਤੀ ਸੀ ।
''ਇਹੋ ਜਿਹਾ ਕੀ ਹੋ ਗਿਆ ਸੀ ਕੈਲਾਸ਼ ਜੀ, ਜੋ ਤੁਸੀਂ ਮੁੜ ਆਪਣੇ ਦੇਸ਼ ਹੀ ਨਹੀਂ ਪਰਤੇ?''



## ਕਿਸ਼ਤ-18

ਸਾਹਮਣੇ ਲੰਬੀ ਕੰਧ 'ਤੇ ਕੈਲਾਸ਼ ਜੀ ਦੀ ਤਸਵੀਰ ਲੱਗੀ ਹੋਈ ਸੀ। ਕਾਫੀ ਵੱਡੇ ਆਕਾਰ ਦੀ ਤਸਵੀਰ ਗੁਲਾਬੀ ਰੰਗ ਦੀ ਟੀ ਸ਼ਰਟ ਅਤੇ ਕਾਲੇ ਰੰਗ ਦੀ ਜੀਂਸ, ਮੱਥੇ 'ਤੇ ਨਿੱਕੀ ਜਿਹੀ ਕਾਲੀ ਬਿੰਦੀ। ਬਹੁਤ ਹੀ ਸੁੰਦਰ ਤਸਵੀਰ ਸ਼ਾਇਦ ਇਹ ਇੰਡੀਆ ਦੀ ਤਸਵੀਰ ਸੀ ਤੇ ਉਨ੍ਹਾਂ ਦੀ ਉਮਰ ਮਸਾਂ ਸੋਲਾਂ-ਸਤਾਰਾਂ ਵਰ੍ਹਿਆਂ ਦੀ ਹੋਵੇਗੀ। ਇਸ ਤਸਵੀਰ ਦੇ ਦੂਜੇ ਪਾਸੇ ਨਜ਼ਰ ਘੁਮਾਈ ਤਾਂ ਬਿਲਕੁਲ ਉਸ ਦੇ ਦੂਸਰੇ ਪਾਸੇ ਵਾਲੀ ਕੰਧ 'ਤੇ ਇਕ ਤਸਵੀਰ ਵਿਚ ਮੋਨਾਲੀਸਾ ਵਾਲੇ ਪੋਜ ਵਿਚ ਬਿਲਕੁਲ ਉਸੇ ਤਰ੍ਹਾਂ ਬੈਠੀ ਸੀ। ਇਹ ਉਹੀ ਉਨ੍ਹਾਂ ਦੇ ਇੰਗਲੈਂਡ ਵਾਲੇ ਘਰ ਵਾਲੀ ਸੇਮ ਮੋਨਾਲੀਸਾ ਦੀ ਤਸਵੀਰ ਸੀ। ਸ਼ਾਇਦ ਇਹ ਉੱਥੋਂ ਨਾਲ ਹੀ ਲੈ ਆਏ ਸਨ।

ਦੋਹਾਂ ਤਸਵੀਰਾਂ ਦੀ ਤੁਲਨਾ ਕਰਦੀ ਤਾਂ ਮੈਨੂੰ ਕੈਲਾਸ਼ ਜੀ ਦੀ ਤਸਵੀਰ ਵੱਧ ਸੋਹਣੀ ਜਾਪੀ।

ਉਨ੍ਹਾਂ ਨਾਲ ਅੱਜ ਮੇਰੀ ਇਹ ਤੀਸਰੀ ਮੁਲਾਕਾਤ ਸੀ। ਪਹਿਲਾਂ 12 ਵਰ੍ਹੇ ਪਹਿਲਾਂ ਉਨ੍ਹਾਂ ਦੇ ਘਰ ਵਿਚ ਤੇ ਦੂਜੀ ਕੱਲ ਉਹ ਅਚਾਨਕ ਮਿਲਣੀ ਅਤੇ ਅੱਜ ਇਹ ਤੀਜੀ ਮੁਲਾਕਾਤ।

ਇੰਨੀਆਂ ਥੋੜ੍ਹੀਆਂ ਮੁਲਾਕਾਤਾਂ ਦੇ ਬਾਵਜੂਦ ਵੀ ਜਾਣੋ ਮਨ ਨੂੰ ਇਹ ਲੱਗ ਰਿਹਾ ਸੀ ਕਿ ਕੋਈ ਬਹੁਤ ਹੀ ਗੂੜਾ ਰਿਸ਼ਤਾ ਹੈ ਇਸ ਔਰਤ ਨਾਲ ਮੇਰਾ। ਪਤਾ ਨਹੀਂ ਕਿਉਂ ਉਸ ਦੀ ਹਰ ਗੱਲ ਸੁਣਨ ਨੂੰ ਮਨ ਕਰਦਾ। ਉਸ ਦੇ ਬੋਲ ਜਿਵੇਂ ਸ਼ਹਿਦ ਭਿੱਜੇ ਬੋਲ ਸਨ। ਜੇ ਦੁੱਖ ਵੀ ਦੱਸਦੀ ਤਾਂ ਮੁਸਕੁਰਾ ਕੇ ਦੱਸਦੀ ਸ਼ਾਇਦ ਇਹ ਕਲਾ ਸਿਰਫ ਇਨ੍ਹਾਂ ਦੇ ਹਿੱਸੇ ਹੀ ਆਈ ਸੀ।

''ਸ਼ੂਗਰ ਕਿੰਨੀ ਲਵੇਂਗੀ ਬੀਰਾ ਕੌਫੀ 'ਚ?''

''ਇਕ ਚਮੱਚ ਕੈਲਾਸ਼ ਜੀ।''

ਆਪਣੇ ਖੂਬਸੂਰਤ ਹੱਥਾਂ ਨਾਲ ਕੈਲਾਸ਼ ਨੇ ਕੱਪ ਮੇਰੇ ਵੱਲ ਕਰ ਦਿੱਤਾ।

''ਇਥੇ ਮੌਸਮ ਬਹੁਤ ਸੋਹਣਾ ਹੈ ਕੈਲਾਸ਼ ਜੀ।''

''ਹਾਂ ਬੀਰਾ ਇਨ੍ਹਾਂ ਕਨੇਰੀ ਆਈਲੈਂਡਾਂ ਦੀ ਇਹੀ ਤਾਂ ਖਾਸੀਅਤ ਹੈ ਤਾਂ ਹੀ ਤਾਂ ਆਪਣੇ ਇੰਗਲੈਂਡ ਦੇ ਗੋਰੇ ਗੋਰੀਆਂ ਇਥੇ ਡੇਰੇ ਲਾਈ ਬੈਠੇ ਰਹਿੰਦੇ ਹਨ। ਇਥੋਂ ਵਾਪਸ ਜਾਣ ਦਾ ਮਨ ਹੀ ਨਹੀਂ ਕਰਦਾ ਉਸ ਸਲਾਬੇ ਦੇਸ਼ ਵੱਲ ਨੂੰ।''

''ਹਾਂਜੀ ਇਹ ਤਾਂ ਹੈ, ਤੁਹਾਡਾ ਘਰ ਬਹੁਤ ਸੋਹਣਾ ਹੈ ਕੈਲਾਸ਼ ਜੀ ਤੇ ਤੁਸੀਂ ਬਹੁਤ ਸਜਾਇਆ ਹੋਇਆ ਹੈ ਤੇ ਸਾਂਭਿਆ ਹੋਇਆ ਹੈ ਬਿਲਕੁਲ ਆਪਣੇ ਵਾਂਗ।''

ਮੇਰੀ ਗੱਲ ਸੁਣ ਕੇ ਉਹ ਮੁਸਕੁਰਾ ਪਈ।

'ਸ਼ੁਕਰੀਆ ਬੀਰਾ, ਬੱਸ ਇਹੀ ਮੇਰੀ ਛੋਟੀ ਜਿਹੀ ਦੁਨੀਆਂ ਹੈ। ਕੋਸ਼ਿਸ਼ ਕਰਦੀ ਹਾਂ ਕਿ ਜਿੰਨਾ ਚਿਰ ਜਿਉਂਦੀ ਹਾਂ ਇਸੇ ਤਰ੍ਹਾਂ ਇਸ ਨੂੰ ਸਾਂਭ-ਸੰਭਾਲ ਕੇ ਰੱਖਾਂ। ਆਹ ਮੇਰੀ ਜਮ੍ਹਾ ਪੂੰਜੀ ਹੈ, ਕਿਤਾਬਾਂ ਵਾਲੇ ਰੈਕ ਵੱਲ ਹੱਥ ਕਰਕੇ ਉਸ ਨੇ ਆਖਿਆ।

''ਉਸ ਕਿਤਾਬਾਂ ਵਾਲੇ ਰੈਕ 'ਤੇ ਹੁਣ ਤੱਕ ਦੀਆਂ ਕੈਲਾਸ਼ ਜੀ ਦੀ ਆਪਣੀਆਂ ਲਿਖੀਆਂ ਸਾਰੀਆਂ ਕਿਤਾਬਾਂ ਸਾਂਭੀਆਂ ਪਈਆਂ ਸਨ ਅਤੇ ਉਨ੍ਹਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਦੀ ਕਿਤਾਬਾਂ ਵੀ ਦਿੱਸ ਰਹੀਆਂ ਸਨ।

ਸਾਰੇ ਕਮਰੇ ਵਿਚ ਇਕੱਲੀ ਕੈਲਾਸ਼ ਅਤੇ ਉਸ ਦੇ ਬੇਟੇ ਦੀ ਫੋਟੋ ਤੋਂ ਬਿਨਾਂ ਹੋਰ ਕੋਈ ਤਸਵੀਰ ਨਹੀਂ ਨਜ਼ਰ ਆ ਰਹੀ ਸੀ। ਮੈਂ ਵਾਰ-ਵਾਰ ਆਲਾ ਦੁਆਲਾ ਦੇਖ ਰਹੀ ਸੀ। ਸ਼ਾਇਦ ਕੈਲਾਸ਼ ਜੀ ਮੇਰੀ ਇਸ ਭਾਲ ਨੂੰ ਭਾਂਪ ਗਏ।

''ਬੀਰਾ ਕੀ ਲੱਭ ਰਹੀ ਹੈਂ?''

''ਕੁਝ ਨਹੀਂ ਕੈਲਾਸ਼ ਜੀ।''

''ਕੁਝ ਤਾਂ ਤਲਾਸ਼ ਕਰ ਰਹੀ ਹੈਂ, ਤੇਰੀਆਂ ਨਜ਼ਰਾਂ ਦੀ ਭਾਲ ਮੇਰੇ ਤੋਂ ਲੁੱਕ ਨਹੀਂ ਸਕਦੀ, ਭਾਵੇਂ ਤੂੰ ਚੋਰੀ-ਚੋਰੀ ਕੁਝ ਭਾਲ ਰਹੀ ਹੈਂ।'' ਇੰਨਾ ਆਖ ਕੇ ਉਹ ਮੁਸਕੁਰਾ ਪਈ।

ਤੇ ਮੈਂ- ਮੈਂ ਨਿੰਮੋਝਾਣ ਜਿਹੀ ਹੋ ਗਈ ਜਿਵੇਂ ਕਿਸੇ ਚੋਰ ਨੂੰ ਚੋਰੀ ਕਰਦਿਆਂ ਘਰਦਿਆਂ ਨੇ ਰੰਗੇ ਹੱਥੀਂ ਫੜ ਲਿਆ ਹੋਵੇ। ਸ਼ਾਇਦ ਮੇਰੀਆਂ ਨਜ਼ਰਾਂ ਭਾਲ ਹੀ ਰਹੀਆਂ ਸਨ ਕੀ ਭਾਲ ਰਹੀਆਂ ਸਨ ਉਹ ਪੁੱਛਣ ਦੀ ਹਿੰਮਤ ਨਹੀਂ ਹੋ ਰਹੀ ਸੀ ਕੈਲਾਸ਼ ਜੀ ਕੋਲੋਂ। ਮਨੋ ਮਨ ਮੈਂ ਡਰ ਰਹੀ ਸੀ ਕਿ ਕਿਤੇ ਮੈਂ ਉਨ੍ਹਾਂ ਨੂੰ ਨਰਾਜ਼ ਹੀ ਨਾ ਕਰ ਦਿਆਂ। ਪਰ ਮੈਂ ਬੇਤਾਬ ਸੀ ਉਨ੍ਹਾਂ ਦੀ ਜ਼ਿੰਦਗੀ ਦੇ ਉਨ੍ਹਾਂ 11 ਵਰ੍ਹਿਆਂ ਦਾ ਹਿਸਾਬ ਜਾਣਨ ਲਈ ਆਪ ਗੱਲ ਛੇੜਨ ਤੋਂ ਮਨ ਡਰਦਾ ਸੀ।

''ਵਾਪਸੀ ਕਿਸ ਦਿਨ ਦੀ ਹੈ ਤੇਰੀ ਬੀਰਾ?''

''ਅਗਲੇ ਐਤਵਾਰ ਦੀ ਸ਼ਾਮ ਦੀ ਕੈਲਾਸ਼ ਜੀ। ਇਸ ਐਤਵਾਰ ਤੋਂ ਅਗਾਂਹ ਵਾਲੇ ਦੀ ਹਾਲੇ ਪੂਰੇ 9 ਦਿਨ ਪਏ ਹਨ।''

''ਠੀਕ ਹੈ ਵਧੀਆ ਮੌਸਮ ਇੰਜੁਆਏ ਕਰ ਓਨੇ ਦਿਨ।''

''ਹਾਂਜੀ ਪਰ ਮੈਨੂੰ ਹੁਣ ਮੌਸਮ ਨਾਲੋਂ ਤੁਹਾਡੀ ਕੰਪਨੀ ਮਿਲਣ ਦਾ ਵੱਧ ਚਾਅ ਹੈ, ਜੇ ਤੁਸੀਂ ਮਸਰੂਫ ਨਾ ਹੋਵੋ ਤਾਂ ਮੈਂ ਰੋਜ਼ ਮਿਲਣ ਆਵਾਂਗੀ।''

''ਮੈਂ ਤਾਂ ਵਿਹਲੀ ਹੀ ਹਾਂ, ਬੱਸ ਆਹ ਕਿਤਾਬਾਂ 'ਚ ਸਿਰ ਖਪਾਈ ਕਰਦੀ ਹਾਂ ਅੱਜ ਕੱਲ ।

ਮੇਰੇ ਵੱਲ 'ਮੇਰਾ ਦਾਗਿਸਤਾਨ ਭਾਗ-2' ਰਸੂਲ ਹਮਜ਼ਾਤੋਵ ਦੀ ਮਸ਼ਹੂਰ ਕਿਤਾਬ ਵਧਾਉਂਦਿਆਂ ਉਨ੍ਹਾਂ ਕਿਹਾ।

''ਹਾਂ ਮੈਂ ਵੀ ਪੜ੍ਹੀ ਹੈ ਇਹ ਕਿਤਾਬ ਬਹੁਤ ਹੀ ਵਧੀਆ ਕਿਤਾਬ ਹੈ।''

ਹਾਂ ਮੈਂ ਬਹੁਤ ਵਾਰ ਪੜ੍ਹੀ, ਪਰ ਵਾਰ-ਵਾਰ ਪੜ੍ਹਨ ਨੂੰ ਮਨ ਕਰ ਆਉਂਦਾ। ਹੁਣ ਬੁੱਢੀ ਹੋ ਗਈ ਹਾਂ ਟਾਈਮ ਪਾਸ ਕਰਨ ਲਈ ਇਹੋ ਜਿਹੀ ਉਧੇੜ-ਪੁਧੇੜ ਕਰਦੀ ਰਹਿੰਦੀ ਹਾਂ। ਇਕੋ ਚੀਜ਼ ਵਾਰ ਵਾਰ ਕਰਨ ਨੂੰ ਕਈ ਵਾਰ ਮਨ ਕਰ ਆਉਂਦਾ, ਜਿਵੇਂ ਇਹ ਕਿਤਾਬ ਹੀ ਦੇਖ ਲੈ। ਬਹੁਤ ਵਾਰ ਪੜ੍ਹੀ ਹੈ ਫਿਰ ਦੁਬਾਰਾ ਪੜ੍ਹਨ ਨੂੰ ਮਨ ਕੀਤਾ ਤਾਂ ਫਿਰ ਸ਼ੁਰੂ ਕਰ ਲਈ। ਸ਼ਾਇਦ ਇਸ ਉਮਰ 'ਚ ਟਾਈਮ ਪਾਸ ਕਰ ਰਹੀ ਹਾਂ।

ਇਸ ਵਾਰ ਉਹ ਮੁਸਕੁਰਾਈ ਨਹੀਂ ਹਰ ਵਾਰ ਦੀ ਤਰ੍ਹਾਂ ਸਗੋਂ ਉਦਾਸੀ ਨਾਲ ਇਕ ਦਮ ਗੰਭੀਰ ਜਿਹੀ ਹੋ ਗਈ। ਮੈਂ ਉਨ੍ਹਾਂ ਦੀ ਉਦਾਸੀ ਦੂਰ ਕਰਨ ਦੀ ਫਟਾਫਟ ਕੋਸ਼ਿਸ਼ ਸ਼ੁਰੂ ਕੀਤੀ।

''ਲੈ ਆਹ ਕਿਹੜੀ ਗੱਲ ਕੀਤੀ, ਬੁੱਢੇ ਹੋਣ ਤੁਹਾਡੇ ਦੁਸ਼ਮਣ। ਅੱਜ ਵੀ ਤੁਸੀਂ ਮੋਨਾਲੀਸਾ ਨੂੰ ਮਾਤ ਪਾਉਂਦੇ ਹੋ ਉਧਰ ਦੇਖੋ, ਮੈਂ ਕੰਧ ਵੱਲ ਇਸ਼ਾਰਾ ਕਰਕੇ ਮੋਨਾਲੀਸਾ ਦੀ ਤਸਵੀਰ ਦਿਖਾਉਂਦਿਆਂ ਆਖਿਆ। ਉਸ ਨਾਲੋਂ ਕਿਤੇ ਸੋਹਣੇ ਸੁੰਦਰ ਤੇ ਜਵਾਨ ਲੱਗ ਰਹੇ ਹੋ।''

ਮੇਰੀ ਗੱਲ ਸੁਣ ਕੇ ਉਹ ਇਸ ਵਾਰ ਮੁਸਕੁਰਾ ਪਈ।''

''ਅਗਲੇ ਮਹੀਨੇ ਮੈਂ ਪੂਰੇ ਸਤਵੰਜਾ ਵਰ੍ਹਿਆਂ ਦੀ ਹੋ ਜਾਣਾ ਝੱਲੀਏ, ਸਮ੍ਹਾਂ ਲੰਘਦਿਆਂ ਪਤਾ ਹੀ ਨਹੀਂ ਲੱਗਦਾ। ਖਾਸ ਕਰਕੇ ਆਹ ਪੰਜ-ਸੱਤ ਸਾਲ ਤਾਂ ਝੱਟ ਲੰਘ ਗਏ, ਜਦ ਦਾ ਮੈਂ ਇਥੇ ਪੱਕਾ ਡੇਰਾ ਲਾਇਆ ਹੈ।''

''ਪੱਕਾ ਡੇਰਾ ਲਾਇਆ.........!''

ਮੈਂ ਉਨ੍ਹਾਂ ਦੀ ਪੂਰੀ ਗੱਲ ਵਿਚੋਂ ਬਸ ਇਹੀ ਇਕ ਲਾਈਨ 'ਤੇ ਗੌਰ ਦਿੱਤਾ। ਮੈਨੂੰ ਕੁਝ ਵੀ ਨਹੀਂ ਪਤਾ ਸੀ ਉਨ੍ਹਾਂ ਦੇ ਜੀਵਨ ਦਾ ਕਿ ਇਨ੍ਹਾਂ ਗਿਆਰਾਂ ਸਾਲਾਂ 'ਚ ਕੀ ਖੋਹਿਆ ਤੇ ਕੀ ਪਾਇਆ ਹੈ ਇਸ ਔਰਤ ਨੇ।

''ਹਾਂ ਬੀਰਾ ਮੈਂ ਪਿਛਲੇ ਪੰਜਾਂ ਸਾਲਾਂ ਤੋਂ ਇਥੇ ਹੀ ਰਹਿ ਰਹੀ ਹਾਂ ਤੇ ਮੈਂ ਤੇ ਮੇਰੀ ਤਨਹਾਈ ਰੋਜ਼ ਇਥੇ ਸ਼ਾਮ ਨੂੰ ਸਮੁੰਦਰ ਕੰਢੇ ਬਹਿ ਕੇ ਖੂਬ ਗੱਲਾਂ ਕਰਦੇ ਹਾਂ।

''ਬੱਚੇ ਵੀ ਇਥੇ ਹੀ ਰਹਿੰਦੇ ਹਨ ਕੈਲਾਸ਼ ਜੀ ਤੇ ਤੁਹਾਡਾ ਬਾਕੀ ਪਰਿਵਾਰ?''

''ਨਹੀਂ ਬੇਟਾ ਇੰਗਲੈਂਡ ਵਿਚ ਹੀ ਸੈਂਟ ਹੈ, ਬਹੁਤ ਸੋਹਣੀ ਜੌਬ 'ਤੇ ਲੱਗਾ ਹੈ ਅਤੇ ਉਸ ਦਾ ਵਿਆਹ ਵੀ ਹੋ ਗਿਆ ਤੇ ਆਪਣੀ ਵਾਈਫ ਨਾਲ ਬਹੁਤ ਖੁਸ਼ ਹੈ। ਪਰਮਾਤਮਾ ਦੀ ਮਿਹਰ ਹੈ ਬੀਰਾ। ਦੋਵੇਂ ਜਣੇ ਹਰ ਸਾਲ ਦੋ ਤਿੰਨ ਹਫਤਿਆਂ ਲਈ ਆ ਜਾਂਦੇ ਹਨ ਮੇਰੇ ਕੋਲ। ਮੈਨੂੰ ਬਹੁਤ ਸੱਦਦੇ ਰਹਿੰਦੇ ਹਨ ਕਿ ਮਾਂ ਇਥੇ ਆ ਜਾਓ ਸਾਡੇ ਕੋਲ ਰਹੋ ਪਰ ਮੇਰਾ ਮਨ ਮਰ ਗਿਆ ਹੈ ਇੰਗਲੈਂਡ ਦੀ ਧਰਤੀ ਤੋਂ ਬੀਰਾ। ਪੂਰੇ ਪੰਜ ਵਰ੍ਹੇ ਹੋ ਗਏ ਮੈਂ ਉਸ ਦੇਸ਼ ਦੀ ਧਰਤੀ 'ਤੇ ਪੈਰ ਨਹੀਂ ਪਾਇਆ। ਕੌਫੀ ਦਾ ਖਾਲੀ ਕੱਪ ਟੇਬਲ 'ਤੇ ਰੱਖਦਿਆਂ ਕੈਲਾਸ਼ ਨੇ ਲੰਬਾ ਹੌਕਾ ਲਿਆ। ਮੇਰੀ ਵੀ ਕੌਫੀ ਖਤਮ ਹੋ ਗਈ ਸੀ । ਕੌਫੀ ਦਾ ਉਹੀ ਸੇਮ ਸਵਾਦ ਸੀ ਜੋ ਵਰ੍ਹਿਆ ਪਹਿਲਾਂ ਇਨ੍ਹਾਂ ਦੇ ਹੱਥਾਂ ਦੀ ਪੀਤੀ ਸੀ ।

''ਇਹੋ ਜਿਹਾ ਕੀ ਹੋ ਗਿਆ ਸੀ ਕੈਲਾਸ਼ ਜੀ, ਜੋ ਤੁਸੀਂ ਮੁੜ ਆਪਣੇ ਦੇਸ਼ ਹੀ ਨਹੀਂ ਪਰਤੇ?''

ਮੈ ਗੱਲ ਜਾਰੀ ਰੱਖਦਿਆਂ ਸਵਾਲ ਕੀਤਾ।

''ਬੱਸ ਬੀਰਾ ਉਸ ਦੇਸ਼ ਨਾਲ ਮੋਹ ਹੀ ਨਹੀਂ ਰਿਹਾ, ਸੱਚ ਪੁੱਛੇ ਤਾਂ ਕਦੇ ਯਾਦ ਵੀ ਨਹੀਂ ਆਉਂਦੀ, ਮੰਨੋ ਮੇਰੇ ਮਨ ਦੇ ਕੋਨੇ 'ਚ ਕੁਝ ਬਚਿਆ ਹੀ ਨਹੀਂ ਉਸ ਦੇਸ਼ ਲਈ।''

''ਇੰਝ ਕਿਉਂ ਕਹਿ ਰਹੇ ਹੋ ਤੁਹਾਡਾ ਬੱਚਾ ਉਥੇ ਹੈ, ਪਰਿਵਾਰ ਉਥੇ ਹੈ।''

''ਹਾਂ ਉਹ ਤਾਂ ਹੈ, ਉਹ ਆਪਣੀ ਥਾਂ ਹੈ, ਮੇਰਾ ਜਿਗਰ ਦਾ ਟੋਟਾ ਮੇਰਾ ਪੁੱਤ ਵਹਿਗੁਰੂ ਉਹਦੀ ਲੰਬੀ ਉਮਰ ਕਰੇ ਉਹਦੇ ਸਾਹਾਂ ਨਾਲ ਹੀ ਮੈਂ ਜਿਉਂਦੀ ਹਾਂ। ਹੋਰ ਕੁਝ ਤਾਂ ਬਚਿਆ ਨਹੀਂ ਉਸ ਦੇ ਬਿਨਾਂ ਮੇਰੇ ਕੋਲ।''

ਇੰਨਾ ਆਖ ਕੇ ਉਸ ਦੀਆਂ ਅੱਖਾਂ ਭਰ ਆਈਆਂ।

ਮੈਂ ਆਪਣਾ ਕੱਪ ਥੱਲੇ ਮੇਜ 'ਤੇ ਰੱਖ ਉਸ ਦਾ ਹੱਥ ਫੜ ਲਿਆ। ਇੰਨੀ ਗਰਮੀ ਵਿਚ ਵੀ ਉਹ ਕੰਬ ਰਹੀ ਸੀ। ਕੁਝ ਪਲ ਲਈ ਮੈਨੂੰ ਇੰਝ ਲੱਗਾ ਉਹ ਬਿਨਾਂ ਬੋਲਿਆਂ ਬਹੁਤ ਕੁਝ ਆਖ ਗਈ।

''ਕੁਝ ਖਾਏਂਗੀ ਬੀਰਾ? ਬਣਾਵਾਂ ਕੁਝ ਤੇਰੇ ਲਈ?''

ਟੇਬਲ ਉਪਰੋਂ ਕੌਫੀ ਦੇ ਕੱਪ ਲੈ ਕੇ ਉਹ ਕਿਚਨ ਵੱਲ ਤੁਰੀ ਜਾਂਦੀ ਨੇ ਮੈਨੂੰ ਪੁੱਛਿਆ।

ਚਲਦਾ....

# ਜੋੜੀਆਂ ਤਾਂ ਉੱਪਰ ਵਾਲਾ ਬਣਾਉਂਦਾ ਹੈ, ਪਰ.... ?

ਸੰਦੀਪ ਕੁਮਾਰ
7009807121





ਇਨਸਾਨੀ ਜ਼ਿੰਦਗੀ ਦੇ ਹਰ ਪਹਿਲੂ 'ਚ ਕਈ ਅਜਿਹੇ ਵਿਰੋਧਾਭਾਸ ਹਨ ਜੋ ਸਾਨੂੰ ਸੋਚਣ 'ਤੇ ਮਜਬੂਰ ਕਰਦੇ ਹਨ। ਇਸ ਸਮਾਜ ਦੇ ਇੱਕ ਵੱਡੇ ਖੇਤਰ ਵਿੱਚ ਇਹ ਧਾਰਣਾ ਕਾਇਮ ਕੀਤੀ ਜਾਂਦੀ ਹੈ ਕਿ "ਜੋੜੀਆਂ ਤਾਂ ਉੱਪਰ ਵਾਲਾ ਬਣਾਉਂਦਾ ਹੈ।" ਪਰ ਇਸਦੇ ਬਾਵਜੂਦ, ਅਸੀਂ ਦੇਖਦੇ ਹਾਂ ਕਿ ਹਕੀਕਤ ਇਸਦੇ ਬਿਲਕੁਲ ਉਲਟ ਹੈ। ਜਾਤ, ਧਰਮ, ਰੰਗ-ਰੂਪ, ਸੁੰਦਰਤਾ, ਦਹੇਜ ਅਤੇ ਨੌਕਰੀਆਂ ਅਜੇ ਵੀ ਰਿਸ਼ਤਿਆਂ ਦੀ ਪਹਿਚਾਣ ਦਾ ਕੇਂਦਰ ਹਨ। ਇਨਸਾਨ ਇਕ ਪਾਸੇ ਇਹਨਾਂ ਮੰਨਤਾ ਦਾ ਹਮਾਇਤੀ ਹੈ ਕਿ ਕਿਸੇ ਸ਼ਕਤੀਵਾਨ ਹਿੱਸੇ 'ਚ ਜੋੜੀਆਂ ਬਣਾ ਕੇ ਈਸ਼ਵਰੀ ਦਸਤਖ਼ਤ ਹੁੰਦੇ ਹਨ, ਪਰ ਦੂਜੇ ਪਾਸੇ ਉਹ ਹਰੇਕ ਰਿਸ਼ਤੇ ਦੀ ਸ਼ੁਰੂਆਤ ਨੂੰ ਸਮਾਜਿਕ ਪੈਮਾਨਿਆਂ 'ਤੇ ਤੋਲਦਾ ਹੈ।

ਸਭ ਤੋਂ ਪਹਿਲੀ ਵਿਰੋਧਾਭਾਸ ਦੀ ਸ਼ੁਰੂਆਤ ਜਾਤ ਅਤੇ ਧਰਮ ਤੋਂ ਹੁੰਦੀ ਹੈ। ਹਾਲਾਂਕਿ ਇਹ ਕਹਿਣਾ ਆਮ ਹੈ ਕਿ ਰਿਸ਼ਤੇ ਦਿਲਾਂ ਨਾਲ ਬਣਦੇ ਹਨ, ਪਰ ਇਹ ਗੱਲ ਪੂਰੀ ਤਰ੍ਹਾਂ ਸੱਚ ਨਹੀਂ ਹੈ। ਸਾਡੇ ਸਮਾਜ ਵਿੱਚ ਅਜੇ ਵੀ ਵਿਆਹ ਜਾਤ ਅਤੇ ਧਰਮ ਦੇ ਅਧਾਰ 'ਤੇ ਨਿਰਧਾਰਿਤ ਹੁੰਦੇ ਹਨ। ਕਈ ਪਰਿਵਾਰਾਂ ਵਿੱਚ ਅੰਤਰਜਾਤੀ ਅਤੇ ਅੰਤਰਧਰਮੀ ਵਿਆਹਾਂ ਨੂੰ ਅਖ਼ੀਰ ਦੇ ਤੌਰ 'ਤੇ ਸਮਝਿਆ ਜਾਂਦਾ ਹੈ। ਇਸ ਮਾਮਲੇ ਵਿੱਚ ਦੋਸ਼ਮੁਕਤ ਸੰਬੰਧਾਂ ਦੀ ਬੁਨਿਆਦ ਰਖਣ ਵਾਲੇ ਇਨਸਾਨ ਨੂੰ ਵੀ ਦੂਜਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਧਰਮ ਅਤੇ ਜਾਤੀਆਂ ਦੇ ਅਧਾਰ 'ਤੇ ਵੰਡੇ ਸਮਾਜ ਵਿੱਚ ਪਿਆਰ ਅਤੇ ਸੰਬੰਧਾਂ ਨੂੰ ਕਸੌਟੀਆਂ 'ਤੇ ਰੱਖਣ ਦੀ ਬਜਾਏ, ਰਿਸ਼ਤਿਆਂ ਨੂੰ ਵੱਖਰੀ ਨਿਗਾਹ ਨਾਲ ਦੇਖਿਆ ਜਾਂਦਾ ਹੈ। ਇਹ ਸਮਾਜਕ ਢਾਂਚਾ ਇਸ ਗੱਲ ਦਾ ਪਰਤੀਕ ਬਣ ਜਾਂਦਾ ਹੈ ਕਿ ਇਨਸਾਨ ਅਜੇ ਵੀ ਜੋੜੀਆਂ ਨੂੰ ਬਣਾਉਣ ਦੇ ਕੰਮ ਵਿੱਚ ਦਖ਼ਲ ਦੇ ਰਿਹਾ ਹੈ।

ਇਸੇ ਤਰ੍ਹਾਂ, ਰੰਗ-ਰੂਪ ਅਤੇ ਸੁੰਦਰਤਾ ਇੱਕ ਹੋਰ ਕਸੌਟੀ ਹੈ ਜਿਸ 'ਤੇ ਰਿਸ਼ਤੇ ਨਿਰਧਾਰਿਤ ਕੀਤੇ ਜਾਂਦੇ ਹਨ। ਇੱਕ ਪਾਸੇ, ਲੋਕ ਇਹ ਗੱਲ ਕਹਿੰਦੇ ਹਨ ਕਿ ਪਿਆਰ ਅੰਨ੍ਹਾ ਹੁੰਦਾ ਹੈ, ਅਤੇ ਰਿਸ਼ਤਾ ਦਿਲਾਂ ਨਾਲ ਬਣਦਾ ਹੈ, ਪਰ ਦੂਜੇ ਪਾਸੇ ਰਿਸ਼ਤਿਆਂ ਦੀ ਮਜ਼ਬੂਤੀ ਸੁੰਦਰਤਾ ਅਤੇ ਰੂਪ ਦੇ ਅਧਾਰ 'ਤੇ ਦੇਖੀ ਜਾਂਦੀ ਹੈ। ਬਹੁਤ ਸਾਰੇ ਮਾਮਲਿਆਂ ਵਿੱਚ, ਲੜਕੀਆਂ ਨੂੰ ਕਾਲੇ ਰੰਗ ਦਾ ਹੋਣ ਕਰਕੇ ਰਿਸ਼ਤਾ ਨਹੀਂ ਮਿਲਦਾ। ਹਾਲਾਂਕਿ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਸੋਚਾਂ ਬਦਲ ਰਹੀਆਂ ਹਨ, ਪਰ ਇਹ ਸੋਚ ਅਜੇ ਵੀ ਕਾਫ਼ੀ ਹੱਦ ਤੱਕ ਮੌਜੂਦ ਹੈ। ਇਹ ਵੀ ਇੱਕ ਵਿਰੋਧਾਭਾਸ ਹੈ ਕਿ ਲੋਕ ਕਹਿੰਦੇ ਹਨ ਕਿ ਉੱਪਰ ਵਾਲੇ ਨੇ ਹਰ ਇੱਕ ਨੂੰ ਸੁੰਦਰ ਬਣਾਇਆ ਹੈ, ਪਰ ਅਸੀਂ ਫਿਰ ਵੀ ਸੁੰਦਰਤਾ ਦੇ ਮਿਆਰ 'ਤੇ ਰਿਸ਼ਤਿਆਂ ਦੀ ਚੋਣ ਕਰਦੇ ਹਾਂ।

ਸਭ ਤੋਂ ਵੱਡੀ ਦੋਹਰੀ ਪਹਿਚਾਣ, ਜੋ ਅੱਜ ਦੇ ਸਮਾਜ ਵਿੱਚ ਰਿਸ਼ਤਿਆਂ ਨੂੰ ਖਤਮ ਕਰ ਰਹੀ ਹੈ, ਉਹ ਦਹੇਜ ਪ੍ਰਥਾ ਹੈ। ਹਰ ਕੋਈ ਇਹ ਦਾਅਵਾ ਕਰਦਾ ਹੈ ਕਿ ਦਹੇਜ ਦਾ ਲੈਣ-ਦੇਣ ਇਕ ਗਲਤ ਪ੍ਰਥਾ ਹੈ, ਪਰ ਰਿਸ਼ਤੇ ਨਿਰਧਾਰਤ ਕਰਨ ਵੇਲੇ ਅਜੇ ਵੀ ਦਹੇਜ ਦੀ ਮੰਗ ਕੀਤੀ ਜਾਂਦੀ ਹੈ। ਦਹੇਜ ਲੈਣ-ਦੇਣ ਦੀ ਆਦਤ ਅਜੇ ਵੀ ਬਹੁਤ ਸਾਰੇ ਪਰਿਵਾਰਾਂ ਵਿੱਚ ਮੌਜੂਦ ਹੈ, ਜਿਸਦੇ ਕਾਰਨ ਕਈ ਵਾਰ ਰਿਸ਼ਤੇ ਤੋੜੇ ਜਾਂਦੇ ਹਨ ਜਾਂ ਰਿਸ਼ਤੇ ਬਣਾਏ ਹੀ ਨਹੀਂ ਜਾਂਦੇ। ਦਹੇਜ ਲੈਣ ਦੀ ਇਸ ਪ੍ਰਥਾ ਨੂੰ ਕਈ ਸਿਆਸਤਦਾਨਾਂ ਅਤੇ ਸਮਾਜਿਕ ਸੰਸਥਾਵਾਂ ਦੁਆਰਾ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਇਸ ਵਿਚ ਵੱਡਾ ਬਦਲਾਅ ਅਜੇ ਵੀ ਨਹੀਂ ਆਇਆ। ਦਹੇਜ ਦੀ ਸਮੱਸਿਆ ਇਸ ਗੱਲ ਦਾ ਪ੍ਰਤੀਕ ਹੈ ਕਿ ਇਨਸਾਨ ਨੇ ਖ਼ੁਦ ਨੂੰ ਪਰਿਵਾਰਿਕ ਅਤੇ ਸਮਾਜਿਕ ਮਿਆਰਾਂ ਦੇ ਬੰਧਨ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਹੈ।

ਇਕ ਹੋਰ ਮੁੱਢਲਾ ਕਾਰਨ ਜਿਸ ਨੂੰ ਅਸੀਂ ਅਕਸਰ ਰਿਸ਼ਤੇ ਨਿਰਧਾਰਿਤ ਕਰਨ ਵੇਲੇ ਦੇਖਦੇ ਹਾਂ, ਉਹ ਨੌਕਰੀ ਅਤੇ ਆਰਥਿਕ ਪੱਧਰ ਹੈ। ਵਿਅਕਤੀ ਦੀ ਕਮਾਈ ਅਤੇ ਵਿੱਤੀ ਸਥਿਤੀ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਵਿਅਕਤੀ ਦੀ ਨੌਕਰੀ ਕਿੰਨੀ ਮਜ਼ਬੂਤ ਹੈ, ਉਸਦਾ ਰੁੱਤਬਾ ਕੀ ਹੈ, ਅਤੇ ਉਹ ਕਿੰਨਾ ਦੌਲਤਮੰਦ ਹੈ, ਇਹ ਸਭ ਰਿਸ਼ਤਿਆਂ ਵਿੱਚ ਮੱਤਵਪੂਰਨ ਪੈਰਾਮੀਟਰ ਬਣ ਜਾਂਦੇ ਹਨ। ਹਾਲਾਂਕਿ ਇਹ ਗੱਲ ਕਹਿੰਦੇ ਹੋਏ ਕਿ ਰਿਸ਼ਤਿਆਂ ਨੂੰ ਸਿਰਫ ਪਿਆਰ ਅਤੇ ਭਰੋਸੇ ਨਾਲ ਬਣਾਉਣਾ ਚਾਹੀਦਾ ਹੈ, ਲੋਕ ਅਜੇ ਵੀ ਵਿੱਤੀ ਪੱਖਾਂ ਨੂੰ ਪਹਿਲ ਦੇ ਰਹੇ ਹਨ।

ਇਹ ਸਮਾਜਕ ਸੱਚਾਈ ਸਿਰਫ ਵਿਰੋਧਾਭਾਸ ਨਹੀਂ ਹੈ, ਸਗੋਂ ਇੱਕ ਸਮਾਜਕ ਬਿਮਾਰੀ ਹੈ। ਅਸੀਂ ਇੱਕ ਪਾਸੇ ਇਹ ਗੱਲ ਮੰਨਦੇ ਹਾਂ ਕਿ ਜੋੜੀਆਂ ਤਾਂ ਉੱਪਰ ਵਾਲਾ ਬਣਾਉਂਦਾ ਹੈ, ਪਰ ਦੂਜੇ ਪਾਸੇ ਅਸੀਂ ਉਸ ਦੀ ਰਣਨੀਤੀ ਵਿੱਚ ਦਖ਼ਲ ਅੰਦਾਜ਼ੀ ਕਰਦੇ ਹਾਂ। ਇਹ ਵਿਰੋਧਾਭਾਸ ਸਿਰਫ ਰਿਸ਼ਤਿਆਂ ਤੱਕ ਹੀ ਸੀਮਿਤ ਨਹੀਂ, ਸਗੋਂ ਸਮਾਜ ਦੇ ਕਈ ਹੋਰ ਪਹਲੂਆਂ ਤੱਕ ਵੀ ਪਹੁੰਚਦਾ ਹੈ। ਇਹਨਾਂ ਵਿੱਚ ਵਿਸ਼ਵਾਸ ਰੱਖਣ ਦੀ ਬਜਾਏ, ਇਨਸਾਨ ਆਪਣੇ ਹੀ ਤਰੀਕਿਆਂ ਨਾਲ ਰਿਸ਼ਤਿਆਂ ਦੀ ਪਰਖ ਕਰਦਾ ਹੈ, ਜਿਸ ਕਰਕੇ ਪਿਆਰ ਅਤੇ ਭਰੋਸੇ ਦਾ ਮੁੱਲ ਥੱਲੇ ਦਬ ਜਾਂਦਾ ਹੈ। ਸਮਾਜ ਵਿੱਚ ਇਹਨਾਂ ਵਿਰੋਧਾਭਾਸਾਂ ਨੂੰ ਸਮਝਣਾ ਅਤੇ ਸਹੀ ਕਰਨਾ ਇੱਕ ਜ਼ਰੂਰੀ ਪ੍ਰਕਿਰਿਆ ਹੈ। ਪਿਆਰ ਅਤੇ ਭਰੋਸੇ ਦੇ ਰਿਸ਼ਤਿਆਂ ਨੂੰ ਜਾਤ, ਧਰਮ, ਰੂਪ, ਅਤੇ ਦਹੇਜ ਵਰਗੀਆਂ ਪ੍ਰਥਾਵਾਂ ਤੋਂ ਬਚਾ ਕੇ ਹੀ ਅਸੀਂ ਇਕ ਸਚੇ ਸੰਬੰਧ ਦੀ ਰਚਨਾ ਕਰ ਸਕਦੇ ਹਾਂ। ਹਰ ਇਨਸਾਨ ਨੂੰ ਸਮਾਜਿਕ ਪੈਮਾਨਿਆਂ 'ਤੇ ਨਹੀਂ, ਸਗੋਂ ਦਿਲ ਦੀ ਪਵਿੱਤਰਤਾ ਵਾਲੇ ਪੱਖ ਲਾਉਣ ਦੀ ਲੋੜ ਹੈ। ਸਮਾਜ ਵਿੱਚ ਇਹ ਸਮਝ ਬਿਠਾਉਣ ਦੀ ਲੋੜ ਹੈ ਕਿ ਪਿਆਰ, ਸੰਬੰਧ ਅਤੇ ਰਿਸ਼ਤੇ ਕਿਸੇ ਵੀ ਤਰ੍ਹਾਂ ਦੇ ਬਾਹਰੀ ਪ੍ਰਤਾਪ ਤੋਂ ਆਜ਼ਾਦ ਹੋਣੇ ਚਾਹੀਦੇ ਹਨ। ਸੱਚਮੁੱਚ ਜੋੜੀਆਂ ਤਾਂ ਉੱਪਰ ਵਾਲਾ ਬਣਾਉਂਦਾ ਹੈ, ਪਰ ਇਹ ਇਨਸਾਨੀ ਦਲਾਲੀ ਹੈ ਜੋ ਇਨ੍ਹਾਂ ਜੋੜੀਆਂ ਨੂੰ ਭਰਮਾ ਦੇ ਜਾਲ ਵਿੱਚ ਫਸਾ ਦੇਂਦੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

## ਮੇਰਾ ਜਲੂਸ ਨਿਕਲਣੋ ਬਚਾਇਆ ਇਕ ਬੀਬੀ ਨੇ !

ਬੀਤੇ 24 ਮਾਰਚ ਦੀ ਹੀ ਗੱਲ ਹੈ। ਮੈਂ ਸਵੇਰੇ ਗਿਆਰਾਂ ਕੁ ਵਜੇ ਘਰੋਂ ਤਿਆਰ ਹੋ ਕੇ ਮੈਂ ਆਪਣੇ ਗਵਾਂਢ ਪਿੰਡ ਸਜਾਵਲ ਪੁਰ (ਜ਼ਿਲ੍ਹਾ ਨਵਾਂ ਸ਼ਹਿਰ) ਜਾ ਪਹੁੰਚਾ, ਜਿੱਥੇ ਇੰਗਲੈਂਡ ਤੋਂ ਆਪਣੇ ਪਿੰਡ ਆਏ ਹੋਏ ਮੇਰੇ ਦੋਸਤ ਸਰਦਾਰ ਓਂਕਾਰ ਸਿੰਘ ਵਲੋਂ ਰਖਾਏ ਅਖੰਡ ਪਾਠ ਦੇ ਭੋਗ ਉਪਰੰਤ ਢਾਡੀ ਸਿੰਘ ਵਾਰਾਂ ਗਾ ਰਹੇ ਸਨ। ਗੁਰਦੁਆਰਾ ਸਾਹਿਬ ਦੀ ਛੱਤ ਉੱਪਰ ਸਮਾਗਮ ਚੱਲ ਰਿਹਾ ਸੀ ਹੇਠਾਂ ਚਾਹ-ਪਾਣੀ ਦਾ ਇੰਤਜਾਮ।

ਗੇਟ ਵੜਦਿਆਂ ਹੀ ਇਕ ਸੱਜਣ ਨੇ ਮੈਨੂੰ ਪਹਿਲਾਂ ਚਾਹ ਛਕਣ ਲਈ ਕਿਹਾ। ਜਦ ਮੈਂ ਟੇਬਲ ਤੋਂ ਪਲੇਟ ਚੁੱਕਣ ਲੱਗਾ ਤਾਂ ਇਕ ਬੀਬੀ ਮੇਰੇ ਵੱਲ ਦੇਖ ਕੇ ਮਿੰਨ੍ਹਾਂ ਜਿਹਾ ਹੱਸੀ ਤੇ ਪਰੇ ਨੂੰ ਚਲੇ ਗਈ! ਮੈਂ ਸੋਚਾਂ ਕਿ ਜਿਸ ਦੋਸਤ ਦਾ ਇਹ ਸਮਾਗਮ ਹੈ, ਇਹ ਬੀਬੀ ਉਹਦੀ ਘਰ ਵਾਲ਼ੀ ਤਾਂ ਹੈ ਨਹੀਂ, ਕਿਉਂ ਕਿ ਅਸੀਂ ਇਕ ਦੂਜੇ ਦੇ ਪ੍ਰਵਾਰਾਂ ਤੋਂ ਵਾਕਫ ਹਾਂ। ਫਿਰ ਇਹ ਬੀਬਾ ਜੀ ਕੌਣ ਹੋਣਗੇ ਤੇ ਮੇਰੇ ਵੱਲ੍ਹ ਨਜ਼ਰ ਜਿਹੀ ਮਾਰ ਕੇ ਹੱਸੇ ਕਿਉਂ ਹੋਣਗੇ?

ਇਵੇਂ ਹੀ ਇਕ ਵਾਰ ਫਿਰ ਉਸਨੇ ਮੇਰੇ ਵੱਲ੍ਹ ਆਉਣ ਦੀ ਕੋਸ਼ਿਸ਼ ਕੀਤੀ ਪਰ ਫਿਰ ਸ਼ੱਕੀ ਜਿਹੀਆਂ ਨਜ਼ਰਾਂ ਮਾਰ ਕੇ ਪਿੱਛੇ ਨੂੰ ਪਰਤ ਗਈ...! ਉਲਝਣ ਜਿਹੀ 'ਚ ਪਿਆ ਹੋਇਆ ਪਲੇਟ 'ਚ ਪਕੌੜੇ ਰੱਖ ਕੇ ਜਦ ਮੈਂ ਚਾਹ ਦਾ ਕੱਪ ਭਰ ਰਿਹਾ ਸਾਂ ਤਾਂ ਉਸੇ ਬੀਬੀ ਨੇ ਪਿੱਛਿਉਂ ਆ ਕੇ ਮੇਰੀ ਕੂਹਣੀ 'ਤੇ ਪੋਲਾ ਜਿਹਾ ਹੱਥ ਮਾਰਿਆ!

'ਸਤਿ ਸ੍ਰੀ ਅਕਾਲ ਭੈਣ ਜੀ'! ਮੇਰੀ ਬੁਲਾਈ ਫਤਹਿ ਨੂੰ ਅਣਗੌਲ਼ਿਆ ਜਿਹਾ ਕਰਕੇ ਉਹ ਬੀਬੀ ਕਹਿੰਦੀ-

'ਭਾਅ ਜੀ ਮਾਈਂਡ ਨਾ ਕਰਿਉ... ਆਪਣੀ ਕਮੀਜ਼ ਦੇ ਬਟਨ ਠੀਕ ਕਰੋ!'

ਸ਼ਰਮਿੰਦਾ ਹੁੰਦਿਆਂ ਮੈਂ ਫਟਾ ਫਟ ਇਕ ਖੂੰਜੇ ਜਿਹੇ 'ਚ ਜਾ ਕੇ ਆਪਣੀ ਪੈਂਟ ਦੀ ਜ਼ਿੱਪ ਦੇਖੀ! ਇਹ ਸੋਚਦਿਆਂ ਕਿ ਉਸ ਬੀਬੀ ਨੇ 'ਲੇਡੀ' ਹੋਣ ਨਾਤੇ ਮੈਨੂੰ ਜ਼ਿੱਪ ਦੀ ਜਗਾਹ 'ਸੱਭਿਅਕ ਇਸ਼ਾਰੇ' ਨਾਲ 'ਬਟਨ ਠੀਕ' ਕਰਨ ਲਈ ਕਿਹਾ ਹੋਣਾ ਐਂ!

ਪਰ ਜ਼ਿੱਪ ਠੀਕ ਠਾਕ ਦੇਖ ਕੇ ਜਦ ਮੈਂ ਆਪਣੀ ਕਮੀਜ਼ ਦੇ ਬਟਨਾਂ ਵੱਲ ਧਿਆਨ ਮਾਰਿਆ ਤਾਂ ਮੈਂ ਕਾਲਰ ਹੇਠਲਾ ਪਹਿਲਾ ਇਕ 'ਕਾਜ਼' ਛੱਡ ਕੇ ਬਟਨ ਉਸਤੋਂ ਹੇਠਲੇ ਦੂਜੇ ਕਾਜ਼ ਨੂੰ ਲਾਇਆ ਹੋਇਆ ਸੀ !

ਇੰਜ ਕਮੀਜ਼ ਦਾ ਬਟਨਾਂ ਵਾਲਾ ਇੱਕ ਪੱਲਾ, ਦੂਜੇ ਪੱਲੇ ਨਾਲੋਂ ਚੱਪਾ ਭਰ ਹੇਠਾਂ ਨੂੰ ਜੁਦਾ ਹੀ ਲਮਕ ਰਿਹਾ ਸੀ!!

ਉਸ ਵੇਲੇ ਮੈਂ ਏਨਾ ਭੌਂਚਲ਼ਿਆ ਕਿ ਉਸ ਅਣਪਛਾਤੀ ਬੀਬੀ ਦਾ ਧੰਨਵਾਦ ਕਰੇ ਬਗੈਰ, ਲਾਗਲੇ ਕਮਰੇ 'ਚ ਵੜਕੇ ਕਮੀਜ ਦੇ ਸਾਰੇ ਬਟਨ ਖੋਲ੍ਹ ਕੇ ਲਾਏ! ਫੇਰ ਉੱਤੇ ਸਮਾਗਮ ਵਿਚ ਗਿਆ! ਸਟੇਜ 'ਤੇ ਬੋਲਦਿਆਂ ਵੀ ਮੈਂ ਇਹ ਚੇਤੇ ਕਰਕੇ 'ਥੋੜ੍ਹਾ ਉੱਖੜਿਆ' ਜਿਹਾ ਰਿਹਾ ਕਿ ਸੰਗਤ ਵਿਚ ਬੈਠੀ ਉਹ ਬੀਬੀ ਮਨ ਵਿਚ ਜ਼ਰੂਰ ਹੱਸਦੀ ਹੋਵੇ ਗੀ!!

ਸਮਾਪਤੀ ਉਪਰੰਤ ਘਰੇ ਵਾਪਸ ਮੁੜਦਿਆਂ ਮੈਨੂੰ ਅਮਰੀਕਾ ਬੈਠੀ ਆਪਣੀ ਘਰ ਵਾਲ਼ੀ ਦੀ ਬੜੀ ਯਾਦ ਆਈ, ਜੋ ਘਰੋਂ ਤੁਰਨ ਵੇਲੇ ਅਕਸਰ ਮੇਰੀ ਪੱਗ ਦੇ ਕੋਈ ਢਿੱਲੇ ਲੜ ਜਾਂ ਮੇਰੇ ਪਹਿਰਾਵੇ ਵਿਚ ਕੋਈ ਹੋਰ ਦਿਸਦੀ ਊਣਤਾਈ ਝੱਟ ਦਰੁਸਤ ਕਰਵਾਉਂਦੀ ਹੁੰਦੀ ਹੈ!!



ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com

# ਦਮਦਮੀ ਟਕਸਾਲ ਦਾ ਕੈਲੰਡਰ ਵਿਗਿਆਨ

**ਸਰਵਜੀਤ ਸਿੰਘ ਸੈਕਰਾਮੈਂਟੋ**



ਦਮਦਮੀ ਟਕਸਾਲ ਵੱਲੋਂ ਸਾਂਝੀ ਕੀਤੀ ਗਈ ਕਥਾਂ ਦੀ ਵੀ ਡੀ ਓ ਦਾ ਪੋਸਟਰ, "ਗੁਰਤਾ ਪਾਤਿਸਾਹੀ ਸਤਵੀਂ ਗੁਰੂ ਹਰਿਰਾਇ ਸਾਹਿਬ ਜੀ ੧੬੯੫ ਬਿਕ੍ਰਮੀ ਚੇਤਰ ਸੁਦੀ ਤਰੌਦਸੀ" ਵੇਖ ਕੇ ਸੋਚਿਆ ਕਿ, ਪੋਸਟਰ ਬਣਾਉਣ ਵਾਲੇ ਦੀ ਅਣਗਹਿਲੀ ਕਾਰਨ, ਪੋਸਟਰ ਉੱਪਰ ਗਲਤ ਤਾਰੀਖ ਲਿਖੀ ਗਈ ਹੋਵੇਗੀ। ਆਪਣੀ ਤਸੱਲੀ ਲਈ ਜਦੋਂ ਮੈਂ 'ਗੁਰਬਾਣੀ ਪਾਠ ਦਰਪਣ' ਵੇਖੀ ਤਾਂ ਉਥੇ ਵੀ ਚੇਤਰ ਸੁਦੀ ਤਰੌਦਸੀ ਸੰਮਤ 1695 ਬ੍ਰਿਕਮੀ ਹੀ ਲਿਖਿਆ ਹੋਇਆ ਹੈ।

"ਗੱਦੀ ਸਮਾਂ- ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:" (ਪੰਨਾ 17, ਦਸੰਬਰ 1998)

'ਗੁਰਬਾਣੀ ਪਾਠ ਦਰਪਣ' (ਪੰਜਵੀਂ ਵਾਰ ਫਰਵਰੀ 2007, ਪੰਨਾ 17), ਅਤੇ 'ਗੁਰਮਤਿ ਰਹਿਤ ਮਰਯਾਦਾ' (ਜਨਵਰੀ 1977 ਪੰਨਾ 40) ਵਿੱਚ ਵੀ ਇਹੀ ਤਾਰੀਖ ਦਰਜ ਹੈ। ਇਸ ਲਈ ਪੋਸਟਰ ਬਣਾਉਣ ਵਾਲੇ ਸੱਜਣ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਉਸ ਨੇ ਤਾਂ ਉਹੀ ਤਾਰੀਖ ਲਿਖੀ ਹੈ ਜੋ ਕਿਤਾਬਾਂ ਵਿੱਚ, "ਸ਼੍ਰੀ ਮਾਨ ਪੰਥ ਰਤਨ ਵਿੱਦਿਆ ਮਾਰਤੰਡ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲਿਆਂ ਨੇ ਲਿਖੀ ਹੈ। ਹੁਣ ਜਦੋਂ ਅਸੀਂ, "ਗੁਰਗੱਦੀ ਪਾਤਸ਼ਾਹੀ ਸਤਵੀਂ" ਦੀ ਤਾਰੀਖ "੧੬੯੫ ਬਿ: ਚੇਤਰ ਸੁਦੀ ਤਰੌਦਸੀ, ੨੨ ਮਾਰਚ ੧੬੩੮ ਈ:" ਦੀ ਪੜਤਾਲ ਕਰਦੇ ਹਾਂ ਤਾਂ, ਚੇਤਰ ਸੁਦੀ ਤਰੌਦਸੀ ਸੰਮਤ ੧੬੯੫ ਬਿਕ੍ਰਮੀ (20 ਚੇਤ) ਦਿਨ ਸ਼ਨਿਚਰਵਾਰ ਨੂੰ 17 ਮਾਰਚ 1638 ਈ: (ਜੁਲੀਅਨ) ਬਣਦੀ ਹੈ।

ਜੇ ੨੨ ਮਾਰਚ ੧੬੩੮ ਈ: ਨੂੰ ਸਹੀ ਮੰਨੀਏ ਤਾਂ ਇਹ ਵੈਸਾਖ ਵਦੀ ਤੀਜ, (25 ਚੇਤ) ਸੰਮਤ 1695 ਬਿਕ੍ਰਮੀ, ਦਿਨ ਵੀਰਵਾਰ ਬਣਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵਦੀ-ਸੁਦੀ ਨੂੰ ਤਾਰੀਖਾਂ ਵਿੱਚ ਬਦਲੀ ਕਰਨ ਵੇਲੇ ਗੜਬੜ ਹੋਈ ਹੈ।

ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਗੁਰਗੱਦੀ ਦਿਵਸ ਦੀਆਂ ਕਈ ਤਾਰੀਖਾਂ ਬਾਰੇ ਤਾਂ ਮੱਤ-ਭੇਦ ਹਨ। ਪਰ ਗੁਰੂ ਸਹਿਬਾਨ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਤਾਂ ਕੋਈ ਮੱਤ-ਭੇਦ ਨਹੀਂ ਹੈ। ਪਰ ਦਮਦਮੀ ਟਕਸਾਲ ਦੇ ਬ੍ਰਹਮ ਗਿਆਨੀ ਨੇ ਇਥੇ ਵੀ ਘਾਲਾਂ-ਮਾਲਾ ਕਰ ਦਿੱਤਾ ਹੈ। 'ਗੁਰਬਾਣੀ ਪਾਠ ਦਰਪਣ' ਅਤੇ 'ਗੁਰਮਤਿ ਰਹਿਤ ਮਰਯਾਦਾ' ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣਾ ਦੀ ਤਾਰੀਖ, "੧੬੯੫ ਬਿ:, ਚੇਤ ਸੁਦੀ ਪੰਚਮੀ, ੨੮ ਮਾਰਚ ੧੬੩੮ ਈ: ਦਰਜ ਹੈ। ਇਸੇ ਪੰਨੇ ਉੱਪਰ ਇਹ ਟਿੱਪਣੀ ਵੀ ਦਰਜ ਹੈ,

"ਭਾਈ ਮਨੀ ਸਿੰਘ ਜੀ ਵਾਲੀ ਬੀੜ ਜੋ ਸ੍ਰੀ ਹਜ਼ੂਰ ਸਾਹਿਬ ਜੀ ਵਿੱਚ ਹੈ, ਇਸ ਵਿੱਚ ੧੭੦੧ ਬਿਕ੍ਰਮੀ ਨੂੰ ਜੋਤੀ ਜੋਤ ਸਮਾਉਣਾ ਲਿਖਿਆ ਹੈ। ਪਰ ਗੁਰ ਬਿਲਾਸ ਵਿੱਚ ਤੇ ਸੂਰਜ ਪ੍ਰਤਾਪ ਗ੍ਰੰਥ ਵਿੱਚ ੧੬੯੫ ਬਿਕ੍ਰਮੀ ਹੈ। ਤਵਾਰੀਖ਼ ਗੁਰੂ ਖਾਲਸਾ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ (ਅੰਮ੍ਰਿਤਸਰ ਐਡੀਸ਼ਨ) ਵਿੱਚ ਵੀ ਜੋਤੀ ਜੋਤ ਸਮਾਉਣਾ ੧੭੦੧ ਬਿ: ਹੀ ਲਿਖਿਆ ਹੈ"। (ਗੁਰਮਤਿ ਰਹਿਤ ਮਰਯਾਦਾ, ਪੰਨਾ 38)

ਹੁਣ ਸਵਾਲ ਪੈਦਾ ਹੁੰਦਾ ਹੈ, ਜਦੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਦੋ ਵੱਖ-ਵੱਖ ਸਾਲ, ਸੰਮਤ 1695 ਬਿਕ੍ਰਮੀ ਅਤੇ ਸੰਮਤ 1701 ਬਿਕ੍ਰਮੀ ਮਿਲਦੇ ਹਨ ਤਾਂ ਪੜਤਾਲ ਕਰਕੇ ਸਹੀ ਸੰਮਤ ਕਿਉਂ ਨਹੀਂ ਲਿਖਿਆ ਗਿਆ? ਦਮਦਮੀ ਟਕਸਾਲ ਦੇ ਮੁਖੀਆਂ ਨੇ, ਸੂਰਜ ਪ੍ਰਕਾਸ਼ ਗ੍ਰੰਥ ਤੇ ਅੰਨਾ ਯਕੀਨ ਕਰਕੇ ਹੀ ਇਹ ਸੰਮਤ ਲਿਖਿਆ ਹੈ। ਕਵੀ ਸੰਤੋਖ ਸਿੰਘ ਦਾ ਵਸੀਲਾ ਹੈ 'ਗੁਰ ਬਿਲਾਸ ਪਾਤਸ਼ਾਹੀ ੬'। ਇਹ 1718 ਈ: ਵਿੱਚ ਲਿਖੀ ਗਈ ਮੰਨੀ ਜਾਂਦੀ ਹੈ।

"ਸੰਮਤ ਸੋਰਹ ਸੈ ਪਾਚਾਨਵ , ਚੇਤ ਸੁਦੀ ਥਿਤਿ ਪੰਚਮ ਗਾਵਨ" (ਪੰਨਾ 797, ਵੇਦਾਂਤੀ ਵਾਲੀ)

ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਕੀਤੀ ਗਈ ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ) ਵਿੱਚ ਸੰਮਤ ਤਾਂ 1695 ਬਿ: ਹੀ ਹੈ ਪਰ ਥਿਤਿ "ਚੇਤ ਸੁਦੀ ਦਸਮੀ" ਹੈ। (ਪੰਨਾ 102)

ਬੰਸਾਵਲੀਨਾਮਾ (1769 ਈ:) ਤੋਂ ਕੁਝ ਸਾਲ ਪਿਛੋਂ (1776 ਈ:) , ਬਾਬਾ ਤੋਲਾ ਸਿੰਘ ਭੱਲਾ ਵੱਲੋਂ ਲਿਖੀ ਗਈ 'ਗੁਰਰਤਨਾਵਲੀ' ਵਿੱਚ ਵੀ ਸੰਮਤ 1695 ਬਿ: ਅਤੇ ਥਿਤਿ "ਦਸਮੀ ਥਿਤਿ ਸੁਦੀ ਚੇਤ" ਦਰਜ ਹੈ। (ਡਾ ਮਨਵਿੰਦਰ ਸਿੰਘ, ਪੰਨਾ 107)

ਆਓ ਹੁਣ ਤਸਵੀਰ ਦਾ ਦੂਜਾ ਪਾਸਾ ਵੇਖੀਏ; "ਸੰਮਤ ੧੭੦੧ ਚੇਤ ਸੁਦੀ ੫, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰੱਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤਿਪੁਰ" (ਕਰਤਾਰਪੁਰੀ ਬੀੜ ਦੇ ਦਰਸ਼ਨ) ਜੇ ਇਸ ਨੂੰ ਸੂਰਜੀ ਤਾਰੀਖਾਂ ਵਿੱਚ ਬਦਲੀ ਕਰੀਏ ਤਾਂ ਇਹ 6 ਚੇਤ ਸੰਮਤ 1700 ਬਿ:, 3 ਮਾਰਚ 1644 ਈ: (ਜੁਲੀਅਨ) ਬਣਦੀ ਹੈ। ਇਹ ਹੈ ਪ੍ਰਮਾਣਿਤ ਤਾਰੀਖ।

"Sri Guru Hargobind Sahib ji, before his departure for heavenly abode, nominated his grandson, Har Rai ji at the tender age of, as his successor (Seventh Nanak) on 3rd March,1644" (SGPC.Net)

ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਚੇਤ ਸੁਦੀ 5, ਸੰਮਤ 1701 ਬਿਕ੍ਰਮੀ, 6 ਚੇਤ, ਸੰਮਤ 1700 ਬਿਕ੍ਰਮੀ, 3 ਮਾਰਚ 1644 ਈ: (ਜੁਲੀਅਨ) ਤੋਂ ਸਪੱਸ਼ਟ ਹੈ ਕਿ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਵੀ ਸੰਮਤ 1700 ਦੇ ਅਖੀਰ ਜਾਂ 1701 ਬਿਕ੍ਰਮੀ (1644 ਈ:) ਦੇ ਆਰੰਭ ਵਿੱਚ ਹੀ ਦਿੱਤੀ ਗਈ ਹੋਵੇਗੀ ਨਾ ਕੇ ਸੰਮਤ 1695 ਬਿਕ੍ਰਮੀ (1638 ਈ:), ਜਿਵੇ ਕਿ ਟਕਸਾਲ ਦੀਆਂ ਕਿਤਾਬਾਂ ਵਿੱਚ ਦਰਜ ਹੈ।

"੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:"।

ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਰਾਇ ਜੀ ਦੀ ਗੁਰਗੱਦੀ ਦਿਵਸ ਦੀਆਂ ਵੱਖ-ਵੱਖ ਥਿੱਤਾਂ, ਚੇਤ ਵਦੀ 13, ਚੇਤ ਵਦੀ 15 (ਚੇਤ ਦੀ ਮੱਸਿਆ), ਚੇਤ ਸੁਦੀ 10 ਅਤੇ ਚੇਤ ਸੁਦੀ 13 ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਕਿਹੜੀ ਥਿੱਤ ਸਹੀ ਹੈ, ਇਹ ਪਰਖ ਨਾ ਕਰਦੇ ਹੋਏ, ਸੰਮਤ (ਸਾਲ) ਬਾਰੇ ਤੱਥਾਂ ਦੇ ਅਧਾਰ ਤੇ ਨਿਰਨਾ ਕਰਦੇ ਹਾਂ। ਇਥੇ ਇਕ ਤਕਨੀਕੀ ਘੁੰਡੀ ਬਾਰੇ ਜਾਣਕਾਰੀ ਸਾਂਝੀ ਕਰਨੀ ਬਹੁਤ ਜਰੂਰੀ ਹੈ। ਉਹ ਇਹ ਕਿ ਅੰਗਰੇਜੀ ਸਾਲ ਦਾ ਆਰੰਭ 1 ਜਨਵਰੀ ਤੋਂ ਹੁੰਦਾ ਹੈ। ਇਸ ਲਈ ਉਹ 1644 ਈ: ਹੀ ਰਹੇਗਾ। ਚੰਦ ਦੇ ਕੈਲੰਡਰ ਮੁਤਾਬਕ ਚੇਤ ਮਹੀਨੇ ਦਾ ਆਰੰਭ ਤਾਂ ਚੇਤ ਵਦੀ 1 ਤੋਂ ਹੁੰਦਾ ਹੈ। ਪਰ ਨਵੇ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਚੇਤ ਦਾ ਵਦੀ ਪੱਖ ਦਾ ਸੰਮਤ 1700 ਹੋਵੇਗਾ ਅਤੇ ਸੁਦੀ ਪੱਖ ਦਾ ਸੰਮਤ 1701 ਬਿਕ੍ਰਮੀ ਹੋਵੇਗਾ। ਇਸੇ ਤਰ੍ਹਾਂ ਹੀ ਸੂਰਜੀ ਸਾਲ ਦਾ ਆਰੰਭ ਇਕ ਵੈਸਾਖ ਤੋਂ ਹੁੰਦਾ ਹੈ ਨਾਕਿ 1 ਚੇਤ ਤੋਂ। 30 ਚੇਤ ਤੀਕ ਸੰਮਤ 1700 ਬਿਕ੍ਰਮੀ ਅਤੇ 1 ਵੈਸਾਖ ਤੋਂ ਸੰਮਤ 1701 ਬਿਕ੍ਰਮੀ ਆਰੰਭ ਹੋਵੇਗਾ। ਤਾਰੀਖਾਂ ਨੂੰ ਅਦਲਾ-ਬਦਲੀ ਕਰਨ ਵਿੱਚ ਹੋਈਆਂ ਢੇਰ ਸਾਰੀਆਂ ਗਲਤੀ ਦਾ ਸਭ ਤੋਂ ਵੱਡਾ ਕਾਰਨ, ਇਹ ਅਤੇ ਅਜੇਹੀਆਂ ਕਈ ਹੋਰ ਤਕਨੀਕੀ ਗੁੰਝਲਾਂ ਹਨ।

ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਥਿੱਤ ਚੇਤ ਸੁਦੀ 5, ਸੰਮਤ 1701 ਬਿਕ੍ਰਮੀ ਸਬੰਧੀ ਕੋਈ ਮੱਤ-ਭੇਦ ਨਹੀਂ ਹੈ, ਇਸ ਲਈ ਗੁਰੂ ਹਰਿਰਾਇ ਜੀ ਦਾ ਗੁਰਗੱਦੀ ਦਿਵਸ ਇਸ ਤੋਂ ਪਹਿਲਾ ਭਾਵ ਚੇਤ ਮਹੀਨੇ ਦੇ ਵਦੀ ਪੱਖ ਵਿੱਚ ਹੀ ਹੋਵੇਗਾ। ਜੇ ਅਸੀਂ ਚੇਤ ਵਦੀ 13 (ਸੰਮਤ 1700 ਬਿ:) ਨੂੰ ਸਹੀ ਮੰਨੀਏ ਤਾਂ ਇਹ 29 ਫੱਗਣ ਸੰਮਤ 1700 ਬਿਕ੍ਰਮੀ (25 ਫਰਵਰੀ 1644 ਈ:) ਬਣਦੀ ਹੈ। ਜੇ ਅਸੀਂ ਚੇਤ ਵਦੀ 15 (ਚੇਤ ਦੀ ਮੱਸਿਆ) ਨੂੰ ਸਹੀ ਮੰਨੀਏ ਤਾਂ ਇਹ 1 ਚੇਤ, ਸੰਮਤ 1700 ਬਿ:, 27 ਫਰਵਰੀ 1644 ਈ: ਦਿਨ ਮੰਗਲਵਾਰ ਬਣਦਾ ਹੈ।


ਟਕਸਾਲ ਦੇ ਮੁੱਖੀਆਂ ਵੱਲੋਂ ਲਿਖੀ ਤਾਰੀਖ ਕਿਸੇ ਵੀ ਫਾਰਮੂਲੇ ਮੁਤਾਬਕ " ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:" (ਗੁਰਬਾਣੀ ਪਾਠ ਦਰਪਣ) ਸਹੀ ਸਾਬਿਤ ਨਹੀਂ ਹੁੰਦੀ। ਇਥੇ; ਜੇ ਅਸੀਂ ਸੰਮਤ (ਸਾਲ) ਨੂੰ ਛੱਡ ਵੀ ਦੇਈਏ ਤਾਂ ਵੀ, ਪਹਾੜ ਜਿੱਡਾ ਸਵਾਲ ਸਾਹਮਣੇ ਆ ਖੜਦਾ ਹੈ। ਉਹ ਇਹ ਕਿ ਦਮਦਮੀ ਟਕਸਾਲ ਦੇ ਪਹਿਲੇ ਮੁੱਖੀਆਂ ਵੱਲੋਂ ਤਾਂ ਆਪਣੀਆਂ ਲਿਖਤਾਂ ਵਿੱਚ 'ਚੇਤ ਸੁਦੀ ਤਰੌਦਸੀ' ਲਿਖਿਆ ਹੋਇਆ ਹੈ ਪਰ, ਮੌਜੂਦਾ ਮੁਖੀ ਦੀ ਦੇਖ-ਰੇਖ ਹੇਠ ਛਪਵਾਏ ਗਏ ਕੈਲੰਡਰਾਂ ਵਿੱਚ 'ਚੇਤ ਵਦੀ ਤਰੌਦਸੀ' ਨੂੰ ਇਹ ਦਿਹਾੜਾ ਦਰਜ ਕੀਤਾ ਗਿਆ ਹੈ। ਸੁਦੀ ਨੂੰ ਵਦੀ ਲਿਖਣ ਨਾਲ 15 ਦਿਨ੍ਹਾਂ ਦਾ ਫ਼ਰਕ ਪੈ ਜਾਂਦਾ ਹੈ। ਚੇਤ ਵਦੀ ਤਰੌਦਸੀ, 14 ਚੇਤ/27 ਮਾਰਚ ਦਿਨ ਵੀਰਵਾਰ ਨੂੰ ਸੀ। ਚੇਤਰ ਸੁਦੀ ਤਰੌਦਸੀ, 28 ਚੇਤ 10 ਅਪ੍ਰੈਲ ਦਿਨ ਵੀਰਵਾਰ ਨੂੰ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਪਾਠਕ ਸੋਚੇਗਾ ਕਿ ਲਿਖਿਆ ਤਾਂ 15 ਦਿਨਾਂ ਦਾ ਫਰਕ ਹੈ ਪਰ ਅਸਲ ਵਿਚ ਤਾਂ 14 ਦਿਨਾਂ ਦਾ ਫ਼ਰਕ ਹੈ। ਇਸ ਦਾ ਕਾਰਨ ਇਹ ਹੈ ਕਿ ਚੇਤ ਸੁਦੀ 2 ਅਤੇ ਚੇਤ ਸੁਦੀ 3, ਦੋਵੇਂ ਇਕੋ ਦਿਨ (18 ਚੇਤ/31 ਮਾਰਚ) ਹੀ ਹਨ। ਜਾਂ ਇਹ ਕਹਿ ਸਕਦੇ ਹਾਂ ਕਿ ਚੇਤ ਸੁਦੀ 3, ਗਿਣੀ ਨਹੀਂ ਜਾਵੇਗੀ।

ਕੀ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦਾ ਮੈਂਬਰ, ਦਮਦਮੀ ਟਕਸਾਲ ਅਤੇ ਸੰਤ ਸਮਾਜ ਦਾ ਮੌਜੂਦਾ ਮੁੱਖੀ, ਜਾਂ ਉਨ੍ਹਾਂ ਦਾ ਕੋਈ ਨੁਮਾਇੰਦਾ, ਉਪ੍ਰੋਕਤ ਨੁਕਤਿਆਂ ਬਾਰੇ ਟਕਸਾਲ ਦਾ ਪੱਖ ਸਪੱਸ਼ਟ ਕਰਨ ਦੀ ਖੇਚਲ ਕਰੇਗਾ?

### –ਸਟੇਡੀਅਮ ਦੀ ਵਿਕਰੀ ਦਾ ਮਾਮਲਾ–

## ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਕੈਦ ਤੇ ਜੁਰਮਾਨਾ





ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਐਂਜਲ ਸਟੇਡੀਅਮ ਦੀ ਵਿਵਾਦਤ ਵਿਕਰੀ ਦੇ ਮਾਮਲੇ ਦੀ ਸੰਘੀ ਜਾਂਚ ਵਿਚ ਰੁਕਾਵਟ ਪਾਉਣ ਦੇ ਦੋਸ਼ਾਂ ਤਹਿਤ 2 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 50 ਹਜਾਰ ਡਾਲਰ ਦਾ ਜੁਰਮਾਨਾ ਵੀ ਭਰਨਾ ਪਵੇਗਾ। ਯੂ ਐਸ ਡਿਸਟ੍ਰਿਕਟ ਜੱਜ ਜੌਹਨ ਡਬਲਯੂ ਹੋਲਕੋਮਬ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਿੱਧੂ ਨੇ ਲੋਕਾਂ ਦਾ ਭਰੋਸਾ ਤੋੜਿਆ ਹੈ। ਰਿਹਾਈ ਤੋਂ ਬਾਅਦ ਇਕ ਸਾਲ ਲਈ ਉਸ ਨੂੰ ਨਿਗਰਾਨੀ ਵਿਚ ਰਹਿਣਾ ਪਵੇਗਾ। ਸਜ਼ਾ ਸੁਣਾਉਣ ਸਮੇ 67 ਸਾਲਾ ਸਿੱਧੂ ਨੇ ਕੋਈ ਖਾਸ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਅਦਾਲਤ ਵਿਚ ਪਰਿਵਾਰਕ ਮੈਂਬਰ ਤੇ ਉਸ ਦੇ ਸਮਰਥਕ ਵੀ ਹਾਜਰ ਸਨ। ਅਦਾਲਤ ਨੇ ਉਸ ਨੂੰ 2 ਸਤੰਬਰ ਨੂੰ ਅਧਿਕਾਰੀਆਂ ਸਾਹਮਣੇ ਆਤਮ ਸਮਰਪਣ ਕਰਨ ਦਾ ਆਦੇਸ਼ ਦਿੱਤਾ ਹੈ।

# ਪਹਿਲੇ ਵਿਸ਼ਵ ਯੁੱਧ 'ਚ ਯੋਗਦਾਨ ਪਾਉਣ ਵਾਲੇ ਬੱਧਨੀ ਕਲਾਂ ਦੇ 45 ਬਹਾਦਰ ਯੋਧਿਆਂ ਦੀ ਯਾਦ 'ਚ ਸਥਾਪਤ ਯਾਦਗਾਰ ਦਾ ਉਦਘਾਟਨ

## ਯੂ.ਕੇ. ਪੰਜਾਬ ਹੈਰੀਟੇਜ ਦੇ ਯਤਨਾਂ ਸਦਕਾ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਉਪਰਾਲੇ ਨਾਲ 105 ਸਾਲ ਪੁਰਾਣੇ ਇਤਿਹਾਸ ਨੂੰ ਕੀਤਾ ਯਾਦ

## ਮਾਸਟਰ ਹਰਨੇਕ ਸਿੰਘ ਸਿੱਧੂ ਦੀਆਂ ਗੁਰਦੁਆਰਾ ਸਾਹਿਬ ਲਈ ਕੀਤੀਆਂ ਸੇਵਾਵਾਂ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ















ਬੱਧਨੀ ਕਲਾਂ (ਮੋਗਾ) (ਸੰਜੀਵ ਕੋਛੜ, ਮਨੋਜ ਭੱਲਾ) ਪਹਿਲੇ ਵਿਸ਼ਵ ਯੁੱਧ 'ਚ ਯੋਗਦਾਨ ਪਾਉਣ ਵਾਲੇ ਬੱਧਨੀ ਕਲਾਂ ਦੇ 45 ਬਹਾਦਰ ਯੋਧਿਆਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਬੱਧਨੀ ਕਲਾਂ ਵਿਖੇ ਯਾਦਗਾਰ ਸਥਾਪਿਤ ਕਰਨ ਸਬੰਧੀ ਸਮਾਗਮ ਕਰਵਾਇਆ ਗਿਆ। ਗ੍ਰੰਥੀ ਪਿੰਦਰ ਸਿੰਘ ਵਲੋਂ ਅਰਦਾਸ ਕਰਨ ਉਪਰੰਤ ਇਸ ਸੰਬੰਧ 'ਚ ਰੱਖੇ ਗਏ ਪਾਠ ਦਾ ਭੋਗ ਪਾਉਣ ਉਪਰੰਤ ਇਨ੍ਹਾਂ 45 ਬਹਾਦਰ ਯੋਧਿਆਂ ਦੇ ਨਾਵਾਂ ਦੀ ਸੂਚੀ ਵਾਲੇ ਬਣਾਏ ਗਏ ਯਾਦਗਾਰੀ ਪੱਥਰ ਤੋਂ ਪਰਦਾ ਹਟਾ ਕੇ ਉਦਘਾਟਨ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਦਵਿੰਦਰ ਸਿੰਘ ਲਾਡੀ ਢੋਸ, ਕਮਲਪ੍ਰੀਤ ਸਿੰਘ ਧਾਲੀਵਾਲ ਪ੍ਰਧਾਨ ਇੰਡੀਅਨ ਓਵਰਸੀਜ਼ ਕਾਂਗਰਸ ਯੂ.ਕੇ., ਗੁਰਮੇਲ ਸਿੰਘ ਮੱਲ੍ਹੀ ਸਾਬਕਾ ਪ੍ਰਧਾਨ ਗੁਰਦੁਆਰਾ ਸ੍ਰੀ ਸਿੰਘ ਸਭਾ ਸਾਊਥ ਹਾਲ ਯੂ.ਕੇ. ਤੇ ਮਨਪ੍ਰੀਤ ਸਿੰਘ ਸਿੱਧੂ ਬੱਧਨੀ ਕਲਾਂ ਯੂ ਕੇ ਨੇ ਸਾਂਝੇ ਤੌਰ 'ਤੇ ਕੀਤਾ। ਇਸ ਸਮੇਂ ਦਵਿੰਦਰ ਸਿੰਘ ਲਾਡੀ ਢੋਸ, ਸਾਬਕਾ ਸਰਪੰਚ ਸਵਰਨ ਸਿੰਘ, ਗੁਰਮੇਲ ਸਿੰਘ ਮੱਲ੍ਹੀ, ਕਮਲਪ੍ਰੀਤ ਸਿੰਘ ਧਾਲੀਵਾਲ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਵਲੋਂ ਕਸਬਾ ਬੱਧਨੀ ਕਲਾਂ ਦੇ ਭੁੱਲੇ ਵਿਰਸੇ ਇਤਿਹਾਸ ਨੂੰ ਉਜਾਗਰ ਕਰਨ ਸਬੰਧੀ ਕੀਤੇ ਗਏ ਅਹਿਮ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੇਸ਼ ਲਈ ਕੁਰਬਾਨ ਜਾਨ ਵਾਲੀਆਂ ਅਜਿਹੀਆਂ ਮਾਣ-ਮੱਤੀਆਂ ਸ਼ਖ਼ਸੀਅਤਾਂ ਨੂੰ ਆਉਂਦੀਆਂ ਪੀੜ੍ਹੀਆਂ ਤੱਕ ਯਾਦ ਕੀਤਾ ਜਾਵੇਗਾ । ਮਨਪ੍ਰੀਤ ਸਿੰਘ ਨੇ ਪਹੁੰਚੀਆਂ ਮੁੱਖ ਸ਼ਖ਼ਸੀਅਤਾਂ ਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂ.ਕੇ. ਪੰਜਾਬ ਹੈਰੀਟੇਜ ਵਲੋਂ ਕੀਤੀ ਗਈ ਖੋਜ ਤਹਿਤ ਪਹਿਲੀ ਵਿਸ਼ਵ ਯੁੱਧ 'ਚ ਹਿੱਸਾ ਲੈਣ ਵਾਲੇ ਪੰਜਾਬੀ ਮੂਲ ਦੇ ਤਕਰੀਬਨ ਤਿੰਨ ਲੱਖ ਵੀਹ ਹਜ਼ਾਰ ਯੋਧਿਆਂ ਦੀ ਸੂਚੀ ਲਾਹੌਰ ਅਜਾਇਬ ਘਰ ਤੋਂ ਪ੍ਰਾਪਤ ਹੋਈ ਹੈ, ਜਿਸ ਵਿਚ ਕਸਬਾ ਬੱਧਨੀ ਕਲਾਂ ਦੇ 45 ਬਹਾਦਰ ਯੋਧਿਆਂ ਦਾ ਨਾਂਅ ਵੀ ਸ਼ਾਮਲ ਹੈ, ਵੱਖ-ਵੱਖ ਪਹਿਲੂਆਂ 'ਤੇ ਖੋਜ ਕੀਤੀ ਜਾ ਰਹੀ ਹੈ ਤੇ ਸਮੇਂ-ਸਮੇਂ ਸਿਰ ਅਸੀਂ ਇਸ ਸੰਬੰਧੀ ਹੋਰ ਵੀ ਵਧੇਰੇ ਜਾਣਕਾਰੀ ਸਾਂਝੀ ਕਰਦੇ ਰਹਾਂਗੇ ਜਿਨ੍ਹਾਂ ਪਰਿਵਾਰਾਂ ਦੇ ਇਹ ਯੋਧੇ ਸ਼ਹੀਦ ਹੋਏ ਹਨ, ਉਨ੍ਹਾਂ ਬਾਰੇ ਵੀ ਖੋਜ ਕੀਤੀ ਜਾਵੇਗੀ । ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਬੰਧਕੀ ਸੋਸਾਇਟੀ ਵਲੋਂ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਜਗਜੀਤ ਸਿੰਘ ਦੀਸ਼ਾ ਪ੍ਰਧਾਨ, ਪਰਮਜੀਤ ਸਿੰਘ ਚੇਅਰਮੈਨ, ਮਾਸਟਰ ਹਰਨੇਕ ਸਿੰਘ ਸਿੱਧੂ, ਅਮਨਦੀਪ ਸਿੰਘ ਸਿੱਧੂ ਨੰਬਰਦਾਰ, ਰਜਿੰਦਰਪਾਲ ਸਿੰਘ ਭੋਲਾ ਰਾਊਕੇ, ਜਗਰਾਜ ਸਿੰਘ ਜਾਜ਼ੀ ਨੰਬਰਦਾਰ, ਮੇਜਰ ਸਿੰਘ ਕੌਂਸਲਰ, ਸੁਖਦੇਵ ਸਿੰਘ ਧੰਮੂ, ਸੁਰਜੀਤ ਸਿੰਘ ਸਾਬਕਾ ਪ੍ਰਧਾਨ, ਮਲਕੀਤ ਸਿੰਘ ਮੂਕਰ, ਇੰਸਪੈਕਟਰ ਗੁਰਮੇਲ ਸਿੰਘ ਚਹਿਲ, ਸੁਖਮੰਦਰ ਸਿੰਘ ਬਰਾੜ, ਦਰਸ਼ਨ ਸਿੰਘ ਗੋਲੂ ਨੰਬਰਦਾਰ, ਜਸਵੀਰ ਸਿੰਘ ਸੀਰਾ ਨੰਬਰਦਾਰ, ਜੀਵਨ ਗਰਗ ਕੌਂਸਲਰ, ਹਰਜੀਤ ਸਿੰਘ ਸਰਪੰਚ, ਬਲਵੀਰ ਸਿੰਘ ਕੌਂਸਲਰ, ਮਾਣਕ ਸਿੰਘ, ਕਾਮਰੇਡ ਲਾਲ ਸਿੰਘ, ਬਲਜਿੰਦਰ ਸਿੰਘ ਮੁਨੀਮ, ਡਾ. ਸਿਕੰਦਰ ਸਿੰਘ ਆਦਿ ਹਾਜ਼ਰ ਸਨ।

# ਆਰ. ਐੱਸ. ਐੱਸ. ਨੇ ਸਿੱਖੀ ਦਾ ਮੁਗ਼ਲਾਂ ਨਾਲੋਂ ਵੀ ਵੱਧ ਨੁਕਸਾਨ ਕੀਤਾ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਭਾਰਤ ਦਾ ਇਤਿਹਾਸ ਗਵਾਹ ਹੈ ਕਿ 'ਸਮਰਾਟ ਅਸ਼ੋਕ' ਨੇ ਪਟਨੇ ਗੰਗਾ ਦੇ ਕਿਨਾਰੇ ਮਹਿੰਦਰੂ ਆਣ 'ਤੇ ਆਪਣੀ ਤਲਵਾਰ ਅਤੇ ਬਾਕੀ ਸ਼ਸਤਰ ਗੰਗਾ ਵਿੱਚ ਸੁੱਟ ਦਿੱਤੇ ਸਨ ਅਤੇ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਅਪਣਾ ਕੇ ਬੋਧੀ ਬਣ ਗਿਆ ਸੀ। ਪਟਨੇ ਗੰਗਾ ਦੇ ਕਿਨਾਰੇ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਹੀਣ ਹੋ ਕੇ ਜਲਾਲਤ ਅਤੇ ਗ਼ੁਲਾਮੀ ਦਾ ਜੀਵਨ ਜੀਉ ਰਹੇ ਭਾਰਤ ਵਾਸੀਆਂ ਨੂੰ ਸ਼ਸਤਰਧਾਰੀ ਹੋਣ ਦਾ ਸਬਕ ਪੜ੍ਹਾਇਆ ਸੀ ਅਤੇ ਇਸ ਸ਼ਸਤਰਧਾਰੀ ਪੰਥ ਨੇ ਹੀ ਭਾਰਤ ਵਾਸੀਆਂ ਨੂੰ ਮੁਗ਼ਲਾਂ ਦੀ 800 ਸਾਲਾਂ ਦੀ ਗ਼ੁਲਾਮੀ ਤੋਂ ਨਿਜਾਤ ਦਿਵਾ ਕੇ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਗ਼ੁਲਾਮ ਹਿੰਦੂ ਕੌਮ ਨੂੰ ਅਜ਼ਾਦੀ ਵਿੱਚ ਸਾਹ ਲੈਣਾ ਸਿਖਾਇਆ ਸੀ।

ਖੈਰ, ਇਹ ਇੱਕ ਵੱਖਰਾ ਵਿਸ਼ਾ ਹੈ। ਅਸੀਂ ਗੱਲ ਕਰਦੇ ਸੀ ਕਿ ਜਦੋਂ ਸਮਰਾਟ ਅਸ਼ੋਕ ਹਿੰਦੂ ਧਰਮ ਛੱਡ ਕੇ ਬੋਧੀ ਬਣ ਗਿਆ ਤਾਂ ਬ੍ਰਾਹਮਣਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ, ਕਿਉਂਕਿ ਜੇ ਸਮਰਾਟ ਅਸ਼ੋਕ ਦੇ ਮਗਰ ਲੱਗ ਕੇ ਸਾਰੇ ਹਿੰਦੂ ਬੋਧੀ ਬਣ ਗਏ ਤਾਂ ਬ੍ਰਾਹਮਣਾਂ ਦੀਆਂ ਅੰਧ ਵਿਸ਼ਵਾਸ਼ਾਂ ਅਤੇ ਕਰਮ ਕਾਂਡਾਂ ਦੀਆਂ ਚਲਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ ਅਤੇ ਬ੍ਰਾਹਮਣਾਂ ਵੱਲੋਂ ਵਰ, ਸਰਾਪਾਂ ਦੇ ਡਰਾਵੇ ਦੇ ਕੇ ਭੋਲੇ-ਭਾਲੇ ਲੋਕਾਂ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਬੰਦ ਹੋ ਜਾਵੇਗੀ ਅਤੇ ਉਲ਼ਟਾ ਬ੍ਰਾਹਮਣਾਂ ਨੂੰ ਵੀ ਕਚਕੋਲ ਵਿੱਚ ਭਿਖਿਆ ਮੰਗਣੀ ਪਵੇਗੀ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਛੱਡ ਕੇ ਭੁੰਜੇ ਸੌਣਾ ਪਵੇਗਾ। ਚਲਾਕ ਬ੍ਰਾਹਮਣਾਂ ਨੇ ਚਾਣਕੀਆ ਨੀਤੀ ਤੋਂ ਕੰਮ ਲਿਆ ਅਤੇ ਆਪਣੇ ਕੁਝ ਅਚਾਰੀਆ (ਬ੍ਰਾਹਮਣ ਪ੍ਰਚਾਰਕਾਂ) ਨੂੰ ਬੁੱਧ ਧਰਮ ਅਪਨਾਉਣ ਦਾ ਹੁਕਮ ਦੇ ਦਿੱਤਾ ਅਤੇ ਜਦੋਂ ਬ੍ਰਾਹਮਣ ਪ੍ਰਚਾਰਕਾਂ ਨੇ ਬੁੱਧ ਧਰਮ ਅਪਣਾ ਲਿਆ ਤਾਂ ਬ੍ਰਾਹਮਣ ਗੁਰੂਆਂ ਨੇ ਬ੍ਰਾਹਮਣਾਂ ਤੋਂ ਬਣੇ ਬੋਧੀ ਪ੍ਰਚਾਰਕਾਂ ਨੂੰ ਚਾਣਕੀਆ ਨੀਤੀ ਦੇ ਅਸੂਲਾਂ ਤੋਂ ਜਾਣੂ ਕਰਵਾਉਂਦਿਆਂ ਆਦੇਸ਼ ਦਿੱਤੇ ਕਿ ਹੁਣ ਤੁਹਾਡੀ ਬਾਣੀ ਅਤੇ ਬਾਣਾ ਬੋਧੀਆਂ ਨਾਲ ਅਭੇਦ ਹੋ ਗਿਆ ਹੈ, ਇਸ ਕਰਕੇ ਹੁਣ ਸਾਰੇ ਭਾਰਤੀ ਬੋਧੀ ਤੁਹਾਨੂੰ ਬ੍ਰਾਹਮਣ ਨਹੀਂ ਸਗੋਂ ਬੋਧੀ ਸਮਝਣਗੇ ਅਤੇ ਹੁਣ ਤੁਸੀਂ (ਭੇਖੀ ਬੋਧੀ) ਜਦੋਂ ਬੁੱਧ ਧਰਮ ਨੂੰ ਭਾਰਤ ਵਿੱਚੋਂ ਨੇਸਤੋਨਾਬੂਦ ਕਰਨ ਅਤੇ ਬੁੱਧ ਧਰਮ ਦੇ ਸਿਧਾਂਤ ਨੂੰ ਮੁੜ ਕੇ ਹਿੰਦੂ ਧਰਮ ਵਿੱਚ ਜਜ਼ਬ ਕਰਨ ਲਈ, ਜਿੰਨੀਆਂ ਵੀ ਯੋਜਨਾਵਾਂ ਤਿਆਰ ਕਰੋਗੇ ਲੋਕ ਸਮਝਣਗੇ ਕਿ ਬੁੱਧ ਧਰਮ ਦੇ ਸਿਧਾਂਤਾਂ ਵਿੱਚ ਤਬਦੀਲੀਆਂ ਖ਼ੁਦ ਬੁੱਧ ਧਰਮ ਦੇ ਆਗੂ ਹੀ ਕਰ ਰਹੇ ਹਨ ਅਤੇ ਬ੍ਰਾਹਮਣਾਂ 'ਤੇ ਕਿਸੇ ਨੂੰ ਸ਼ੱਕ ਵੀ ਨਹੀਂ ਹੋਵੇਗਾ ਕਿ ਬ੍ਰਾਹਮਣ ਕਿਵੇਂ ਬੁੱਧ ਧਰਮ ਨੂੰ ਆਪਣੇ ਵਿੱਚ ਸਮੇਟ ਰਿਹਾ ਹੈ। ਬ੍ਰਾਹਮਣਾਂ ਤੋਂ ਬਣੇ ਭੇਖੀ ਬੋਧੀਆਂ ਨੇ ਸਭ ਤੋਂ ਪਹਿਲਾਂ ਕੌਮ ਇਹ ਕੀਤਾ ਕਿ ਬੁੱਧ ਦੀਆਂ ਮੂਰਤੀਆਂ ਬਣਵਾ ਕੇ ਬੁੱਧ ਮਨਾਂ ਵਿੱਚ ਸਥਾਪਤ ਕਰ ਦਿੱਤੀਆਂ ਅਤੇ ਬੁੱਧ ਧਰਮ ਦੇ ਮੁੱਖ ਸਿਧਾਂਤ ਵਿੱਚ ਹੀ ਰਲ਼ੇਵਾਂ ਕਰ ਦਿੱਤਾ ਗਿਆ ਕਿਉਂਕਿ ਬੁੱਧ ਧਰਮ ਦਾ ਸਿਧਾਂਤ ਮੂਰਤੀ ਪੂਜਾ ਦੀ ਆਗਿਆ ਨਹੀਂ ਦਿੰਦਾ।



**ਨਵਜੋਤ ਸਿੱਧੂ ਦੀ ਬਕਾਇਦਾ ਜਨੇਊ ਪਾ ਕੇ ਹਵਨ ਕਰਦੇ ਦੀ ਫੋਟੋ ਵੀ ਵੇਖੀ ਜਾ ਸਕਦੀ ਹੈ। ਭਾਜਪਾ ਨੇ ਨਵਜੋਤ ਸਿੱਧੂ ਦੇ ਜਨੇਊ ਪੁਆ ਕੇ ਪੂਰਨ ਬ੍ਰਾਹਮਣ ਰਹੁ-ਰੀਤੀ ਅਨੁਸਾਰ ਹਵਨ ਕਰਵਾ ਕੇ ਉਸ ਨੂੰ ਲੱਤ ਹੇਠ ਦੀ ਲੰਘਾਇਆ ਹੈ।**

ਬੋਧੀਆਂ ਦੇ ਮਨਾਂ ਵਿੱਚ ਬੁੱਧ ਦੀ ਮੂਰਤੀ ਸਥਾਪਤ ਕਰਨ ਤੋਂ ਬਾਅਦ ਇਹਨਾਂ ਭੇਖੀ ਬੋਧੀਆਂ ਨੇ ਭਾਰਤ ਵਿੱਚ ਜੋ ਬੁੱਧ ਧਰਮ ਦਾ ਹੂਲੀਆ ਵਿਗਾੜਿਆ ਹੈ, ਅੱਜ ਸਾਰਿਆਂ ਦੇ ਸਾਹਮਣੇ ਹੈ ਅਤੇ ਇਹੀ ਖੇਡ ਹੁਣ ਸਿੱਖ ਪੰਥ ਨਾਲ ਖੇਡੀ ਜਾ ਰਹੀ ਹੈ। ਲੀਡਰ ਬ੍ਰਾਹਮਣਾਂ ਨੇ 1947 ਦੀ ਦੇਸ਼ ਦੀ ਵੰਡ ਤੋਂ ਬਾਅਦ ਇਸੇ ਚਾਣਕਿਆ ਨੀਤੀ ਅਨੁਸਾਰ ਹੀ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਇੱਕ ਅੰਗ ਦੱਸ ਕੇ ਭਾਰਤ ਦੇ ਸੰਵਿਧਾਨ ਵਿੱਚ ਸਿੱਖਾਂ ਨੂੰ ਇੱਕ ਵੱਖਰੀ ਕੌਮ ਮੰਨਣ ਤੋਂ ਇਨਕਾਰ ਕੀਤਾ ਹੋਇਆ ਹੈ। ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਕਾਂਗਰਸ, ਭਾਜਪਾ, ਕਾਮਰੇਡ ਆਦਿ ਸਿੱਖਾਂ ਦੀ ਨਸਲਕੁਸ਼ੀ ਵਿੱਚ ਭਾਈਵਾਲ ਹਨ। ਸਿੱਖ ਵਿਰੋਧੀ ਸ਼ਕਤੀਆਂ ਨੇ ਸਿੱਖ ਧਰਮ ਦੇ ਮੁੱਖ ਸਿਧਾਤਾਂ ਨੂੰ ਖ਼ਤਮ ਕਰ ਕੇ ਤੇ ਹਿੰਦੂ ਧਰਮ ਵਿੱਚ ਮਿਲ਼ਗੋਭਾ ਕਰਨ ਵਾਲ਼ਿਆਂ ਨੂੰ ਵੀ ਬਕਾਇਦਾ ਟਰੇਨਿੰਗ ਦਿੱਤੀ ਅਤੇ ਇੱਥੋਂ ਤਕ ਕਿ ਖੰਡੇ-ਬਾਟੇ ਦੀ ਪਹੁਲ ਛਕਾ ਕੇ, ਬਾਣੀ ਤੇ ਬਾਣੇ ਦੇ ਧਾਰਨੀ ਬਣਾ ਕੇ ਸਿੱਖ ਪੰਥ ਵਿੱਚ ਘੁਸਪੈਠ ਕਰਵਾਈ ਹੋਈ ਹੈ। ਸਿੱਖ ਵਿਰੋਧੀ ਸ਼ਕਤੀਆਂ ਅਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਪਲਾਂਟ ਕੀਤੇ ਗਏ ਭੇਖੀ ਸਿੱਖਾਂ ਨੇ ਜਿੰਨਾ ਵਰਤਮਾਨ ਵਿੱਚ ਸਿੱਖ ਕੌਮ ਦਾ ਨੁਕਸਾਨ ਕੀਤਾ ਹੈ, ਓਨਾ ਅਠ੍ਹਾਰਵੀਂ ਸਦੀ ਵਿੱਚ ਮੁਗ਼ਲ ਸਰਕਾਰਾਂ ਵੱਲੋਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਅਤੇ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਸਮੇਂ ਵੀ ਨਹੀਂ ਸੀ ਹੋਇਆ। ਸਿੱਖ ਵਿਰੋਧੀ ਸ਼ਕਤੀਆਂ, ਚਾਣਕਿਆ ਨੀਤੀ ਰਾਹੀਂ ਸਿੱਖਾਂ ਦਾ ਹਿੰਦੂਕਰਨ ਵਿੱਚ ਕਾਮਯਾਬ ਵੀ ਹੋ ਰਹੀਆਂ ਹਨ। ਸਿੱਖੀ ਸਰੂਪ ਵਿੱਚ ਆਰ. ਐੱਸ. ਐੱਸ. (ਰਾਸ਼ਟਰੀ ਸਵੈਮ ਸੇਵਕ ਸੰਘ) ਦੀ ਸ਼ਾਖਾ 'ਰਾਸ਼ਟਰੀ ਸਿੱਖ ਸੰਗਤ' ਸਾਂਝੀਵਾਲਤਾ ਦਾ ਨਾਅਰਾ ਦੇ ਕੇ ਅਜੋਕੀ ਸਿੱਖ ਪਨੀਰੀ ਦਾ ਹਿੰਦੂਕਰਨ ਕਰਨ ਵਿੱਚ ਸਭ ਤੋਂ ਅੱਗੇ ਹੈ। ਹੁਣ ਤਾਂ ਕਈ ਅਖੋਤੀ ਸਿੱਖ ਸੰਪਰਦਾਵਾਂ ਸਿੱਖੀ ਦੀ ਮੁੱਖਧਾਰਾ ਛੱਡ ਕੇ ਬ੍ਰਾਹਮਣਵਾਦ ਦਾ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਕਰ ਰਹੀਆਂ ਹਨ ਅਤੇ ਇਹ ਅਖੋਤੀ ਸਿੱਖ ਸੰਪਰਦਾਵਾਂ, ਖੰਡੇ-ਬਾਟੇ ਦੀ ਪਹੁਲ ਨੂੰ ਜ਼ਰੂਰੀ ਨਹੀਂ ਸਮਝਦੀਆਂ। ਇੱਥੋਂ ਤਕ ਕਿ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸਾਡੇ ਤਖ਼ਤਾਂ ਦੇ ਜਥੇਦਾਰ ਸਾਹਿਬਾਨਾਂ ਨੇ ਵੀ ਗੁਰੂ ਗ੍ਰੰਥ, ਗੁਰੂ ਪੰਥ ਦੀ ਵਿਆਖਿਆ ਆਪੋ-ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਕੀਤੀ ਹੈ। ਇਸ ਕਰਕੇ ਸਾਡੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵੀ ਸਿੱਖ ਪੰਥ ਵਿੱਚ ਦੁਫੇੜ ਪਾਉਣ ਦੇ ਦੋਸ਼ ਤੋਂ ਮੁਕਤ ਨਹੀਂ ਹਨ ਕਿਉਂਕਿ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਨਿਰਧਾਰਤ ਕੀਤੀ ਪੰਥਕ ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਗੁਰੂ ਗ੍ਰੰਥ, ਗੁਰੂ ਪੰਥ ਦੀ ਮਰਯਾਦਾ ਦੀ ਆਧਾਰਸ਼ਿਲਾ, 'ਇਕਾ ਬਾਣੀ ਇਕੁ ਗੁਰ ਇਕੋ ਸਬਦ ਵੀਚਾਰ' ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਆਗੂਆਂ ਨੇ ਸਿੱਖ ਧਰਮ ਦੇ ਸਿਧਾਂਤਾਂ ਦੀ ਆਪ ਪਾਲਣਾ ਤਾਂ ਕੀ ਕਰਨੀ ਸੀ ਸਗੋਂ ਭਾਜਪਾ ਨੂੰ ਖ਼ੁਸ਼ ਕਰਨ ਲਈ ਹਿੰਦੂ-ਰਹੁ ਰੀਤਾਂ ਅਪਨਾਉਣ ਨੂੰ ਬੁਰਾ ਨਹੀਂ ਸਮਝਿਆ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਮਰਯਾਦਾ ਨੂੰ ਛਿੱਕੇ ਟੰਗ ਕੇ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਮੁਕਟ ਪਾ ਕੇ ਹਵਨ ਕਰਦਿਆਂ ਦੀਆਂ ਫ਼ੋਟੋਆਂ ਸ਼ਰੇਆਮ ਅਖ਼ਬਾਰਾਂ ਵਿੱਚ ਛਪਦੀਆਂ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਪ੍ਰਵਾਰਕ ਮੈਂਬਰ ਜੋਤਸ਼ੀਆਂ ਦੇ ਕਹਿਣ 'ਤੇ ਰਾਸ਼ੀ ਦੇ ਨਗ ਉਂਗਲੀਆਂ ਵਿੱਚ ਧਾਰਨ ਕਰਦੇ ਹਨ ਅਤੇ ਸ਼ਿਵਲਿੰਗ ਦੀ ਪੂਜਾ ਕਰਨ ਨੂੰ ਵੀ ਸਿੱਖ ਧਰਮ ਦੇ ਸਿਧਾਂਤਾਂ ਦੇ ਵਿਰੁੱਧ ਨਹੀਂ ਸਮਝਦੇ। ਭਾਜਪਾ ਪਾਰਟੀ (ਉਸ ਸਮੇਂ) ਦਾ ਸਿੱਖ ਮੈਂਬਰ ਨਵਜੋਤ ਸਿੰਘ ਸਿੱਧੂ ਜਨੇਊ ਪਾ ਕੇ ਹਵਨ ਕਰਨ ਨੂੰ ਸ਼ਾਇਦ ਸਿੱਖ ਧਰਮ ਦਾ ਹੀ ਹਿੱਸਾ ਮੰਨਦਾ ਹੈ ਹਾਲਾਂਕਿ ਗੁਰੂ ਨਾਨਕ ਦਾ ਸਿੱਖ ਜਨੇਊ ਨਹੀਂ ਪਹਿਨਦਾ। ਨਵਜੋਤ ਸਿੱਧੂ ਦੀ ਬਕਾਇਦਾ ਜਨੇਊ ਪਾ ਕੇ ਹਵਨ ਕਰਦੇ ਦੀ ਫੋਟੋ ਵੀ ਵੇਖੀ ਜਾ ਸਕਦੀ ਹੈ। ਭਾਜਪਾ ਨੇ ਨਵਜੋਤ ਸਿੱਧੂ ਦੇ ਜਨੇਊ ਪੁਆ ਕੇ ਪੂਰਨ ਬ੍ਰਾਹਮਣ ਰਹੁ-ਰੀਤੀ ਅਨੁਸਾਰ ਹਵਨ ਕਰਵਾ ਕੇ ਉਸ ਨੂੰ ਲੱਤ ਹੇਠ ਦੀ ਲੰਘਾਇਆ ਹੈ। ਇਸ ਗੱਲ ਦੀ ਸਮਝ ਪਤਾ ਨਹੀਂ ਨਵਜੋਤ ਸਿੱਧੂ ਨੂੰ ਕਦੋਂ ਆਵੇਗੀ। ਹਿੰਦੂਆਂ ਦਾ ਧਰਮ ਪ੍ਰਚਾਰਕ ਰਵੀਸ਼ੰਕਰ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ ਸਮਾਗਮ ਵਿੱਚ ਗੁਰਬਾਣੀ ਦੀਆਂ ਤੁਕਾਂ ਤਰੋੜ-ਮਰੋੜ ਕੇ ਗਾਣਿਆਂ ਦੀ ਤਰਜ 'ਤੇ ਗਾ ਕੇ ਸਿੱਖ ਪਰੰਪਰਾਵਾਂ ਦਾ ਮਜ਼ਾਕ ਉਡਾਉਂਦਾ ਹੈ ਤਾਂ ਸਾਹ-ਮਣੇ ਬੈਠੇ ਭਾਜਪਾ ਐੱਮ.ਪੀ. ਨਵਜੋਤ ਸਿੱਧੂ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਬਿਕਰਮ ਸਿੰਘ ਮਜੀਠੀਆ, ਰਵੀ ਸ਼ੰਕਰ ਨੂੰ ਗੁਰਬਾਣੀ ਦਾ ਮਜਾਕ ਉਡਾਉਣ ਦੀ ਸ਼ਾਬਾਸ਼ ਦੇ ਕੇ ਵਾਹ-ਵਾਹ ਕਰਦੇ ਆਪਣੀ ਅਕਲ ਦਾ ਨਮੂਨਾ ਪੇਸ਼ ਕਰਦੇ ਵੇਖੇ ਜਾ ਸਕਦੇ ਹਨ।

ਇਸ ਦੇ ਉਲਟ ਭਾਜਪਾ ਦੀ ਨੇਤਾ ਲਕਸ਼ਮੀ ਕਾਂਤਾ ਚਾਵਲਾ ਦੀ ਆਪਣੇ ਹਿੰਦੂ ਧਰਮ ਪ੍ਰਤੀ ਸ਼ਰਧਾ ਦੀ ਉਦਾਹਰਣ ਦਾਸ ਪਾਠਕਾਂ ਨਾਲ ਸਾਂਝੀ ਕਰੇਗਾ। ਅਤਿ ਭਰੋਸੇਯੋਗ ਸੂਤਰਾਂ ਅਨੁਸਾਰ ਬੀਬੀ ਸੁਰਿੰਦਰ ਕੌਰ ਬਾਦਲ (ਜੋ ਹੁਣ ਦੁਨੀਆਂ ਵਿੱਚ ਨਹੀਂ ਰਹੇ) ਵੱਲੋਂ ਅਰੰਭੀ ਲੰਗਰ ਦੀ ਸੇਵਾ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਰੇ ਹੀ ਵਿਧਾਨਕਾਰ ਪੂਰੀ ਸ਼ਰਧਾ ਅਤੇ ਸਤਿਕਾਰ ਭਾਵਨਾ ਨਾਲ ਭਾਗ ਲੈ ਰਹੇ ਸਨ, ਪਰ ਅਕਾਲੀ-ਭਾਜਪਾ ਸਰਕਾਰ ਵਿੱਚ ਮੰਤਰੀ ਅਤੇ ਅੰਮ੍ਰਿਤਸਰ ਵਿਧਾਨ ਸਭਾ ਹਲਕਾ ਕੇਂਦਰ ਦੀ ਵਿਧਾਨਕਾਰ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੇ ਨਾ ਸਿਰਫ਼ ਇਸ ਸੇਵਾ ਵਿੱਚ ਭਾਗ ਲੈਣ ਤੋਂ ਹੀ ਕੋਰਾ ਜੁਆਬ ਦਿੱਤਾ, ਸਗੋਂ ਇੱਥੋਂ ਤਕ ਕਹਿ ਦਿੱਤਾ ਕਿ ਸਾਡੇ ਧਰਮ ਦਾ ਅਸੂਲ ਹੈ ਕਿ ਮੰਦਰ ਨੂੰ ਛੱਡ ਕੇ ਹੋਰ ਕਿਸੇ ਥਾਂ 'ਤੇ ਨਹੀਂ ਜਾਣਾ, ਇਸ ਕਰਕੇ ਉਹ ਗੁਰਦੁਆਰੇ ਮੱਥਾ ਟੇਕਣ ਵੀ ਨਹੀਂ ਜਾਂਦੇ। ਇਸ ਘਟਨਾ ਤੋਂ ਪਿੱਛੋਂ ਬਾਕੀ ਭਾਜਪਾ ਵਿਧਾਨਕਾਰ ਵੀ ਸੇਵਾ ਤੋਂ ਕੰਨੀ ਕਤਰਾਉਂਦੇ ਰਹੇ ਸਨ। ਇੱਥੇ ਹੀ ਬੱਸ ਨਹੀਂ ਉਹਨਾਂ ਹੀ ਦਿਨਾਂ ਵਿੱਚ ਲਕਸ਼ਮੀ ਕਾਂਤਾ ਚਾਵਲਾ ਨੇ ਆਸੂਤੋਸ਼ ਨੂੰ ਆਪਣੇ ਘਰ ਸੱਦ ਕੇ ਹਿੰਦੂ ਰਹੁ ਰੀਤਾਂ ਅਨੁਸਾਰ ਸਮਾਗਮ ਕਰਵਾਇਆ ਸੀ ਅਤੇ ਸਿੱਖ-ਦਿੱਖ ਵਾਲ਼ੇ ਭਾਜਪਾ ਮੈਂਬਰ ਨਵਜੋਤ ਸਿੱਧੂ ਨੇ ਆਸ਼ੂਤੋਸ਼ ਨੂੰ ਜੀ ਆਇਆਂ ਆਖਿਆ ਸੀ।

ਅੱਜ ਦੇ ਸਿੱਖ ਨੂੰ ਇਹ ਗੱਲ ਬਰੀਕੀ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਦੂਜੇ ਧਰਮਾਂ ਦਾ ਸਤਿਕਾਰ ਕਰਨ ਦਾ ਇਹ ਅਰਥ ਨਹੀਂ ਕਿ ਅਸੀਂ ਆਪਣੇ ਧਰਮ ਦੇ ਸਿਧਾਂਤਾਂ ਦਾ ਸਤਿਕਾਰ ਭੁੱਲ ਜਾਈਏ, ਮੀਰੀ-ਪੀਰੀ ਦੇ ਮਾਲਕ ਗੁਰੂ ਸਾਹਿਬ-ਾਨ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 1608 ਈ: ਵਿੱਚ ਅਕਾਲ ਤਖ਼ਤ ਦੀ ਸਥਾਪਨਾ ਕਰ ਕੇ ਸਿੱਖ ਪੰਥ ਨੂੰ ਦੁਬਿਧਾ ਰਹਿਤ ਸਿਧਾਂਤ ਬਖ਼ਸ਼ਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਰ ਧਰਮ ਰੰਗ, ਨਸਲ ਦੇ ਭਿੰਨ ਭਾਵ ਤੋਂ ਉੱਤੇ ਉੱਠ ਕੇ ਸਿੱਖਾਂ ਨੇ ਹਰ ਧਰਮ ਵਾਲ਼ਿਆਂ ਦਾ ਸਤਿਕਾਰ ਕਰਨਾ ਹੈ, ਪਰ ਸਾਹਮਣੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਰਪਿਤ ਅਕਾਲ ਤਖ਼ਤ ਵੀ ਹੈ ਜਿੱਥੇ ਸਿੱਖ ਪੰਥ ਨੇ ਆਪਣੀ ਵਿਲੱਖਣ ਨਿਆਰੀ ਅਤੇ ਅਜ਼ਾਦ ਹੋਂਦ ਨੂੰ ਵੀ ਬਰਕਰਾਰ ਰੱਖਣਾ ਹੈ। ਭਾਵ ਕਿਸੇ ਵੀ ਧਰਮ ਨੂੰ ਨਿੰਦਣਾ ਨਹੀਂ ਪਰ ਨਾਲ ਹੀ 'ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ' ਦੇ ਸਿਧਾਂਤ 'ਤੇ ਪਹਿਰਾ ਦੇਣਾ ਹੈ ਤਾਂ ਹੀ ਸਿੱਖ ਕੌਮ ਦੀ ਚੜ੍ਹਦੀ ਕਲਾ ਹੋ ਸਕਦੀ ਹੈ।

(ਇਹ ਲੇਖ ਅਗਸਤ 2011 ਨੂੰ ਲਿਖਿਆ ਗਿਆ ਸੀ)

# ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਦੀਆਂ ਸੰਗਤਾਂ ਵੱਲੋਂ ਸਿੱਖ ਕੌਮ ਦੀ ਜੰਗੇ ਅਜ਼ਾਦੀ ਦੇ ਯੋਧੇ ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿੱਚ ਕਰਵਾਏ ਗਏ ਗੁਰਮਤਿ ਸਮਾਗਮ

***ਜਰਮਨ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਅਰਪਣ ਕੀਤੇ ਗਏ ਸ਼ਰਧਾਂ ਦੇ ਫੁੱਲ**
***ਜਥੇਦਾਰ ਵਧਾਵਾ ਸਿੰਘ ਬੱਬਰ ਦਾ ਸ਼ਰਧਾਂਜਲੀ ਸੰਦੇਸ਼ ਕੀਤਾ ਗਿਆ ਸੰਗਤਾਂ ਨਾਲ ਸਾਂਝਾ**



ਫਰੈਕਫੋਰਟ :– ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਕੌਮ ਦੀ ਜੰਗੇ ਅਜ਼ਾਦੀ ਦੀ ਮਿਸਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਭਾਈ ਮਹਿਲ ਸਿੰਘ ਬੱਬਰ ਜੋ ਕਿ 24 ਮਾਰਚ ਨੂੰ ਨਾਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਏ ਗਏ।ਦੀਵਾਨ ਦਾ ਆਰੰਭ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਜਾਪ ਨਾਲ ਹੋਇਆ । ਗੁਰਦੁਆਰਾ ਸਾਹਿਬ ਜੀ ਦੇ ਬੱਚਿਆਂ ਦੇ ਜਥੇ ਭਾਈ ਲਖਵੀਰ ਸਿੰਘ ਤੇ ਭਾਈ ਜਤਿੰਦਰ ਸਿੰਘ ਦੇ ਜਥਿਆਂ ਨੇ ਇਲਾਹੀ ਗੁਰਬਾਣੀ ਦੇ ਕੀਰਤਨ ਦੁਆਰਾ ਭਾਈ ਸਾਹਿਬ ਜੀ ਨੂੰ ਸ਼ਰਧਾਂਜਲੀ ਅਰਪਣ ਕੀਤੀ ।

ਹੈੱਡ ਗ੍ਰੰਥੀ ਭਾਈ ਚਮਕੌਰ ਸਿੰਘ ਸਭਰਾ ਨੇ ਸੰਗਤਾਂ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਭਾਈ ਸਾਹਿਬ ਜੀ ਦੀ ਮਹਾਨ ਕੁਰਬਾਨੀ ਤਾਂ ਹੈ ਹੀ ਪਰਿਵਾਰ ਨੇ ਸਰਕਾਰੀ ਜਬਰ ਨੂੰ ਸਬਰ ਨਾਲ ਸਹਿਣ ਕੀਤਾ । ਭਾਈ ਸਾਹਿਬ ਜੀ ਦੀ ਸਿੰਘਣੀ ਤੇ ਗੋਬਿੰਦ ਰਾਮ ਬੁੱਚੜ ਨੇ ਕਹਿਰ ਢਾਹਿਆ ਪਰ ਭਾਈ ਸਾਹਿਬ ਆਪਣੇ ਆਖ਼ਰੀ ਸਵਾਸਾਂ ਤੱਕ ਸੇਵਾ ਨਿਭਾਉਂਦੇ ਰੁੱਖਸਤ ਹੋ ਗਏ ।

ਜਰਮਨ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਸਿੱਖ ਕੌਮ ਦੀ ਅਜ਼ਾਦੀ ਲਹਿਰ ਦੇ ਥੰਮ ਭਾਈ ਮਹਿਲ ਸਿੰਘ ਜੀ ਦੀਆਂ ਲੱਗਭਗ ਅੱਧੀ ਸਦੀ ਤੱਕ ਦੀਆਂ ਸੇਵਾਵਾਂ ਪ੍ਰਤੀ ਸੰਗਤਾਂ ਨੂੰ ਚਾਨਣਾ ਪਾਇਆ । ਉਹਨਾਂ ਦੇ ਗੁਰਸਿੱਖੀ ਜੀਵਨ, ਸ਼ਾਂਤ ਸੁਭਾਅ ਤੇ ਹਮੇਸ਼ਾਂ ਕੌਮ ਦੀ ਚੜ੍ਹਦੀ ਕਲਾ ਬਾਰੇ ਸੋਚਣ ਦੇ ਕਰਮਾਂ ਦੀ ਸ਼ਲਾਘਾ ਕੀਤੀ । ਭਾਈ ਸਾਹਿਬ ਜੀ ਦੇ ਛੋਟੇ ਭਰਾਤਾ ਮਹਾਨ ਸ਼ਹੀਦ ਜਥੇਦਾਰ ਸੁਖਦੇਵ ਸਿੰਘ ਬੱਬਰ ਮੁੱਖ ਸੇਵਾਦਾਰ ਬੱਬਰ ਖਾਲਸਾ ਸਨ ਜਿੰਨਾਂ ਨੇ 1978 ਤੋਂ ਲੈ ਕੇ 1992 ਤੱਕ ਰੂਪੋਸ਼ ਹੋ ਕੇ ਕੌਮੀ ਅਜ਼ਾਦੀ ਦਾ ਸੰਘਰਸ਼ ਵਿੱਚ ਜੂਝਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਤਾ । ਇਸ ਮੌਕੇ ਜਥੇਦਾਰ ਵਧਾਵਾ ਸਿੰਘ ਬੱਬਰ ਮੁੱਖ ਸੇਵਾਦਾਰ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਭਾਈ ਮਹਿਲ ਸਿੰਘ ਪ੍ਰਤੀ ਸ਼ਰਧਾਂਜਲੀ ਸਨੇਹਾ ਸੰਗਤਾਂ ਨਾਲ ਸਾਂਝਾ ਕੀਤਾ ਗਿਆ ਜਿਸ ਵਿਚ ਉਹਨਾਂ ਨੇ ਕਿਹਾ ਕਿ ਭਾਈ ਸਾਹਿਬ ਦਾ ਜਾਣਾ ਕੌਮ ਲਈ ਇੱਕ ਨਾਂ ਪੂਰਾ ਹੋਣ ਵਾਲਾ ਘਾਟਾ ਹੈ । ਕੌਮ ਕੋਲੋਂ ਇੱਕ ਸੂਝਵਾਨ ਆਗੂ ਖੁੱਸ ਗਿਆ ਹੈ। ਉਨ੍ਹਾਂ ਨੇ ਸੰਗਤਾਂ ਨਾਲ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਇਤਿਹਾਸ ਸਾਂਝਾ ਕਰਦਿਆਂ ਕਿਹਾ ਕਿ 1978 ਵਿੱਚ ਮਹਾਨ ਸ਼ਹੀਦ ਭਾਈ ਫੌਜਾ ਸਿੰਘ ਤੇ ਤੇਰਾਂ ਸਿੰਘਾਂ ਦੀ ਸ਼ਹਾਦਤ ਤੋਂ ਬਾਅਦ ਵਿੱਚ ਹੋਂਦ ਵਿੱਚ ਆਈ ਜੋ ਕਿ ਸਿੱਖ ਕੌਮ ਦੀ ਅਜ਼ਾਦੀ ਤੱਕ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਕਰਦੀ ਹੈ ਤੇ ਇਹਨਾਂ ਕੌਮੀ ਯੋਧਿਆਂ ਨੂੰ ਸਾਡੀ ਸ਼ਰਧਾਂਜਲੀ ਇਹ ਹੈ ਕਿ ਉਹਨਾਂ ਦੇ ਰਹਿੰਦੇ ਕਾਰਜ ਵਿੱਚ ਆਪਣਾ ਯੋਗਦਾਨ ਪਾਈਏ ।

ਜਰਮਨ ਦੀਆਂ ਪੰਥਕ ਜਥੇਬੰਦੀਆਂ ਨੇ ਅਜ਼ਾਦੀ ਸੰਘਰਸ਼ ਜਾਰੀ ਰੱਖਣ ਤੇ ਭਾਈ ਸਾਹਿਬ ਦੀਆਂ ਸੇਵਾਵਾਂ ਬਾਰ ਵਿਸਤਾਰ ਨਾਲ ਚਾਨਣਾ ਪਾਇਆ । ਸਟੇਜ ਦੀ ਸੇਵਾ ਭਾਈ ਹੀਰਾ ਸਿੰਘ ਮਤੇਵਾਲ ਨੇ ਨਿਭਾਈ । ਪੰਥਕ ਜਥੇਬੰਦੀਆਂ ਦੇ ਆਗੂ ਭਾਈ ਕੁਲਦੀਪ ਸਿੰਘ, ਭਾਈ ਰਾਜਵੰਤ ਸਿੰਘ ਕੰਗ ਧਰਮੀ ਫ਼ੌਜੀ, ਭਾਈ ਲਖਵਿੰਦਰ ਸਿੰਘ ਮੱਲੀ ਇੰਟਰਨੈਨਸ਼ਨਲ ਸਿੱਖ ਫੈਡਰੇਸ਼ਨ ਜਰਮਨੀ, ਭਾਈ ਪ੍ਰਗਟ ਸਿੰਘ ਰਿਬੈਰੋ ਕਾਂਡ, ਭਾਈ ਗੁਰਚਰਨ ਸਿੰਘ ਗੁਰਾਇਆ ਵਰਲਡ ਸਿੱਖ ਪਾਰਲੀਮੈਂਟ, ਭਾਈ ਜਗਤਾਰ ਸਿੰਘ ਮਾਹਲ ਅਕਾਲੀ ਦਲ ਵਾਰਿਸ ਪੰਜਾਬ ਦੇ, ਭਾਈ ਹਰਦਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਖਨਿਆਣ ਸਿੱਖ ਫੈਡਰੇਸ਼ਨ ਜਰਮਨੀ, ਭਾਈ ਰੇਸ਼ਮ ਸਿੰਘ ਬੱਬਰ ਖਾਲਸਾ ਜਰਮਨੀ, ਭਾਈ ਗੁਰਦੀਪ ਸਿੰਘ ਪ੍ਰਦੇਸੀ ਦਲ ਖਾਲਸਾ, ਭਾਈ ਗੁਰਦਿਆਲ ਸਿੰਘ ਲਾਲੀ ਸਿੱਖ ਫੈਡਰੇਸ਼ਨ ਜਰਮਨੀ ਨੇ ਵੀਚਾਰਾਂ ਦੀ ਸਾਂਝ ਪਾਈ । ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੀ ਪ੍ਰਬੰਧਕ ਕਮੇਟੀ ਤੇ ਜਥੇਬੰਦੀਆਂ ਵੱਲੋਂ ਧਰਮੀ ਫ਼ੌਜੀ ਰਾਜਵੰਤ ਸਿੰਘ ਕੰਗ ਦਾ ਸਨਮਾਨ ਕੀਤਾ ਗਿਆ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com





## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

ਮੁੱਖ ਕੰਮ :– ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ ।

ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ । ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ । ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।

**ਅਰਜ਼ੀ ਦੇਣ ਦੀ ਆਖਰੀ ਤਾਰੀਕ : 18 ਅਪ੍ਰੈਲ 2025**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date: 18 APRIL 2025***
**For more Information or to apply, please contact:**
**Bhai Sutantar Singh on 01902 605286.**
Interested applicants To send CV - admin@gngw.org

**GURU NANAK GURDWARA, WILLENHALL**

**65-67 Walsall Road, Willenhall, WV13 2RD**

TAIL PIECE

**Dalip Singh Wasan, Advocate**
Email: dalipsinghwassan@yahoo.co.in

## ROOTING OUT POVERTY IS NOT THE TARGET OF CONTESTING GROUPS

Our Constitution through our Directive Principles of State Policy specifically fixed the main target that poverty must be rooted out from India. Poverty had been the product of history of this country because all who had been ruling here had been making efforts to maintain a big part of population to remain poor so that the rich could rule and enjoy life.

The people who took over the charge from the British could get arunning government and we had been following the same policies of the British for development and development of human resources is still untouched subject and whatever had been done update for the poor all are but just first aids and it is admitted that the contesting groupscould establish a vote bank.

Much has been done in this country and now all thye materials are available here which can provide proper life to all including the poor. But the purchase power of the poor is still low and therefore, they are still identified and can be exploited.

The oly method of rooting out poverty is to raise monthly income of the poor and noe of the conteting groups is interested and hence till date none ame forward with a Bill, Project, Scheme and policy through all the families could bring suitable income each month. Even Pay Commissions and all fixation of wages system is defective because the gap between the income is too big and large and it seems this gapshall not be bridged in a coming century.

Since purchasing power of poor is low, much that is produced is lying in stocks and is not sold in time. Out productions units too are not going ahead. Much is lying in stores unsold. Time has come because when we have ourselves prescribed 2047 as the target date of declaration of Developed Country, we must immediately come with a Bill on rooting out poverty and let us start implementing the same in this five years tenure. Our speed is alway slow and still there are hopes that we shall reach our target of deveveloped country by 2047. The Opposition group is busy in formationof Farms Bills and let the ruling group may take up work of Rooting Out Poverty Bill.

## NUMBER OF ITEMS OF NEED AND THEIR PRICES ARE INCREASING---TURNING LIFE COSTLY

Inidia was called Golden Sparrow and today this country is one of the most poor country because two-third population had been given free ration just to live. The biggest problem was poverty when we got independence and then bring our Constitution and it was hped that we shall concentrate our efforts to rooting out poverty from India. All our efforts failed and now most fo the people are poor. Because of science and technology number of items of need too has increased and even prices too have risen and the principle of Poverty Breeds Poverty could turn more people poor.

Whatever economic policy we had adopted could not decrease the number of poor and still there are no efforts showing us the remedy. We continued with the same old policy of British and more people are turning poor and our assurance that we shall become a developed country seems to be just a misleading hope. Developed country must be having no poor and that target would never be achieved because there are no efforts towards this side.

Even public servants who are getting pay scales on recommendations are telling us that they are low paid and gap between high pay and low pay is very big. If we fail to take up the case in hand, we shall be one of the country who shall be having total poor people or near total poor by the target year 2047. The people of other developed countries would not accept us equal to them.

And we all know that number of items and their prices shall continue to rise in the coming years and there seems no efforts for increasing monthly income of families to meet these rising cost of living, we must immediately try to increase monthly income of families so that rising number of poor could be controlled. First aid efforts and slow speed would not help us. For this purpose we should establish a Special Commission like Sharda Commission to come with problem solving Acts. Piece meal efforts would not succeed.

**ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ**

**ਧਾਰਮਿਕ ਸੇਵਾਦਾਰ ਕੀਰਤਨੀ ਸਿੰਘ / ਤਬਲਾ ਵਾਦਕ ਦੀ ਤੁਰੰਤ ਲੋੜ ਹੈ**

ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ। ਉਹ ਵਾਜਾ ਤੇ ਤਬਲਾ ਜਾਣਦੇ ਹੋਣ। ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ। ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਰੋਜ਼ਗਾਰ ਕਾਨੂੰਨ ਮੁਤਾਬਕ ਹੋਵੇਗੀ ਅਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ।

ਸ਼ਰਤਾਂ :- ਤਬਲਾ ਤੇ ਹਰਮੋਨੀਅਮ ਦੇ ਮਾਹਿਰ ਹੋਣ। ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਚਾਹਵਾਨ ਸੇਵਾਦਾਰ ਦਿੱਤੇ ਨੰਬਰ ਤੇ ਸੰਪਰਕ ਕਰਨ ਜਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ

ਵਧੇਰੇ ਜਾਣਕਾਰੀ ਲਈ ਹਰਦਿਆਲ ਸਿੰਘ ਧਮਰੈਤ: 07373 359229, ਸ: ਬਹਾਦਰ ਸਿੰਘ: 07875 289454

**VACANCIES FOR RELIGIOUS WORKERS AT KHALSA DRBAR GURDWARA DERBY U.K.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to home, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to **Email: hdhamrait@hotmail.co.uk**

**Contact : Hardial Singh Damriat: 07373 359229, Bahadar Singh - 07875 289454**

**Sarbat Da Bhala Derby Charity no. 1188193**

**KHALSA DARBAR GURDWARA DERBY**
**Sinfin Lane, Derby, DE24 9GP.**
**Email: Info@khalsadarbar.co.uk / Web:www.khalsadarbar.co.uk**

**ਗੁਰੂ ਨਾਨਕ ਗੁਰਦੁਆਰਾ, ਵਾਲਸਾਲ ਵਿਖੇ ਧਾਰਮਿਕ ਸੇਵਾਦਾਰ ਗ੍ਰੰਥੀ ਸਿੰਘ ਦੀ ਲੋੜ ਹੈ**

ਗੁਰੂ ਨਾਨਕ ਗੁਰਦੁਆਰਾ, ਕਾਲਡਮੋਰ, ਵਾਲਸਾਲ ਵਿਖੇ ਗਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਹਰਮੋਨੀਅਮ ਦੇ ਨਾਲ-ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਰੋਜ਼ਗਾਰ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਆਗਿਆ ਹੋਣੀ ਜ਼ਰੂਰੀ ਹੈ।

**ਅਰਜੀ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਜਾਂ ਈਮੇਲ ਰਾਹੀਂ 2 ਮਈ 2025 ਤੱਕ ਭੇਜੋ ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

**VACANCY for Religious Worker (Tier 5)**

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.


**Closing date for Applications : 2nd May 2025**

*Please send your application to the Stage Secretary Balwinder Singh Bath by post or via email or for more information Contact Balwinder Singh Bath on 07938 634786*

**GURU NANAK GURDWARA, WALSALL**

**127 West Bromwich St, Caldmore, Walsall, West Midlands, WS1 4DE**
**Email: General@GNGWalsall.com Tel: 01922-622199**

## ਸਿਹਤ ਤੇ ਸੁੰਦਰਤਾ



# ਸਿਹਤਮੰਦ ਰਹਿਣ ਲਈ ਅਦਰਕ ਨਿੰਬੂ ਦਾ ਪਾਣੀ



ਅਦਰਕ ਤੇ ਨਿੰਬੂ ਦਾ ਪਾਣੀ ਇੱਕ ਹੈਲਦੀ ਡਰਿੰਕ ਹੈ, ਜੋ ਨਾ ਸਿਰਫ਼ ਸਵਾਦ ਵਿੱਚ ਬੇਹਤਰੀਨ ਹੁੰਦਾ ਹੈ, ਸਗੋਂ ਸਿਹਤ ਲਈ ਵੀ ਕਈ ਤਰੀਕਿਆਂ ਨਾਲ ਲਾਭਕਾਰੀ ਹੁੰਦਾ ਹੈ। ਇਹ ਡਰਿੰਕ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਤੇ ਸਰੀਰ ਨੂੰ ਡਿਟਾਕਸੀਫਾਈ ਕਰਨ, ਪਾਚਨ ਨੂੰ ਸੁਧਾਰਨ ਤੇ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ। ਇਹ ਡਰਿੰਕ ਤੁਹਾਡੀ ਚਮੜੀ ਨੂੰ ਵੀ ਹੋਰ ਖੂਬਸੂਰਤ ਬਣਾਉਣ ਵਿੱਚ ਮਦਦ ਕਰਦਾ ਹੈ। ਆਓ ਅਦਰਕ ਤੇ ਨਿੰਬੂ ਦੇ ਪਾਣੀ ਦੇ ਫਾਇਦੇ ਤੇ ਇਸ ਨੂੰ ਬਣਾਉਣ ਦੀ ਆਸਾਨ ਵਿਧੀ ਜਾਣਦੇ ਹਾਂ।

ਪਾਚਨ ਤੰਤਰ ਨੂੰ ਮਜ਼ਬੂਤ ਕਰਦਾ ਹੈ- ਅਦਰਕ ਵਿੱਚ ਮੌਜੂਦ ਜਿੰਜਰੋਲ ਤੇ ਸ਼ੋਗੋਲ ਵਰਗੇ ਤੱਤ ਪਾਚਨ ਪ੍ਰਕਿਰਿਆ ਨੂੰ ਸੁਧਾਰਦੇ ਹਨ। ਇਹ ਪੇਟ ਦੀ ਗੈਸ, ਸੋਜ ਜਿਹੀਆਂ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਨਿੰਬੂ ਵਿੱਚ ਮੌਜੂਦ ਸਿਟ੍ਰਿਕ ਐਸਿਡ ਵੀ ਹਜ਼ਮ ਐਂਜ਼ਾਈਮਜ਼ ਨੂੰ ਐਕਟਿਵ ਕਰਦਾ ਹੈ, ਜਿਸ ਨਾਲ ਖਾਣਾ ਆਸਾਨੀ ਨਾਲ ਪਚਦਾ ਹੈ।

ਵਜ਼ਨ ਘਟਾਉਣ ਵਿਚ ਮਦਦਗਾਰ- ਅਦਰਕ ਤੇ ਨਿੰਬੂ ਦਾ ਪਾਣੀ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ, ਜਿਸ ਨਾਲ ਕੈਲੋਰੀ ਬਰਨ ਕਰਨ ਵਿੱਚ ਮਦਦ ਮਿਲਦੀ ਹੈ। ਇਹ ਸਰੀਰ ਵਿੱਚ ਜੰਮੀ ਵਾਧੂ ਚਰਬੀ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੁੰਦਾ ਹੈ। ਸਵੇਰੇ ਖਾਲੀ ਪੇਟ ਇਸ ਨੂੰ ਪੀਣ ਨਾਲ ਵਜ਼ਨ ਘਟਾਉਣ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ।

ਇਮਿਊਨਿਟੀ ਵਧਾਉਂਦਾ ਹੈ-ਅਦਰਕ ਤੇ ਨਿੰਬੂ ਦੋਵਾਂ ਵਿੱਚ ਐਂਟੀਆਕਸੀਡੈਂਟਸ ਤੇ ਵਿਟਾਮਿਨ-ਸੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ, ਜੋ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ। ਇਹ ਸਰਦੀ-ਜ਼ੁਕਾਮ ਤੇ ਇਨਫੈਕਸ਼ਨ ਤੋਂ ਬਚਾਅ ਕਰਨ ਵਿੱਚ ਮਦਦਗਾਰ ਹੁੰਦਾ ਹੈ।

ਡਿਟੌਕਸੀਫਿਕੇਸ਼ਨ-ਇਹ ਡਰਿੰਕ ਸਰੀਰ ਤੋਂ ਟੌਕਸਿਨਸ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ। ਨਿੰਬੂ ਦਾ ਐਸਿਡਿਕ ਪ੍ਰਭਾਵ ਲਿਵਰ ਨੂੰ ਡਿਟੌਕਸੀਫਾਈ ਕਰਦਾ ਹੈ, ਜਦਕਿ ਅਦਰਕ ਸਰੀਰ ਵਿੱਚ ਖੂਨ ਦੇ ਸਰਕੂਲੇਸ਼ਨ ਨੂੰ ਬਿਹਤਰ ਬਣਾਉਂਦਾ ਹੈ।

ਚਮੜੀ ਲਈ ਫਾਇਦੇਮੰਦ-ਅਦਰਕ ਤੇ ਨਿੰਬੂ ਦਾ ਪਾਣੀ ਚਮੜੀ ਲਈ ਵੀ ਬਹੁਤ ਫਾਇਦੇਮੰਦ ਹੈ। ਇਹ ਚਮੜੀ ਦੀ ਚਮਕ ਵਧਾਉਂਦਾ ਹੈ ਤੇ ਮੁਹਾਂਸੇ, ਝੁਰੜੀਆਂ ਤੇ ਦਾਗ-ਧੱਬਿਆਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

ਊਰਜਾ ਵਧਾਉਂਦਾ ਹੈ-ਇਹ ਡਰਿੰਕ ਸਰੀਰ ਨੂੰ ਤੁਰੰਤ ਊਰਜਾ ਦਿੰਦਾ ਹੈ। ਸਵੇਰੇ ਇਸ ਨੂੰ ਪੀਣ ਨਾਲ ਦਿਨ ਭਰ ਤਾਜ਼ਗੀ ਮਹਿਸੂਸ ਹੁੰਦੀ ਹੈ।

ਸੋਜ ਘਟਾਉਂਦਾ ਹੈ-ਅਦਰਕ ਵਿੱਚ ਐਂਟੀ-ਇੰਫਲਾਮੇਟਰੀ ਗੁਣ ਹੁੰਦੇ ਹਨ, ਜੋ ਸਰੀਰ ਵਿੱਚ ਸੋਜ ਤੇ ਦਰਦ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਇਹ ਗਠੀਆ ਤੇ ਜੋੜਾਂ ਦੇ ਦਰਦ ਨਾਲ ਪੀੜਤ ਲੋਕਾਂ ਲਈ ਖਾਸ ਤੌਰ 'ਤੇ ਫਾਇਦੇਮੰਦ ਹੈ।

### ਅਦਰਕ ਤੇ ਨਿੰਬੂ ਦਾ ਪਾਣੀ ਕਿਵੇਂ ਬਣਾਓ

ਸਮੱਗਰੀ :
1 ਇੰਚ ਅਦਰਕ ਦਾ ਟੁਕੜਾ
1 ਨਿੰਬੂ
2 ਕੱਪ ਪਾਣੀ
ਵਿਧੀ :


ਅਦਰਕ ਨੂੰ ਛਿਲ ਕੇ ਬਰੀਕ ਕਦੂਕਸ ਕਰ ਲਓ। ਇੱਕ ਭਾਂਡੇ ਵਿੱਚ ਪਾਣੀ ਗਰਮ ਕਰੋ ਤੇ ਉਸ ਵਿੱਚ ਕਦੂਕਸ ਕੀਤਾ ਹੋਇਆ ਅਦਰਕ ਪਾਓ। ਪਾਣੀ ਨੂੰ 5-7 ਮਿੰਟ ਤੱਕ ਉਬਾਲੋ ਤਾਂ ਜੋ ਅਦਰਕ ਦਾ ਰਸ ਤੇ ਗੁਣ ਪਾਣੀ ਵਿੱਚ ਚੰਗੀ ਤਰ੍ਹਾਂ ਮਿਲ ਜਾਣ। ਗੈਸ ਬੰਦ ਕਰਕੇ ਪਾਣੀ ਨੂੰ ਛਾਣ ਲਓ। ਹੁਣ ਇਸ ਵਿੱਚ ਅੱਧਾ ਨਿੰਬੂ ਨਿਚੋੜੋ ਤੇ ਸਵਾਦ ਮੁਤਾਬਕ ਸ਼ਹਿਦ ਮਿਲਾਓ।

ਕੋਸਾ ਜਾਂ ਠੰਢਾ ਕਰਕੇ ਸੇਵਨ ਕਰੋ। ਇਸ ਡਰਿੰਕ ਨੂੰ ਸਵੇਰੇ ਖਾਲੀ ਪੇਟ ਪੀਣ ਨਾਲ ਵਧੇਰੇ ਫਾਇਦਾ ਮਿਲਦਾ ਹੈ ਗ਼ਰਮੀਆਂ ਵਿੱਚ ਇਸ ਨੂੰ ਠੰਢਾ ਕਰਕੇ ਪੀ ਸਕਦੇ ਹੋ ਜੋ ਬਹੁਤ ਤਾਜ਼ਗੀ ਭਰਪੂਰ ਲੱਗਦਾ ਹੈ।

## * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਚੋਣ ਕਮਿਸ਼ਨ 'ਕਿਰਿਆਹੀਣ, ਅਤੇ 'ਅਸਫ਼ਲ ਸੰਸਥਾ'- ਕਪਿਲ ਸਿੱਬਲ

-ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ।

*ਨਸ਼ਾ ਸੌਦਾਗਰਾਂ ਦਾ ਸਹਿਯੋਗ ਕਰਨ ਵਾਲਿਆ ਦਾ ਹੋਵੇਗਾ ਬਾਈਕਾਟ- ਇਕ ਖ਼ਬਰ

-ਕਾਲ਼ੇ ਕੋਲ ਮੰਜਾ ਨਹੀਂ ਡਾਹੁਣਾ, ਲਿਸ਼ਕੇ ਤਾਂ ਪੈ ਜੂ ਬਿਜਲੀ।



*ਜੇ ਆਰ. ਐਸ. ਐਸ. ਨੇ ਸਿੱਖਿਆ 'ਤੇ ਕਬਜ਼ਾ ਕਰ ਲਿਆ ਤਾਂ ਦੇਸ਼ ਤਬਾਹ ਹੋ ਜਾਵੇਗਾ- ਰਾਹੁਲ ਗਾਂਧੀ

-ਗੀਤਾਂ ਨੂੰ ਜ਼ਹਿਰ ਪਿਲਾਉਂਦੇ ਨੇ, ਸਾਡੇ ਲਹੂ ਦੇ ਵਿਚ ਨਹਾਉਂਦੇ ਨੇ।



*ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੀ ਰਿਪੋਰਟ ਨੇ ਇਕ ਵਾਰ ਫੇਰ ਕੀਤਾ ਬਾਦਲਾਂ ਨੂੰ ਨੰਗਿਆਂ- ਹਰਜਿੰਦਰ ਸਿੰਘ ਮਾਝੀ

-ਰੁੱਖ ਉੱਗਿਆ ਬੇਸ਼ਰਮ ਦੀ ਢੂਈ 'ਤੇ, ਕਹਿੰਦਾ ' ਰਾਮ ਨਾਲ ਛਾਵੇਂ ਬੈਠਾਂਗੇ।




*ਸ਼੍ਰੋਮਣੀ ਕਮੇਟੀ ਵਿਰੁੱਧ ਪ੍ਰਦਰਸ਼ਨ ਕਰਨਾ ਜਾਇਜ਼ ਨਹੀਂ- ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ

-ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਮੇਰੀ ਭਾਵੇਂ ਜਿੰਦ ਕੱਢ ਲੈ।



*ਜਦੋਂ ਸੌਦਾ ਸਾਧ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ ਉਦੋਂ ਬਾਬੇ ਧੁੰਮੇ ਨੇ ਧਰਨੇ ਕਿਉਂ ਨਾ ਦਿਤੇ?- ਭਾਈ ਲਹਿਣਾ ਸਿੰਘ

-ਉਦੋਂ ਬਾਬਾ ਧੁੰਮਾਂ ਬਾਦਲ ਦੇ ਪੈਰਾਂ 'ਚ ਬੈਠ ਕੇ ਉਹਨੂੰ ਬਿਸਕੁਟ ਛਕਾਉਂਦਾ ਹੁੰਦਾ ਸੀ।



*ਟਰੰਪ ਦੇ ਇਰਾਦੇ ਸਫ਼ਲ ਨਹੀਂ ਹੋਣ ਦੇਵਾਂਗੇ- ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ

-ਲੜ ਜੂੰ ਭ੍ਰਿੰਡ ਬਣ ਕੇ, ਮੈਨੂੰ ਨਰਮ ਕੁੜੀ ਨਾ ਜਾਣੀ।



*ਅਡਾਨੀ ਦੀ ਜਾਇਦਾਦ 'ਚ ਸਭ ਤੋਂ ਜ਼ਿਆਦਾ ਵਾਧਾ ਹੋਇਆ- ਇਕ ਖ਼ਬਰ

-ਬਾਜ਼ੀ ਮਾਰ ਗਿਆ ਬਠਿੰਡੇ ਵਾਲ਼ਾ ਗੱਭਰੂ, ਬਾਕੀ ਰਹਿ ਗਏ ਹਾਲ ਪੁੱਛਦੇ।



*ਸਾਜ਼ਿਸ਼ ਤਹਿਤ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰੀ ਤੋਂ ਹਟਾਇਆ ਗਿਆ- ਮਨੁੱਖੀ ਅਧਿਕਾਰ ਸੰਗਠਨ ਰਿਪੋਰਟ

-ਪਾਣੀ ਡੋਲ੍ਹ ਗਈ ਝਾਂਜਰਾਂ ਵਾਲੀ, ਕੈਂਠੇ ਵਾਲਾ ਤਿਲਕ ਗਿਆ।



*ਧਾਮੀ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਵਲੋਂ ਦਿਖਾਈ ਉਦਾਸੀਨਤਾ ਦੀ ਆਲੋਚਨਾ- ਇਕ ਖ਼ਬਰ

-ਬਾਦਲਾਂ ਨੇ ਆਪਣੇ ਰਾਜ ਸਮੇਂ ਦਿਖਾਈ ਉਦਾਸੀਨਤਾ ਦੀ ਵੀ ਕਦੇ ਗੱਲ ਕਰੋ, ਧਾਮੀ ਸਾਹਿਬ।

*ਕੈਨੇਡਾ ਦੀਆਂ ਚੋਣਾਂ ਵਿਚ ਦਖ਼ਲ ਦੇਣ ਦਾ ਇਰਾਦਾ ਅਤੇ ਸਮਰੱਥਾ ਰੱਖਦਾ ਹੈ ਭਾਰਤ- ਸਕਿਉਰਿਟੀ ਇੰਟੈਲੀਜੈਂਸ, ਕੈਨੇਡਾ

-ਛੜੇ ਜੇਠ ਦੀ ਮੈਂ ਅੱਖ ਵਿਚ ਰੜਕਾਂ, ਕੰਧ ਉੱਤੋਂ ਰਹੇ ਝਾਕਦਾ।



*ਲੋਕ ਸਰਕਾਰਾਂ ਦੇ ਜ਼ੁਲਮਾਂ ਦਾ ਜਵਾਬ ਜ਼ਰੂਰ ਦੇਣਗੇ- ਜੋਗਿੰਦਰ ਸਿੰਘ ਉਗਰਾਹਾਂ

-ਤੇਰਾ ਕੱਖ ਨਹੀਂ ਬਚਨੀਏਂ ਰਹਿਣਾ, ਛੜਿਆਂ ਦੇ ਹੱਕ ਮਾਰ ਕੇ।



*ਜਲਦੀ ਹੀ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋਵੇਗਾ- ਅਮਨ ਅਰੋੜਾ

-ਅਮਨ ਅਰੋੜਾ ਜੀ ਸ਼ਰਾਬ ਦੇ ਨਸ਼ੇ ਬਾਰੇ ਕੀ ਖ਼ਿਆਲ ਐ ਜੀ?

*ਜਿਲ੍ਹਾ ਸੰਗਰੂਰ ਦੇ ਪ੍ਰਮੁੱਖ ਅਕਾਲੀ ਆਗੂਆਂ ਨੇ ਬਾਦਲ ਅਕਾਲੀ ਦਲ ਦਾ ਸਾਥ ਛੱਡਿਆ- ਇਕ ਖ਼ਬਰ

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।



*ਐਡਵੋਕੇਟ ਧਾਮੀ ਦੀ ਅਸਤੀਫ਼ਾ ਵਾਪਸੀ ਥੁੱਕ ਕੇ ਚੱਟਣ ਵਾਲੀ ਗੱਲ- ਸਿਮਰਨਜੀਤ ਸਿੰਘ ਮਾਨ

-ਢਿੱਡ ਛਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।

**ਲੇਖਿਕਾ**
**ਬਲਵਿੰਦਰ ਕੌਰ**
**ਚਾਹਲ (ਸਾਊਥਾਲ)**



ਪਹਿਲਾਂ ਆਪਣੇ ਦੇਸ਼ ਅਤੇ ਵਾਸੀਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿਵਾ ਲਵਾਂ, ਸਿੱਖ ਭਾਈਚਾਰਾ ਤਾਂ ਸਮੁੱਚੇ ਦੇਸ਼ ਵਸਨੀਕਾਂ ਵੱਲ ਕਿਤੇ ਧਿਆਨ ਲੱਗਣ ਹੀ ਨਹੀਂ ਦਿੰਦਾ ਡੂੰਘੀ ਚਿੰਤਾ ਕਿ ਇਕ ਜਥੇਬੰਦੀ ਹਰ ਵੇਲੇ ਪੰਜਾਬ ਦੀਆਂ ਸਿਆਸਤਾਂ ਵੱਲ ਹੀ ਘੜੀਸੀ ਜਾਂਦੀ ਹੈ, ਆਮ ਲੋਕਾਂ ਦਾ ਉਨ੍ਹਾਂ ਮੁੱਦਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਮਿਸਾਲ:- ਚੌਥੇ ਕੁ ਦਿਨ ਜੀ 84 ਦੇ ਦਰਬਾਰ ਸਾਹਿਬ ਹਮਲੇ ਵਿੱਚ ਟੋਰੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਭੂਮਿਕਾ ਦੇ ਕਾਗਜ਼ ਨਸ਼ਰ ਕਰੋ ਦੋ ਐਮ. ਪੀ. ਪਹਿਲਾਂ ਸੀ, ਇਸ ਵਾਰੀ ਕਈ ਦਮਕੜੇ ਹੋਰ ਆ ਬੈਠੇ ਤੇ ਇਨ੍ਹਾਂ ਵਿੱਚੋਂ ਕੇਵਲ ਢੇਸੀ, ਤੇ ਗਿੱਲ ਹੀ ਬੱਸ ਸਿੱਖ ਵਿਸ਼ੇ ਹੀ ਭਾਲਦੇ ਨੇ ਫੈਡਰੇਸ਼ਨ ਦਾ ਇਹ ਏਜੰਡਾ ਹੈ, ਜਵਾਬ ਮੰਗਦੇ ਹਾਂ ਕਿ ਕੀ ਲਾਭ ਹੋਵੇਗਾ ਆਮ ਸਿੱਖ ਜਨਤਾ ਨੂੰ ਕੀ ਇਹ ਲੇਬਰ ਸਰਕਾਰ ਫੇਰ ਮੁਆਵਜ਼ੇ ਦੇਵੇਗੀ ਪੀੜਤਾਂ ਨੂੰ? ਹਾਂ ਵੋਟਾਂ ਜਰੂਰ ਸਿੱਖਾਂ ਦੀਆਂ ਬਟੋਰਨਗੇ ਪਹਿਲਾਂ ਹੀ ਕਿਹੜੀ ਕਸਰ ਹੈ ਜਾਂ ਆਪ ਲਾਹੇ ਵਜੀਰੀਆਂ ਲਾਰਡੀਆਂ ਸ਼ਾਹੀ ਖਿਤਾਬ ਸਲੋਅ ਤੋਂ ਐਮ. ਪੀ. ਹਨ ਢੇਸੀ ਹੋਰੀ, ਅੱਜ ਕਿੰਨੇ ਸਮੇਂ ਤੋਂ ਦੇਖੋ ਉਥੋਂ ਦੀ ਸਥਾਨਕ ਕੌਂਸਲ ਦੀ ਕੀ ਦਸ਼ਾ ਹੁਣ ਦੂਜਿਆਂ ਦੀਆਂ ਭਾਈਵਾਲੀਆਂ ਭਾਲਦੀ ਫਿਰਦੀ ਹੈ ਉਧਰ ਤਾਂ ਧਿਆਨ ਨਹੀਂ ਬੱਸ ਸਿੱਖਾਂ ਦੀਆਂ ਚਾਪਲੂਸੀਆਂ 'ਤੇ ਕੇਂਦਰਤ ਰਹਿਣਾ ਤਨਖਾਹ ਲੋਕਾਂ ਸਿਰੋਂ।

ਅੱਗੋਂ ਚਲੋ ਅਗਲਾ ਮੁੱਦਾ ਭੀ ਇਨ੍ਹਾਂ ਆਪਣੇ ਸਾਡੇ 'ਤੇ ਠੋਸੇ ਗਏ ਆਗੂ ਕੋਈ ਪ੍ਰਾਪਤੀ ਨਹੀਂ ਬੱਸ ਮਗਜਮਾਰੀ ਕਿਸਾਨਾਂ ਨੂੰ ਇਨ੍ਹਾਂ ਅਤੇ ਕਾਂਗਰਸ ਨੇ ਚੁੱਕ ਕੇ ਬਾਰਡਰ ਘੇਰੋ ਪਹਿਲਾਂ ਮੋਦੀ ਸਰਕਾਰ ਨੇ ਕਾਲੇ ਕਾਨੂੰਨ ਹਾਲੇ ਲਾਗੂ ਤਾਂ ਕੀਤੇ ਹੀ ਸਨ ਚਲੋ ਵਾਪਸ ਇਹ ਧਮੂਲਾ ਪਓਂਦੇ ਮੁੜ ਆਏ ਫੇਰ ਸੁਰਤ ਆਈ ਨਾ ਜੀ ਨਾ ਐਮ.ਐਸ.ਪੀ. ਦੀ ਤਾਂ ਗੱਲ ਭੁੱਲਗੇ ਯਾਦ ਰੱਖੋ ਸਰਵਣ ਸਿੰਘ ਪੰਧੇਰ ਤਾਂ ਉਦੋਂ ਭੀ ਢਾਈ ਪਾਅ ਖਿੱਚੜੀ ਅੱਡ ਸੀ, ਫੇਰ ਪ੍ਰਸਿੱਧੀ ਲਈ ਤੀਮੀਆਂ ਬਜ਼ੁਰਗ ਫੜ ਲਿਆਂਦੇ, ਅੰਤ ਡੱਲੇਵਾਲ ਨੂੰ ਮੂਰਤ ਬਣਾ ਪੂਜਣ ਲੱਗ ਗੇ ਜੀ ਮਰਨ-ਵਰਤ ਭਾਈ ਮਰਨ-ਵਰਤ ਨਹੀਂ ਭੁੱਖ ਹੜਤਾਲ, ਮਰਨ-ਵਰਤ ਨੀ ਚਲਦਾ ਇੰਨੇ ਦਿਨ, ਸਰਕਾਰ ਨੂੰ ਮੂੰਹ ਵੱਲ ਦੇਖਦਿਆਂ 13 ਮਾਹ ਹੋ ਗਏ, ਧਮੁਸੂਲੀ ਚੱਲੀ ਕਦੇ ਪੰਜਾਬ ਬੰਦ, ਰੇਲ੍ਹਾਂ ਰੋਕੋ, ਧਰਨੇ, ਸੜਕਾਂ ਬੰਦ, ਦੁੱਧ ਡੋਲ੍ਹੋ, ਸਬਜ਼ੀਆਂ ਰੋੜ੍ਹੋ ਸੜਕਾਂ 'ਤੇ, ਬਾਰਡਰ ਫੇਰ ਘੇਰ ਲਏ, ਸਰਕਾਰ ਜੇਕਰ ਇਹ ਡੁੱਬਕੀ ਜੁਗਤ ਨਾ ਕਰਦੀ ਤਾਂ ਇਹ ਹਾਲੇ ਹੋਰ ਚਲਣਾ ਸੀ ਪਰ ਅੰਦਰੋਂ ਹੁਣ ਭਿਆਂ ਨਿਕਲੀ ਪਈ ਸੀ, ਹੋਰ ਭੂਤੀ ਪੰਗਾ ਜੀ ਸਾਡੀਆਂ ਟਰਾਲੀਆਂ ਚੋਰੀ, ਸਮਾਨ ਚੋਰੀ, ਪਲੰਦਾ ਹੈ ਹਾਲੇ ਤਾਂ ਸਾਰਾ ਮਲ੍ਹਬਾ ਸਮੇਟ ਹੀ ਨਹੀਂ ਹੋਇਆ ਐਮੇ ਪੰਜ ਪੰਜ ਲੱਖ ਦਾ ਨੁਕਸਾਨ ਫੇਰ ਇਹ ਗਰੀਬ ਨੇ ਕਿਸਾਨ ਹੁਣ ਕਾਗਜ਼ ਪੱਤਰ ਸਹੀ ਨਹੀਂ ਤਾਂ ਢਕਵੰਝ ਨੇ, ਮੈਂ ਆਮ ਸਰਕਾਰ ਦੀ ਸਮਰਥੱਕ ਨਹੀਂ, ਪਰ ਕਲਮ ਦਾ ਪ੍ਰਣ, ਮੈਂ ਅਕਾਲੀ ਦਲ ਦੀ ਪਾਰਟੀਬੱਧ ਹਾਂ, ਪਰ ਮੈਂ ਉਨ੍ਹਾਂ ਲੇਖਕਾਂ ਵਿੱਚੋਂ ਨਹੀਂ ਜੋ ਹਵਾ ਨਾਲ ਰੁੱਖ ਬਦਲਾਂ ਨਹੀਂ ਮੇਰੇ ਵਿਚਾਰ ਵਿੱਚ ਭਗਵੰਤ ਮਾਨ ਨੇ ਲੋਕਾਂ ਦਾ ਹਿੱਤ ਪਾਲਤਾ ਭਾਵੇਂ ਵਿੱਚ ਆਪਣਾ ਚੋਣਾਂ ਦਾ ਆਸ਼ਾ ਅਗਲਾ ਧੁਰਾ, ਸਿੱਖ ਪੰਥ ਭਾਵੇਂ ਪ੍ਰਚਾਰੀ ਜਾਣ ਪਰ ਇਨ੍ਹਾਂ ਦੇ ਸੰਸਕਾਰ ਝਗੜਾਲੂ ਨੇ, ਸਬੂਤ ਘਰ ਵਿੱਚ ਆਪਸੀ ਟੱਕਰਾਂ, ਸਿਆਸੀ ਪਾਰਟੀ ਕਿਸੇ ਨਾਲ (ਸਿਵਾਏ ਕਾਂਗਰਸ) ਨੀ ਬਣਦੀ, ਸੂਬੇ ਦੇ ਲਾਗੇ ਕਿਸੇ ਨਾਲ ਨਹੀਂ ਸੈਂਟਰ ਵਿੱਚ ਦੂੰਦ, ਬੁਰਾ ਨਾ ਮਨਾਇਉ ਅੰਗ੍ਰੇਜ਼ੀ ਵਿੱਚ ਇਕ ਅੱਖਰ awkward squad ਅਸੀਂ ਹਾਂ ਵਿਦੇਸ਼ਾਂ ਵਿੱਚ ਸਰਕਾਰਾਂ ਨਾਲ ਸਾਡਾ ਇੱਟ ਖੜਿੱਕਾ, ਹੈ ਕੋਈ ਥਹੁ-ਟਿਕਾਣਾ? ਮਿਸਾਲ: ਮੰਡ੍ਹੀਰ ਝੰਡੇ ਲਾ ਕੇ ਹਿਮਾਚਲ ਯਾਨੀ ਧਾਰਮਿਕ ਝੰਡਾ ਨਹੀਂ ਸੰਤ ਭਿੰਡਰਾਂਵਾਲੇ ਪਹਿਲੀ ਵਾਰ ਨਹੀਂ ਪਿਛਲੀ ਵਾਰੀ ਭੀ ਮੋਟਰਸਾਈਕਲ ਭਜਾਏ, ਉਥੇ ਭੀ ਮੁਸ਼ਟੰਡ ਪੁਣੇ ਵਾਲੇ ਹਨ ਹੀ ਧੱਕਾ ਮੁੱਕੀ, ਹਿਮਾਚਲ ਸਰਕਾਰ ਸਮਝਦਾਰ ਪਰ ਸਾਡੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਜਥੇਦਾਰ ਤੇ ਨਵਾਂ ਨੇਤਾ ਉਗਿਆ ਹਰਿਪ੍ਰੀਤ ਸਿੰਘ ਕਹਿੰਦਾ ਮੁੰਡਿਆਂ ਨੂੰ ਗੁੱਸਾ ਸੀ ਤਾਂ ਬੱਸਾਂ ਭੰਨ-ਤੋੜ ਕੀਤੀ, ਦੂਜੇ ਆਗੂ ਭੀ ਆਪਣੇ ਛੋਕਰਿਆਂ ਨੂੰ ਸੱਦਦੇ ਤੇ ਝਾੜ-ਝੰਬ ਕਰਦੇ ਨਾ ਕਿ ਹਿਮਾਚਲ ਸਰਕਾਰ ਦੇ ਗੱਲ ਪੈ ਗਏ, ਮੁੱਖ ਮੰਤਰੀ ਤਾਂ ਭਗਵੰਤ ਮਾਨ ਭੀ ਨੀ ਉਲਝਿਆ ਤੇ ਉਨ੍ਹਾਂ ਦਾ ਭੀ ਸਿਆਣਾ ਹੈ। ਸਾਨੂੰ ਸੁੰਡੀ ਸੁੱਘਦੀ ਹੀ ਰਹਿੰਦੀ ਹੈ, ਜੀ ਹਿਮਾਚਲ ਟੂਰਿਜ਼ਮ ਕਰਕੇ ਸਾਡੀ ਝੇਪ ਵਿੱਚ ਰਹੇ, ਸੁਥਰਿਉ ਰਾਹ ਹੋਰ ਲੱਭ ਜਾਂਦੇ ਨੇ ਤੁਹਾਡੇ ਭੀ ਮੱਕੂ ਬੰਨ ਹੋ ਸਕਦੇ ਨੇ, ਬੰਦੇ ਬਣੋ, ਹੁਣ ਪੰਥਕ-ਸੰਕਟ ਵੱਲ ਕੁਫਰ ਮੁੱਲ ਨੀ ਵਿਕਦਾ ਪਹਿਲਾਂ ਤਾਂ ਬਾਗੀ ਸਿਧਾਰੀ ਨਵੇਂ ਹਨ ਜਾਂ ਉਸੇ ਬਾਦਲ ਵਿੱਚੋਂ ਨੇ ਹੁਣ ਧੋਬੀ ਨੇ ਧੋ ਦਿੱਤੇ? ਕਿੱਡਾ ਤੂਫਾਨ ਜੀ ਪੰਜ ਮੈਂਬਰੀ ਕਮੇਟੀ ਫਰੋਲੋ, 7 ਮੈਂਬਰੀ ਤਾਂ ਤਖ਼ਤੀ ਜਥੇਦਾਰਾਂ ਨੇ ਬਣਾਈ, ਪੰਜ ਦਾ ਹੁਕਮ ਕੇਵਲ ਗਿ: ਰਘੁਬੀਰ ਸਿੰਘ ਨੇ ਕਹਿ ਦਿੱਤਾ ਸੀ ਜਾਵੋ ਇਹਦੇ ਨਾਲ ਹੀ ਕੰਮ ਚਲਾਵੋ ਫੇਰ ਇਹ ਅਕਾਲ ਤਖ਼ਤੀ ਅਦੇਸ਼ ਕਿਵੇਂ? ਰੱਖੋ (ਗੁਰੂ ਗ੍ਰੰਥ ਸਾਹਿਬ) 'ਤੇ ਹੱਥ ਵਿੱਚੇ ਰਘੁਬੀਰ ਸਿੰਘ ਇਨ੍ਹਾਂ ਗੱਲਾਂ ਕਰਕੇ ਹੀ ਅਖਾਣ ਹੈ, ਬਾਦਲਾਂ ਦੇ ਗੜ੍ਹੀਰੇ 'ਤੇ ਝਾਂਟੀਆਂ ਲੈ ਕੇ ਹੁਣ ਭਾਜਪਾ ਦੇ ਘਨੇੜੇ ਉਨ੍ਹਾਂ ਨੇ ਜਦੋਂ ਮਾਰੀਆਂ ਹੁੱਝਾਂ ਮੋਢੇ ਹਿੱਲ ਜਾਣੇ ਨੇ, ਇਹ ਬਾਦਲ ਸਾਹਬ ਹੀ ਸਨ ਜੋ ਬੁੱਕਲ ਵਿੱਚ ਲਈ ਬੈਠੇ ਰਹੇ ਸੰਗ ਹਿਆ ਮਨੁੱਖਾਂ ਲਈ ਹੁੰਦੀ ਹੈ ਬਾਕੀ ਸੋਸ਼ਲ-ਮੀਡੀਆ ਤੇ ਲੇਖਕ ਤਾਂ ਖਾਂਦੇ ਕੰਨਾਂ ਵਿੱਚ ਪਓਂਦੇ ਨੇ ਇਤਿਹਾਸਕਾਰ ਤਾਂ ਸੌਦੇ ਵੇਚਣੇ ਨੇ, ਸੀ। ਭੱਖਦਾ ਮੁੱਦਾ ਬਾਬਾ ਹਰਨਾਮ ਸਿੰਘ ਧੁੰਮੇ ਨੂੰ ਗੱਦੀਨਸ਼ੀਨ ਵੇਲੇ ਸ਼੍ਰੋਮਣੀ ਕਮੇਟੀ ਨੇ ਬਾਬਾ ਰਾਮ ਸਿੰਘ ਨੂੰ ਨਕਾਰਿਆ ਇਹਨੂੰ ਬਣਾਇਆ, ਰਣਜੀਤ ਸਿੰਘ ਢਡਰੀਆਂ ਵਾਲੇ ਨਾਲ ਇਹਦੀ ਖਹਿਬਾਜ਼ੀ ਅਖੇ ਜੀ ਜਲ ਨੂੰ ਪਾਣੀ ਕਹਿੰਦਾ, ਗੁਰਬਾਣੀ ਵਿਰੁੱਧ, ਸਭ ਜਾਦੂਵਾਲ ਦੀ ਤਰ੍ਹਾਂ ਆਪਣੀ ਹੱਟੀ

# ਨਿਰਣਾ

ਬਚਾਅ ਲਈ, ਸ਼੍ਰੋਮਣੀ ਕਮੇਟੀ ਨੇ ਇਹਨੇ ਉਹਦਾ ਬੰਦਾ ਨਿੱਕੇ ਨਿੱਕੇ ਬੱਚਿਆਂ ਵਾਲਾ ਖ਼ਤਮ ਕਰਵਾ ਤਾ ਸ਼੍ਰੋਮਣੀ ਕਮੇਟੀ ਇਹਦੇ ਵੱਲ, ਹੁਣ ਉਨ੍ਹਾਂ ਨੂੰ ਹੀ ਕਹਿੰਦਾ ਮੈਂ 28 ਨੂੰ ਕਰੂ ਸਿੱਧੇ ਭਾਜਪਾ ਦਾ ਸਿਰ ਹੱਥ, ਆਹ ਇੰਗਲੈਂਡੀਏ ਨਾਲੇ ਤਾਂ ਜੀ ਸਾਡੀ ਲੜਾਈ ਕੇਂਦਰ ਨਾਲ, ਨਾਲੇ ਕਿੰਨੇ ਦਿਨ ਹੋ ਗਏ ਧੁੰਮੇ ਦੇ ਮਗਰ ਜਾਵੋ ਚੈਨਲ ਕਹਿੰਦਾ ਸਹਾਇਤਾ ਚਾਹੀਦੀ ਹੈ ਤਾਂ ਸੰਪਰਕ ਕਰੋ ਹਾਲੇ ਇਹ ਖਾਲਿਸਤਾਨੀ ਰੱਬ ਬੇਅੰਤ ਹੈ ਆਪੇ ਨਿਤਾਰੇ ਕਰ ਦਿੰਦਾ, ਹੁਣ ਚੁਰਾਸੀ ਮਨਾਉਣ ਲਈ ਤੁਰ ਪੈਣਗੇ। ਇਸ ਤੋਂ ਪਹਿਲਾਂ ਕਿ ਅਗਲਾ ਅਧਿਆਏ ਅਰੰਭਾ, ਮੈਂ ਆਪਣੀ ਲਾਇਲਮੀ ਦਾ ਪ੍ਰਗਟਾਵਾ ਕਰਨਾ ਚਾਹੁੰਦੀ ਹਾਂ, ਮੈਨੂੰ ਨਾ ਅਕਾਲ ਤਖ਼ਤ ਦੇ ਇਨ੍ਹਾਂ ਸਿੰਘ ਸਾਹਿਬਾਨਾਂ ਦਾ ਕੁਝ ਭੀ ਪਤਾ ਹੁੰਦਾ ਸੀ, ਬੱਸ ਪ੍ਰਾਪੇਗੰਡਾ ਹੀ ਸੱਚ ਹੁਣ ਸੱਚ ਸਾਹਮਣੇ ਆਏ ਕਿ ਇਹ ਇਕ ਧਰਮ ਨਾਲ ਜੋੜ ਕੇ ਨਮੂਜ ਹੀ ਹੈ ਗੁਰਦੁਆਰਿਆਂ ਦੇ ਗ੍ਰੰਥੀ ਜੱਜ ਬਣਾ ਧਰੇ, ਕੋਈ ਜੱਜ ਲਫਾਫੇ ਫੜਦਾ ਹੁੰਦਾ ਹੈ? ਦੂਜਾ ਕਿ ਹੁਕਮਨਾਮਾ ਜਾਂ ਜਥੇਦਾਰ ਦੀ ਕੀਤੀ ਅੰਨੀ-ਕਾਣੀ ਕਬੂਲ, ਫੇਰ ਕੀ ਹੱਕ ਸੀ ਹਰਿਪ੍ਰੀਤ ਸਿੰਘ ਨੂੰ ਸਵ: ਪ੍ਰਕਾਸ਼ ਸਿੰਘ ਬਾਦਲ ਹੋਰਾਂ ਦਾ (ਫ਼ਖਰੇ ਕੌਮ ਵਾਪਸੀ ਦਾ)? ਦੂਜਾ ਸਾਬਕਾ ਜ: ਗੁਰਬਚਨ ਸਿੰਘ ਦੇ ਭੱਤੇ ਰੱਦ ਦਾ? ਤੀਜਾ ਆਹ ਦਮਦਮੀ ਟਕਸਾਲ ਦਾ ਬਾਬਾ ਧੁੰਮਾਂ ਭੀ ਸ਼੍ਰੋਮਣੀ ਕਮੇਟੀ ਦੀ ਹਮਾਇਤ ਨਾਲ ਬਾਬਾ ਰਾਮ ਸਿੰਘ ਨੂੰ ਪਿਛਾਂਹ ਸਿੱਟ ਗੱਦੀ ਸੰਭਾਲੀ ਹੁਣ ਭੁੰਡੀ ਲੜੀ ਵਿਰੋਧ ਦੀ, ਬਣਦਾ ਤਾਂ ਇਹ ਹੈ ਕਿ ਇਹਨੂੰ ਲਾਹੋ। ਸਿੱਠਣੀ (ਨਿਲੱਜਿਉ ਲੱਜ ਤੁਹਾਨੂੰ ਨਹੀਂ) ਚਲੋ ਪ੍ਰਮਾਤਮਾਂ ਦੀ ਮਿਹਰ ਹੀ ਹੈ 28 ਭਾਵੀ ਤੋਂ ਬੱਚ ਗਈ ਅਰਦਾਸੀ ਹੋਵੋ, ਧਰਮ ਤਾਂ ਆਤਮਾਂ ਲਈ ਦੀਵਾ ਹੈ, ਚਾਨਣ ਲਈ ਜਗਾਵੋ? ਨਾ ਬੁਝਾਵੋ। ਡਰੋ ਹਰ ਵੇਲੇ ਰਚਨਹਾਰ ਤੋਂ ਹੰਕਾਰ ਪਾਊ ਮਾਰ, ਪੰਥ ਪਤਾ ਨਹੀਂ ਕੀਹਨੂੰ ਆਖੀ ਜਾਂਦੇ ਹਾਂ, ਸਾਬਤ ਕਰਤਾ ਕਿ ਪਹਿਲਾਂ ਕਾਂਗਰਸ ਨੇ ਹੁਣ ਭਾਜਪਾ ਨੇ ਸਾੜਸਤੀ ਲਿਆਂਦੀ ਹੋਈ ਹੈ ਬਾਬੇ ਧੁੰਮੇ ਦੇ ਭੀ ਹੁਣ ਬੱਸ ਦਿਨ ਚਾਰ ਟਕਸਾਲ ਭੀ ਵਿਵਾਦਾਂ ਵਿੱਚ, ਤਾਂ ਹੀ ਭਾਜਪਾ ਦੇ ਚਰਨੀ ਗਿਆ, ਕਸੂਰ ਸਾਡਾ ਹੀ ਹੈ ਜੋ ਬਾਗੀ ਹੋ ਕੇ ਖੇਰੂੰ ਖੇਰੂੰ ਹੋਏ ਸਹਾਰੇ ਭਾਲਦੇ ਨੇ ਸਰਕਾਰਾਂ ਦੇ **ਰਾਖਾ ਏਕ ਹਮਾਰਾ ਸੁਆਮੀ,** ਇਹੀ ਟੇਕ ਨੇ ਨਾਲ ਨਿਭਣਾ।

## ਨਿਰਣਾ

ਤੇਰੀ ਇਕੋ ਅੱਖ ਸੁਲੱਖਣੀ ਪਈ ਟੀਪਾਂ ਢਾਲ੍ਹੇ, ਤੈਨੂੰ ਨਿਉ ਕਰਨ ਸਲਾਮਾਂ ਦੋ ਦੋ ਅੱਖੀਆਂ ਵਾਲੇ, ਇਸ ਲਿਖਤ ਦਾ ਮੰਤਵ ਕੀ? ਅੱਜ ਕੱਲ੍ਹ ਅਕਾਲੀ ਫੂਲਾ ਸਿੰਘ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਚਰਚਾ, ਰਾਜ ਮੋੜ ਲਿਆਉਣ ਦੇ ਸ਼ੇਖ ਚਿਲੀ ਰਾਗ, ਅਕਾਲ ਤਖ਼ਤ ਦੀ ਮਹਾਨ-ਤਾ, ਜੀ ਹੁਕਮ ਮੋੜਿਆ ਹੀ ਨਹੀਂ ਜਾ ਸਕਦਾ, ਜਿਹੜਾ ਨਾ ਮੰਨੇ ਬੇਈਮਾਨ ਆਦਿ। ਤੱਥਾਂ ਆਧਾਰਤ ਖੋਜ ਇਤਿਹਾਸ ਤੇ ਸੱਚ, ਸਬੂਤ ਹਾਜ਼ਰ ਕਰਦੀ ਹਾਂ ਬਾਬਾ ਫੂਲਾ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਸਨ, ਬਾਰੇ ਪਿਛਲੇ ਅੰਕ ਵਿੱਚ ਲੱਗਦਾ ਵਾਂਬਰਿਆਂ ਦੀ ਤਰ੍ਹਾਂ ਹੀ ਸਿੱਖ ਰਾਜ ਮੁੜ ਲਿਆਵਾਂ? ਉਹ ਹਕੂਮਤ ਹੁਣ ਸੁਤੰਤਰਤਾ ਜਦੋਂ ਇਸ ਤਰ੍ਹਾਂ ਦਾ ਢੰਡੋਰਾ ਪਿੱਟ ਹੋਵੇ ਅਲੋਚਣਾ, ਪੜਚੋਲ ਅਵੱਸ਼ ਇਸ ਲੇਖ ਵਿੱਚ ਵਿਸ਼ਾ: ਮਹਾਰਾਜੇ ਦੀ ਮੋਰਾਂ (ਮਾਈ ਮੋਰਾਂ) ਦਾ ਇਸ ਕਰਕੇ ਹੈ ਕਿ ਜਥੇਦਾਰ ਨੇ ਕੋਰੜੇ ਮਾਰੇ ਕਹਿੰਦੇ ਨੇ ਕਿਉਂ ਹੁਣ ਘੱਟ ਬੋਲਦੇ ਹਨ ਕਿਉਂਕਿ ਸ਼ੇਰੇ-ਪੰਜਾਬ ਨੇ ਇਕ ਮੁਸਲਮਾਨ ਨਾਚੀ ਨਾਲ ਨਿਕਾਹ ਕਰ ਲਿਆ ਸੀ, ਸਿੱਖਾਂ ਦੀ ਹੇਠੀ ਮੰਨ ਮਹਾਰਾਜੇ ਨੂੰ ਸਜ਼ਾ (ਤਨਖਾਹ) ਮੈਂ ਇਸ ਵਿਵਾਦ ਵਿੱਚ ਨਹੀਂ ਪੈਣਾ ਕਿ ਕੋਰੜੇ ਮਾਰੇ ਜਾਂ ਨਾ, ਪਰ ਇਹ ਅਵੱਸ਼ਕਤਾ ਹੈ ਕਿ ਕੀ ਮਹਾਰਾਜੇ ਨੇ ਫੇਰ ਹੁਕਮ ਮੰਨਿਆ ਤੇ ਮੋਰਾਂ ਨਿਕਾਰਤੀ ਤਲਾਕ ਤੀ? ਲਿਖਣਾ ਬਣਦਾ ਹੈ ਕਿ ਮੋਰਾਂ ਗਰੀਬ, ਨੀਮੀ ਜਾਤ ਵਿੱਚ ਜਨਮੀ ਅੰਮ੍ਰਿਤਸਰ ਲਾਹੌਰ ਨੇੜੇ ਪਿੰਡ ਵਿੱਚੋਂ ਸੀ, ਗੁਰਬਤ ਦੀ ਮਾਰੀ ਨਾਚੀ ਤਾਂ ਬਣੀ ਪਰ ਪ੍ਰਮਾਤਮਾਂ ਦੀ ਦੇਣ ਹੁਨਰ, ਸੁਘੜਤਾ ਤੇ ਬੁੱਧੀ ਪੱਖੋਂ ਭੀ ਤੇ ਹੁਸਨ ਵੱਲੋਂ ਭੀ ਕੋਈ ਘਾਟ ਨਹੀਂ ਸੀ, ਮਹਾਰਾਜੇ ਦੇ ਮਨੋਰੰਜਨ ਲਈ ਭਾਰਤ-ਪਾਕਿ ਬਾਰਡਰ ਨੇੜੇ ਬਾਰਾਂਦਰੀ ਜੋ ਅੱਜ ਖੰਡਰ ਬਣੀ ਪਈ ਹੈ ਨਾਚੀ ਸੀ, ਆਪਣੀ ਹੁਨਰਮੰਦੀ ਤੇ ਅਕਲ ਸਦਕਾ ਬਰਾਦਰੀ ਤੇ ਲੋਕਾਂ ਦੀਆਂ ਔਕੜਾਂ ਰਾਜੇ ਤੱਕ ਲਿਜਾਂਦੀ, ਮਹਾਰਾਜੇ ਨੇ ਭੀ ਬੜੇ ਭੱਤੇ ਦੇ ਕੇ ਦੂਰ ਕੀਤੀਆਂ ਤੇ ਮੋਰਾਂ ਤਾਂ ਵਜ਼ੀਰਾਂ ਤੋਂ ਉਪਰ ਸੀ,

ਮੇਰਾ ਭਾਵ ਹੈ ਕਿ ਅੱਜ ਸਿੱਖਾਂ ਨੂੰ ਗੁਮ-ਰਾਹ ਕੀਤਾ ਜਾਂਦਾ ਹੈ ਕਿ ਜੀ ਅਕਾਲ ਤਖ਼ਤ ਦਾ ਹੁਕਮ ਕੋਈ ਮੋੜ ਨਹੀਂ ਸਕਦਾ ਮੰਨਣਾ ਹੀ ਪੈਂਦਾ ਹੈ ਫੇਰ ਸ਼ੇਰੇ-ਪੰਜਾਬ ਨੇ ਤਾਂ ਸਾਰਾ ਮੰਨਿਆ ਨਹੀਂ ਮੋਰਾਂ ਸਰਕਾਰ ਭੀ ਬਣੀ ਸਿੱਕਾ ਭੀ ਚੱਲਿਆ, ਯਾਦਗਾਰਾਂ ਭੀ ਬਣੀਆਂ ਮਾਈ ਮੋਰਾਂ ਮਸਜਿਦ ਆਦਿ ਅੰਤ 83 ਕੁ ਸਾਲ ਦੀ ਆਯੂ ਭੋਗ ਫੌਤ ਹੋਈ ਤੇ ਲਾਹੌਰ ਮਕਬਰੇ 'ਤੇ ਮੋਰਾਂ ਪਤੀ ਰਣਜੀਤ ਸਿੰਘ ਲਿਖਿਆ ਹੈ, ਲੋਕੀ ਤਾਂ ਦਰਗਾਹ ਵਾਂਗੂੰ ਸੁੱਖਾਂ ਲਹੁੰਦੇ ਹਨ ਮਾਈ ਮੋਰਾਂ ਦੀ ਪ੍ਰਸਿੱਧੀ ਅੱਜ ਤੱਕ ਹੈ ਲਾਹੌਰ ਦੇ ਪਾਪੜ ਬਜ਼ਾਰ ਵਿੱਚ ਜਾ ਕੇ ਦੇਖ ਸਕਦੇ ਹੋ, ਸਾਰ-ਅੰਸ਼ ਕਿ ਲੋਕਾਂ ਨੂੰ ਭੰਬਲਭੂਸੇ ਵਿੱਚ ਪਾ ਕੇ ਅਕਾਲ ਤਖ਼ਤ ਦੀ ਤਵਾਰੀਖ ਬਣਾ ਕੇ ਆਪਣੇ ਹਿੱਤ ਪਾਲਣੇ ਕੌਮੀ ਸੇਵਾ ਨਹੀਂ ਪੁਲੰਦੇ ਬਣਾ ਰਹੇ ਅੱਜ ਦੇ ਸਿਆਸਤਦਾਨ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਇਤਿਹਾਸ ਦੇ ਕੁਝ ਅਣਗੌਲੇ ਵਿਅਕਤੀ ਅਤੇ ਘਟਨਾਵਾਂ

ਜਸਵਿੰਦਰ ਸਿੰਘ "ਰੁਪਾਲ"
ਵਟਸਐਪ ਨੰਬਰ 9814715796



ਵੱਖ ਵੱਖ ਸਮੇ ਅਜਿਹੇ ਵਿਅਕਤੀ ਪੈਦਾ ਹੋਏ, ਜਿਨ੍ਹਾਂ ਨੇ ਕੁਝ ਅਜਿਹੇ ਕੰਮ ਕੀਤੇ ਜਿਹਨਾਂ ਕਾਰਨ ਉਹਨਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਵਿਚ ਦਰਜ ਹੋ ਗਿਆ। ਆਉਣ ਵਾਲੀਆਂ ਪੀੜ੍ਹੀਆਂ ਵੱਖ ਵੱਖ ਸਮੇਂ ਇਹਨਾਂ ਵਿਅਕਤੀਆਂ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ ਅਤੇ ਇਹਨਾਂ ਦੇ ਵਿਲੱਖਣ ਕਾਰਜ ਲਈ ਇਹਨਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੀਆਂ ਰਹਿੰਦੀਆਂ ਹਨ। ਕੁਝ ਵਿਅਕਤੀਆਂ ਦੇ ਕੀਤੇ ਕੁਝ ਕੰਮ ਅਜਿਹੇ ਵੀ ਹੁੰਦੇ ਹਨ, ਜਿਹਨਾਂ ਦਾ ਉਸ ਸਮੇਂ ਦੇ ਸਮਾਜ ਲਈ ਵੀ ਅਤੇ ਬਾਅਦ ਵਿਚ ਵੀ ਕੁਝ ਸਕਾਰਾਤਮਕ ਅਸਰ ਜਰੂਰ ਹੁੰਦਾ ਹੈ, ਪਰ ਜਾਣੇ ਅਣਜਾਣੇ ਇਹ ਵਿਅਕਤੀ ਲੋਕਾਂ ਨੂੰ ਭੁੱਲ ਜਾਂਦੇ ਹਨ ਅਤੇ ਇਹਨਾਂ ਵਲੋਂ ਕੀਤੇ ਉਹ ਚੰਗੇ ਅਤੇ ਪ੍ਰੇਰਨਾਤਮਕ ਕਾਰਜ ਵੀ ਵਕਤ ਦੀ ਧੂੜ ਹੇਠ ਦੱਬ ਕੇ ਰਹਿ ਜਾਂਦੇ ਹਨ। ਅੱਜ ਅਸੀਂ ਕੁਝ ਅਜਿਹੀਆਂ ਸ਼ਖਸ਼ੀਅਤਾਂ ਅਤੇ ਉਹਨਾਂ ਦੇ ਕੀਤੇ ਕਾਰਜ ਯਾਦ ਕਰਾਂਗੇ ਜਿਹਨਾਂ ਨੂੰ ਯਾਦ ਕਰਨਾ ਬਣਦਾ ਸੀ, ਪਰ ਉਹਨਾਂ ਦਾ ਜਿਕਰ ਬਹੁਤ ਹੀ ਘੱਟ ਕੀਤਾ ਜਾਂਦਾ ਰਿਹਾ ਹੈ। ਇਹ ਦਾਅਵਾ ਨਹੀਂ ਕਿ ਅਣਗੌਲੇ ਸਾਰੇ ਵਿਅਕਤੀਆਂ ਦਾ ਜਿਕਰ ਹੈ, ਇਹ ਤਾਂ ਕੁਝ ਝਲਕੀਆਂ ਹਨ, ਬੱਸ !

ਝਲਕਾਰੀ ਬਾਈ (22 ਨਵੰਬਰ 1830 - 5 ਅਪ੍ਰੈਲ1858)-ਦਲਿਤ ਸ਼੍ਰੇਣੀ ਨਾਲ ਸੰਬੰਧਿਤ ਝਲਕਾਰੀ ਬਾਈ 1857 ਈਸਵੀ ਦੇ ਗਦਰ ਵਿਚ ਹਿੱਸਾ ਲੈਣ ਵਾਲੀ ਇਕ ਬਹਾਦਰ ਸਿਪਾਹੀ ਸੀ। ਉਹ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਸੈਨਾ ਵਿਚ ਸੇਵਾ ਕਰਦੀ ਸੀ। ਉਹ ਸੈਨਾ ਦੇ ਇਸਤਰੀ ਵਿੰਗ ਦੀ ਕਮਾਂਡਰ ਵੀ ਬਣੀ। ਆਪਣੀ ਲਿਆਕਤ ਸਦਕਾ ਉਹ ਰਾਣੀ ਲਕਸ਼ਮੀ ਬਾਈ ਦੇ ਮੁੱਖ ਸਲਾਹਕਾਰ ਦੇ ਅਹੁਦੇ ਤੱਕ ਪੁੱਜ ਗਈ ਸੀ। 1857 ਵਿਚ ਜਦੋਂ ਜਨਰਲ ਹਿਊਗ ਰੋਜ ਨੇ ਵੱਡੀ ਭਾਰੀ ਸੈਨਾ ਨਾਲ ਝਾਂਸੀ ਦੀ ਰਾਣੀ ਤੇ ਹਮਲਾ ਕੀਤਾ ਤਾਂ ਅਤਿ ਸੰਕਟ ਦੇ ਸਮੇਂ ਜਦੋ ਅੰਗਰੇਜ਼ਾਂ ਨੇ ਉਸ ਦੇ ਕਿਲੇ ਤੇ ਹਮਲਾ ਕੀਤਾ ਤਾਂ ਆਪਣੇ ਸਲਾਹਕਾਰਾਂ ਦੀ ਮੰਨਦੇ ਹੋਏ ਲਕਸ਼ਮੀ ਬਾਈ ਆਪਣੇ ਪੁੱਤਰ ਨੂੰ ਲੈ ਕੇ ਬਚ ਨਿਕਲੀ । ਤਦ ਝਲਕਾਰੀ ਬਾਈ ਨੇ,ਜਿਸ ਦੀ ਸ਼ਕਲ ਲਕਸ਼ਮੀ ਬਾਈ ਨਾਲ ਮਿਲਦੀ ਸੀ, ਰਾਣੀ ਝਾਂਸੀ ਦਾ ਰੂਪ ਧਾਰਨ ਕੀਤਾ ਅਤੇ ਰਣ ਦੇ ਮੈਦਾਨ ਵਿਚ ਕੁੱਦ ਪਈ। ਇਸ ਜੰਗ ਵਿਚ ਝਲਕਾਰੀ ਬਾਈ ਨੇ ਸ਼ਹੀਦੀ ਪ੍ਰਾਪਤ ਕੀਤੀ ।ਪਰ ਉਸ ਦੇ ਇਸ ਤਰਾਂ ਕਰਨ ਕਰਕੇ ਲਕਸ਼ਮੀ ਬਾਈ ਆਸਾਨੀ ਨਾਲ ਸੁਰਖਿਅਤ ਬਚ ਗਈ । ਝਲਕਾਰੀ ਬਾਈ ਨੇ ਲਕਸ਼ਮੀ ਬਾਈ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਮੇਵਾੜ ਦੀ ਭੁੱਲ ਚੁੱਕੀ ਨਾਇਕਾ ਪੰਨਾ ਦਾਈ (16ਵੀ ਸਦੀ)-ਰਾਣਾ ਸੰਘਾ ਦੀ ਚੌਥੀ ਸੰਤਾਨ ਰਾਜਾ ਉਦੈ ਸਿੰਘ ਦੀ ਦਾਈ ਸੀ ਪੰਨਾ ਦਾਈ। ਰਾਣਾ ਸੰਘਾ ਦੇ ਭਤੀਜੇ ਬਨਵੀਰ ਨੇ ਵਿਕਰਮਾਦਿੱਤ ਦਾ ਕਤਲ ਕਰ ਦਿੱਤਾ ਸੀ। ਉਹ ਆਪ ਰਾਜ ਭਾਗ ਸੰਭਾਲਣ ਲਈ ਕੁਝ ਵੀ ਕਰਨ ਲਈ ਤਿਆਰ ਸੀ। ਉਸ ਨੇ ਆਪਣੇ ਰਾਹ ਵਿਚੋਂ ਰੋੜਾ ਹਟਾਉਣ ਲਈ ਸੁੱਤੇ ਪਏ ਉਦੈ ਸਿੰਘ ਨੂੰ ਮਾਰਨਾ ਚਾਹਿਆ। ਪਰ ਪੰਨਾ ਦਾਈ ਪੂਰੀ ਤਰਾਂ ਸੁਚੇਤ ਸੀ ਅਤੇ ਉਸਨੇ ਇੱਕ ਹੋਰ ਸਹਾਇਕ ਕੀਰਤ ਦੀ ਮੱਦਦ ਨਾਲ ਉਦੈ ਸਿੰਘ ਨੂੰ ਟੋਕਰੀ ਵਿਚ ਪਾ ਕੇ ਮਹਿਲਾਂ ਤੋਂ ਬਾਹਰ ਭੇਜ ਦਿੱਤਾ ਅਤੇ ਉਸਦੀ ਥਾਂ ਆਪਣੇ ਪੁੱਤਰ ਚੰਦਨ ਨੂੰ ਪਾ ਦਿੱਤਾ। ਜਾਲਮ ਬਨਵੀਰ ਨੇ ਪੰਨਾ ਦਾਈ ਦੀਆਂ ਅੱਖਾਂ ਸਾਹਮਣੇ ਉਸਦੇ ਪੁੱਤਰ ਚੰਦਨ ਦਾ ਕਤਲ ਕਰ ਦਿੱਤਾ। ਉਦੈ ਸਿੰਘ ਉਦੋਂ 15 ਵਰ੍ਹਿਆਂ ਦਾ ਸੀ। ਪੰਨਾ ਅਤੇ ਉਦੈ ਸਿੰਘ ਕੰਭਲਗੜ ਚਲੇ ਗਏ ਜਿਥੇ ਉਦੈ ਸਿੰਘ ਦੇ ਨਾਨਕਿਆਂ ਨੇ ਉਸਨੂੰ ਸੰਭਾਲ ਲਿਆ। ਅਤੇ ਕੁਝ ਦੇਰ ਬਾਅਦ ਬਨਵੀਰ ਤੇ ਹਮਲਾ ਕਰਕੇ ਉਦੈ ਸਿੰਘ ਨੂੰ ਹੀ ਰਾਜ ਦੁਆਇਆ।

ਜਲ ਕ੍ਰਾਂਤੀ ਵਾਲਾ ਰਜਿੰਦਰ ਸਿੰਘ (6 ਅਗਸਤ 1959)-ਭਾਰਤ ਦੇ ਵਾਟਰਮੈਨ ਵਜੋਂ ਜਾਣੇ ਜਾਂਦੇ ਰਜਿੰਦਰ ਸਿੰਘ ਨੂੰ ਸ਼ਾਇਦ ਇਤਿਹਾਸ ਨੇ ਭੁਲਾ ਦਿੱਤਾ ਹੈ। ਉਸਨੇ ਰਾਜਸਥਾਨ ਦੇ ਖੁਸ਼ਕ ਖੇਤਰ ਵਿਚ ਪਾਣੀ ਦੀ ਸੰਭਾਲ ਦੇ ਵੱਡੇ ਯਤਨ ਕੀਤੇ ਸਨ। ਉਸਨੇ ਮੀਂਹ ਦੇ ਪਾਣੀ ਨਾਲ ਫਸਲਾਂ ਦੀ ਸਿੰਚਾਈ ਕਰਨ, ਅਤੇ ਦਰਿਆਵਾਂ ਦੇ ਪਾਣੀ ਨੂੰ ਸੰਭਾਲਣ ਲਈ ਠੋਸ ਉਪਾਅ ਦੱਸੇ ਸਨ। ਉਹਨਾਂ ਤਕਨੀਕਾਂ ਦਾ ਪੇਂਡੂ ਖੇਤਰ ਤੇ ਕਾਫੀ ਅਸਰ ਪਿਆ ਸੀ, ਪਰ ਉਸਦੀ ਦੇਣ ਨੂੰ ਕੋਈ ਯਾਦ ਨਹੀਂ ਕਰਦਾ। ਉਸਨੂੰ 2001 ਵਿਚ ਮੈਗਾਸੈਸਾ ਐਵਾਰਡ ਮਿਲਿਆ ਸੀ ਅਤੇ 2015 ਵਿਚ ਪ੍ਰਸਿੱਧ ਸਟਾਕਹੋਮ ਵਾਟਰ ਪਰਾਈਜ ਮਿਲਿਆ।

ਇਕ ਵਾਤਾਵਰਣ ਵਿਗਿਆਨੀ-ਭਗਤ ਪੂਰਨ ਸਿੰਘ (1904-1992)-ਭਗਤ ਪੂਰਨ ਸਿੰਘ ਜੀ ਨੂੰ ਸੰਸਾਰ ਨੇ ਸੇਵਾ ਦੇ ਮੁਜੱਸਮੇ ਵਜੋਂ ਹੀ ਮਾਣ ਦਿੱਤਾ ਹੈ। ਅਨਾਥਾਂ ਦੀ ਪਿੰਗਲਵਾੜੇ ਰਾਹੀਂ ਕੀਤੀ ਸੇਵਾ ਬਿਨਾਂ ਸ਼ੱਕ ਉੱਤਮ ਸੀ, ਪਰ ਭਗਤ ਜੀ ਦਾ ਵਾਤਾਵਰਣ ਸੰਭਾਲ ਪ੍ਰਤੀ ਯੋਗਦਾਨ ਦੀ ਗੱਲ ਬਹੁਤ ਘੱਟ ਹੋਈ ਹੈ। ਪਿੰਗਲਵਾੜੇ ਵਿਚ ਜਿੰਨਾ ਵੀ ਕਾਗਜ਼ ਲਿਖਣ ਜਾਂ ਟਾਈਪ ਕਰਨ ਲਈ ਵਰਤਿਆ ਜਾਂਦਾ ਸੀ, ਉਹ ਕੈਲੰਡਰਾਂ ਦੇ ਪਿਛਲੇ ਪਾਸੇ ਦਾ ਖਾਲੀ ਹਿੱਸਾ ਹੁੰਦਾ ਸੀ। ਭਗਤ ਜੀ ਨੂੰ ਰੁੱਖ ਲਗਾਉਣ, ਰੁੱਖ ਬਚਾਉਣ ਦਾ ਜਨੂੰਨ ਸੀ। ਉਹਨਾਂ ਨੇ ਧਰਤੀ, ਪਾਣੀ, ਹਵਾ, ਰੁੱਖ ਅਤੇ ਸਮੁੱਚੇ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਨਾ ਦੇਣ ਵਾਲੇ ਹਜਾਰਾਂ ਦੀ ਗਿਣਤੀ ਵਿਚ ਪੈਂਫਲਿਟ ਮੁਫ਼ਤ ਵੰਡੇ ।

ਮੇਘਾਲਿਆ ਦਾ ਆਜ਼ਾਦੀ ਘੁਲਾਟੀਆ ਯੂ ਕਿਆਂਗ ਨੰਗਬਾ (1862)-ਯੂ ਕਿਆਂਗ ਨੰਗਬਾ ਨੇ ਉੱਤਰ-ਪੂਰਬੀ ਭਾਰਤ ਵਿਚ ਅੰਗਰੇਜ਼ੀ ਰਾਜ ਵਿਰੁੱਧ ਜੈਨਤੀਆ ਲਹਿਰ ਦੀ ਅਗਵਾਈ ਕੀਤੀ ਸੀ। 30 ਸਤੰਬਰ 1862 ਨੂੰ ਅੰਗਰੇਜ਼ਾਂ ਨੇ ਉਸਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ, ਪਰ ਉਹ ਆਪਣੇ ਲੋਕਾਂ ਵਿਚ ਅੰਗਰੇਜ਼ਾਂ ਵਿਰੁੱਧ ਬਗਾਵਤ ਦੇ ਬੀਜ ਬੀਜਣ ਵਿਚ ਕਾਮਯਾਬ ਰਿਹਾ । ਜਿਹੜਾ ਅਗਲੀਆਂ ਅਜਾਦੀ ਲਈ ਲੜਾਈਆਂ ਅਤੇ ਬਗਾਵਤਾਂ ਸਮੇਂ ਰੁੱਖ ਬਣਿਆ।

ਮਹਾਰਾਸ਼ਟਰ ਦੀ ਨਿਡਰ ਪੱਤਰਕਾਰ ਹੀਰਾ ਬਾਈ-(18-19ਵੀ ਸਦੀ) ਅੰਗਰੇਜਾਂ ਦੇ ਮਰਾਠਿਆਂ ਨਾਲ ਹੋਏ ਜੰਗਾਂ ਲਈ ਇਹ ਜੰਗ ਦੇ ਵੇਰਵੇ ਪੇਸ਼ ਕਰਨ ਵਾਲੀ ਇਕ ਨਿਡਰ ਪੱਤਰਕਾਰ ਸੀ। ਖਾਸ ਕਰਕੇ ਉਸ ਸਮੇਂ ਵਿਚ ਜਦੋਂ ਇਕ ਔਰਤ ਲਈ ਪੱਤਰਕਾਰੀ ਵਰਗਾ ਕੰਮ ਬਹੁਤ ਜੋਖਿਮ ਭਰਿਆ ਕੰਮ ਸੀ। ਅਤੇ ਉਹ ਵੀ ਜੰਗ ਦੀ ਪੱਤਰਕਾਰ। ਪਰ ਇਸ ਦੇ ਜਿਆਦਾ ਵੇਰਵੇ ਇਤਿਹਾਸਕ ਸ੍ਰੋਤਾਂ ਵਿਚ ਨਹੀਂ ਮਿਲਦੇ।

ਇਕ ਸਾਹਸੀ ਔਰਤ ਰਾਣੀ ਅਬਾਕਾ ਚੌਤਾ (1525-1570)-ਰਾਣੀ ਅੱਬਾਕਾ ਚੌਤਾ ਕਰਨਾਟਕ ਵਿਚ ਉਲਾਲ ਦੀ ਰਾਣੀ ਸੀ, ਜਿਹੜੀ 16ਵੀ ਸਦੀ ਵਿਚ ਪੁਰਤਗਾਲੀ ਹਮਲਾਵਰਾਂ ਦੇ ਵਿਰੁੱਧ ਲੜੀ ਸੀ। ਪੁਰਤਗਾਲੀ ਵਾਰ ਵਾਰ ਉਲਾਲ ਤੇ ਕਬਜਾ ਕਰਨ ਲਈ ਹਮਲੇ ਕਰਦੇ ਰਹੇ ਪਰ ਅਬਾਕਾ ਨੇ ਹਰ ਵਾਰੀ ਹਮਲਾ ਪਛਾੜ ਦਿੱਤਾ। ਉਹ ਚਾਰ ਦਹਾਕਿਆਂ ਤੱਕ ਪੁਰਤਗਾਲੀਆਂ ਨਾਲ ਲੜਦੀ ਰਹੀ। ਆਪਣੇ ਹੌਂਸਲੇ ਅਤੇ ਨਿਡਰਤਾ ਕਰਕੇ ਉਸਨੂੰ ਅਭੈ ਰਾਣੀ ਵੀ ਕਿਹਾ ਜਾਂਦਾ ਹੈ। ਯੂਰਪੀਅਨ ਬਸਤੀਵਾਦ ਵਿਰੁੱਧ ਉਸਦੀ ਲੜਾਈ ਨੇ ਜਨਤਾ ਨੂੰ ਕਾਫੀ ਜਾਗ੍ਰਿਤ ਕੀਤਾ। ਕਈ ਵਾਰ ਉਸਨੂੰ ਅਜਾਦੀ ਲਈ ਲੜਨ ਵਾਲੀ ਪਹਿਲੀ ਔਰਤ ਵੀ ਕਿਹਾ ਜਾਂਦਾ ਹੈ, ਪਰ ਆਮ ਕਰਕੇ ਉਸਦੀ ਚਰਚਾ ਜਿਆਦਾ ਨਹੀਂ ਹੋ ਰਹੀ।

ਸਿਆਮ ਪ੍ਰਸਾਦ ਮੁਖਰਜੀ ਦੀ ਸ਼ਰਨਾਰਥੀਆਂ ਦੀ ਵਕਾਲਤ (1901-1953)-ਭਾਰਤੀ ਜਨ ਸੰਘ ਦੇ ਸੰਸਥਾਪਕ ਵਜੋਂ ਜਾਣੇ ਜਾਂਦੇ ਸਿਆਮ ਪ੍ਰਸਾਦ ਮੁਖਰਜੀ ਨੇ ਭਾਰਤ ਦੀ ਵੰਡ ਸਮੇ ਸ਼ਰਨਾਰਥੀਆਂ ਦੇ ਹੱਕਾਂ ਲਈ ਅਤੇ ਮੁੜ ਵਸੇਬੇ ਲਈ ਵਧੀਆ ਸਾਰਥਕ ਯਤਨ ਕੀਤੇ। ਉਹਨਾਂ ਦੀ ਇਹ ਦੇਣ ਦਾ ਇਤਿਹਾਸ ਵਿਚ ਉਸ ਤਰ੍ਹਾਂ ਜਿਕਰ ਨਹੀਂ ਹੋਇਆ, ਜਿਵੇਂ ਹੋਣਾ ਚਾਹੀਦਾ ਸੀ।

ਇਨਕਲਾਬੀ ਕਵੀ ਜੋਰਾ ਸਿੰਘ ਬੱਧਣੀ (1911-1985)-ਇਹ ਅਣਗੌਲਿਆ ਕਵੀ ਅੰਗਰੇਜਾਂ ਵਿਰੁੱਧ ਜੋਸ਼ੀਲੀਆਂ ਕਵਿਤਾਵਾਂ ਲਿਖ ਕੇ ਜਨਤਾ ਵਿਚ ਅੰਗਰੇਜ਼ੀ ਰਾਜ ਵਿਰੁੱਧ ਬਾਗੀ ਸੁਰ ਪੈਦਾ ਕਰਨ ਵਾਲਾ ਪੰਜਾਬੀ ਕਵੀ ਮੰਨਿਆ ਗਿਆ ਹੈ। ਉਸਦੀਆਂ ਲਿਖਤਾਂ ਇਨਸਾਫ ਅਤੇ ਬਹਾਦਰੀ ਦੀ ਗੱਲ ਕਰਦੀਆਂ ਸਨ। ਪਰ ਪੰਜਾਬੀ ਸਾਹਿਤ ਇਸ ਨੂੰ ਭੁਲਾ ਚੁੱਕਿਆ ਲਗਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਪ੍ਰਬੰਧਕੀ ਸੁਧਾਰ (1670-1716)-ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਰਾਜ ਕਾਇਮ ਕਰਨ ਅਤੇ ਅਣਮਨੁੱਖੀ ਤਸੀਹੇ ਸਹਿੰਦਿਆਂ ਦਿੱਤੀ ਸ਼ਹਾਦਤ ਕਰਕੇ ਤਾਂ ਬਹੁਤ ਯਾਦ ਕੀਤਾ ਜਾਂਦਾ ਹੈ। ਪਰ ਉਹਨਾਂ ਪ੍ਰਬੰਧਕੀ ਸੁਧਾਰਾਂ ਦੀ ਚਰਚਾ ਘੱਟ ਹੁੰਦੀ ਹੈ, ਜੋ ਉਹਨਾਂ ਆਪਣੇ ਰਾਜ ਦੌਰਾਨ ਕਰ ਦਿਖਾਏ। ਉਹਨਾਂ ਨੇ ਜਿੰਮੀਦਾਰੀ ਪ੍ਰਥਾ ਪੂਰੀ ਤਰਾਂ ਖਤਮ ਕਰ ਦਿੱਤੀ ਸੀ ਅਤੇ ਕਿਸਾਨਾਂ ਵਿਚ ਜਮੀਨ ਦੀ ਵੰਡ ਕੀਤੀ ਸੀ। ਜਮੀਨ ਵਾਹੁਣ ਵਾਲੇ ਨੂੰ ਮਾਲਕੀ ਦੇ ਹੱਕ ਦਿਵਾਉਣੇ ਇਕ ਬਹੁਤ ਵੱਡਾ ਇਨਕਲਾਬੀ ਕਦਮ ਸੀ, ਜਿਹੜਾ ਕਿ ਸਮਾਜਿਕ ਬਰਾਬਰੀ ਦਾ ਮੂੰਹ ਬੋਲਦਾ ਸਬੂਤ ਸੀ। ਇਸ ਦੀ ਚਰਚਾ ਬਹੁਤ ਘੱਟ ਹੋਈ ਹੈ।

### ਅਣਗੌਲੀਆਂ ਘਟਨਾਵਾਂ

ਚੁੱਪ ਵਾਦੀ ਦਾ ਵਿਰੋਧ (1970-80)-ਕੇਰਲਾ ਦੀ ਚੁੱਪ ਵਾਦੀ(ਸਿਲਇਨਟ ਵਓਲਲਏ) ਦਾ ਵਿਰੋਧ ਵਾਤਾਵਰਣ ਲਈ ਉੱਠੀਆਂ ਲਹਿਰਾਂ ਵਿਚੋਂ ਪ੍ਰਮੁੱਖ ਸੀ। ਸਥਾਨਕ ਲੋਕਾਂ, ਸਮਾਜ ਸੇਵਕਾਂ ਅਤੇ ਵਾਤਾਵਰਣ ਪ੍ਰੇਮੀਆਂ ਦੁਆਰਾ ਮਿਲ ਕੇ ਕੀਤਾ ਸੰਘਰਸ਼ ਏਕੇ ਦੀ ਤਾਕਤ ਦਾ ਜਾਹਰਾ ਸਬੂਤ ਸੀ ਜਿਸ ਨੇ ਮੀਂਹ ਸੰਭਾਲਣ ਵਾਲੇ ਜੰਗਲਾਂ ਵਿਚੋਂ ਬਚੇ ਆਖਰੀ ਜੰਗਲ ਨੂੰ ਬਚਾ ਲਿਆ ਸੀ। ਇਸ ਸਫਲ ਵਿਰੋਧ ਦਾ ਜਿਕਰ ਬਹੁਤ ਘੱਟ ਕਿਉ ਹੈ ?

ਰਾਣੀ ਗੈਡੀਂਉਲੀ ਦੀ ਹੇਰਾਕਾ ਲਹਿਰ (1915-1993) - ਰੂਹਾਨੀਅਤ ਅਤੇ ਰਾਜਨੀਤਿਕ ਨਾਗਾ ਆਗੂ ਰਾਣੀ ਗੈਡੀਂਉਲੀ ਨੇ ਹੇਰਾਕਾ ਲਹਿਰ ਦੀ ਅਗਵਾਈ ਕੀਤੀ ਜਿਸ ਨੇ ਨਾਗਾ ਸਭਿਆਚਾਰ ਨੂੰ ਬਚਾਉਣ ਲਈ ਅੰਗਰੇਜ਼ੀ ਰਾਜ ਦਾ ਭਰਵਾਂ ਵਿਰੋਧ ਕੀਤਾ। ਇਹ ਲਹਿਰ 1920 ਵਿਚ ਰਾਣੀ ਦੇ ਚਚੇਰੇ ਭਰਾ ਹੈਪੋ ਜੈਦੋਨੰਗ ਨੇ ਸ਼ੁਰੂ ਕੀਤੀ ਸੀ, ਪਰ 1931 ਵਿਚ ਉਸਦਾ ਕਤਲ ਹੋਣ ਤੇ ਇਸਦੀ ਕਮਾਨ ਰਾਣੀ ਨੇ ਸੰਭਾਲ ਲਈ ਸੀ। ਅੰਗਰੇਜਾਂ ਨੇ ਰਾਣੀ ਨੂੰ 14 ਸਾਲ ਲਈ ਨਜਰਬੰਦ ਕਰ ਦਿੱਤਾ ਸੀ, ਪਰ ਇਤਿਹਾਸ ਦੇ ਪੰਨੇ ਇਹਦੇ ਤੇ ਬਹੁਤਾ ਚਾਨਣ ਨਹੀਂ ਪਾ ਰਹੇ।


ਸੰਤਾਲ ਹੁਲ ਬਗਾਵਤ (1955)-ਇਹ ਝਾਰਖੰਡ ਦੇ ਸੰਤਾਲ ਕਬੀਲੇ ਵਲੋਂ ਜਾਲਮ ਅੰਗਰੇਜ਼ੀ ਬਸਤੀਵਾਦ ਅਤੇ ਝਾਰਖੰਡ ਦੇ ਲੋਟੂ ਜਿੰਮੀਦਾਰਾਂ ਵਿਰੁੱਧ ਕੀਤੀ ਗਈ ਬਗਾਵਤ ਸੀ। ਇਹ ਭਾਰਤ ਦੇ ਕਿਸਾਨਾਂ ਵਲੋਂ ਕੀਤਾ ਪਹਿਲਾ ਅੰਦੋਲਨ ਸੀ। ਇਹ 1793 ਦੇ ਸਥਾਈ ਭੂਮੀ ਬੰਦੋਬਸਤ ਬਿਲ ਦੇ ਵਿਰੋਧ ਵਿਚ ਸੀ। ਉਹ ਆਪਣੇ ਸਨਮਾਨ ਅਤੇ ਇੱਜਤ ਲਈ 1857 ਦੇ ਗਦਰ ਵਾਂਗ ਹੀ ਲੜੇ,ਪਰ ਇਤਿਹਾਸ ਨੇ ਉਹਨਾਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ।

ਮਰਾਠਵਾੜਾ ਮੁਕਤੀ ਸੰਘਰਸ਼ (1948)-ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ ਸੀ, ਉਦੋਂ ਸਟੇਟਸ ਨੂੰ ਭਾਰਤ ਜਾਂ ਪਾਕਿਸਤਾਨ ਵਿਚੋਂ ਇਕ ਦੀ ਚੋਣ ਕਰਨ ਦੀ ਖੁੱਲ੍ਹ ਦਿੱਤੀ ਗਈ ਸੀ। ਪਰ ਹੈਦਰਾਬਾਦ ਦੇ ਨਿਜ਼ਾਮ, ਉਸਮਾਨ ਅਲੀ ਖਾਂ ਨੇ ਪੂਰਨ ਸੁਤੰਤਰ ਰਹਿਣ ਦਾ ਫੈਸਲਾ ਕੀਤਾ। ਉਸਨੇ ਯੂ ਐਨ ਓ ਨੂੰ ਵੀ ਆਪਣੀ ਸੁਤੰਤਰਤਾ ਬਣਾਈ ਰਹਿਣ ਲਈ ਲਿਖਿਆ। ਉਸ ਰਾਜ ਵਿਚ ਮੌਜੂਦਾ ਮਰਾਠਵਾੜਾ, ਤੇਲੰਗਾਨਾ ਅਤੇ ਕਲਿਆਣ ਕਰਨਾਟਕ ਆਉਂਦੇ ਸਨ। ਇਸ ਨੇ ਰਾਜ ਵਿਚ ਬਗਾਵਤ ਨੂੰ ਜਨਮ ਦਿੱਤਾ। ਰਾਜਕਾਰਾਂ ਦੀ ਬਗਾਵਤ ਨੂੰ ਦਬਾਉਣ ਲਈ ਭਾਰਤ ਸਰਕਾਰ ਵਲੋਂ ਅਪਰੇਸ਼ਨ ਪੋਲੋ ਕੀਤਾ ਗਿਆ ਅਤੇ ਅਖੀਰ ਵਿਚ ਹੈਦਰਾਬਾਦ ਨੂੰ ਵੀ ਭਾਰਤ ਵਿਚ ਸ਼ਾਮਲ ਕਰ ਲਿਆ ਗਿਆ।

ਹੋਰ ਵੀ ਅਜਿਹੇ ਮਹਾਨ ਵਿਅਕਤੀ ਹੋਣਗੇ, ਜਿਨ੍ਹਾਂ ਨੇ ਆਪਣੇ ਸਮੇਂ ਵਿਚ ਮਨੁੱਖਤਾ ਲਈ ਆਪਣੇ ਨਿਜ ਨੂੰ ਤਿਆਗ ਕੇ ਕੰਮ ਕੀਤੇ ਹੋਣਗੇ। ਅਜਿਹੀਆਂ ਘਟਨਾਵਾਂ ਵੀ ਜਰੂਰ ਹੋਣਗੀਆਂ, ਜਿਹੜੀਆਂ ਵੱਡੀ ਪ੍ਰੇਰਨਾ ਬਣ ਸਕਦੀਆਂ ਸਨ, ਪਰ ਵਕਤ ਦੇ ਤੇਜ਼ ਚਲਦੇ ਪਹੀਏ ਦੀ ਧੂੜ ਹੇਠ ਗੁੰਮ ਹੋ ਗਈਆਂ ਹੋਣਗੀਆਂ। ਅਸੀਂ ਸਮੇਂ ਅਤੇ ਸਥਾਨ ਦੀ ਹੱਦ ਵਿਚ ਰਹਿ ਕੇ ਗੋਹੜੇ ਵਿਚੋਂ ਪੂਣੀ ਕੱਤਣ ਦੀ ਕੋਸ਼ਿਸ਼ ਹੀ ਕੀਤੀ ਹੈ।

# ਕਾਵਿ-ਕਿਆਰੀ

## ਮਾਂ ਦੇ ਨਾਂ



ਕਵਿਤਾ ਗੀਤ ਜੋ ਮਾਂ ਦੇ ਨਾਂ ਹੈ।
ਮਾਂ ਮਗਰੋਂ ਤਾਂ ਇਹ ਹੀ ਮਾਂ ਹੈ।

ਏਹ ਜੋ ਹੈ ਮਾਂ ਦਾ ਸਿਰਨਾਵਾਂ,
ਹਾਵਾਂ ਭਾਵਾਂ ਨਾਲ ਰਵਾਂ ਹੈ।

ਚਾਹੋ ਤਾਂ ਅੱਜ ਕੈਸ਼ ਕਰਾ ਲਓ,
ਮਾਂ ਦਾ ਏਥੇ ਪਿਆਰ ਜਮ੍ਹਾਂ ਹੈ।

ਕੀ ਹੋਇਆ ਮਾਂ ਰਹੀ ਨਾ ਸਾਡੀ,
ਓਹਦੇ ਵਰਗਾ ਅੱਖਰ ਤਾਂ ਹੈ।

ਮੜੀਆਂ ਤੋਂ ਮਾਂ ਪਰਤ ਆਊਗੀ,
ਜੇਕਰ ਕਵਿਤਾ ਲਈ ਸਮਾਂ ਹੈ।

ਮਾਂ ਵਾਲਿਓ ਸੱਚੋ ਸੱਚ ਦੱਸਿਓ,
ਮਾਂ ਲਈ ਕਿਹਦੇ ਕੋਲ ਸਮਾਂ ਹੈ।

ਕੇਅਰ ਹੋਮ ਸੱਚ ਦੱਸ ਦੇਣਗੇ,
ਮਾਂ ਜੋ ਰਹਿੰਦੀ ਨਾਲ ਗਮਾਂ ਹੈ।

ਮਾਪਿਆਂ ਦੇ ਲਈ ਸਮਾਂ ਨਾ ਕੱਢੇ,
ਡਿਜੀਟਲ ਜੋ ਅੰਦਾਜ਼ ਨਵਾਂ ਹੈ।

ਉਹਦੇ ਸਾਰੇ ਸਕੇ ਨਿਆਣੇ,
ਸਾਂਝਾ ਰੱਬ ਜੋ ਮਾਂ ਦੀ ਥਾਂ ਹੈ।

ਆਓ ਬਿਗਾਨੇਪਨ ਨੂੰ ਛੱਡੀਏ,
ਮਾਂ ਦੇ ਵਰਗੀ ਦਿਲੀ ਖਿਮਾਂ ਹੈ।

ਢੇਸੀ ਲਈ ਤਾਂ ਸ਼ਬਦ ਹੀ ਸੱਚੀਂ,
ਹਰ ਇਕ ਰਿਸ਼ਤੇ ਦੀ ਤਰਾਂ ਹੈ।

ਕੁਲਵੰਤ ਸਿੰਘ ਢੇਸੀ, ਯੂ ਕੇ

## ਬੋਲ ਪੰਜ ਆਬਾਂ ਦੇ

ਅੰਗ, ਵੰਗ, ਸੰਗ ਜਦੋਂ ਟੁੱਟਦੀ ਐ,
ਮੋਹ, ਮੁਹੱਬਤ, ਮਮਤਾ ਜਦੋ ਕੁੱਟਦੀ ਐ,
ਇੱਜ਼ਤ, ਇਮਾਨ, ਇਨਸਾਨ ਜਦੋ ਲੁੱਟਦੀ ਐ,
ਸ਼ਰਾਬ, ਸ਼ਬਾਬ, ਹਿਸਾਬ ਜਦੋਂ ਸੁੱਟਦੀ ਐ,
ਸੱਜਣਾ! ਧੂੰਆਂ ਕਈ ਜੰਗਾਂ ਤੋਂ ਨਿਕਲਦਾ ਐ।

ਮੋਹ, ਮੁਹੱਬਤ, ਜਿਗਰ ਦਾ ਰਿਸ਼ਤਾ,
ਜਦੋਂ ਛੂਹਦਾ ਏ ਜਜ਼ਬਾਤਾਂ ਨੂੰ,
ਰਿਮ-ਝਿਮ ਬਾਰਸ਼, ਚੜ੍ਹਦਾ ਸੂਰਜ,
ਜਿਵੇਂ ਕੋਇਲ ਕੂਕੇ ਪ੍ਰਭਾਤਾਂ ਨੂੰ।

ਜਿਹੜੇ ਬੋਲ ਨਾਲ ਸਕੂਨ ਮਿਲਦਾ ਸੀ,
ਕਈ ਵਾਰ ਉਹੀ ਬੋਲ ਸਾਨੂੰ ਅੰਦਰੋਂ ਮਾਰ ਦਿੰਦੇ ਨੇ,
ਜ਼ਿਹਨਾਂ ਨੂੰ ਅਸੀਂ ਅਸਲੀਅਤ ਸਮਝਦੇ ਰਹੇ,
ਉਹ ਸੁਪਨੇ ਬਣ ਕੇ ਹੀ ਸਾਰ ਦਿੰਦੇ ਨੇ।

ਸੱਚ ਦੇ ਰਾਹ ਵਿੱਚ, ਭਾਵੇਂ ਬੜੇ ਬੜੇ ਖੱਡੇ ਵੇ ਸੱਜਣਾ,
ਪਰ ਦਿਲ ਦੇ ਦਰਿਆ ਤਾਂ ਸਮੁੰਦਰਾਂ ਤੋਂ ਵੀ ਵੱਡੇ ਵੇ ਸੱਜਣਾ।

ਸੰਧਰ ਵਿਸਾਖਾ, ਕਨੇਡਾ
+1 (647) 234-7466



* * * * * * *

## ਭਾਈ ਘਨਈਆ ਜੀ



"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ,
ਫੱਟੜ ਹੋਏ ਦੁਸ਼ਮਣ ਨੂੰ ਵੀ, ਜਲ ਦੀ ਘੁੱਟ ਪਿਲਾਈ ਜਾਂਦਾ।

ਦਿਲ ਵਿੱਚ ਦਇਆ ਦੇ ਭੰਡਾਰੇ, ਮਾਨਵਤਾ ਦੀ ਸੇਵਾ,
ਸੱਚੇ 'ਤੇ ਨਿਸ਼ਕਾਮ ਕਰਮ ਨੂੰ, ਰੱਬ ਲਗਾਉਂਦਾ ਮੇਵਾ,
ਨਾ ਕੋਈ ਲਾਲਚ ਬਿਨਾ ਲਾਲਸਾ, ਸੱਚਾ ਕਰਮ ਕਮਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਜਾਨ ਦੀ ਬਾਜ਼ੀ ਲਾ ਕੇ ਫ਼ੌਜੀ, ਵੈਰੀ ਦੇ ਨਾਲ ਲੜਦਾ,
ਜ਼ਖ਼ਮ ਦੀ ਤਾਬ ਨਾ ਝੱਲਦਾ ਹੋਇਆ, ਮੌਤ ਦਰੀਂ ਜਾ ਖੜਦਾ,
ਜਿੱਤਣ ਹਾਰਨ ਵਾਲਿਆਂ ਨੂੰ ਵੀ, ਸਾਹਾਂ ਵਿੱਚ ਵਸਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਹੁਕਮਰਾਨ ਬਣ ਕਰਨ ਈਰਖਾ, ਗੁੱਸਾ ਤੇ ਹੰਕਾਰ,
ਉਸ ਦਾਤੇ ਦੀ ਖੇਡ ਅਵੱਲੀ, ਰੱਬ ਹੈ ਬਖ਼ਸ਼ਣਹਾਰ,
ਗ਼ੈਰ ਵੀ ਉਹਨੂੰ ਆਪਣਾ ਲੱਗੇ, ਸੀਨੇ ਨਾਲ਼ ਲਗਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਜੋ ਦਾਤੇ ਦੀ ਰਜ਼ਾ 'ਚ ਰਹਿ ਕੇ, ਚੰਗੇ ਕਰਮ ਕਮਾਉਂਦੇ,
ਗੁਰੂ ਦੇ ਹੁਕਮ ਦੀ ਪਾਲਣਾ ਕਰਕੇ, ਜੀਵਨ ਸਫਲ ਬਣਾਉਂਦੇ,
ਰੱਬ ਦੀ ਰਹਿਮਤ ਮਨ ਵਸਾ ਕੇ, ਉਹਦੇ ਸੋਹਲੇ ਗਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਸਿੱਖ ਦਾ ਕੰਮ ਹੈ ਜਲ ਛਕਾਉਣਾ, ਮਲ੍ਹਮ ਪੱਟੀ ਕਰਨਾ,
ਜਾਨ ਬਚਾਉਣੀ ਦਾਤੇ ਦੇ ਹੱਥ, 'ਖਾਨ ਹੋਵੇ ਜਾਂ ਧਰਮਾ'।
ਬਣਕੇ ਸੇਵਾਦਾਰ ਗੁਰੂ ਦਾ, ਆਪਣਾ ਫਰਜ਼ ਨਿਭਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਸੇਵਾ ਦਾ ਸੀ ਪੁੰਜ ਘਨਈਆ, ਸੇਵਾ ਕਰਦੇ ਜਾਣਾ,
ਆਪਣੀ ਜਾਨ ਨੂੰ ਪਾ ਖ਼ਤਰੇ ਵਿੱਚ, ਸਿੱਖੀ ਫਰਜ਼ ਨਿਭਾਉਣਾ,
ਮਲ੍ਹਮ ਪੱਟੀ ਕਰਦਾ-ਕਰਦਾ, ਕੋਸੇ ਫੈਹੇ ਲਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਸਿੰਘ ਤੇ ਮੁਸਲਿਮ ਜ਼ਖ਼ਮੀ ਹੋਏ, ਸੱਭੇ ਇਕ ਬਰਾਬਰ,
ਮੋਢੇ ਮਸ਼ਕ ਲਾਅ ਹੁੰਦਾ ਹਾਜ਼ਿਰ, ਕਦੇ ਨਾ ਹੋਏ ਨਾਬਰ,
'ਭੋਗਲ' ਵਰਗੇ ਨਾ-ਸ਼ੁਕਰੇ ਵੀ, ਆਪਣੇ ਮਿੱਤ ਬਣਾਈ ਜਾਂਦਾ।
"ਨਾ ਕੋ ਬੈਰੀ ਨਹੀ ਬਿਗਾਨਾ", ਹੁਕਮ ਤੇ ਫੁੱਲ ਚੜ੍ਹਾਈ ਜਾਂਦਾ॥

ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)

## ਕਵਿਤਾ

–ਸਿਮਰਨ ਅਕਸ
ਕਿਤਾਬ–ਜੀਅ ਕਰਦੈ...

ਉਸ ਨੂੰ ਉਸ ਦਾ ਸ਼ਹਿਰ ਮੁਬਾਰਕ
ਸਾਨੂੰ ਪਿੰਡ ਦੀ ਨਹਿਰ ਮੁਬਾਰਕ

ਸਾਥੋਂ ਜਜ਼ਬੇ ਘੜ੍ਹ ਨਹੀਂ ਹੋਣੇ
ਘੜ੍ਹ ਸਕਦੈਂ ਤਾਂ ਬਹਿਰ ਮੁਬਾਰਕ

ਮੌਜੀ ਹੈਂ ਤਾਂ ਕੰਢੇ ਬਹਿ ਰਹੁ
ਖੋਜੀ ਹੈਂ ਤਾਂ ਗਹਿਰ ਮੁਬਾਰਕ

ਨੈਣ ਨੈਣਾਂ ਵਿੱਚ ਪਾ ਕੇ ਤੱਕੇਂ
ਉੱਤੋਂ ਆਖੇਂ ਕਹਿਰ ਮੁਬਾਰਕ

ਚੰਨਾ ਤੇਰੀ ਖਿੱਚ ਦੇ ਸਦਕੇ
ਸੀਨੇ ਉੱਠੀ ਲਹਿਰ ਮੁਬਾਰਕ

ਤੈਨੂੰ ਸਾਥੋਂ ਨਾਂਹ ਨਹੀਂ ਹੋਣੀ
ਤੇਰੇ ਹੱਥੋਂ ਜ਼ਹਿਰ ਮੁਬਾਰਕ

ਅੱਖਾਂ ਦੇ ਵਿੱਚ ਰਾਤ ਗੁਜ਼ਾਰੀ
ਆਹ! ਵਸਲਾਂ ਦਾ ਪਹਿਰ ਮੁਬਾਰਕ

## ਸੁੱਤੇ ਪਏ ਮਾਹੀ ਨੂੰ

ਚੰਦਰੀ ਹਵਾਏ ਨੀ ਤੂੰ ਸ਼ੋਰ ਕਿਉਂ ਮਚਾਉਂਦੀ ਏਂ?
ਸੁੱਤੇ ਪਏ ਮਾਹੀ ਨੂੰ ਤੂੰ ਕਾਸ ਨੂੰ ਜਗਾਉਂਦੀ ਏਂ?


ਆਇਆ ਏ ਉਹ ਜ਼ਾਲਮਾਂ ਦੇ ਢਾਣੇ ਚੀਰ-ਚੀਰ ਨੀ,
ਹੁਣੇ ਸੁੱਤਾ ਲੱਕ ਨਾਲ ਟੰਗ ਸ਼ਮਸ਼ੀਰ ਨੀ।
ਕੋਲ ਪਈ ਢਾਲ਼ ਨੂੰ ਤੂੰ ਕਾਹਨੂੰ ਖੜਕਾਉਂਦੀ ਏਂ?
ਸੁੱਤੇ ਪਏ ਮਾਹੀ ਨੂੰ ਤੂੰ ਕਾਸ ਨੂੰ ਜਗਾਉਂਦੀ ਏਂ?

ਮਾਤਾ, ਪਿਤਾ, ਧਨ, ਸੱਭ ਕੌਮ ਉਤੋਂ ਵਾਰੇ ਨੀ,
ਪੁੱਤਰਾਂ ਦੇ ਨਾਲ ਲੱਖਾਂ ਸਿੱਖ ਵੀ ਪਿਆਰੇ ਨੀ।
ਏਨਾ ਕੁਝ ਲੈ ਕੇ ਹੁਣ ਹੋਰ ਕੀ ਤੂੰ ਚਾਹੁੰਦੀ ਏਂ?
ਸੁੱਤੇ ਪਏ ਮਾਹੀ ਨੂੰ ਤੂੰ ਕਾਸ ਨੂੰ ਜਗਾਉਂਦੀ ਏਂ?

ਰਹਿਮਤਾਂ ਦਾ ਸ਼ਹਿਨਸ਼ਾਹ ਅਗੰਮ ਤੇ ਗੰਭੀਰ ਨੀ,
ਮੁੱਠ ਉਹਦੀ ਵਿਚ ਹਿੰਦ ਦੀ ਏ ਤਕਦੀਰ ਨੀ।
ਅੱਗੇ-ਪਿਛੇ ਹੋ ਕੇ ਤੂੰ ਪੋਸ਼ਾਕ ਕਾਹਨੂੰ ਟੋਂਹਦੀ ਏਂ?
ਸੁੱਤੇ ਪਏ ਮਾਹੀ ਨੂੰ ਤੂੰ ਕਾਸ ਨੂੰ ਜਗਾਉਂਦੀ ਏਂ?

ਕਰਨਾ ਦੀਦਾਰ ਤਾਂ ਤੂੰ 'ਪਾਲ' ਵਾਂਗ ਝੁਕ ਨੀ,
ਮੁੱਖੜੇ 'ਤੋਂ ਕੇਸ ਉਹਦੇ ਹੌਲੀ-ਹੌਲੀ ਚੁੱਕ ਨੀ।
ਇਲ੍ਹ ਵਾਂਗ ਆ ਕੇ ਕਾਹਨੂੰ ਖੰਭ ਫੜਕਾਉਂਦੀ ਏਂ?
ਸੁੱਤੇ ਪਏ ਮਾਹੀ ਨੂੰ ਤੂੰ ਕਾਸ ਨੂੰ ਜਗਾਉਂਦੀ ਏਂ?

ਮੇਰੀ ਕਿਤਾਬ 'ਜੇ ਤੂੰ ਨੱਚਣਾ...'
ਵਿਚੋਂ ਵਸਾਖੀ ਲਈ ਤੋਹਫ਼ਾ



ਧਰਮ ਪਾਲ ਚੁੰਬਰ

* * * * * * *

## ਕਾਵਿ-ਵਿਅੰਗ

### ਬੱਕਰੀ ਬਨਾਮ ਭੁੱਖ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਗੀਤ ਮਾਣਕ ਦਾ ਬੜਾ ਮਸ਼ਹੂਰ ਹੋਇਆ
ਜੀ.ਟੀ ਰੋਡ 'ਤੇ ਪਈਆਂ ਦੁਹਾਈਆਂ ਸੀ।
ਕਹਿੰਦਾ ਟਰੱਕ ਡ੍ਰਾਈਵਰ ਸੀ ਹੇਕ ਲਾ ਕੇ
ਖਾਈਏ ਢਾਬੇ 'ਤੇ ਖ਼ੂਬ 'ਮਲ਼ਾਈਆਂ' ਜੀ।
ਹੁਣ ਤਾਂ ਨੋਟ੍ਹਾਂ ਵੱਲ੍ਹ ਦੇਖਦੀ 'ਬੱਕਰੀ' ਨਹੀਂ
ਆਪਾਂ ਕਰਦੇ ਹਾਂ ਬਹੁਤ ਕਮਾਈਆਂ ਜੀ।
ਵੋਟ ਰਾਜ ਵਿਚ ਨੋਟ੍ਹਾਂ ਦੀ ਲੋੜ ਵਧ ਗਈ
ਲੀਡਰ ਲੋਕਾਂ ਨੇ 'ਪੰਡਾਂ ਛੁਪਾਈਆਂ' ਜੀ।
ਆਖੇ ਮੀਡ੍ਰੀਆ ਹਾਕਮ ਦੀ ਗੋਦ ਬਹਿ ਕੇ
ਨਿਆਂ-ਪ੍ਰਣਾਲੀ ਨੂੰ ਲੱਗਦੀ ਚੋਟ ਨਹੀਂਉਂ
ਇਵੇਂ ਜੱਜਾਂ ਦੇ ਘਰੀਂ ਹੁਣ 'ਦੇਖ ਲਉ' ਜੀ
'ਅੱਗ ਲੱਗਿਆਂ' ਮੁੱਕਦੇ 'ਨੋਟ੍ਹ' ਨਹੀਂਉਂ !

* * * * * * *

# ਗੁਰਦੁਆਰਾ ਗੁਰੂ ਨਾਨਕ ਨਿਵਾਸ ਸਟੁਟਗਾਟ ਵਿੱਚ ਵਰਲਡ ਸਿੱਖ ਪਾਰਲੀਮੈਂਟ ਵੱਲੋ ਛਪਾਇਆ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਜਾਰੀ ਕੀਤਾ ਗਿਆ ਸੰਗਤਾਂ ਨੂੰ ਇਸ ਅਨੁਸਾਰ ਦਿਹਾੜੇ ਮਨਾਉਣ ਦੀ ਕੀਤੀ ਅਪੀਲ !



ਜਰਮਨੀ :- ਗੁਰਦੁਆਰਾ ਸ਼੍ਰੀ ਗੁਰੂ ਨਾਨਕ ਨਿਵਾਸ ਸਟੁਟਗਾਟ ਵਿੱਚ ਹਫਤਾਵਾਰੀ ਦੀਵਾਨ ਸਜਾਏ ਗਏ, ਇਸ ਵਕਤ ਗੁਰਬਾਣੀ ਪਾਠ, ਇਲਾਹੀ ਕੀਰਤਨ ਤੋਂ ਇਲਾਵਾ ਹਫਤਾਵਾਰੀ ਦੀਵਾਨ ਵਿੱਚ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਸੁਖਦੇਵ ਸਿੰਘ ਹੋਰਾਂ ਵੱਲੋਂ ਗੁਰਬਾਣੀ ਵਿਚਾਰ ਦੀ ਸਾਂਝ ਸੰਗਤਾਂ ਨਾਲ ਪਾਈ ਗਈ ਜਿਸ ਵਿੱਚ ਬਕਾਇਦਾ ਜ਼ਿਕਰ ਕੀਤਾ ਗਿਆ ਕਿ ਇੱਕ ਵਿਸਾਖ ਨੂੰ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਤੇ ਵਿਸਾਖੀ ਦਾ ਦਿਹਾੜਾ ਧੂਮ ਧਾਮ ਨਾਲ ਮਨਾਉਣ ਤੇ ਬਿਕ੍ਰਮੀ ਕੈਲੰਡਰ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ ਸਾਡੀ ਕੌਮ ਦੀ ਸਾਡੇ ਕੈਲੰਡਰ ਨਾਲ ਹੀ ਹੋਂਦ ਬਣਦੀ ਹੈ, ਉਹਨਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਸਾਰੇ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ ਹੀ ਮਨਾਏ ਜਾਂਦੇ ਹਨ, ਅਤੇ ਇਹ ਕੈਲੰਡਰ ਸਰਦਾਰ ਪਾਲ ਸਿੰਘ ਪੁਰੇਵਾਲ ਹੋਰਾਂ ਵੱਲੋਂ 2003 ਦੇ ਵਿੱਚ ਬੜੀ ਲਗਣ ਮਿਹਨਤ ਮੁਸ਼ੱਕਤ ਦੇ ਨਾਲ ਤਿਆਰ ਕੀਤਾ ਗਿਆ ਸੀ, ਪਰ ਕੁਝ ਪੰਥ ਵਿਰੋਧੀ ਸ਼ਕਤੀਆਂ ਵੱਲੋਂ ਇਸ ਕੈਲੰਡਰ ਨੂੰ ਸੋਧਾਂ ਦੇ ਨਾਮ ਦੇ ਉੱਤੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਪਰ ਸਿੱਖਾਂ ਦੀ ਅੱਡਰੀ ਪਹਿਚਾਣ ਦਾ ਪ੍ਰਤੀਕ ਇਹ ਕੈਲੰਡਰ ਕਦੀ ਵੀ ਖਤਮ ਨਹੀਂ ਹੋ ਸਕਦਾ, ਅੱਜ ਉਹ ਵਿਅਕਤੀ ਸਮੁੱਚੀ ਕੌਮ ਵਿੱਚ ਨਸ਼ਰ ਹੋ ਚੁੱਕੇ ਹਨ ਜਿਨਾਂ ਨੇ ਇਸ ਮੂਲ ਨਾਨਕਸ਼ਾਹੀ ਕੈਲੰਡਰ ਦਾ ਕਤਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ, ਅਖੀਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਅਵਤਾਰ ਸਿੰਘ ਪ੍ਰਧਾਨ ਭਾਈ ਉੰਕਾਰ ਸਿੰਘ ਭਾਈ ਤਿਰਲੋਕ ਸਿੰਘ ਭਾਈ ਸੁਖਦੇਵ ਸਿੰਘ ਨੇ ਇਹ ਕੈਲੰਡਰ ਸਾਰੀਆਂ ਸੰਗਤਾਂ ਦੇ ਵਿੱਚ ਵੰਡਿਆ ਗਿਆ ਅਤੇ ਵਰਲਡ ਸਿੱਖ ਪਾਲੀਮੈਂਟ ਦਾ ਕੈਲੰਡਰ ਤਿਆਰ ਕਰਨ ਤੇ ਬਹੁਤ ਧੰਨਵਾਦ ਕੀਤਾ ਗਿਆ ।

# ਕੈਲੇਫੋਰਨੀਆ ਦੀ ਸਿਹਤ ਤੇ ਸੁਰੱਖਿਆ ਕਮੇਟੀ ਵੱਲੋਂ ਅੰਤਰਰਾਸ਼ਟਰੀ ਦਮਨ (ਟਰਾਂਸ ਨੈਸ਼ਨਲ) ਬਿੱਲ ਐਸਬੀ 509 ਨੂੰ ਮਨਜ਼ੂਰੀ

**ਅ ਬਿੱਲ ਦੀ ਵਿਰੋਧਤਾ 15 ਤੋਂ ਉੱਪਰ ਮੋਦੀ ਪੱਖੀ ਹਿੰਦੂ ਸੰਸਥਾਵਾਂ ਅਤੇ ਆਰ ਐਸ ਐਸ ਵਲੋਂ ਕਰਣ ਦੇ ਬਾਵਜੂਦ ਕਮੇਟੀ ਨੇ ਸਰਬਸੰਮਤੀ ਨਾਲ ਬਿਲ ਕੀਤਾ ਪ੍ਰਵਾਨ**

**ਅ ਬਿਲ ਰਾਹੀਂ ਅਮਰੀਕਾ ਵਿੱਚ ਭਾਰਤੀ ਸਰਕਾਰ ਵਲੋਂ ਘੱਟ ਗਿਣਤੀ ਭਾਈਚਾਰਿਆਂ ਉਤੇ ਹੋ ਰਹੇ ਦਮਨ ਨੂੰ ਰੋਕਣ ਲਈ ਨਵੇਂ ਕਾਨੂੰਨੀ ਕਦਮ ਚੁੱਕੇ ਜਾ ਸਕਣਗੇ**



ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਕੈਲੇਫੋਰਨੀਆ ਦੀ ਸਿਹਤ ਅਤੇ ਸੁਰੱਖਿਆ ਕਮੇਟੀ ਵੱਲੋਂ ਟਰਾਂਸ ਨੈਸ਼ਨਲ ਬਿੱਲ ਨੂੰ ਮਨਜ਼ੂਰ ਕਰਕੇ ਕੈਲੇਫੋਰਨੀਆ ਅਸੈਂਬਲੀ ਵਿੱਚ ਪੇਸ਼ ਕਰਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਹਰੇਕ ਬਿੱਲ ਅੰਸੈਬਲੀ ਵਿੱਚ ਜਾਣ ਤੋਂ ਪਹਿਲਾਂ, ਕਈ ਕਮੇਟੀਆਂ ਵਿੱਚ ਉਸਦੀ ਜ਼ਰੂਰਤ ਤੇ ਵਾਜਿਬ ਹੋਣ ਦੀਆਂ ਬਹਿਸਾਂ ਹੁੰਦੀਆਂ ਹਨ। ਇਹਨਾਂ ਕਮੇਟੀਆਂ ਦੀ ਮਨਜ਼ੂਰੀ ਤੋਂ ਬਾਅਦ ਹੀ ਬਿੱਲ ਆਖਰੀ ਪ੍ਰਵਾਣਗੀ ਲਈ ਕੈਲੇਫੋਰਨੀਆ ਅੰਸੈਬਲੀ ਵਿੱਚ ਪੇਸ਼ ਕੀਤਾ ਜਾਂਦਾ ਹੈ। ਅਸੈਂਬਲੀ ਵਿੱਚ ਪਾਸ ਹੋਣ ਤੋਂ ਬਾਅਦ ਗਵਰਨਰ ਦੇ ਦਸਤਖ਼ਤਾਂ ਨਾਲ ਉਹ ਬਿੱਲ ਲਾਗੂ ਹੁੰਦਾ ਹੈ। ਟਰਾਂਸ ਨੈਸ਼ਨਲ (ਅੰਤਰਰਾਸ਼ਟਰੀ ਦਮਨ) ਦਾ ਅਰਥ ਹੈ ਜਦੋਂ ਇੱਕ ਸਰਕਾਰ ਜਾਂ ਕੋਈ ਅਧਿਕਾਰਤ ਸੰਸਥਾ ਆਪਣੀ ਸੀਮਾ ਤੋਂ ਬਾਹਰ ਹੋਰ ਦੇਸ਼ਾਂ ਵਿੱਚ ਰਹਿ ਰਹੀਆਂ ਆਪਣੇ ਵਿਰੋਧੀਆਂ, ਘੱਟ ਗਿਣਤੀ ਸਮੂਹਾਂ ਜਾਂ ਵਿਅਕਤੀਆਂ ਖਿਲਾਫ਼ ਦਬਾਅ ਬਣਾਉਂਦੀ ਹੈ, ਉਨ੍ਹਾਂ ਨੂੰ ਧਮਕੀਆਂ ਦਿੰਦੀ ਹੈ ਜਾਂ ਉਨ੍ਹਾਂ ਉਤੇ ਹਮਲੇ ਕਰਵਾਉਂਦੀ ਹੈ। ਇਸ ਵਿੱਚ ਅਕਸਰ ਵਿਦੇਸ਼ਾਂ ਵਿੱਚ ਰਹਿੰਦੇ ਨਿਵਾਸੀਆਂ ਨੂੰ ਜਾਸੂਸੀ ਕਰਕੇ ਨਿਸ਼ਾਨਾ ਬਣਾਉਣਾ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭਾਰਤ ਵਿੱਚ ਤੰਗ ਕਰਨਾ, ਜਾਂ ਕਿਸੇ ਵੀ ਤਰੀਕੇ ਨਾਲ ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਨੀ ਸ਼ਾਮਲ ਹੁੰਦੀ ਹੈ। ਭਾਰਤ ਵੱਲੋਂ ਵਿਦੇਸ਼ਾਂ ਵਿੱਚ ਸਿੱਖਾਂ ਦੇ ਕਤਲ ਜਿਹਨਾਂ ਵਿੱਚ ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਪੰਜਵੜ ਹਨ ਜਾਂ ਇਰਾਦਾ ਕਤਲ ਜਿਸ ਵਿੱਚ ਸਰਦਾਰ ਗੁਰਪਤਵੰਤ ਸਿੰਘ ਪੰਨੂ, ਡਾਕਟਰ ਪ੍ਰਿਤਪਾਲ ਸਿੰਘ ਜਾਂ ਹੋਰ ਸਿੱਖਾਂ ਨੂੰ ਵੀਜ਼ੇ ਨਾਂ ਦੇਣ ਦੀਆਂ ਧਮਕੀਆਂ ਇਸਦੀਆਂ ਖ਼ਾਸ ਉਦਾਹਰਣਾਂ ਹਨ। ਐਸਬੀ 509 ਬਿੱਲ ਇਸੇ ਗੱਲ ਨੂੰ ਲੈ ਕੇ ਤਿਆਰ ਕੀਤਾ ਗਿਆ ਹੈ, ਤਾਂ ਜੋ ਅਮਰੀਕਾ ਵਿੱਚ ਭਾਰਤੀ ਸਰਕਾਰ ਵਲੋਂ ਘੱਟ ਗਿਣਤੀ ਭਾਈਚਾਰਿਆਂ ਉਤੇ ਹੋ ਰਹੇ ਦਮਨ ਨੂੰ ਰੋਕਣ ਲਈ ਨਵੇਂ ਕਾਨੂੰਨੀ ਕਦਮ ਚੁੱਕੇ ਜਾ ਸਕਣ। ਕੈਲੇਫੋਰਨੀਆ ਦੇ ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਸੰਸਥਾਵਾਂ ਨੇ ਸੈਨੇਟਰ ਅੰਨਾ ਕਾਬਾਲੇਰੋ ਅਤੇ ਅਸੈਂਬਲੀ ਮੈਂਬਰ ਬੀਬੀ ਡਾਕਟਰ ਜਸਮੀਤ ਕੌਰ ਬੈਂਸ ਦਾ ਧੰਨਵਾਦ ਕਰਦੇ ਹੋਏ ਉਹਨਾਂ ਵੱਲੋਂ ਲਏ ਗਏ ਨਿਧੜਕ ਸਟੈਂਡ ਦੀ ਪ੍ਰਸ਼ੰਸਾ ਕੀਤੀ। ਇਹਨਾਂ ਦੋਹਾਂ ਵੱਲੋਂ ਐਸਬੀ 509 ਬਿੱਲ ਨੂੰ ਲਿਖਣ ਅਤੇ ਪੇਸ਼ ਕੀਤਾ ਗਿਆ। ਇਸ ਬਿੱਲ ਦੀ ਵਿਰੋਧਤਾ 15 ਤੋਂ ਉੱਪਰ ਮੋਦੀ ਪੱਖੀ ਹਿੰਦੂ ਸੰਸਥਾਵਾਂ ਅਤੇ ਆਰਐਸਐਸ ਨੇ ਕੀਤੀ ਪਰ ਇਹ ਬਿੱਲ ਕਮੇਟੀ ਨੂੰ ਸਰਬਸੰਮਤੀ ਨਾਲ ਪ੍ਰਵਾਣ ਕਰ ਲਿਆ ਹੈ। ਸਿੱਖ ਪੰਚਾਇਤ ਦੇ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਉਹਨਾਂ ਸਾਰੇ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸਦੇ ਹੱਕ ਵਿੱਚ ਚਿੱਠੀਆਂ ਲਿਖ ਕੇ ਇਸਦਾ ਸਮਰਥਨ ਕੀਤਾ।

# VAISAKHI NAGAR KIRTAN IN GRAVESEND WILL BE ON SATURDAY 12TH APRIL 2025



Celebrations of the Sikh festival of Vaisakhi in Gravesend will start on Saturday 5th April with the Sikh Flag Raising in front of the Civic Centre and will reach a peak when the communities of Kent and the South East join the popular and colourful Nagar Kirtan (procession) on Saturday 12th April, followed by the Gurpurab (celebratory service) on Sunday 13th April at Guru Nanak Darbar Gurdwara.

**Flag Raising Ceremony 5th April 2025**

The Flag Raising event will see hundreds gather on Community Square. After a prayer, the Sikh flag will be raised on the square. There will be singing of Shabads (Sikh hymns), Tabla playing, and a Gatka demonstration (Sikh Martial Arts). The religious programme will conclude with refreshments sponsored by local firm Apollo Taxis. This will be followed by a cultural programme, with performances from Jugnu Bhangra Group and 4 x 4 Bhangra Group.

**Nagar Kirtan (Procession) 12th April 2025**

The procession on 12th April is expected to be attended by over 5,000 people, setting off from Guru Nanak Darbar Gurdwara in Guru Nanak Marg, the road leading to the Gurdwara from Saddington Street. The procession will go through the Town Centre, pass the Ravidas Gurdwara in Brandon Street, go through Clarence Place past the old Gurdwara site, and down Wellington Street before returning to the Gurdwara. The procession will leave the Gurdwara site at 11.30am, and is expected to return at about 2.00pm. Everyone is welcome to join the procession or to watch it pass along the route. The Nagar Kirtan will be led by the Panj Pyare (5 Beloved) and flag bearers followed by the holy Sikh scriptures the Guru Granth Sahib on a special model of the Darbar Sahib behind which will be the Sangat (Congregation) either walking or on community floats. There will be rolling road closures in place while the procession follows the route. The route map and full procession list is attached.

**Dharmic Mela 12th April 2025**

From 2.00pm to 6.00pm, there will be a Dharmic Mela (religious festival) in the grounds of the Gurdwara, with religious singing and music from the stage, a funfair, many stalls representing local and national official agencies, charities and businesses. Again, everyone is welcome to come and join the festivities.

# ਹਰਿਆਣਾ ਵੀ ਕੈਂਸਰ ਦੀ ਮਾਰ ਹੇਠ, ਕੈਂਸਰ ਦੇ 60,000 ਕੇਸ ਮਿਲੇ

ਖਾਸ ਖ਼ਬਰ

## ✪ ਫਤਿਹਾਬਾਦ, ਸਿਰਸਾ ਅਤੇ ਹਿਸਾਰ ਵਰਗੇ ਜ਼ਿਲ੍ਹੇ ਜ਼ਿਆਦਾ ਪ੍ਰਭਾਵਿਤ ✪ ਕੀਟਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ, ਸਨਅਤੀ ਪ੍ਰਦੂਸ਼ਣ ਤੇ ਮਾੜੀਆਂ ਸਿਹਤ ਸਹੂਲਤਾਂ ਕੈਂਸਰ ਦੇ ਵਾਧੇ ਦਾ ਕਾਰਨ

ਹਰਿਆਣਾ ਵਿਚ 2023-24 ਦੌਰਾਨ ਮਿਲੇ ਕੈਂਸਰ ਦੇ 60,000 ਕੇਸ ਡੂੰਘੇ ਜਨਤਕ ਸਿਹਤ ਸੰਕਟ ਦੀ ਤਸਵੀਰ ਪੇਸ਼ ਕਰਦੇ ਹਨ, ਜਿਸ 'ਤੇ ਫੌਰੀ ਧਿਆਨ ਦੇਣ ਦੀ ਲੋੜ ਹੈ। ਤਾਜ਼ਾ ਰਿਪੋਰਟਾਂ ਦੱਸਦੀਆਂ ਹਨ ਕਿ ਫਤਿਹਾਬਾਦ, ਸਿਰਸਾ ਅਤੇ ਹਿਸਾਰ ਵਰਗੇ ਜ਼ਿਲ੍ਹੇ ਜ਼ਿਆਦਾ ਪ੍ਰਭਾਵਿਤ ਹਨ ਜਿੱਥੇ ਕੇਸਾਂ ਵਿਚ ਵਾਧਾ ਦੇਖਿਆ ਗਿਆ ਹੈ। ਦਿਹਾਤੀ ਇਲਾਕਿਆਂ 'ਤੇ ਬਿਮਾਰੀ ਦੀ ਮਾਰ ਵੱਧ ਹੈ। ਸੂਬੇ ਦੇ ਕੈਂਸਰ ਰਜਿਸਟਰੀ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ ਜਿਨ੍ਹਾਂ 'ਚ ਇਕ ਰੁਝਾਨ ਪ੍ਰਤੱਖ ਤੌਰ 'ਤੇ ਉੱਭਰਿਆ ਹੈ- ਕੀਟਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ, ਸਨਅਤੀ ਪ੍ਰਦੂਸ਼ਣ ਤੇ ਮਾੜੀਆਂ ਸਿਹਤ ਸਹੂਲਤਾਂ ਨੂੰ ਮਾਹਿਰ ਕੈਂਸਰ ਦੇ ਵਾਧੇ ਨਾਲ ਜੋੜ ਰਹੇ ਹਨ।

ਹਰਿਆਣਾ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ, ਖੇਤੀ ਕਰਨ ਵਾਲਾ ਵਰਗ, ਇਸ ਸੰਕਟ ਦੀ ਮਾਰ ਸਹਿ ਰਿਹਾ ਹੈ। ਦਹਾਕਿਆਂ ਤੱਕ ਅੰਨ੍ਹੇਵਾਹ ਹੋਈ ਕੀਟਨਾਸ਼ਕਾਂ ਦੀ ਵਰਤੋਂ ਜ਼ਮੀਨ ਹੇਠਲੇ ਪਾਣੀ 'ਚ ਰਿਸ ਚੁੱਕੀ ਹੈ, ਜਿਸ ਨਾਲ ਕਈ ਪੀੜ੍ਹੀਆਂ ਕੈਂਸਰ ਪੈਦਾ ਕਰਨ ਵਾਲੇ ਤੱਤਾਂ ਦੀ ਮਾਰ ਹੇਠ ਆ ਚੁੱਕੀਆਂ ਹਨ। ਕਈ ਖੋਜ ਕਾਰਜਾਂ ਵਿਚ ਇਸ ਖ਼ਤਰੇ ਦਾ ਖੁਲਾਸਾ



ਹੋਣ ਦੇ ਬਾਵਜੂਦ, ਨਿਯਮਾਂ ਮੁਤਾਬਕ ਕਾਰਵਾਈ ਦੀ ਘਾਟ ਨੇ ਸਮੱਸਿਆ 'ਚ ਵਾਧਾ ਹੋਣ ਦਿੱਤਾ ਹੈ। ਇਸ ਦੌਰਾਨ ਪਾਣੀਪਤ ਤੇ ਫਰੀਦਾਬਾਦ ਵਰਗੇ ਉਦਯੋਗਿਕ ਕੇਂਦਰ ਨਿਰੰਤਰ ਹਵਾ 'ਚ ਜ਼ਹਿਰ ਘੋਲ ਰਹੇ ਹਨ, ਜਿਸ ਨਾਲ ਸੰਕਟ ਹੋਰ ਗਹਿਰਾ ਹੋਇਆ ਹੈ। ਨਤੀਜੇ ਵਜੋਂ ਦਬਾਅ ਹੇਠ ਆਇਆ ਸਿਹਤ ਸੰਭਾਲ ਤੰਤਰ ਲਗਾਤਾਰ ਵਧ ਰਹੀ ਮਰੀਜ਼ਾਂ ਦੀ ਗਿਣਤੀ ਨਾਲ ਨਜਿੱਠਣ ਵਿਚ ਸੰਘਰਸ਼ ਕਰ ਰਿਹਾ ਹੈ। ਸਰਕਾਰ ਦਾ ਹੁੰਗਾਰਾ ਅਜੇ ਤੱਕ ਨਾਕਾਫ਼ੀ ਰਿਹਾ ਹੈ। ਭਾਵੇਂ ਕੈਂਸਰ ਦੀ ਸ਼ਨਾਖਤ ਲਈ ਲੱਗੇ ਕੈਂਪਾਂ ਤੇ ਆਯੁਸ਼ਮਾਨ ਭਾਰਤ ਬੀਮੇ ਨੇ ਕੁਝ ਰਾਹਤ ਦਿੱਤੀ ਹੈ, ਪਰ ਇਹ ਮੂਲ ਕਾਰਨਾਂ ਦਾ ਹੱਲ ਕੱਢਣ ਵਿਚ ਨਾਕਾਮ ਰਹੇ ਹਨ। ਸਮੇਂ ਦੀ ਲੋੜ ਹੈ ਕਿ ਬਹੁ-ਪੱਖੀ ਪਹੁੰਚ ਅਪਨਾਈ ਜਾਵੇ- ਚੌਗਿਰਦੇ ਸਬੰਧੀ ਸਖ਼ਤ ਨਿਯਮ ਬਣਨ, ਦਿਹਾਤੀ ਸਿਹਤ ਸੰਭਾਲ ਢਾਂਚਾ ਬਿਹਤਰ ਹੋਵੇ ਤੇ ਕੈਂਸਰ ਪੈਦਾ ਕਰਨ ਵਾਲੀਆਂ ਸਥਿਤੀਆਂ ਬਾਰੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ। ਵਿਸ਼ੇਸ਼ ਤੌਰ 'ਤੇ ਕਿਸਾਨਾਂ ਨੂੰ ਕੁਦਰਤੀ ਅਤੇ ਹੰਢਣਸਾਰ ਖੇਤੀਬਾੜੀ ਢੰਗ-ਤਰੀਕਿਆਂ ਬਾਰੇ ਸੇਧ ਦਿੱਤੀ ਜਾਵੇ। ਇਸ ਤੋਂ ਇਲਾਵਾ, ਸਰਕਾਰੀ ਹਸਪਤਾਲਾਂ ਵਿਚ ਕੈਂਸਰ ਦੇ ਇਲਾਜ ਦੀਆਂ ਢੁੱਕਵੀਆਂ ਸਹੂਲਤਾਂ ਨਹੀਂ ਹਨ, ਜਿਸ ਕਾਰਨ ਮਰੀਜ਼ਾਂ ਨੂੰ ਇਲਾਜ ਲਈ ਬਹੁਤ ਦੂਰ ਜਾਣਾ ਪੈਂਦਾ ਹੈ ਜਾਂ ਮਹਿੰਗਾ ਪ੍ਰਾਈਵੇਟ ਇਲਾਜ ਲੈਣਾ ਪੈਂਦਾ ਹੈ।

ਪੰਜਾਬ ਟਾਈਮਜ਼ ਅਨੁਸਾਰ ਹਰਿਆਣਾ ਜ਼ਿਆਦਾ ਦੇਰ ਤੱਕ ਇਸ ਸੰਕਟ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਕ ਸੂਬਾ ਜੋ ਆਪਣੀ ਆਰਥਿਕ ਤਰੱਕੀ 'ਤੇ ਮਾਣ ਕਰਦਾ ਹੈ, ਆਪਣੇ ਨਾਗਰਿਕਾਂ ਨੂੰ ਰੋਕੀ ਜਾ ਸਕਣ ਵਾਲੀ ਬਿਮਾਰੀ ਨਾਲ ਮਰਨ ਲਈ ਨਹੀਂ ਛੱਡ ਸਕਦਾ। ਕੈਂਸਰ ਦੇ ਵਧਦੇ ਕੇਸ ਸਿਰਫ਼ ਅੰਕੜਾ ਨਹੀਂ ਹੈ, ਬਲਕਿ ਇਹ ਸ਼ਾਸਕੀ ਨਾਕਾਮੀ ਤੇ ਗੈਰ-ਜ਼ਰੂਰੀ ਤਰਜੀਹਾਂ ਨੂੰ ਵੀ ਦਰਸਾਉਂਦਾ ਹੈ। ਜਦ ਤੱਕ ਤੇਜ਼ੀ ਨਾਲ ਸੁਧਾਰਵਾਦੀ ਕਦਮ ਨਹੀਂ ਚੁੱਕੇ ਜਾਂਦੇ, ਇਹ ਬਿਮਾਰੀ ਵਧਦੀ ਜਾਵੇਗੀ ਤੇ ਜਾਨਾਂ ਲੈਂਦੀ ਰਹੇਗੀ, ਪਰਿਵਾਰ ਬਿਖਰਦੇ ਰਹਿਣਗੇ ਅਤੇ ਸਮਾਜ ਅੰਦਰ ਨਿਰਾਸ਼ਾ ਵਧੇਗੀ। ਇਸ ਲਈ ਇਸ ਮਸਲੇ ਵੱਲ ਤਵੱਜੋ ਦੇਣ ਦੀ ਲੋੜ ਹੈ।


# ਭਾਰਤ ਵਿੱਚ ਘੱਟ ਗਿਣਤੀਆਂ ਦੀ ਹਾਲਤ ਮਾੜੀ

## ✪ ਰਾਅ 'ਤੇ ਪਾਬੰਦੀ ਲਗਾਈ ਜਾਵੇ : ਅਮਰੀਕੀ ਕਮਿਸ਼ਨ ✪ ਰਿਪੋਰਟ ਅਨੁਸਾਰ ਭਾਰਤ ਨੂੰ "ਖਾਸ ਚਿੰਤਾ ਦਾ ਦੇਸ਼" ਘੋਸ਼ਿਤ ਕੀਤਾ ਜਾਣਾ ਚਾਹੀਦਾ

ਨਿਊਯਾਰਕ - ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਆਪਣੀ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਲਗਾਤਾਰ ਮਾੜਾ ਵਿਹਾਰ ਹੋ ਰਿਹਾ ਹੈ। ਕਮਿਸ਼ਨ ਨੇ ਭਾਰਤ ਦੀ ਖੁਫੀਆ ਏਜੰਸੀ, ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) 'ਤੇ ਸਿੱਖ ਵੱਖਵਾਦੀਆਂ ਵਿਰੁੱਧ ਕਥਿਤ ਕਤਲ ਦੀਆਂ ਸਾਜ਼ਿਸ਼ਾਂ ਵਿੱਚ ਸ਼ਾਮਲ ਹੋਣ ਕਾਰਨ ਪਾਬੰਦੀ ਲਗਾਉਣ ਦੀ ਸਿਫਾਰਸ਼ ਕੀਤੀ ਹੈ। ਇਹ ਰਿਪੋਰਟ ਬੀਤੇ ਦਿਨੀਂ ਜਾਰੀ ਕੀਤੀ ਗਈ।

ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ 2024 ਵਿੱਚ ਵਿਗੜ ਗਈ ਸੀ, ਘੱਟ ਗਿਣਤੀਆਂ ਵਿਰੁੱਧ ਹਮਲੇ ਅਤੇ ਵਿਤਕਰੇ ਵਿੱਚ ਵਾਧਾ ਹੋਇਆ। ਕਮਿਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਪਿਛਲੇ ਸਾਲ ਦੇ ਚੋਣ ਪ੍ਰਚਾਰ ਦੌਰਾਨ ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਵਿਰੁੱਧ "ਨਫ਼ਰਤ ਭਰੇ ਭਾਸ਼ਣ ਅਤੇ ਗਲਤ ਜਾਣਕਾਰੀ ਨੂੰ ਉਤਸ਼ਾਹਿਤ ਕਰਨ" ਦਾ ਦੋਸ਼ ਲਗਾਇਆ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੂੰ "ਖਾਸ ਚਿੰਤਾ ਦਾ ਦੇਸ਼" ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਰਾਅ ਦੇ ਨਾਲ-ਨਾਲ ਇੱਕ ਸਾਬਕਾ ਭਾਰਤੀ ਖੁਫੀਆ ਅਧਿਕਾਰੀ ਵਿਕਾਸ ਯਾਦਵ ਉਰਫ਼ ਵਿਕਰਮ ਯਾਦਵ 'ਤੇ ਪਾਬੰਦੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਕਮਿਸ਼ਨ ਨੇ ਭਾਰਤ ਵਿੱਚ ਘੱਟ ਗਿਣਤੀਆਂ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਵਧ ਰਹੇ ਨਫ਼ਰਤ ਭਰੇ ਭਾਸ਼ਣਾਂ ਸੰਯੁਕਤ ਰਾਸ਼ਟਰ ਦੁਆਰਾ "ਮੂਲ ਰੂਪ ਵਿੱਚ ਵਿਤਕਰੇ ਵਾਲਾ" ਕਰਾਰ ਦਿੱਤੇ ਗਏ ਨਾਗਰਿਕਤਾ ਕਾਨੂੰਨ, ਧਰਮ ਪਰਿਵਰਤਨ ਵਿਰੋਧੀ ਕਾਨੂੰਨ, ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਅਤੇ ਮੁਸਲਮਾਨਾਂ ਦੀਆਂ ਜਾਇਦਾਦਾਂ ਨੂੰ ਢਾਹੁਣ ਵਰਗੇ ਮੁੱਦਿਆਂ ਦਾ ਹਵਾਲਾ ਦਿੱਤਾ। ਹਾਲਾਂਕਿ, ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕੀ ਸਰਕਾਰ ਵੱਲੋਂ ਭਾਰਤ ਦੀ ਰਾਅ 'ਤੇ ਪਾਬੰਦੀ ਲਗਾਉਣ ਦੀ ਸੰਭਾਵਨਾ ਘੱਟ ਹੈ, ਕਿਉਂਕਿ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੰਨਣਯੋਗ ਨਹੀਂ ਹਨ।

ਯਾਦ ਰਹੇ ਕਿ ਵਾਸ਼ਿੰਗਟਨ ਚੀਨ ਦੇ ਵਧਦੇ ਪ੍ਰਭਾਵ ਦੇ ਖਿਲਾਫ ਭਾਰਤ ਨੂੰ ਇੱਕ ਮਹੱਤਵਪੂਰਨ ਸਹਿਯੋਗੀ ਮੰਨਦਾ ਹੈ।




ਭਾਰਤੀ ਦੂਤਾਵਾਸ ਨੇ ਇਸ ਰਿਪੋਰਟ 'ਤੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ। ਭਾਰਤ ਸਰਕਾਰ ਪਹਿਲਾਂ ਅਜਿਹੇ ਦਾਅਵਿਆਂ ਨੂੰ ਰੱਦ ਕਰ ਚੁੱਕੀ ਹੈ, ਉਨ੍ਹਾਂ ਨੂੰ "ਬਹੁਤ ਪੱਖਪਾਤੀ" ਕਹਿੰਦੀ ਹੈ। ਮੋਦੀ ਸਰਕਾਰ ਦਾ ਕਹਿਣਾ ਹੈ ਕਿ ਉਸਦੀਆਂ ਨੀਤੀਆਂ ਸਾਰੇ ਭਾਈਚਾਰਿਆਂ ਲਈ ਲਾਭਦਾਇਕ ਹਨ।

ਇਹ ਰਿਪੋਰਟ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਇੱਕ ਨਵੀਂ ਪੇਚੀਦਗੀ ਪੈਦਾ ਕਰ ਸਕਦੀ ਹੈ, ਖਾਸ ਕਰਕੇ ਜਦੋਂ ਦੋਵੇਂ ਦੇਸ਼ ਚੀਨ ਵਿਰੁੱਧ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। 2023 ਤੋਂ, ਭਾਰਤ ਵੱਲੋਂ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਥਿਤ ਕੋਸ਼ਿਸ਼ਾਂ ਨੇ ਅਮਰੀਕਾ-ਭਾਰਤ ਸਬੰਧਾਂ ਨੂੰ ਤਣਾਅਪੂਰਨ ਬਣਾ ਦਿੱਤਾ ਸੀ, ਵਾਸ਼ਿੰਗਟਨ ਨੇ ਇੱਕ ਅਸਫਲ ਸਾਜ਼ਿਸ਼ ਲਈ ਵਿਕਾਸ ਯਾਦਵ ਉਰਫ਼ ਵਿਕਰਮ ਯਾਦਵ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਭਾਰਤ ਨੇ ਇਹਨਾਂ ਦੋਸ਼ਾਂ ਤੋਂ ਇਨਕਾਰ ਕੀਤਾ ਸੀ ਅਤੇ ਸਿੱਖ ਵੱਖਵਾਦੀਆਂ ਨੂੰ ਸੁਰੱਖਿਆ ਲਈ ਖ਼ਤਰਾ ਦੱਸਿਆ ਸੀ। ਸਿੱਖ ਵੱਖਵਾਦੀ ਨਿੱਝਰ ਦੀ ਹੱਤਿਆ ਦੇ ਮੁੱਦੇ 'ਤੇ ਕੈਨੇਡਾ ਨਾਲ ਸਬੰਧ ਵੀ ਤਣਾਅਪੂਰਨ ਹੋ ਗਏ ਸਨ। ਅਮਰੀਕੀ ਕਮਿਸ਼ਨ ਦੀ ਰਿਪੋਰਟ ਨੂੰ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀਆਂ ਟਿੱਪਣੀਆਂ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀਆਂ ਕਾਰਵਾਈਆਂ ਦੇ ਸੰਦਰਭ ਵਿੱਚ ਵੀ ਦੇਖਿਆ ਜਾਣਾ ਚਾਹੀਦਾ ਹੈ। ਮਹਾਰਾਸ਼ਟਰ ਵਿੱਚ, ਔਰੰਗਜ਼ੇਬ ਨੂੰ ਮੁੱਦਾ ਬਣਾ ਕੇ ਨਾਗਪੁਰ ਵਿੱਚ ਹਿੰਸਾ ਹੋਈ। ਫੜਨਵੀਸ ਨੇ ਔਰੰਗਜ਼ੇਬ ਦੀ ਕਬਰ ਪੁੱਟੇ ਜਾਣ ਦੇ ਬਿਆਨਾਂ ਦਾ ਸਮਰਥਨ ਕੀਤਾ। ਆਪਣੇ ਤਾਜ਼ਾ ਪੋਡਕਾਸਟ ਵਿੱਚ, ਯੋਗੀ ਆਦਿੱਤਿਆਨਾਥ ਨੇ ਇੱਕ ਵਿਲੱਖਣ ਅੰਦਾਜ਼ ਵਿੱਚ ਕਿਹਾ ਹੈ ਕਿ ਜੇਕਰ ਹਿੰਦੂ ਸੁਰੱਖਿਅਤ ਹਨ, ਤਾਂ ਮੁਸਲਮਾਨ ਵੀ ਸੁਰੱਖਿਅਤ ਰਹਿਣਗੇ। ਇਸ ਕਥਨ ਦਾ ਕੀ ਅਰਥ ਹੋਵੇਗਾ, ਇਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ।

# ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਤੋੜਨ ਦੀ ਸ੍ਰੀ ਗੁਰੂ ਰਵਿਦਾਸ ਸਭਾ ਯੂਕੇ, ਯੂਰਪ ਤੇ ਅਬਰੌਡ ਵੱਲੋਂ ਜ਼ੋਰਦਾਰ ਨਿਖੇਧੀ

ਗੁਰੂ ਪਿਆਰੀ ਸਾਧ ਸੰਗਤ ਜੀ,

ਸ੍ਰੀ ਰਵਿਦਾਸ ਜੀ ਕੀ ਜੈ।

ਆਪ ਜੀ ਨੂੰ ਪਤਾ ਹੀ ਹੋਵੇਗਾ ਕਿ ਪਿਛਲੇ ਕੁੱਝ ਦਿਨਾਂ ਤੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਬੁੱਤਾਂ ਦਾ ਨੁਕਸਾਨ ਕੀਤਾ ਗਿਆ ਹੈ, ਅਸੀਂ ਉਕਤ ਘਟਨਾ ਅਤੇ ਬੁੱਤਾਂ ਦਾ ਨੁਕਸਾਨ ਕਰਨ ਵਾਲਿਆਂ ਦੀ ਨਿੰਦਾ ਕਰਦੇ ਹਾਂ। ਇਸ ਦੇ ਨਾਲ ਹੀ ਅਮਰੀਕਾ ਵਿੱਚ ਰਹਿੰਦੇ ਗੁਰਪਤਵੰਤ ਸਿੰਘ ਪੰਨੂ ਵੱਲੋਂ ਵੀ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਖਿਲਾਫ਼ ਭੱਦੀ ਸ਼ਬਦਾਵਲੀ ਬੋਲੀ ਗਈ ਹੈ, ਅਸੀਂ ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਤੇ ਅਬਰੋਡ ਵੱਲੋਂ ਇਸ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।

ਇਹਨਾਂ ਘਟਨਾਵਾਂ ਨਾਲ ਦੋਨੋ ਭਾਈਚਾਰਿਆਂ ਸਿੱਖਾਂ ਅਤੇ ਰਵਿਦਾਸੀਆ ਭਾਈਚਾਰੇ ਵਿੱਚ ਫਿੱਕ ਵਧ ਸਕਦਾ ਹੈ। ਸਿੱਖ ਅਤੇ ਰਵਿਦਾਸ ਭਾਈਚਾਰੇ ਵਿੱਚ ਗੂੜ੍ਹੇ ਸਬੰਧ ਹਨ ਅਤੇ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ।

ਬਾਬਾ ਅੰਬੇਦਕਰ ਜੀ ਨੇ ਰਵਿਦਾਸ ਭਾਈਚਾਰੇ ਅਤੇ ਦੇਸ਼ ਦੇ ਕਰੋੜਾਂ ਗਰੀਬਾਂ ਲਈ ਭਾਰਤ ਵਿੱਚ ਅਧਿਕਾਰ ਲੈ ਕੇ



ਡਾ: ਭੀਮ ਰਾਓ ਅੰਬੇਦਕਰ ਜੀ

ਦਿੱਤੇ ਅਤੇ ਰਾਖਵਾਂ ਕਰਨ ਕਰਕੇ ਨੀਵੀਂਆਂ ਸਮਝੀਆਂ ਜਾਂਦੀਆਂ ਜਾਤੀਆਂ ਨੂੰ ਵੀ ਪੜ੍ਹਾਈ ਕਰਨ ਅਤੇ ਨੌਕਰੀਆਂ ਹਾਸਲ ਕਰਨ ਦੇ ਹੱਕ ਦਿਵਾਏ, ਇਸ ਲਈ ਸਮੁੱਚਾ ਰਵਿਦਾਸ ਭਾਈਚਾਰਾ ਬਾਬਾ ਜੀ ਦਾ ਬਹੁਤ ਸਤਿਕਾਰ ਕਰਦਾ ਹੈ ਤੇ ਉਹਨਾਂ ਦੇ ਬੁੱਤਾਂ ਨੂੰ ਤੋੜੇ ਜਾਣਾ ਬਰਦਾਸ਼ਤ ਨਹੀਂ ਕਰ ਸਕਦਾ, ਤੇ ਇਸ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਜਿੱਥੇ ਕਿਤੇ ਵੀ ਬਾਵਾ ਜੀ ਦੇ ਬੁੱਤਾਂ ਦਾ ਨੁਕਸਾਨ ਕੀਤਾ ਗਿਆ ਹੈ, ਉਹਨਾਂ ਨੂੰ ਮੁੜ ਪਹਿਲੀ ਸਥਿਤੀ ਵਿੱਚ ਸਥਾਪਤ ਕੀਤਾ ਜਾਵੇ। ਸਿੱਖ ਸੋਚਦੇ ਹਨ ਕਿ ਸਿੱਖ ਭਾਈਚਾਰੇ ਨਾਲ ਭਾਰਤ ਵਿੱਚ ਜ਼ਿਆਦਤੀਆਂ ਹੋਈਆਂ ਹਨ ਤੇ ਉਹਨਾਂ ਨੂੰ ਬਰਾਬਰ ਦੇ ਹੱਕ ਨਹੀਂ ਮਿਲ ਰਹੇ। ਪਰ ਦੂਜੇ ਪਾਸੇ ਰਵਿਦਾਸ ਭਾਈਚਾਰੇ ਨਾਲ ਵੀ ਭਾਰਤ ਦੇ ਕਈ ਸੂਬਿਆਂ ਵਿੱਚ ਵਧੀਕੀਆਂ ਹੋਈਆਂ ਤੇ ਹੋ ਰਹੀਆਂ ਹਨ।

ਅਸੀਂ ਚਾਹੁੰਦੇ ਹਾਂ ਕਿ ਸਾਰਿਆਂ ਨੂੰ ਬਰਾਬਰ ਦੇ ਹੱਕ ਮਿਲਣ, ਅਤੇ ਸਾਰੇ ਹੀ ਆਜ਼ਾਦੀ ਨਾਲ ਖੁਸ਼ਹਾਲ ਜੀਵਨ ਜਿਊਣ। ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਦੂਰੀਆਂ ਪਾਉਣ ਨਾਲ ਮਸਲੇ ਹੱਲ ਨਹੀਂ ਹੋਣੇ, ਸਗੋਂ ਆਪਣੇ ਸਾਂਝੇ ਹੱਕਾਂ ਲਈ ਉਸ ਦੇਸ਼ ਦੀ ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਵੱਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਨੂੰ ਰੋਕਣ ਲਈ ਇਕੱਠੇ ਹੋ ਕੇ ਜੱਦੋ-ਜਹਿਦ ਕਰਨੀ ਚਾਹੀਦੀ ਹੈ।

**ਜਾਰੀ ਕਰਤਾ - ਦਲਾਵਰ ਸਿੰਘ ਬਾਘਾ - ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਤੇ ਅਬਰੋਡ**

**ਬੇਨਤੀ ਕਰਤਾ:- ਸਮੂਹ ਕਮੇਟੀ ਮੈਂਬਰ, ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਤੇ ਅਬਰੌਡ**

**SHRI GURU RAVIDASS SABHA, U.K., EUROPE & ABROAD**

# ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਤੋੜਨ ਦੀ ਗੁਰੂ ਰਵਿਦਾਸ ਸਭਾ ਡਰਬੀ ਵੱਲੋਂ ਜ਼ੋਰਦਾਰ ਨਿਖੇਧੀ

ਗੁਰੂ ਪਿਆਰੀ ਸਾਧ ਸੰਗਤ ਜੀ,

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਪਿਛਲੇ ਕੁੱਝ ਦਿਨਾਂ ਤੋਂ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਬੁੱਤਾਂ ਦਾ ਨੁਕਸਾਨ ਕੀਤਾ ਗਿਆ ਹੈ, ਅਸੀਂ ਉਕਤ ਘਟਨਾ ਅਤੇ ਬੁੱਤਾਂ ਦਾ ਨੁਕਸਾਨ ਕਰਨ ਵਾਲਿਆਂ ਦੀ ਨਿੰਦਾ ਕਰਦੇ ਹਾਂ। ਇਸ ਦੇ ਨਾਲ ਹੀ ਅਮਰੀਕਾ ਵਿੱਚ ਰਹਿੰਦੇ ਗੁਰਪਤਵੰਤ ਸਿੰਘ ਪੰਨੂ ਵੱਲੋਂ ਵੀ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਜੀ ਦੇ ਖਿਲਾਫ਼ ਭੱਦੀ ਸ਼ਬਦਾਵਲੀ ਬੋਲੀ ਗਈ ਹੈ, ਅਸੀਂ ਇਸ ਦੀ ਵੀ ਨਿਖੇਧੀ ਕਰਦੇ ਹਾਂ। ਇਹਨਾਂ ਘਟਨਾਵਾਂ ਨਾਲ ਦੋਵੇਂ ਭਾਈਚਾਰਿਆਂ ਵਿੱਚ ਫਿੱਕ ਵਧ ਸਕਦਾ ਹੈ। ਰਵਿਦਾਸ ਭਾਈਚਾਰੇ ਅਤੇ ਸਿੱਖ ਭਾਈਚਾਰੇ ਵਿੱਚ ਬਹੁਤ ਗੂੜ੍ਹੀ ਸਾਂਝ ਹੈ। ਅਸੀਂ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ। ਬਾਬਾ ਅੰਬੇਦਕਰ ਜੀ ਨੇ ਰਵਿਦਾਸ ਭਾਈਚਾਰੇ ਅਤੇ ਦੇਸ਼ ਦੇ ਕਰੋੜਾਂ ਗਰੀਬਾਂ ਲਈ ਭਾਰਤ ਵਿੱਚ ਅਧਿਕਾਰ ਲੈ ਕੇ ਦਿੱਤੇ ਅਤੇ ਰਾਖਵਾਂ ਕਰਨ ਕਰਕੇ ਨੀਵੀਂਆਂ ਸਮਝੀਆਂ ਜਾਂਦੀਆਂ ਜਾਤੀਆਂ ਨੂੰ ਵੀ ਪੜ੍ਹਾਈ



ਡਾ: ਭੀਮ ਰਾਓ ਅੰਬੇਦਕਰ ਜੀ

ਕਰਨ ਅਤੇ ਨੌਕਰੀਆਂ ਹਾਸਲ ਕਰਨ ਦੇ ਹੱਕ ਦਿਵਾਏ, ਇਸ ਲਈ ਸਮੁੱਚਾ ਰਵਿਦਾਸ ਭਾਈਚਾਰਾ ਉਹਨਾਂ ਦਾ ਬਹੁਤ ਸਤਿਕਾਰ ਕਰਦਾ ਹੈ ਤੇ ਉਹਨਾਂ ਦੇ ਬੁੱਤਾਂ ਨੂੰ ਤੋੜੇ ਜਾਣਾ ਬਰਦਾਸ਼ਤ ਨਹੀਂ ਕਰ ਸਕਦਾ, ਤੇ ਇਸ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਜਿੱਥੇ ਕਿਤੇ ਵੀ ਬਾਵਾ ਜੀ ਦੇ ਬੁੱਤਾਂ ਦਾ ਨੁਕਸਾਨ ਕੀਤਾ ਗਿਆ ਹੈ, ਉਹਨਾਂ ਨੂੰ ਮੁੜ ਪਹਿਲੀ ਸਥਿਤੀ ਵਿੱਚ ਸਥਾਪਤ ਕੀਤਾ ਜਾਵੇ।

ਅਸੀਂ ਸਮਝਦੇ ਹਾਂ ਕਿ ਸਿੱਖ ਭਾਈਚਾਰੇ ਨਾਲ ਭਾਰਤ ਵਿੱਚ ਜ਼ਿਆਦਤੀਆਂ ਹੋਈਆਂ ਹਨ। ਪਰ ਦੂਜੇ ਪਾਸੇ ਰਵਿਦਾਸ ਭਾਈਚਾਰੇ ਨਾਲ ਵੀ ਭਾਰਤ ਦੇ ਕਈ ਸੂਬਿਆਂ ਵਿੱਚ ਵਧੀਕੀਆਂ ਹੋਈਆਂ ਤੇ ਹੋ ਰਹੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਸਾਰਿਆਂ ਨੂੰ ਬਰਾਬਰ ਦੇ ਹੱਕ ਮਿਲਣ, ਤੇ ਸਾਰੇ ਹੀ ਆਜ਼ਾਦੀ ਨਾਲ ਖੁਸ਼ਹਾਲ ਜੀਵਨ ਜਿਊਣ।

ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਦੂਰੀਆਂ ਪਾਉਣ ਨਾਲ ਮਸਲੇ ਹੱਲ ਨਹੀਂ ਹੋਣੇ, ਸਗੋਂ ਆਪਣੇ ਸਾਂਝੇ ਹੱਕਾਂ ਲਈ ਉਸ ਦੇਸ਼ ਦੀ ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਵੱਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਨੂੰ ਰੋਕਣ ਲਈ ਇਕੱਠੇ ਹੋ ਕੇ ਜੱਦੋ ਜਹਿਦ ਕਰਨੀ ਚਾਹੀਦੀ ਹੈ।

**ਜਾਰੀ ਕਰਤਾ -ਪ੍ਰਧਾਨ: ਸੁਰਿੰਦਰ ਕੁਮਾਰ 07882 157 963 ਸਕੱਤਰ: ਮੂਲ ਰਾਜ ਚੂੰਬਰ +44 7400 616176**

**ਬੇਨਤੀ ਕਰਤਾ:- ਸੰਗਤਾਂ ਦੇ ਦਾਸ ਕਮੇਟੀ ਮੈਂਬਰ, ਸ੍ਰੀ ਗੁਰੂ ਰਵਿਦਾਸ ਸਭਾ ਡਰਬੀ**

**GURDWARA SAHIB SHRI GURU RAVIDASS SABHA DERBY**

DUNCAN ROAD, DERBY, DE23 8TS (U.K.) TEL: 01332 766077 - www.guruاو ravidassderby.co.uk

# ਜਵਾਨ ਔਰਤ ਨਾਲ ਬਲਾਤਕਾਰ ਕਰਨ ਵਾਲੇ ਗਗਨਦੀਪ ਗੁਲਾਟੀ ਨੂੰ ਹੋਈ ਜੇਹਲ

ਲੈਸਟਰ - ਇਕ ਬਲਾਤਕਾਰੀ ਨੌਜਵਾਨ ਗਗਨਦੀਪ ਗੁਲਾਟੀ ਜਿਸ ਨੇ ਇਕ ਨੌਜਵਾਨ ਔਰਤ ਨੂੰ ਰਾਤ ਸਮੇਂ ਆਪਣੇ ਚੁੰਗਲ ਵਿੱਚ ਫਸਾ ਕੇ ਉਸ ਨਾਲ ਬਲਾਤਕਾਰ ਕੀਤਾ ਸੀ ਨੂੰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਿਸ ਪੁਲਿਸ ਅਫਸਰ ਦੁਆਰਾ ਸੀ ਸੀ ਟੀ ਵੀ ਦੀਆਂ ਤਸਵੀਰਾਂ ਤੋਂ ਇਸ ਦੋਸ਼ੀ ਦੀ ਪਛਾਣ ਕੀਤੀ ਗਈ ਉਸ ਦਾ ਧੰਨਵਾਦ ਕੀਤਾ ਗਿਆ ਹੈ।


ਗਗਨਦੀਪ ਗੁਲਾਟੀ

ਪਿਛਲੇ ਸਾਲ ਸਤੰਬਰ ਵਿੱਚ, ਗਗਨਦੀਪ ਗੁਲਾਟੀ ਨੇ ਲੈਸਟਰ ਦੇ ਜੁਬਲੀ ਸੁਕੇਅਰ ਵਿੱਚ ਮਜ਼ਲੂਮ ਔਰਤ ਨਾਲ ਜ਼ਬਰ ਜਨਾਹ ਕੀਤਾ ਸੀ। ਉਹ ਔਰਤ ਦੇ ਕੋਲ ਗਿਆ ਅਤੇ ਉਸ ਨੂੰ ਬਾਂਹਾਂ ਤੋਂ ਫੜ ਕੇ ਕੈਸਲ ਗਾਰਡਨ ਵਿੱਚ ਲੈ ਗਿਆ, ਜਿਥੇ ਉਸਨੇ ਲੜਕੀ ਨਾਲਬਲਾਤਕਾਰ ਕੀਤਾ। ਉਸਨੇ ਆਪਣੇ ਫੋਨ ਤੇ ਘਟਨਾ ਦੀ ਵੀਡੀਓ ਬਣਾ ਕੇ ਦੂਜੇ ਲੋਕਾਂ ਨੂੰ ਵੀ ਭੇਜਿਆ।

ਪੁਲਿਸ ਫੋਰਸ ਦੇ ਵਿਸ਼ੇਸ਼ ਮਾਹਰ ਅਫਸਰਾਂ ਵੱਲੋਂ ਇਸ ਬਲਾਤਕਾਰ ਦੀ ਘਟਨਾ ਅਤੇ ਜਿਨਸੀ ਹਿੰਸਾ ਦੀ ਜਾਂਚ ਕੀਤੀ ਗਈ। ਇਕ ਹਫਤੇ ਦੇ ਦੌਰਾਨ, ਜਾਸੂਸ ਕਾਂਸਟੇਬਲ ਮੈਟ ਸਮਿੱਥ ਨੇ ਸੀਸੀਟੀਵੀ 'ਤੇ ਪੀੜਤ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਆਖਰਕਾਰ ਫੁਟੇਜ ਰਾਹੀਂ 20 ਸਾਲਾ ਗੁਲਾਟੀ ਦੀ ਪਛਾਣ ਕੀਤੀ ਗਈ। ਜਦੋਂ ਡਿਟੈਕਟਿਵ ਸਮਿੱਥ ਨੇ ਉਨ੍ਹਾਂ ਦੀ ਰਿਹਾਇਸ਼ ਦਾ ਦੌਰਾ ਕੀਤਾ ਜਿੱਥੋਂ ਹੋਰ ਪੁੱਛਗਿੱਛ ਕੀਤੀ ਗਈ, ਉਸਨੇ ਤੁਰੰਤ ਫੁਟੇਜ ਤੋਂ ਉਸਨੂੰ ਗਿਰਫ਼ਤਾਰ ਕਰ ਲਿਆ।

ਕਿਰਪਾ ਕਰਕੇ ਯਾਦ ਰੱਖੋ ਕਿ ਜਿਨਸੀ ਅਪਰਾਧ ਦੇ ਸ਼ਿਕਾਰ ਲੋਕਾਂ ਨੂੰ ਬਾਰੇ ਕਿਸੇ ਢੰਗ ਜਾਂ ਪੋਸਟ ਰਾਹੀਂ ਜਾਣਕਾਰੀ ਦਿੰਦੇ ਹੋ ਜੋ ਕਿਸੇ ਪੀੜਤ ਦੀ ਪਛਾਣ ਕਰ ਸਕਣ, ਤਾਂ ਤੁਸੀਂ ਕਾਨੂੰਨ ਨੂੰ ਤੋੜ ਰਹੇ ਹੋ।


## CHANGE OF NAME

I, MR CHARANDEEP SINGH S/O OF SUKHWANT SINGH WHOSE PERMANENT ADDRESS IN INDIA IS B-132 A 1ST FLOOR, GANESH NAGAR, TILAK NAGAR, WEST DELHI, DELHI, 110018 AND NOW LIVING 53 COPTHALL ROAD, HANDSWORTH, BIRMINGHAM B21 8JP HEREBY GIVE NOTICE OF MY INTENTION TO CHANGE MY NAME TO CHARANDEEP SINGH BHACHU. (U)

I, MISS ALKA D/O OF HIRALAL MASIH WHOSE PERMANENT ADDRESS IN INDIA IS KAHNUWAN ROAD, BHATHA INDERJIT, NEW COLONY, BATALA, P.O. BATALA, DIST: GURDASPUR, 143505, PUNJAB, AND NOW LIVING FLAT 1, 10 HUMBERSTONE DRIVE, LEICESTER, LE5 0RA, UK HEREBY GIVE NOTICE OF MY INTENTION TO CHANGE MY NAME TO ALKA TEJA. (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਹੰਸ ਰਾਜ ਹੰਸ 'ਤੇ ਟੁੱਟਿਆ ਦੁੱਖਾਂ ਦਾ ਪਹਾੜ, ਪਤਨੀ ਦਾ ਹੋਇਆ ਦੇਹਾਂਤ ਜਲੰਧਰ



ਜਲੰਧਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)-ਮਸ਼ਹੂਰ ਸੂਫੀ ਗਾਇਕ ਹੰਸਰਾਜ ਹੰਸ ਦੀ ਪਤਨੀ ਰੇਸ਼ਮ ਕੌਰ ਦਾ ਦੇਹਾਂਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਰੇਸ਼ਮ ਕੌਰ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸੀ। ਜਿਸ ਨੂੰ ਇਲਾਜ ਲਈ ਜਲੰਧਰ ਦੇ ਟੈਗੋਰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਉਥੇ ਬੁੱਧਵਾਰ ਦੁਪਹਿਰ ਕਰੀਬ 1 ਵਜੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਰੇਸ਼ਮ ਕੌਰ ਦੇ ਦੇਹਾਂਤ ਨਾਲ ਪਰਿਵਾਰ ਵਿੱਚ ਸੋਗ ਦੀ ਲਹਿਰ ਹੈ। ਹੰਸਰਾਜ ਦੇ ਰਿਸ਼ਤੇਦਾਰ ਹੰਸ ਦੇ ਘਰ ਦੁੱਖ ਦਾ ਪ੍ਰਗਟਾਵਾ ਕਰਨ ਲਈ ਪਹੁੰਚ ਰਹੇ ਹਨ। ਉਨ੍ਹਾਂ ਨੇ 60 ਸਾਲ ਦੀ ਉਮਰ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ।

# ਨਾਭਾ ਬਲਾਕ ਦੇ ਪਿੰਡ ਚੇਹਿਲ ਵਿੱਚ ਪ੍ਰਵਾਸੀਆਂ ਨੂੰ ਪਿੰਡ ਛੱਡ ਕੇ ਜਾਣ ਦਾ ਸੁਣਾਇਆ ਫ਼ਰਮਾਨ



ਨਾਭਾ-ਨਾਭਾ ਬਲਾਕ ਦੇ ਪਿੰਡ ਚੇਹਿਲ ਵਿੱਚ ਪੰਚਾਇਤ ਨੇ 4 ਤੋਂ 5 ਹਜ਼ਾਰ ਪ੍ਰਵਾਸੀ ਮਜ਼ਦੂਰਾਂ ਨੂੰ ਪਿੰਡ ਛੱਡਣ ਦਾ ਫ਼ਰਮਾਨ ਜਾਰੀ ਕੀਤਾ। ਬੀਤੇ ਦਿਨੀਂ ਵੱਡੇ ਇਕੱਠ ਰਾਹੀਂ ਇਹ ਫੈਸਲਾ ਲਿਆ ਗਿਆ, ਜਿਸ ਤੋਂ ਬਾਅਦ ਕਈ ਮਜ਼ਦੂਰ ਘਰ ਛੱਡ ਕੇ ਚਲੇ ਗਏ। ਪਿੰਡ ਵਾਸੀਆਂ ਸੁਖਰਾਜ ਸਿੰਘ ਨੌਨੀ ਅਤੇ ਸ਼ਮਸ਼ੇਰ ਸਿੰਘ ਦਾ ਕਹਿਣਾ ਹੈ ਕਿ ਪ੍ਰਵਾਸੀ ਮਜ਼ਦੂਰਾਂ ਕਾਰਨ ਅਪਰਾਧ ਅਤੇ ਹੁਲੜਬਾਜ਼ੀ ਵਧੀ ਹੈ, ਇਸ ਲਈ ਇਹ ਕਦਮ ਚੁੱਕਿਆ ਗਿਆ। ਪੁਲਿਸ ਨੇ ਮਾਮਲੇ ਨੂੰ ਸ਼ਾਂਤ ਕਰਨ ਦਾ ਦਾਅਵਾ ਕੀਤਾ ਹੈ। ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰ ਖੇਤੀ ਅਤੇ ਉਦਯੋਗ ਲਈ ਅਹਿਮ ਹਨ, ਪਰ ਕਈ ਪਿੰਡਾਂ ਵਿੱਚ ਉਨ੍ਹਾਂ ਨੂੰ ਕੱਢਣ ਦੀ ਰਵਾਇਤ ਸ਼ੁਰੂ ਹੋ ਗਈ ਹੈ। ਪੰਚਾਇਤ ਨੇ 1 ਅਪ੍ਰੈਲ ਤੱਕ ਮਜ਼ਦੂਰਾਂ ਨੂੰ ਜਾਣ ਦਾ ਹੁਕਮ ਦਿੱਤਾ ਸੀ, ਜਿਸ ਦੀ ਪਾਲਣਾ ਕਰਦਿਆਂ ਕਈ ਘਰਾਂ 'ਤੇ ਤਾਲੇ ਲੱਗ ਗਏ। ਸਰਪੰਚ ਅਤੇ ਪੰਚਾਇਤ ਨੇ ਕੈਮਰੇ ਅੱਗੇ ਆਉਣ ਤੋਂ ਇਨਕਾਰ ਕਰ ਦਿੱਤਾ, ਪਰ ਦੋ ਵਿਅਕਤੀਆਂ ਨੇ ਪ੍ਰਵਾਸੀਆਂ ਨੂੰ ਰੋਕਣ ਦੀ ਗੱਲ ਕਹੀ। ਕੁਝ ਲੋਕਾਂ ਨੇ ਵਿਰੋਧ ਵੀ ਕੀਤਾ, ਪਰ ਉਹ ਵੀ ਸਾਹਮਣੇ ਨਹੀਂ ਆਏ। ਨਾਭਾ ਦੇ ਥਾਣਾ ਸਦਰ ਭਾਦਸੋਂ ਦੇ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਲਿਖਤੀ ਸ਼ਿਕਾਇਤ 'ਤੇ 5 ਵਿਅਕਤੀਆਂ 'ਤੇ 7/51 ਦਾ ਮਾਮਲਾ ਦਰਜ ਕੀਤਾ ਗਿਆ, ਤਾਂ ਜੋ ਮਾਹੌਲ ਖਰਾਬ ਨਾ ਹੋਵੇ। ਇਹ ਘਟਨਾ ਪੰਜਾਬ ਦੇ ਪਿੰਡਾਂ ਵਿੱਚ ਪ੍ਰਵਾਸੀ ਮਜ਼ਦੂਰਾਂ ਪ੍ਰਤੀ ਵਧ ਰਹੀ ਨਾਰਾਜ਼ਗੀ ਨੂੰ ਦਰਸਾਉਂਦੀ ਹੈ।

# ਪਟਿਆਲਾ ਦੀ ਪੁਲਿਸ ਚੌਕੀ ਬਾਦਸ਼ਾਹਪੁਰ ਨੇੜੇ ਧਮਾਕੇ ਦੀ ਬੱਬਰ ਖਾਲਸਾ ਨੇ ਲਈ ਜ਼ਿੰਮੇਵਾਰੀ



ਪਟਿਆਲਾ-ਪਟਿਆਲਾ ਵਿਚ ਹੋਏ ਧਮਾਕੇ ਦੀ ਘਟਨਾ ਤੋਂ ਬਾਅਦ ਫੇਸਬੁੱਕ 'ਤੇ ਬੱਬਰ ਖਾਲਸਾ ਨਾਂ ਤੋਂ ਬਣੇ ਪੇਜ 'ਤੇ ਇਕ ਪੋਸਟ ਪਾਈ ਗਈ ਹੈ ਜਿਸ ਵਿਚ ਇਸ ਹਮਲੇ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਗਰੁੱਪ ਨੇ ਲੈਂਦੇ ਹੋਏ ਲਿਖਿਆ ਹੈ ਕਿ ਬਾਦਸ਼ਾਹਪੁਰ ਪੁਲਿਸ ਸਟੇਸ਼ਨ 'ਤੇ ਡਬਲ ਗ੍ਰੇਨੇਡ ਅਟੈਕ ਹੋਇਆ ਹੈ, ਜਿਸ ਦੀ ਜ਼ਿੰਮੇਵਾਰੀ ਹੈਪੀ ਪਸ਼ੀਆ, ਗੋਪੀ ਨਵਾਂਸ਼ਹਿਰੀਆ ਤੇ ਜੀਸ਼ਾਨ ਅਖਤਰ ਲੈਂਦੇ ਹਨ। ਇਹ ਹਮਲਾ ਪਿਛਲੇ ਗ੍ਰੇਨੇਡ ਅਟੈਕ ਦਾ ਹੀ ਹਿੱਸਾ ਹੈ। ਪੋਸਟ 'ਚ ਇਹ ਵੀ ਦਰਸਾਇਆ ਗਿਆ ਹੈ ਕਿ 1978 ਤੋਂ ਪੁਲਿਸ ਵੱਲੋਂ ਨੌਜਵਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਹੋ ਰਹੇ ਜ਼ੁਲਮ ਦੇ ਸੰਦਰਭ 'ਚ ਇਹ ਹਮਲੇ ਅਗੇ ਵੀ ਜਾਰੀ ਰਹਿਣਗੇ। ਇਸ ਵਿਚ ਕਿਹਾ ਗਿਆ ਹੈ ਕਿ ਮਾਝਾ ਤੋਂ ਦੋਆਬਾ, ਮਾਲਵਾ ਤੋਂ ਲੈ ਕੇ ਦਿੱਲੀ ਤਕ ਅਜਿਹੇ ਹਮਲੇ ਜਾਰੀ ਰਹਿਣਗੇ, ਜਦ ਤਕ ਇਹ ਲੋਕ ਖਾਲਸਾ ਰਾਜ ਦੀ ਸਥਾਪਨਾ ਨਹੀਂ ਕਰ ਲੈਂਦੇ। ਐਸਐਸਪੀ ਪਟਿਆਲਾ ਡਾਕਟਰ ਨਾਨਕ ਸਿੰਘ ਅਤੇ ਐਸਪੀਡੀ ਯੋਗੇਸ਼ ਸ਼ਰਮਾ ਵੱਲੋਂ ਮੌਕੇ ਉੱਤੇ ਪਹੁੰਚ ਕੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਪਰ ਅਜੇ ਤਕ ਕਿਸੇ ਵੀ ਤਰ੍ਹਾਂ ਦਾ ਕੋਈ ਸੁਰਾਗ ਪੁਲਿਸ ਦੇ ਹੱਥ ਨਹੀਂ ਲੱਗਾ।

MANAK
SOLICITORS



**Aneeta Kaur Kang**
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

# ਚੰਗੇ ਬੈਕਟੀਰੀਆ




ਇਮਿਊਨਿਟੀ ਨੂੰ ਸਹਿਯੋਗ ਦਿੰਦਾ ਹੈ*

## YAKULT BALANCE:

- ਆਂਦਰਾਂ ਵਿੱਚ ਬੈਕਟੀਰੀਆ ਦੀ ਮਾਤਰਾ ਵਧਾਉਂਦਾ ਹੈ**
- ਘੱਟ ਮਿੱਠਾ ਅਤੇ ਘੱਟ ਕੈਲੋਰੀਆਂ***
- ਫ਼ੈਟ-ਮੁਕਤ ਅਤੇ ਗਲੂਟਨ-ਮੁਕਤ
- ਇਮਿਊਨਿਟੀ ਨੂੰ ਸਹਿਯੋਗ ਦੇਣ ਅਤੇ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਵਿਟਾਮਿਨ ਡੀ ਨਾਲ ਭਰਪੂਰ
- ਸ਼ਾਕਾਹਾਰੀਆਂ ਲਈ ਢੁੱਕਵਾਂ
- ਰੋਜ਼ਾਨਾ ਆਪਣੇ ਨਾਸ਼ਤੇ ਨਾਲ ਇਸਦਾ ਆਨੰਦ ਮਾਣੋ


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਵਿਗਿਆਨੀਆਂ ਦੀ ਚਿਤਾਵਨੀ ਕਿ 2030 ਤੱਕ ਏਡਜ਼ ਨਾਲ 29 ਲੱਖ ਤੋਂ ਵੱਧ ਲੋਕਾਂ ਦੀ ਹੋ ਸਕਦੀ ਏ ਮੌਤ !

## ✪ ਵਿਦੇਸ਼ੀ ਸਹਾਇਤਾ ਵਿੱਚ ਕਟੌਤੀ ਕਾਰਣ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਨੇ

ਹਾਲ ਹੀ ਵਿਚ ਐਚਆਈਵੀ-ਏਡਜ ਨੂੰ ਲੈ ਕੇ ਇਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ, ਜਿਸ ਨੇ ਪੂਰੀ ਦੁਨੀਆ ਵਿਚ ਚਿੰਤਾ ਵਧਾ ਦਿੱਤੀ ਹੈ। ਇੱਕ ਨਵੀਂ ਖੋਜ ਅਨੁਸਾਰ, ਜੇਕਰ ਐੱਚਆਈਵੀ ਦੇ ਇਲਾਜ ਅਤੇ ਰੋਕਥਾਮ ਲਈ ਫੰਡਿੰਗ ਵਿੱਚ ਗਿਰਾਵਟ ਜਾਰੀ ਰਹੀ ਤਾਂ 2025 ਤੋਂ 2030 ਦੇ ਵਿਚਕਾਰ 18 ਮਿਲੀਅਨ ਨਵੇਂ ਐੱਚਆਈਵੀ ਸੰਕਰਮਣ ਹੋ ਸਕਦੇ ਹਨ ਅਤੇ 29 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਸਕਦੀ ਹੈ। ਇਹ ਅਧਿਐਨ ਆਸਟ੍ਰੇਲੀਆ ਦੇ ਮੈਲਬੌਰਨ ਸਥਿਤ ਬਰਨੇਟ ਇੰਸਟੀਚਿਊਟ ਦੇ ਖੋਜਕਰਤਾਵਾਂ ਨੇ ਕੀਤਾ ਹੈ। ਇਹ ਵੱਕਾਰੀ ਮੈਡੀਕਲ ਜਰਨਲ 'ਦਿ ਲੈਂਸੇਟ ਐੱਚ. ਆਈ. ਵੀ.' ਵਿੱਚ ਪ੍ਰਕਾਸ਼ਿਤ ਹੋਇਆ ਸੀ। ਖੋਜਕਰਤਾਵਾਂ ਨੇ 26 ਦੇਸ਼ਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ ਗਣਿਤਿਕ ਮਾਡਲਾਂ ਦੀ ਵਰਤੋਂ ਕੀਤੀ, ਇਹ ਪਤਾ ਲਗਾਇਆ ਕਿ ਜੇਕਰ ਅੰਤਰਰਾਸ਼ਟਰੀ ਫੰਡਿੰਗ ਕਟੌਤੀ ਜਾਰੀ ਰਹਿੰਦੀ ਹੈ ਤਾਂ ਐਚਆਈਵੀ-ਏਡਜ ਦੇ ਵਿਰੁੱਧ ਦਹਾਕਿਆਂ ਦੀ ਕੋਸ਼ਿਸ਼ ਨੂੰ ਰੱਦ ਕੀਤਾ ਜਾ ਸਕਦਾ ਹੈ।

ਐਚਆਈਵੀ-ਏਡਜ ਦੀ ਰੋਕਥਾਮ ਅਤੇ ਇਲਾਜ ਲਈ ਫੰਡਿੰਗ ਦਾ ਵੱਡਾ ਹਿੱਸਾ ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਫਰਾਂਸ, ਜਰਮਨੀ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਤੋਂ ਆਉਂਦਾ ਹੈ, ਪਰ ਇਨ੍ਹਾਂ ਦੇਸ਼ਾਂ ਨੇ ਹਾਲ ਹੀ ਵਿੱਚ ਵਿਦੇਸ਼ੀ ਸਹਾਇਤਾ ਵਿੱਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਐੱਚਆਈਵੀ ਨਾਲ ਸਬੰਧਤ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਖੋਜ ਨੇ ਇਹ ਵੀ ਪਾਇਆ ਕਿ 2026 ਤੱਕ ਵਿਸ਼ਵਵਿਆਪੀ ਐੱਚਆਈਵੀ-ਸਬੰਧਤ ਫੰਡਿੰਗ 24% ਤੱਕ ਘੱਟ ਸਕਦੀ ਹੈ। ਇਕੱਲੇ 2023 ਵਿੱਚ ਏਡਜ਼ ਨਾਲ ਸਬੰਧਤ ਬਿਮਾਰੀਆਂ ਕਾਰਨ 6.3 ਲੱਖ ਮੌਤਾਂ ਹੋਈਆਂ ਸਨ। ਜੇਕਰ ਇਸ ਕਮੀ ਨੂੰ ਦੂਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਾਲਾਂ ਵਿੱਚ ਇਹ ਗਿਣਤੀ ਕਈ ਗੁਣਾ ਵੱਧ ਸਕਦੀ ਹੈ।


### ਫੰਡਿੰਗ ਵਿਚ ਕਟੌਤੀ ਕਾਰਨ ਕੀ ਹੋਵੇਗਾ ਅਸਰ ?

* ਐੱਚਆਈਵੀ ਦੀ ਲਾਗ ਦੇ ਨਵੇਂ ਮਾਮਲਿਆਂ ਵਿੱਚ ਵਾਧਾ।

* ਏਡਜ਼ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਵਾਧਾ।

* ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਦਵਾਈਆਂ ਦੀ ਭਾਰੀ ਕਮੀ।

* ਏਡਜ਼ ਪੀੜਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਵਿੱਚ ਗਿਰਾਵਟ।



* ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਚਲਾਈਆਂ ਜਾ ਰਹੀਆਂ ਮੁਹਿੰਮਾਂ 'ਤੇ ਅਸਰ।

### ਐਚਆਈਵੀ-ਏਡਜ ਕੀ ਹੈ ਅਤੇ ਇਹ ਕਿੰਨਾ ਖ਼ਤਰਨਾਕ ਹੈ ?

ਐੱਚਆਈਵੀ (ਹਿਊਮਨ ਇਮਿਊਨੋਡੈਫੀਸੀਐਂਸੀ ਵਾਇਰਸ) ਸਰੀਰ ਦੀ ਇਮਿਊਨ ਸਿਸਟਮ 'ਤੇ ਹਮਲਾ ਕਰਦਾ ਹੈ ਅਤੇ ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਏਡਜ਼ (ਐਕਵਾਇਰਡ ਇਮਿਊਨੋਡੈਫੀਸੀਐਂਸੀ ਸਿੰਡਰੋਮ) ਵਿੱਚ ਬਦਲ ਜਾਂਦਾ ਹੈ। ਇਹ ਬਿਮਾਰੀ ਅਜੇ ਵੀ ਲਾਇਲਾਜ ਹੈ, ਪਰ ਐਂਟੀ-ਰੇਟਰੋਵਾਇਰਲ ਥੈਰੇਪੀ (ਏਆਰਟੀ) ਦੀ ਮਦਦ ਨਾਲ ਇਸ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ।

### ਹੁਣ ਕੀ ਕੀਤਾ ਜਾ ਸਕਦਾ ਹੈ ?

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸੰਕਟ ਨੂੰ ਰੋਕਣ ਲਈ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਫੰਡਾਂ ਦੀ ਕਮੀ ਨੂੰ ਦੂਰ ਕਰਨ ਲਈ ਕਦਮ ਚੁੱਕਣੇ ਪੈਣਗੇ। ਨਾਲ ਹੀ ਏਡਜ਼ ਬਾਰੇ ਜਾਗਰੂਕਤਾ ਵਧਾਉਣ ਅਤੇ ਰੋਕਥਾਮ ਦੇ ਉਪਾਅ ਅਪਣਾਉਣ ਦੀ ਲੋੜ ਹੈ।

### ਮਾਮਲੇ ਨਾਲ ਸਬੰਧਤ ਮੁੱਖ ਤੱਥ

* 2025 ਅਤੇ 2030 ਵਿਚਕਾਰ 18 ਮਿਲੀਅਨ ਨਵੇਂ ਐੱਚਆਈਵੀ ਸੰਕਰਮਣ ਹੋ ਸਕਦੇ ਹਨ।

* 29 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋਣ ਦਾ ਅੰਦਾਜ਼ਾ ਹੈ।

* 2026 ਤੱਕ ਗਲੋਬਲ ਐੱਚਆਈਵੀ ਫੰਡਿੰਗ ਵਿੱਚ 24% ਦੀ ਗਿਰਾਵਟ ਆ ਸਕਦੀ ਹੈ।

* ਅਮਰੀਕਾ, ਯੂਕੇ, ਫਰਾਂਸ, ਜਰਮਨੀ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਨੇ ਫੰਡਾਂ ਵਿੱਚ ਕਟੌਤੀ ਦਾ ਐਲਾਨ ਕੀਤਾ ਹੈ।

* ਇਕੱਲੇ 2023 ਵਿਚ ਹੀ ਏਡਜ਼ ਕਾਰਨ 6.3 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ।

# ★ ਮਿੰਨੀ ਕਹਾਣੀਆਂ ★

## ਅੱਗ ਦੀ ਸਿਆਣਪ

ਅੱਜ ਐਤਵਾਰ ਦਿਨ ਦਾ ਛੁੱਟੀ ਦਾ ਦਿਨ ਸੀ। ਰਿਸ਼ਿਤਾ ਅਤੇ ਰੋਹਨ ਅੱਜ ਦੋਨਾਂ ਨੂੰ ਆਪਣੇ ਆਪਣੇ ਦਫ਼ਤਰ ਤੋਂ ਛੁੱਟੀ ਸੀ। ਬੱਚੇ ਵੀ ਤਕਰੀਬਨ ਦਿਨ ਦੇ 10-11 ਵਜੇ ਤੱਕ ਆਪਣੀ-ਆਪਣੀ ਨੀਂਦੇ ਘੋਕ ਸੁੱਤੇ ਰਹੇ। ਅਖ਼ਬਾਰ ਵਾਲਾ ਅਖ਼ਬਾਰ ਸੁੱਟ ਗਿਆ ਸੀ। ਕੀ ਦੇਖ ਰਹੇ ਹਨ ਕਿ ਚਾਰੇ ਪਾਸੇ ਅੱਗ ਹੀ ਅੱਗ ਪੱਸਰੀ ਹੋਈ ਦਿਖਾਈ ਦੇ ਰਹੀ ਸੀ। ਅੱਜ ਦੀ ਅਖ਼ਬਾਰ ਪਹਿਲਾਂ ਦੀ ਤਰਾਂ ਚਾਰੇ ਪਾਸੇ ਅੱਗ ਹੀ ਅੱਗ ਵਾਲਾ ਮਾਹੌਲ ਦਿਖਾ ਰਹੀ ਸੀ। ਕਿਤੇ ਮਹਿੰਗਾਈ ਦੀ ਅੱਗ, ਕਿਤੇ ਨਫ਼ਰਤਾਂ ਦੀ ਅੱਗ, ਦੰਗੇ, ਫ਼ਸਾਦ, ਇੱਕ ਦੇਸ਼ ਦਾ ਦੂਜੇ ਦੇਸ਼ 'ਤੇ ਹਮਲਾ। ਦੋਨਾਂ ਦੇਸ਼ਾਂ ਦੇ ਜਵਾਨ ਜਿਹੜੇ ਕਿ ਆਪਣੇ-ਆਪਣੇ ਦੇਸ਼ ਦੀ ਭਗਤੀ ਵਿੱਚ ਲੱਗੇ ਹੋਏ ਨਜ਼ਰ ਆਉਂਦੇ ਹਨ। ਆਪਣੇ ਸਰੀਰ ਵਿੱਚ ਖ਼ੂਨ ਵਹਾ ਰਹੇ ਹਨ ਤੇ ਸ਼ਹੀਦੀਆਂ ਪਾ ਰਹੇ ਸਨ।

"ਗੁੱਡੀ ਦੇ ਡੈਡੀ! ਇਹ ਬੇਚਾਰੇ ਇਨਸਾਨ ਹੋਣ ਦੀ ਸਜ਼ਾ ਭੁਗਤ ਰਹੇ ਨੇ ਨਾ?"

"ਹਾਂ ਯਾਰ! ਤੂੰ ਬਿਲਕੁੱਲ ਸੱਚ ਕਹਿ ਰਹੀ ਏਂ। ਇਨਾਂ ਬੇਚਾਰਿਆਂ ਨੂੰ ਵੀ ਲੱਖ ਚੁਰਾਸੀ ਜੂਨਾਂ ਭਗਤਣ ਤੋਂ ਬਾਅਦ ਇਹ ਇਨਸਾਨੀ ਜ਼ਾਮਾਂ ਮਿਲਿਆ। ਅਜਿਹਾ ਜ਼ਲਬਾ ਸ਼ਾਇਦ ਕਿਸੇ ਹੋਰ ਜੂਨ ਵਿੱਚ ਦੇਖਣ ਨੂੰ ਨਸੀਬ ਥੋੜਾ ਨਾ ਹੁੰਦੈ!"

"ਓਹ ਹੋਅ।"

"ਕੀ ਹੋਇਆ ਗੁੱਡੀ ਦੇ ਡੈਡੀ।"

"ਆਹ ਦੇਖ ਤਾਂ ਆਹ ਅਖ਼ਬਾਰ ਵਿੱਚ ਖ਼ਬਰ ਛਪੀ ਹੈ ਅਖੇ ਫ਼ਲਾਣੇ ਜੂਨਾਗੜ ਵਿੱਚ ਕਿਸੇ ਨੇ ਆਪਣੀ ਨੂੰਹ ਨੂੰ ਦਾਜ਼ ਦੀ ਖ਼ਾਤਿਰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ। ਦੇਖ ਤਾਂ ਫੋਟੋ ਵੀ ਦਿੱਤੀ ਹੋਈ ਹੈ ਇਹ ਮੁਰਦਾ ਲਾਸ਼ ਹੋਈ ਪਈ ਕੁੜੀ ਬੇਚਾਰੀ ਜਿਹੜੀ ਕਿ ਕਿਸੇ ਨਾ ਕਿਸੇ ਦੀ ਤਾਂ ਧੀ ਹੈ, ਪਛਾਣੀ ਵੀ ਨਹੀਂ ਜਾ ਰਹੀ। ਅਖ਼ਬਾਰ ਦੱਸ ਰਹੀ ਸੀ ਕਿ ਜਿਨਾਂ ਨੇ ਇਹ ਅੱਗ ਲਗਾਈ ਉਨਾਂ ਦੀ ਧੀ ਵੀ ਫ਼ਲਾਣੇ ਨੰਦਗੜ ਵਿਆਹੀ ਹੋਈ ਹੈ। ਮ੍ਰਿਤਕਾ ਦੇ ਸੱਸ, ਸਹੁਰਾ ਤੇ ਪਤੀਦੇਵ ਫ਼ਰਾਰ ਦੱਸੇ ਗਏ ਹਨ। ਇਨਾਂ ਦੀ ਪੁਲਿਸ ਭਾਲ ਕਰ ਰਹੀ ਹੈ।"

"ਗੁੱਡੀ ਦੇ ਡੈਡੀ! ਸੱਚਮੁੱਚ ਕਿੰਨਾ ਲੋਹੜਾ ਆਇਆ ਹੋਇਆ ਹੈ। ਇਹ ਅੱਗ ਉਸਦੀ ਨੂੰਹ ਨੂੰ ਹੀ ਕਿਉਂ ਲੱਗੀ ਕੁੜੀ ਤੱਕ ਇਸ ਅੱਗ ਦਾ ਭਾਬੜ ਕਿਉਂ ਨਹੀਂ ਪਹੁੰਚ ਸਕਿਆ?"

ਫਿਰ ਘਰ ਵਿੱਚ ਚੁੱਪ ਪਸਰ ਜਾਂਦੀ ਹੈ। ਫਿਰ ਦੋਹਾਂ ਦੇ ਮੂੰਹੋਂ ਇੱਕੋ ਵਕਤ ਨਿਕਲਦਾ ਹੈ,

"ਇਹ ਅੱਗ ਦੀ ਸਿਆਣਪ ਕਹੀਏ ਜਾਂ ਫਿਰ।"

ਪਰਸ਼ੋਤਮ ਲਾਲ ਸਰੋਏ

## ਸੋਚ

"ਓਏ ਰਾਮਿਆਂ, ਅੱਜ ਮਜ਼ਾ ਆ ਜਊ। ਅਹੁ ਵੇਖ ਓਏ, ਕਿਵੇਂ ਟਪੂਸੀਆਂ ਮਾਰਦਾ ਫਿਰਦਾ ਈ ਸਾਲਾ। ਤੂੰ ਇੰਝ ਕਰ ਜਾਹ ਜਾ ਕੇ ਇੱਕ ਬੋਤਲ ਫੜ ਲਿਆ ਦੇਸੀ ਸ਼ਰਾਬ ਦੀ, ਵਧੀਆ ਜਹੀ ਲਿਆਈਂ। ਇਹ ਸਾਲੇ ਤਿੰਨ ਪਾਲੇ ਸੀ, ਦੋ ਮਰ ਗਏ ਪਰ ਇੱਕ ਬਚ ਗਿਆ। ਵੇਖ ਕਿੱਦਾਂ ਭੁੱਚੜ ਹੋਇਆ ਪਿਆ ਈ, ਕੂਲਾ ਇੱਕ ਦਮ। ਮਜ਼ਾ ਆ ਜਾਊ।

ਜਾਂ ਤੂੰ ਜਲਦੀ ਫੜ ਲਿਆ। ਚੰਗੀ ਜਿਹੀ ਫੜ ਕੇ ਲਿਆਈਂ, ਬੰਸੇ ਨੇ ਵਿਹੜੇ ਵਿੱਚ ਦੌੜ ਰਹੇ ਇੱਕ ਮੋਟੇ ਤਾਜੇ ਚੂਚੇ ਵੱਲ ਇਸ਼ਾਰਾ ਕਰਦਿਆਂ ਛੋਟੇ ਭਰਾ ਰਾਮੇ ਨੂੰ ਕਿਹਾ।"

ਬੰਸੇ ਨੇ ਦੌੜ ਰਹੇ ਚੂਚੇ ਨੂੰ ਜਾ ਦਬੋਚਿਆ। ਚੂਚੇ ਦੇ ਫੜ ਫੜਾਉਂਦੇ ਖੰਭ ਉਸ ਦੇ ਹੱਥਾਂ ਦੇ ਕੈਦੀ ਹੋ ਗਏ। ਉਹ ਹੁਣ ਚੂਚੇ ਨੂੰ ਹੱਥਾਂ 'ਚ ਲਈ, ਦਰਾਟ ਲੱਭਣ ਲੱਗ ਪਿਆ।

ਕਿੰਨੇ ਚਿਰ ਬਾਅਦ ਉਸ ਨੂੰ ਦਰਾਟ ਲੱਭਾ ਤੇ ਉਹ ਚੂਚੇ ਨੂੰ ਇੱਕ ਹੱਥ 'ਚ ਦੱਬੀ ਦੂਸਰੇ ਹੱਥ ਨਾਲ ਦਰਾਟ ਨੂੰ ਤਿੱਖਾ ਕਰਨ ਲੱਗਾ। ਏਨੇ ਚਿਰ ਨੂੰ ਰਾਮਾ ਵੀ ਆ ਗਿਆ ਸੌਦਾ ਭੱਤਾ ਲੈ ਕੇ। ਦੋਵਾਂ ਦੀਆਂ ਜੀਭਾਂ ਹੇਠ ਸਵਾਦਲਾ ਜਿਹਾ ਪਾਣੀ ਭਰ ਰਿਹਾ ਸੀ। ਚੂਚੇ ਨੂੰ ਵੇਖ ਕੇ।

ਏਨੇ ਚਿਰ ਨੂੰ ਬੰਸੇ ਦੀ ਘਰ ਵਾਲੀ ਆਪਣੇ ਨਵ-ਜੰਮੇ ਤਿੰਨ ਚਾਰ ਮਹੀਨਿਆਂ ਦੇ ਰੋਂਦੇ ਮਾਸੂਮ ਬੱਚੇ ਨੂੰ ਚੁਪ ਕਰਾਉਂਦੀ ਹੋਈ ਚੁੱਕ ਲਿਆਈ ਤੇ ਬੰਸੇ ਨੂੰ ਕਹਿਣ ਲੱਗੀ, "ਐਹ ਨੂੰ ਜਰਾ ਚੁਕ ਲਉ। ਮੈਂ ਦੁਧ ਗਰਮ ਕਰ ਲਵਾਂ"

ਬੰਸੇ ਦਰਾਟ ਛੱਡ ਕੇ ਬੱਚੇ ਨੂੰ ਚੁੱਕ ਲਿਆ ਤੇ ਹੁਣ ਉਸ ਦੇ ਇੱਕ ਹੱਥ ਮਾਸੂਮ ਚੂਚਾ ਤੇ ਦੂਸਰੇ ਹੱਥ ਵਿੱਚ ਆਪਣਾ ਬੱਚਾ ਸੀ। ਬੰਸੇ ਨੇ ਪਹਿਲਾਂ ਬੱਚੇ ਵੱਲ ਵੇਖਿਆ ਤੇ ਫਿਰ ਚੂਚੇ ਵੱਲ। ਉਸ ਨੂੰ ਦੋਵੇਂ ਇੱਕੋ ਜਿਹੇ ਮਹਿਸੂਸ ਹੋਏ ਤੇ ਉਸ ਨੇ ਰਾਮੇ ਵੱਲ ਵੇਖਿਆ ਜਿਵੇਂ ਰਾਮੇ ਨੇ ਉਸ ਦੀ ਸੋਚ ਨੂੰ ਸਹਿਮਤੀ ਦੇ ਦਿੱਤੀ ਹੋਵੇ। ਉਸ ਨੇ ਆਪਣੇ ਬੱਚੇ ਨੂੰ ਹਿਕ ਨਾਲ ਲਾਉਂਦੇ ਹਏ ਝੱਟ ਚੂਚੇ ਨੂੰ ਆਜ਼ਾਦ ਕਰ ਦਿੱਤਾ।

-ਬਲਵਿੰਦਰ ਬਾਲਮ

## ਜੱਦੋ-ਜਹਿਦ ਤੇ ਹਾਨੀ

ਇਹ ਦੁੱਧ ਲੈ ਕੇ ਸ਼ਾਮੀਂ ਜਦ ਆਪਣੇ ਘਰ ਨੂੰ ਮੁੜਿਆ ਆ ਰਿਹਾ ਸੀ ਤਾਂ ਰਾਹ ਵਿੱਚ ਪੈਂਦੇ ਇੱਕ ਘਰ ਤੋਂ, ਉਸ ਪਰਿਵਾਰ ਦਾ ਨੌਜਵਾਨ ਨਿਕਲਿਆ ਤੇ ਇਹਦੇ ਬਰਾਬਰ ਆ ਕੇ ਇਸ ਨੂੰ ਬੜੇ ਸਤਿਕਾਰ ਨਾਲ ਬੁਲਾਉਂਦਾ ਹੋਇਆ ਅਦਬ ਵਜੋਂ, ਚਾਰ-ਪੰਜ ਕਦਮ ਇਸ ਤੋਂ ਪਿੱਛੇ-ਪਿੱਛੇ ਚੱਲਣ ਲੱਗਾ।

ਇਹਨੂੰ ਆਪਣੇ-ਆਪ ਵਿੱਚ ਬੜਾ ਮਾਣ ਮਹਿਸੂਸ ਹੋਇਆ। ਨਾਲ ਹੀ ਮਨ ਵਿੱਚ ਜੱਦੋ-ਜਹਿਦ ਚਲ ਪਈ ਮਤਾ ਉਹ ਨੌਜਵਾਨ ਇਹਦੇ ਨਾਲੋਂ ਹੁਣ ਅਗਾਂਹ ਲੰਘ ਜਾਵੇ ਤੇ ਇਹਨੂੰ ਆਪਣੇ-ਆਪ ਵਿੱਚ ਹੀਣ-ਭਾਵਨਾ ਦਾ ਅਹਿਸਾਸ ਹੋਵੇ। ਸੋਚਦਿਆਂ ਆਪਣੇ ਕਦਮਾਂ ਦੀ ਚਾਲ ਵਿੱਚ ਇਸ ਨੇ ਕੁਝ ਤੇਜ਼ੀ ਲੈ ਆਂਦੀ।

ਇਹਦੇ ਭਾਵ ਨੂੰ ਸਮਝਦਾ ਹੋਇਆ ਨੌਜਵਾਨ ਕੁਝ ਪਲਾਂ ਵਿੱਚ ਹੀ ਇਹਨੂੰ ਕਈ ਕਦਮ ਪਿੱਛੇ ਛੱਡ ਗਿਆ।

- ਡਾ. ਬਲਵੀਰ ਮੰਨਣ

# ਉਡਨ ਸਿੰਘ ਗੁਰਿੰਦਰਵੀਰ ਨੇ 100 ਮੀਟਰ ਦੌੜ ਵਿਚ ਬਣਾਇਆ ਨਵਾਂ ਕੌਮੀ ਰਿਕਾਰਡ

## ✪ ਸਹੂਲਤਾਂ ਦੀ ਘਾਟ ਕਾਰਨ ਛੱਡਿਆ ਸੀ ਪੰਜਾਬ ✪ ਓਲੰਪਿਕ ਵਿੱਚੋਂ ਵੀ ਮੈਡਲ ਹਾਸਿਲ ਕਰਨਾ ਚਾਹੁੰਦੇ ਨੇ ਗੁਰਿੰਦਰਵੀਰ



ਖਾਸ ਖਬਰ

ਗੁਰਿੰਦਰਵੀਰ ਸਿੰਘ ਨੇ ਬੀਤੇ ਦਿਨੀਂ ਇੰਡੀਅਨ ਗ੍ਰਾਂ ਪ੍ਰੀ 1 (ਆਈਜੀਪੀ 1) 'ਚ 10.20 ਸੈਕਿੰਡ ਦੀ ਤੇਜ਼ ਦੌੜ ਨਾਲ ਪੁਰਸ਼ਾਂ ਦੀ 100 ਮੀਟਰ ਫਰਾਟਾ ਦੌੜ 'ਚ ਨਵਾਂ ਰਾਸ਼ਟਰੀ ਰਿਕਾਰਡ ਤੋੜ ਦਿੱਤਾ। ਰਿਲਾਇੰਸ ਦੀ ਅਗਵਾਈ ਕਰਨ ਵਾਲੇ 24 ਸਾਲਾ ਪੰਜਾਬ ਦੇ ਦੌੜਾਕ ਨੇ ਅਕਤੂਬਰ 2023 'ਚ ਮਣੀਕਾਂਤ ਹੋਬਲੀਧਰ ਵੱਲੋਂ ਬਣਾਏ ਗਏ 10.23 ਸਕਿੰਟ ਦੇ ਪੁਰਾਣੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ। ਗੁਰਿੰਦਰਵੀਰ ਦਾ ਪਿਛਲਾ ਵਿਅਕਤੀਗਤ ਸਰਬੋਤਮ 10.27 ਸੈਕਿੰਡ ਸੀ, ਜੋ ਉਸ ਨੇ 2021 ਵਿਚ ਬਣਾਇਆ ਸੀ। ਰਿਲਾਇੰਸ ਦੇ ਹੀ ਹੋਬਲੀਧਰ 10.22 ਸਕਿੰਟ ਦੇ ਸਮੇਂ ਨਾਲ ਦੂਜੇ ਸਥਾਨ 'ਤੇ ਰਹੇ। ਉਨ੍ਹਾਂ ਵੀ ਪੁਰਸ਼ਾਂ ਦੀ 100 ਮੀਟਰ ਫਾਈਨਲ ਰੇਸ 'ਡੀ' ਵਿਚ ਆਪਣੇ ਹੀ ਪਿਛਲੇ ਰਾਸ਼ਟਰੀ ਰਿਕਾਰਡ ਨੂੰ 0.01 ਸੈਕਿੰਡ ਨਾਲ ਬਿਹਤਰ ਕੀਤਾ। ਲੇਨ ਪੰਜ ਤੇ ਛੇ ਵਿਚ ਇਕ-ਦੂਜੇ ਨਾਲ ਦੌੜਦੇ ਹੋਏ ਗੁਰਿੰਦਰਵੀਰ ਤੇ ਹੋਬਲੀਧਰ ਵਿਚਕਾਰ ਬਹੁਤ ਹੀ ਸਖਤ ਮੁਕਾਬਲਾ ਹੋਇਆ। ਹਾਲਾਂਕਿ, ਗੁਰਿੰਦਰਵੀਰ ਨੇ ਥੋੜ੍ਹੇ ਫਰਕ ਨਾਲ ਰੇਸ ਜਿੱਤ ਕੇ ਰਾਸ਼ਟਰੀ ਰਿਕਾਰਡ ਨੂੰ 0.03 ਸੈਕਿੰਡ ਦੇ ਫਰਕ ਨਾਲ ਆਪਣੇ ਨਾਮ ਕਰ ਲਿਆ। ਅਮਲਾਨ ਬੋਰਗੋਹੇਨ ਨੇ 10.43 ਸੈਕਿੰਡ ਦੇ ਸਮੇਂ ਨਾਲ ਤੀਜਾ ਸਥਾਨ ਹਾਸਲ ਕੀਤਾ, ਜਿਸ ਨਾਲ ਰਿਲਾਇੰਸ ਨੇ ਟਾਪ ਦੇ ਤਿੰਨ ਸਥਾਨਾਂ 'ਤੇ ਕਬਜ਼ਾ ਕਰ ਲਿਆ। ਇਹ ਤਿਕੜੀ ਤੇ ਅਨਿਮੇਸ਼ ਕੁਜੂਰ 100 ਮੀਟਰ 'ਚ ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਸਿਖਰ ਦੇ ਦੌੜਾਕ ਰਹੇ ਹਨ। ਕੁਜੂਰ ਨੇ ਇਸ ਮੁਕਾਬਲੇ 'ਚ ਹਿੱਸਾ ਨਹੀਂ ਲਿਆ। ਗੁਰਿੰਦਰਵੀਰ ਨੇ ਇਸ ਤੋਂ ਪਹਿਲਾਂ 2021 ਤੇ 2024 ਦੀ ਰਾਸ਼ਟਰੀ ਅੰਤਰਰਾਜ਼ੀ ਚੈਂਪੀਅਨਸ਼ਿਪ ਦੇ ਨਾਲ-ਨਾਲ 2024 ਫੈਡਰੇਸ਼ਨ ਕੱਪ 'ਚ 100 ਮੀਟਰ 'ਚ ਗੋਲਡ ਮੈਡਲ ਵੀ ਜਿੱਤਿਆ ਸੀ।

ਗੁਰਿੰਦਰਵੀਰ ਸਿੰਘ ਨੇ ਕਿਹਾ ਕਿ "ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਆਪਣੇ ਪੰਜਾਬ ਦਾ ਨਾਮ ਰੌਸ਼ਨ ਕਰ ਸਕਿਆ ਅਤੇ ਮੈਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਚੰਗਾ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰਾਂਗਾ। ਮੇਰਾ ਅਗਲਾ ਟੀਚਾ ਏਸ਼ੀਅਨ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਹਾਸਿਲ ਕਰਨ ਦਾ ਹੈ। ਮੈਂ ਇਹ ਵੀ ਟੀਚਾ ਰੱਖਿਆ ਹੋਇਆ ਕਿ ਇਸੇ ਸਾਲ ਮੈਂ ਆਪਣੇ ਪ੍ਰਦਰਸ਼ਨ ਵਿੱਚ ਹੋਰ ਵੀ ਸੁਧਾਰ ਕਰਾਂ ਅਤੇ 10.01 ਸੈਕਿੰਡ ਦੇ ਸਮੇਂ ਵਿੱਚ ਆਪਣੀ 100 ਮੀਟਰ ਦੌੜ ਪੂਰੀ ਕਰਾਂਲਗੁਰਿੰਦਰ ਸਿੰਘ ਕਹਿੰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਓਲੰਪਿਕ ਵਿੱਚੋਂ ਵੀ ਮੈਡਲ ਹਾਸਿਲ ਕਰਾਂ ਤੇ ਆਉਣ ਵਾਲੇ ਸਮੇਂ ਵਿੱਚ ਆਪਣੇ ਪ੍ਰਦਰਸ਼ਨ ਨੂੰ ਹੋਰ ਵੀ ਸੁਧਾਰਾਂ ਅਤੇ ਆਪਣੀ 100 ਮੀਟਰ ਦੌੜ ਨੌਂ ਤੋਂ ਸਾਢੇ ਨੌਂ ਸੈਕਿੰਡ ਵਿੱਚ ਪੂਰੀ ਕਰਾਂ।"

### ਕੌਣ ਹਨ ਦੌੜਾਕ ਗੁਰਿੰਦਰਵੀਰ ਸਿੰਘ

ਗੁਰਿੰਦਰਵੀਰ ਸਿੰਘ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਪਤਿਆਲਾ (ਪਤਿਆਲ) ਦੇ ਰਹਿਣ ਵਾਲੇ ਹਨ। ਗੁਰਿੰਦਰਵੀਰ ਸਿੰਘ ਨੇ ਅਥਲੈਟਿਕਸ ਉਦੋਂ ਸ਼ੁਰੂ ਕੀਤੀ, ਜਦੋਂ ਉਹ ਛੇਵੀਂ ਜਮਾਤ ਵਿੱਚ ਪੜ੍ਹਦੇ ਸਨ। ਗੁਰਿੰਦਰਵੀਰ ਸਿੰਘ ਨੂੰ ਅਥਲੈਟਿਸ ਵੱਲ ਲਾਉਣ ਵਾਲੇ ਉਨ੍ਹਾਂ ਦੇ ਪਿਤਾ ਹੀ ਸਨ, ਜੋ ਪੰਜਾਬ ਪੁਲਿਸ ਵਿੱਚ ਅੱਜ-ਕੱਲ੍ਹ ਏਐੱਸਆਈ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਗੁਰਿੰਦਰਵੀਰ ਸਿੰਘ ਦੇ ਪਿਤਾ ਕਮਲਜੀਤ ਸਿੰਘ ਖੁਦ ਵੀ ਵਾਲੀਵਾਲ ਦੇ ਖਿਡਾਰੀ ਰਹਿ ਚੁੱਕੇ ਸਨ। ਜਦੋਂ ਗੁਰਿੰਦਰਵੀਰ ਸਿੰਘ ਨੌਂਵੀਂ ਜਮਾਤ ਵਿੱਚ ਆਇਆ ਤਾਂ ਉਸ ਨੇ ਸਰਵਣ ਸਿੰਘ ਕੋਚ ਕੋਲ ਗੁਰ ਲੈਣੇ ਸ਼ੁਰੂ ਕੀਤੇ।

ਨੌਂਵੀਂ ਜਮਾਤ ਕਰਨ ਮਗਰੋਂ ਗੁਰਿੰਦਰਵੀਰ ਸਿੰਘ ਜਲੰਧਰ ਗਿਆ ਜਿੱਥੇ ਕੋਚ ਸਰਬਜੀਤ ਸਿੰਘ ਹੈਪੀ ਕੋਲ ਕੋਚਿੰਗ ਲੈਣੀ ਸ਼ੁਰੂ ਕੀਤੀ। ਸਰਬਜੀਤ ਸਿੰਘ ਹੈਪੀ ਕੋਲ ਕੋਚਿੰਗ ਲੈਣ ਬਾਅਦ ਗੁਰਿੰਦਰਵੀਰ ਸਿੰਘ ਦੀ ਜ਼ਿੰਦਗੀ ਬਦਲ ਗਈ। ਉਨ੍ਹਾਂ ਦੇ ਅੰਡਰ ਕੋਚਿੰਗ ਲੈਣ ਮਗਰੋਂ ਗੁਰਿੰਦਰਵੀਰ ਸਿੰਘ ਨੇ ਕਈ ਟੂਰਨਾਮੈਂਟਾਂ ਵਿੱਚ ਮੈਡਲ ਹਾਸਿਲ ਕੀਤੇ।

ਕੋਚ ਸਰਬਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਇਨ੍ਹਾਂ ਦੇ ਪਿਤਾ ਨੂੰ ਪਹਿਲੇ ਹੀ ਦਿਨ ਕਿਹਾ ਸੀ ਕਿ ਪਹਿਲੇ ਤਿੰਨ ਚਾਰ ਸਾਲ ਕੋਈ ਉਮੀਦ ਨਾ ਕਰਿਓ, ਕਿਉਂਕਿ ਸ਼ੁਰੂਆਤੀ ਸਾਲਾਂ ਵਿੱਚ ਅਥਲੀਟ ਦਾ ਬੇਸ ਬਣਦਾ ਹੈ ਉਸ ਤੋਂ ਬਾਅਦ ਨਤੀਜੇ ਬਾਰੇ ਸੋਚ ਸਕਦੇ ਹਾਂ। ਕੋਚ ਸਰਬਜੀਤ ਸਿੰਘ ਹੈਪੀ ਮੁਤਾਬਕ ਗੁਰਿੰਦਰਵੀਰ ਸਿੰਘ ਵਿੱਚ ਆਪਣੀ ਗੇਮ ਪ੍ਰਤੀ ਲਗਨ ਬਹੁਤ ਸੀ। ਉਹ ਮਿਹਨਤ ਕਰਨ ਵਿੱਚ ਕਾਫ਼ੀ ਵਿਸ਼ਵਾਸ ਰੱਖਦਾ ਹੈ। ਗੁਰਿੰਦਰਜੀਤ ਸਿੰਘ ਨੇ ਅੰਡਰ-18 ਅਥਲੈਟਿਕਸ ਵਿੱਚ ਹਿੱਸਾ ਲੈਂਦਿਆਂ ਨੈਸ਼ਨਲ ਰਿਕਾਰਡ ਬਣਾਇਆ।

ਇਸ ਤੋਂ ਬਾਅਦ ਅੰਡਰ-19 ਏਸ਼ੀਆਈ ਖੇਡਾਂ ਵਿੱਚੋਂ ਗੋਲਡ ਮੈਡਲ ਜਿੱਤਿਆ। ਅੰਡਰ-20 ਵਿੱਚ ਗੁਰਿੰਦਰਵੀਰ ਸਿੰਘ ਨੇ 10.35 ਸੈਕਿੰਡ ਵਿੱਚ 100 ਮੀਟਰ ਦੌੜ ਪੂਰੀ ਕਰਕੇ ਨੈਸ਼ਨਲ ਰਿਕਾਰਡ ਬਣਾਇਆ। ਯੂਥ ਏਸ਼ੀਆ, ਜੂਨੀਅਰ ਏਸ਼ੀਆ, ਜੂਨੀਅਰ ਸੈਫ, ਯੂਰੋ ਏਸ਼ੀਆ ਵਿਚੋਂ ਗੋਲਡ ਮੈਡਲ ਜਿੱਤੇ। ਸੈਫ ਸੀਨੀਅਰ ਗੇਮਾਂ ਵਿੱਚ ਰਿਲੇਅ ਦੌੜ ਦੌਰਾਨ ਸਿਲਵਰ ਮੈਡਲ ਜਿੱਤਿਆ। ਕੋਚ ਸਰਬਜੀਤ ਸਿੰਘ ਦੱਸਦੇ ਹਨ ਕਿ ਜਿਸ ਸਾਲ ਕੋਰੋਨਾ ਨੇ ਦਸਤਕ ਦਿੱਤੀ ਸੀ, ਉਸ ਸਮੇਂ ਸਾਨੂੰ ਕਾਫ਼ੀ ਚਿੰਤਾ ਹੋ ਗਈ ਸੀ ਕਿ ਪ੍ਰੈਕਟਿਸ ਕਿਸ ਤਰ੍ਹਾਂ ਜਾਰੀ ਰੱਖੀ ਜਾਵੇਗੀ। ਸਰਬਜੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਮੁਸ਼ਕਲ ਹਾਲਾਤ ਵਿੱਚ ਵੀ ਗੁਰਿੰਦਰਵੀਰ ਸਿੰਘ ਨੇ ਟ੍ਰੇਨਿੰਗ ਜਾਰੀ ਰੱਖੀ। ਫਿਰ ਕਰੋਨਾ ਤੋਂ ਬਾਅਦ 2021 ਵਿੱਚ ਪਟਿਆਲਾ ਵਿਖੇ ਹੋਈ ਮੀਟ ਵਿੱਚ ਗੁਰਿੰਦਰਵੀਰ ਸਿੰਘ ਨੇ 100 ਮੀਟਰ ਦੌੜ 10.27 ਸੈਕਿੰਡ ਵਿੱਚ ਪੂਰੀ ਕੀਤੀ। ਸਰਬਜੀਤ ਸਿੰਘ ਦੱਸਦੇ ਹਨ ਕਿ ਉਦੋਂ ਵੀ 1 ਮਾਈਕਰੋ ਸੈਕਿੰਡ ਤੋਂ ਰਿਕਾਰਡ ਟੁੱਟਣੋ ਰਹਿ ਗਿਆ ਸੀ।

ਇਸੇ ਵਰ੍ਹੇ ਉਤਰਾਖੰਡ ਵਿੱਚ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਗੁਰਿੰਦਰਵੀਰ ਸਿੰਘ ਚੰਗਾ ਨਹੀਂ ਕਰ ਸਕਿਆ ਸੀ। ਜਿੱਥੇ ਉਹ ਫਾਈਨਲ ਲਈ ਕੁਆਲੀਫਾਈ ਕਰਨ ਵਿੱਚ ਅਸਫਲ ਰਿਹਾ। ਗੁਰਿੰਦਰਵੀਰ ਸਿੰਘ 10.96 ਸਕਿੰਟ ਦੇ ਨਾਲ ਆਪਣੀ ਹੀਟਸ ਵਿੱਚੋਂ ਤੀਜੇ ਸਥਾਨ 'ਤੇ ਰਿਹਾ।

ਗੁਰਿੰਦਰਵੀਰ ਸਿੰਘ ਦੇ ਪੁਰਾਣੇ ਕੋਚ ਸਰਬਜੀਤ ਸਿੰਘ ਦੱਸਦੇ ਹਨ ਕਿ "ਗੁਰਿੰਦਰ ਨੂੰ ਕੁਝ ਮਹੀਨੇ ਪਹਿਲਾਂ ਰਿਲਾਇੰਸ ਫਾਊਂਡੇਸ਼ਨ ਨੇ ਅਡਾਪਟ ਕਰ ਲਿਆ ਸੀ। ਕੋਚ ਸਰਬਜੀਤ ਦੱਸਦੇ ਹਨ ਕਿ ਪੰਜਾਬ ਤੇ ਉੱਥੋਂ ਦੀਆਂ ਸਹੂਲਤਾਂ ਵਿੱਚ ਕਾਫ਼ੀ ਅੰਤਰ ਹੈ। ਇਸੇ ਲਈ ਗੁਰਿੰਦਰਵੀਰ ਨੂੰ ਮੁੰਬਈ ਭੇਜਣ ਦਾ ਫੈਸਲਾ ਕੀਤਾ ਸੀ ਕਿਉਂਕਿ ਮੁੰਬਈ ਵਿੱਚ ਖਿਡਾਰੀਆਂ ਨੂੰ ਹਰ ਉਹ ਸਹੂਲਤ ਮਿਲਦੀ ਹੈ, ਜਿਸਦੀ ਅੱਜ ਦੇ ਸਮੇਂ ਵਿੱਚ ਲੋੜ ਹੈ। ਸਾਡੇ ਪੰਜਾਬ ਵਿਚ ਕੋਚ ਤਾਂ ਇਕ ਅਥਲੀਟ ਨੂੰ ਮਿਲ ਜਾਂਦਾ ਪਰ ਸਹਾਇਕ ਕੋਚ ਬਿਲਕੁਲ ਨਹੀਂ ਮਿਲਦੇ। ਨਾ ਹੀ ਪੂਰੀ ਡਾਇਟ ਮਿਲ ਪਾਉਂਦੀ ਹੈ।"

ਸਰਬਜੀਤ ਦੱਸਦੇ ਹਨ ਕਿ ਜਦੋਂ ਜਲੰਧਰ ਵਿੱਚ ਸਿੰਥੈਟਿਕ ਦਾ ਟਰੈਕ ਨਹੀਂ ਸੀ ਬਣਿਆ ਤਾਂ ਉਦੋਂ ਗੁਰਿੰਦਰ ਤੇ ਹੋਰ ਖਿਡਾਰੀ ਪ੍ਰੈਕਟਿਸ ਕਰਵਾਉਣ ਲਈ ਕਈ ਕਿਲੋਮੀਟਰ ਦੂਰ ਜਲੰਧਰ ਤੋਂ ਤਰਨ ਤਾਰਨ ਜਾਂਦੇ ਸੀ।

ਗੁਰਿੰਦਰ ਕਹਿੰਦੇ ਹਨ ਕਿ "ਮੇਰਾ ਪੰਜਾਬ ਛੱਡ ਕੇ ਮੁੰਬਈ ਵਿੱਚ ਰਿਲਾਇੰਸ ਫਾਊਂਡੇਸ਼ਨ ਜੁਆਇਨ ਕਰਨ ਦਾ ਮੁੱਖ ਮਕਸਦ ਇਹ ਸੀ ਕਿ ਉੱਥੇ ਹਰ ਤਰ੍ਹਾਂ ਦੀ ਖਿਡਾਰੀ ਨੂੰ ਸਹੂਲਤ ਮਿਲਦੀ ਹੈ ਜਿਵੇਂ ਪੰਜਾਬ ਵਿੱਚ ਸਾਨੂੰ ਪ੍ਰਤੀ ਦਿਨ 160 ਰੁਪਏ ਦੀ ਡਾਇਟ ਮਿਲਦੀ ਸੀ, ਉਹ ਵੀ ਕਦੇ ਮਿਲ ਜਾਂਦੀ ਕਦੇ ਨਹੀਂ। ਇਸ ਕਰਕੇ ਕਈ ਦਿਨ ਸਾਨੂੰ ਭੁੱਖੇ ਵੀ ਰਹਿਣਾ ਪੈਂਦਾ ਅਤੇ ਕਈ ਵਾਰ ਬਾਹਰੋਂ ਖਾਣਾ ਪੈਂਦਾ, ਜਿਸ ਕਾਰਨ ਮੇਰੀ ਸਿਹਤ ਵੀ ਖਰਾਬ ਹੋ ਗਈ ਸੀ ਤੇ ਮੈਨੂੰ ਰਿਕਵਰ ਹੋਣ ਲਈ ਤਕਰੀਬਨ ਡੇਢ ਸਾਲ ਲੱਗੇ। ਰਿਲਾਇੰਸ ਫਾਊਂਡੇਸ਼ਨ ਵੱਲੋਂ ਇੱਕ ਦਿਨ ਦੀ ਤਕਰੀਬਨ 2000 ਰੁਪਏ ਦੀ ਡਾਇਟ ਦਿੱਤੀ ਜਾਂਦੀ ਹੈ ਅਤੇ ਕੋਚ ਤੋਂ ਲੈ ਕੇ ਹਰ ਪ੍ਰਕਾਰ ਦੀ ਸਹੂਲਤ ਵੀ ਖਿਡਾਰੀ ਨੂੰ ਮਿਲਦੀ ਹੈ।"

ਗੁਰਿੰਦਰ ਸਿੰਘ ਆਪਣੇ ਰੋਲ ਮਾਡਲ ਆਪਣੇ ਪਿਤਾ ਅਤੇ ਕੋਚ ਨੂੰ ਮੰਨਦੇ ਹਨ, ਜਿਨ੍ਹਾਂ ਨੇ ਉਹਨਾਂ ਦਾ ਹਮੇਸ਼ਾ ਸਾਥ ਦਿੱਤਾ ਅਤੇ ਇਸ ਮੁਕਾਮ ਤੱਕ ਪਹੁੰਚਾਇਆ। ਗੁਰਿੰਦਰ ਸਿੰਘ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਦੇ ਰੋਲ ਮਾਡਲ ਸਿੱਖ ਧਰਮ ਦੇ ਸ਼ਹੀਦ ਹਨ, ਜਿਨ੍ਹਾਂ ਨੂੰ ਦੇਖ ਕੇ ਉਨ੍ਹਾਂ ਅੰਦਰ ਹਮੇਸ਼ਾ ਹੌਸਲਾ ਭਰਦਾ ਹੈ।

ਲੋਕਾਂ ਵੱਲੋਂ ਦਿੱਤੇ ਗਏ ਫਲਾਇੰਗ ਸਿੱਖ ਦੇ ਖਿਤਾਬ ਬਾਰੇ ਗੁਰਿੰਦਰਵੀਰ ਸਿੰਘ ਕਹਿੰਦੇ ਹਨ ਕਿ "ਮੈਨੂੰ ਖੁਸ਼ੀ ਹੈ ਕਿ ਮੈਨੂੰ ਫਲਾਇੰਗ ਸਿੱਖ ਕਹਿ ਕੇ ਲੋਕ ਬੁਲਾ ਰਹੇ ਹਨ ਅਤੇ ਉਸ ਇਨਸਾਨ ਨਾਲ ਯਾਨੀ ਕਿ ਮਿਲਖਾ ਸਿੰਘ ਨਾਲ ਤੁਲਨਾ ਕਰ ਰਹੇ ਨੇ ਜਿਨ੍ਹਾਂ ਨੇ ਅਥਲੈਟਿਕਸ ਵਿੱਚ ਇੱਕ ਵੱਖਰਾ ਮੁਕਾਮ ਹਾਸਿਲ ਕੀਤਾ।"



# ਲੋਕਾਂ ਨੂੰ ਡੌਂਕੀ ਰੂਟ ਰਾਹੀਂ ਅਮਰੀਕਾ ਭੇਜਣ ਵਾਲਾ ਏਜੰਟ ਗ੍ਰਿਫਤਾਰ



## ✪ ਦਿੱਲੀ ਦਾ ਰਹਿਣ ਵਾਲਾ ਹੈ ਦੋਸ਼ੀ ✪ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਕੀਤੀ ਕਾਰਵਾਈ

ਦਿੱਲੀ-ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਬੀਤੇ ਦਿਨੀਂ ਦਿੱਲੀ ਤੋਂ ਇੱਕ ਏਜੰਟ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਨੌਜਵਾਨਾਂ ਨੂੰ ਡੌਂਕੀ ਰੂਟ ਰਾਹੀਂ ਅਮਰੀਕਾ ਭੇਜਣ ਦੇ ਬਦਲੇ ਲੱਖਾਂ ਰੁਪਏ ਲੈ ਰਿਹਾ ਸੀ ਅਤੇ ਉਨ੍ਹਾਂ ਨੂੰ ਜੋਖਮ ਵਿੱਚ ਪਾ ਰਿਹਾ ਸੀ। ਮੁਲਜ਼ਮ ਗਗਨਦੀਪ ਸਿੰਘ ਗੋਲਡੀ ਹੈ, ਜੋ ਕਿ ਤਿਲਕ ਨਗਰ, ਦਿੱਲੀ ਦਾ ਰਹਿਣ ਵਾਲਾ ਹੈ। ਰਾਸ਼ਟਰੀ ਰਾਜਧਾਨੀ ਵਿੱਚ ਰਹਿੰਦਿਆਂ, ਉਹ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਲਾਲਚ ਦੇ ਕੇ ਲੱਖਾਂ ਰੁਪਏ ਇਕੱਠੇ ਕਰ ਰਿਹਾ ਸੀ। ਇਹ ਮਾਮਲਾ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਇੱਕ ਵਿਅਕਤੀ ਨਾਲ ਸਬੰਧਤ ਹੈ, ਜਿਸਨੂੰ ਦਸੰਬਰ 2024 ਵਿੱਚ ਡੌਂਕੀ ਰੂਟ ਰਾਹੀਂ ਅਮਰੀਕਾ ਭੇਜਿਆ ਗਿਆ ਸੀ। ਪੀੜਤ ਨੇ ਇਸ ਗੈਰ-ਕਾਨੂੰਨੀ ਯਾਤਰਾ ਲਈ ਦੋਸ਼ੀ ਏਜੰਟ ਨੂੰ ਲਗਭਗ 45 ਲੱਖ ਰੁਪਏ ਦਿੱਤੇ ਸਨ। ਹਾਲਾਂਕਿ, ਅਮਰੀਕੀ ਅਧਿਕਾਰੀਆਂ ਨੇ ਉਸਨੂੰ 15 ਫਰਵਰੀ ਨੂੰ ਭਾਰਤ ਭੇਜ ਦਿੱਤਾ। ਭਾਰਤ ਵਾਪਸ ਆਉਣ ਤੋਂ ਬਾਅਦ, ਪੀੜਤਾ ਨੇ ਦੋਸ਼ੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਜਿਸ ਤੋਂ ਬਾਅਦ ਪੰਜਾਬ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਘਟਨਾਵਾਂ ਦੇ ਮੱਦੇਨਜ਼ਰ, 13 ਮਾਰਚ ਨੂੰ ਕੇਸ ਐਨਆਈਏ ਨੂੰ ਸੌਂਪ ਦਿੱਤਾ ਗਿਆ ਸੀ। 17 ਦਿਨਾਂ ਦੀ ਕਾਰਵਾਈ ਤੋਂ ਬਾਅਦ, ਐਨਆਈਏ ਨੇ ਗੋਲਡੀ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸਨੇ ਇਸ ਮਾਮਲੇ ਵਿੱਚ ਏਜੰਟ ਦੀ ਭੂਮਿਕਾ ਨਿਭਾਈ ਸੀ। ਐਨਆਈਏ ਹੁਣ ਮੁਲਜ਼ਮਾਂ ਤੋਂ ਪੁੱਛਗਿੱਛ ਕਰਕੇ ਇਸ ਪੂਰੇ ਨੈੱਟਵਰਕ ਦੇ ਹੋਰ ਮੈਂਬਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਐਨਆਈਏ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਗੋਲਡੀ ਕੋਲ ਵਿਦੇਸ਼ ਵਿੱਚ ਪੈਸੇ ਭੇਜਣ ਦਾ ਕੋਈ ਜਾਇਜ਼ ਲਾਇਸੈਂਸ ਜਾਂ ਇਜਾਜ਼ਤ ਨਹੀਂ ਸੀ। ਉਸਨੇ ਪੀੜਤ ਨੂੰ ਸਪੇਨ, ਐਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਰਾਹੀਂ ਅਮਰੀਕਾ ਭੇਜਿਆ। ਯਾਤਰਾ ਦੌਰਾਨ, ਗੋਲਡੀ ਦੇ ਸਾਥੀਆਂ ਨੇ ਪੀੜਤ ਨੂੰ ਕੁੱਟਿਆ ਅਤੇ ਉਸਦਾ ਸ਼ੋਸ਼ਣ ਕੀਤਾ ਅਤੇ ਉਸਦੇ ਕੋਲ ਮੌਜੂਦ ਅਮਰੀਕੀ ਡਾਲਰ ਵੀ ਖੋਹ ਲਏ।

## ਪੰਜਾਬ ਦੇ ਸਾਬਕਾ ਆਈਪੀਐਸ ਅਫ਼ਸਰ ਸਮੇਤ 2 ਹੋਰ ਪੁਲਿਸ ਮੁਲਾਜ਼ਮ ਭ੍ਰਿਸ਼ਟਾਚਾਰ ਮਾਮਲੇ ਵਿਚ ਦੋਸ਼ੀ ਕਰਾਰ !



ਮੁਹਾਲੀ-ਪੰਜਾਬ ਦੇ ਸਾਬਕਾ ਆਈਪੀਐਸ ਅਫ਼ਸਰ ਅਤੇ ਸਮੇਤ 2 ਹੋਰ ਪੁਲਿਸ ਮੁਲਾਜ਼ਮਾਂ ਨੂੰ ਮੁਹਾਲੀ ਦੀ ਸੀਬੀਆਈ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਮੋਗਾ ਦੇ ਸਾਬਕਾ ਐਸਪੀ ਡੀਐਸ ਗਰਚਾ ਨੂੰ ਮੋਗਾ ਦੇ ਸਾਬਕਾ ਐਸਪੀ ਅਮਰਜੀਤ ਸਿੰਘ ਨੂੰ ਭ੍ਰਿਸ਼ਟਾਚਾਰ ਐਕਟ ਦੀ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਥਾਣੇਦਾਰ ਰਮਣ ਨੂੰ ਫਿਰੌਤੀ ਅਤੇ ਕਰਪਸ਼ਨ ਐਕਟ ਦੀ ਧਾਰਾਵਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ।

ਇਹ ਹੈ ਪੂਰਾ ਮਾਮਲਾ-ਦਰਅਸਲ 2007 ਵਿੱਚ ਮੋਗਾ ਸੈਕਸ ਸਕੈਂਡਲ ਸਾਹਮਣੇ ਆਇਆ ਸੀ ਇਸ ਵਿੱਚ ਪੁਲਿਸ ਦੇ ਮੁਲਾਜ਼ਮ ਦੋਸ਼ੀ ਬਣਾਏ ਗਏ ਸਨ।

ਇਸ ਵਿੱਚ ਤਤਕਾਲੀ ਅਕਾਲੀ ਦਲ ਦੇ ਆਗੂ ਦੇ ਪੁੱਤਰ ਨੂੰ ਵੀ ਮੁਲਜ਼ਮ ਬਣਾਇਆ ਗਿਆ ਸੀ। ਮੁੱਖ ਮੁਲਜ਼ਮ ਮਨਜੀਤ ਕੌਰ ਦੀ 2013 ਦੇ ਵਿੱਚ ਜਮਾਨਤ ਹੋ ਗਈ ਸੀ ਅਤੇ ਉਹ ਸਰਕਾਰੀ ਗਵਾਹ ਬਣ ਗਈ। ਪਰ ਮਨਜੀਤ ਕੌਰ ਦਾ 2018 ਵਿੱਚ ਫਿਰੋਜ਼ਪੁਰ ਵਿੱਚ ਕਤਲ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਇਹ ਕੇਸ ਸੀਬੀਆਈ ਨੂੰ ਦੇ ਦਿੱਤਾ ਗਿਆ ਸੀ।

## ਆਟੋ ਚਾਲਕ ਨੇ 12 ਸਾਲ ਦੀ ਵਿਦਿਆਰਥਣ ਨਾਲ ਕੀਤਾ ਬਲਾਤਕਾਰ

### ✪ ਕੁੜੀ ਗਰਭਵਤੀ ਹੋਣ ਬਾਅਦ ਮਾਪਿਆਂ ਨੂੰ ਪਤਾ ਲੱਗਾ, ਕੇਸ ਦਰਜ

ਪਟਿਆਲਾ-ਇੱਕ ਆਟੋ ਚਾਲਕ ਨੇ 12 ਸਾਲ ਦੀ ਵਿਦਿਆਰਥਣ ਨਾਲ ਜਬਰ ਜਨਾਹ ਕੀਤਾ ਹੈ। ਜਾਣਕਾਰੀ ਮੁਤਾਬਕ ਥਾਣਾ ਬਖਸ਼ੀਵਾਲਾ ਇਲਾਕੇ 'ਚ ਆਟੋ ਚਾਲਕ ਵੱਲੋਂ 12 ਸਾਲਾ ਵਿਦਿਆਰਥਣ ਨਾਲ ਜਬਰ ਜਨਾਹ ਕਰਨ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਦਾ ਪਰਿਵਾਰ ਨੂੰ ਵਿਦਿਆਰਥਣ ਦੇ ਗਰਭਵਤੀ ਹੋਣ ਉਪਰੰਤ ਪਤਾ ਲੱਗਾ। ਲੜਕੀ ਦਾ ਪਰਿਵਾਰ ਉੱਤਰ ਪ੍ਰਦੇਸ਼ ਤੋਂ ਹੈ ਅਤੇ ਇਸ ਸਮੇਂ ਪਟਿਆਲੇ ਰਹਿੰਦਾ ਹੈ। ਬਖਸ਼ੀਵਾਲਾ ਥਾਣੇ ਦੀ ਪੁਲਿਸ ਨੇ ਮੁਲਜ਼ਮ ਸ਼ੁਭਮ ਕਨੌਜੀਆ ਵਾਸੀ ਬਾਬੂ ਸਿੰਘ ਕਾਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਥਾਣਾ ਬਖਸ਼ੀਵਾਲਾ ਦੇ ਐੱਸਐੱਚਓ ਸੁਖਦੇਵ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੀੜਤ ਲੜਕੀ ਦਾ ਸਰਕਾਰੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਮੁਲਜ਼ਮ ਕੁੜੀਆਂ ਦੇ ਸਕੂਲ ਦਾ ਆਟੋ ਡਰਾਈਵਰ ਸੀ ਤੇ ਰੋਜ਼ਾਨਾ ਵਿਦਿਆਰਥਣ ਨੂੰ ਸਕੂਲ ਲਿਆਉਂਦਾ ਤੇ ਲਿਜਾਂਦਾ ਸੀ। ਹੋਰ ਬੱਚੇ ਵੀ ਆਟੋ ਵਿੱਚ ਸਕੂਲ ਜਾਂਦੇ ਸਨ ਪਰ ਮੁਲਜ਼ਮ ਇਸ ਕੁੜੀ ਨੂੰ ਸਭ ਤੋਂ ਬਾਅਦ ਘਰ ਛੱਡਦਾ ਸੀ।

ਅਗਸਤ 2024 ਵਿੱਚ ਮੁਲਜ਼ਮ ਉਕਤ ਲੜਕੀ ਨੂੰ ਖਾਲਸਾ ਨਗਰ ਵਿੱਚ ਸੁਨਸਾਨ ਜਗ੍ਹਾ 'ਤੇ ਲੈ ਗਿਆ ਅਤੇ ਮੌਕਾ ਪਾ ਕੇ ਉਸ ਨਾਲ ਜਬਰ ਜਨਾਹ ਕੀਤਾ। ਪਰਿਵਾਰ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਪਰ ਹੁਣ ਕੁੜੀ ਦੀ ਸਿਹਤ ਵਿਗੜ ਗਈ ਸੀ। ਚੈੱਕਅਪ ਦੌਰਾਨ ਪਤਾ ਲੱਗਾ ਕਿ ਕੁੜੀ ਗਰਭਵਤੀ ਹੈ ਜਿਸ ਤੋਂ ਬਾਅਦ ਕੁੜੀ ਨੇ ਸੱਚ ਦੱਸ ਦਿੱਤਾ।

## 30 ਕਰੋੜ ਦੀ ਹੈਰੋਇਨ ਸਮੇਤ 2 ਡਰਗ ਸਮਗਲਰ ਗ੍ਰਿਫਤਾਰ

ਤਰਨ ਤਾਰਨ-ਸੀ.ਆਈ.ਏ. ਸਟਾਫ਼ ਤਰਨ ਤਾਰਨ ਦੀ ਪੁਲਿਸ ਨੇ ਸਵਿਫਟ ਕਾਰ ਸਵਾਰ 2 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 6 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਹੈਰੋਇਨ ਦੀ ਅੰਤਰ ਰਾਸ਼ਟਰੀ ਬਾਜ਼ਾਰ ਵਿਚ ਕੀਮਤ 30 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਸ ਸੰਬੰਧੀ ਥਾਣਾ ਸਰਾਏ ਅਮਾਨਤ ਖਾਂ ਵਿਖੇ ਨਸ਼ਾ ਤਸਕਰਾਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਸੰਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. (ਡੀ) ਰਜਿੰਦਰ ਮਿਨਹਾਸ ਨੇ ਦੱਸਿਆ ਕਿ ਡੀ.ਐੱਸ.ਪੀ. ਗੁਰਿੰਦਰਪਾਲ ਸਿੰਘ ਨਾਗਰਾ ਅਤੇ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਅਮਨਦੀਪ ਸਿੰਘ ਦੀ ਅਗਵਾਈ ਵਿਚ ਕਸਬਾ ਸਰਾਏ ਅਮਾਨਤ ਖਾਂ ਵਿਖੇ ਚਲਾਏ ਗਏ ਆਪਰੇਸ਼ਨ ਦੌਰਾਨ ਨਸ਼ਾ ਤਸਕਰ ਹਰਦੀਪ ਸਿੰਘ ਉਰਫ਼ ਦੀਪ ਅਤੇ ਹਰਜੀਤ ਸਿੰਘ ਦੋਵੇਂ ਵਾਸੀ ਪਿੰਡ ਠੱਠੀ ਸੋਹਲ ਜ਼ਿਲ੍ਹਾ ਤਰਨ ਤਾਰਨ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਕੋਲੋਂ 6 ਕਿਲੋ ਹੈਰੋਇਨ ਅਤੇ ਇਕ ਸਵਿਫਟ ਕਾਰ ਬਰਾਮਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਪਾਕਿਸਤਾਨੀ ਨਸ਼ਾ ਤਸਕਰ ਬਿੱਲਾ ਅਤੇ ਸ਼ਾਹ ਨਾਲ ਸਿੱਧੇ ਸੰਪਰਕ 'ਚ ਸਨ ਅਤੇ ਇਹ ਸਰਹੱਦ ਪਾਰੋਂ ਨਸ਼ਿਆਂ ਦੀਆਂ ਖੇਪਾਂ ਡਰੋਨ ਦੀ ਮਦਦ ਨਾਲ ਭੇਜ ਰਹੇ ਹਨ।



## ਹਥਿਆਰਬੰਦ ਲੁਟੇਰਿਆਂ ਨੇ ਦੁਬਈ ਤੋਂ ਪਰਤੇ ਨੌਜਵਾਨ ਨੂੰ ਗੋਲੀ ਮਾਰੀ

ਤਰਨ ਤਾਰਨ-ਵਿਦੇਸ਼ ਤੋਂ ਆਪਣੇ ਘਰ ਆ ਰਹੇ ਇਕ ਵਿਅਕਤੀ ਰਾਜਬੀਰ ਸਿੰਘ ਵਾਸੀ ਪਿੰਡ ਫਤਹਿਪੁਰ ਬਦੇਸ਼ਾ ਨੂੰ ਰਾਹ ਵਿੱਚ ਹਥਿਆਰਬੰਦ ਲੁਟੇਰਿਆਂ ਨੇ ਗੋਲੀ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਰਾਜਬੀਰ ਸਿੰਘ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿੱਚ ਦਾਖਲ ਹੈ, ਜਿਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਦੁਬਈ ਤੋਂ ਪਰਤੇ ਰਾਜਬੀਰ ਦਾ ਪਿਤਾ ਸੰਤੋਖ ਸਿੰਘ ਬੀਤੇ ਹਫਤੇ ਰਾਤ ਨੂੰ ਉਸ ਨੂੰ ਮੋਟਰਸਾਈਕਲ 'ਤੇ ਘਰ ਲੈ ਕੇ ਆ ਰਿਹਾ ਸੀ। ਇਸ ਦੌਰਾਨ ਉਨ੍ਹਾਂ ਨੂੰ ਰਾਹ ਵਿੱਚ ਛੋਟਾ ਪਿੰਡ ਨੇੜੇ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੇ ਘੇਰ ਲਿਆ। ਲੁਟੇਰਿਆਂ ਨੇ ਉਨ੍ਹਾਂ ਤੋਂ ਕਿੱਟ, ਨਕਦੀ ਤੇ ਮੋਬਾਈਲ ਆਦਿ ਖੋਹ ਲਿਆ ਅਤੇ ਰਾਜਬੀਰ ਨੂੰ ਗੋਲੀ ਮਾਰ ਦਿੱਤੀ। ਉਸ ਨੂੰ ਪਹਿਲਾਂ ਖਡੂਰ ਸਾਹਿਬ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੋਂ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੇਖਦਿਆਂ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਰੈਫਰ ਕਰ ਦਿੱਤਾ। ਵੈਰੋਵਾਲ ਥਾਣੇ ਦੇ ਮੁਖੀ ਸਬ-ਇੰਸਪੈਕਟਰ ਨਰੇਸ਼ ਨੇ ਦੱਸਿਆ ਕਿ ਇਸ ਸਬੰਧੀ ਪੁਲੀਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

### -ਮਾਮਲਾ ਨਾਜਾਇਜ਼ ਸਬੰਧਾ ਦਾ-

## ਵਿਧਵਾ ਔਰਤ ਨੇ ਪ੍ਰੇਮੀ ਨਾਲ ਮਿਲ ਕੇ ਦੂਜੇ ਪ੍ਰੇਮੀ ਦੀ ਕੀਤੀ ਹੱਤਿਆ

### ✪ ਪ੍ਰੇਮੀ ਮਨਪ੍ਰੀਤ ਸਿੰਘ ਅਤੇ ਪ੍ਰੇਮਿਕਾ ਜਸਵੀਰ ਕੌਰ ਗ੍ਰਿਫ਼ਤਾਰ

ਭੀਖੀ (ਮਾਨਸਾ)-ਲੰਘੀ 23 ਮਾਰਚ ਨੂੰ ਬਰਨਾਲਾ ਰੋਡ 'ਤੇ ਪਿੰਡ ਮੱਤੀ ਨੇੜੇ ਮਿਲੀ ਨੌਜਵਾਨ ਗੁਰਪ੍ਰੀਤ ਸਿੰਘ ਵਾਸੀ ਮੱਤੀ ਦੀ ਲਾਸ਼ ਦੀ ਗੁੱਥੀ ਸੁਲਝਾਉਂਦਿਆਂ ਭੀਖੀ ਪੁਲਿਸ ਨੇ ਵਿਧਵਾ ਔਰਤ ਅਤੇ ਉਸ ਦੇ ਦੂਜੇ ਪ੍ਰੇਮੀ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਥਾਣਾ ਭੀਖੀ ਦੇ ਮੁਖੀ ਸੁਖਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਨਾਇਬ ਸਿੰਘ ਤੇ ਉਸ ਦੇ ਪੁੱਤਰ ਗੁਰਦੀਪ ਸਿੰਘ ਨੇ ਦੱਸਿਆ ਕਿ ਪਿੰਡ ਪੱਧਰ 'ਤੇ ਕੀਤੀ ਪੁੱਛ ਪੜਤਾਲ ਤੋਂ ਖ਼ਦਸ਼ਾ ਪ੍ਰਗਟ ਹੋਇਆ ਕਿ ਗੁਰਪ੍ਰੀਤ ਸਿੰਘ ਦੇ ਕਤਲ ਪਿੱਛੇ ਪਿੰਡ ਦੀ ਵਿਧਵਾ ਔਰਤ ਜਸਵੀਰ ਕੌਰ ਦਾ ਹੱਥ ਹੈ, ਜਿਸ ਨਾਲ ਮਿਥਕ 'ਲਿਵ ਇਨ ਰਿਲੇਸ਼ਨਸ਼ਿਪ' 'ਚ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਵਿਧਵਾ ਦੇ ਪਿੰਡ ਮੋਜੋਂ ਖ਼ੁਰਦ ਦੇ ਮਨਪ੍ਰੀਤ ਸਿੰਘ ਮਾਣਾ ਨਾਲ ਵੀ ਨਾਜਾਇਜ਼ ਸਬੰਧ ਸਨ ਅਤੇ ਉਨ੍ਹਾਂ ਦਾ ਪੁੱਤਰ ਉਸ ਨੂੰ ਇਨ੍ਹਾਂ ਕੰਮਾਂ ਤੋਂ ਵਰਜਦਾ ਸੀ, ਜਿਸ ਕਰਕੇ ਉਸ ਨੂੰ ਰਸਤੇ 'ਚੋਂ ਹਟਾਉਣ ਲਈ ਦੋਵਾਂ ਨੇ ਮਿਲ ਕੇ ਉਸ ਦਾ ਕਤਲ ਕਰ ਦਿੱਤਾ। ਥਾਣਾ ਮੁਖੀ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਅਤੇ ਜਸਵੀਰ ਕੌਰ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਵਾਰਦਾਤ ਸਮੇਂ ਵਰਤਿਆ ਤੇਜ਼ਧਾਰ ਹਥਿਆਰ ਅਤੇ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ।

# ਪੰਜਾਬ ਪੁਲਿਸ ਨੇ ਕਾਰਕੁੰਨ ਨੂੰ ਗ੍ਰਿਫ਼ਤਾਰ ਕਰ ਕੇ ਖਾੜਕੂ ਹਮਲੇ ਨੂੰ ਨਾਕਾਮ ਕਰਨ ਦਾ ਦਾਅਵਾ; ਹੈਂਡ ਗ੍ਰਨੇਡ ਬਰਾਮਦ

ਅੰਮ੍ਰਿਤਸਰ-ਬੀਤੇ ਦਿਨੀਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐੱਸਆਈ) ਏਜੰਸੀ ਨਾਲ ਸਬੰਧਤ ਇਕ ਕਾਰਕੁੰਨ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰ ਕੇ ਸੂਬੇ ਵਿਚ ਸੰਭਾਵੀ ਖਾੜਕੂ ਹਮਲੇ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਪਛਾਣ ਜੈਵੀਰ ਤਿਆਗੀ ਉਰਫ਼ ਜਾਵੇਦ ਵਾਸੀ ਪਿੰਡ ਬਰੋਲੀ, ਸਹਾਰਨਪੁਰ, ਉੱਤਰ ਪ੍ਰਦੇਸ਼ (ਯੂਪੀ) ਵਜੋਂ ਹੋਈ ਹੈ।

ਉਹ ਮੌਜੂਦਾ ਸਮੇਂ ਲੁਧਿਆਣਾ ਵਿਖੇ ਰਹਿ ਰਿਹਾ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀਆਂ ਟੀਮਾਂ ਨੂੰ ਵਿਦੇਸ਼ ਆਧਾਰਤ ਵਿਅਕਤੀ ਸਹਿਲਾਮ, ਜੋ



ਕਿ ਪਾਕਿ-ਆਈਐੱਸਆਈ ਏਜੰਸੀ ਲਈ ਕੰਮ ਕਰਦਾ ਹੈ ਅਤੇ ਉਸਦੇ ਚਚੇਰੇ ਭਰਾ ਜੈਵੀਰ ਤਿਆਗੀ ਵੱਲੋਂ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਲਈ ਵੱਖ-ਵੱਖ ਸ਼ਹਿਰਾਂ 'ਚ ਹਿੰਸਕ ਹਮਲਿਆਂ ਰਾਹੀਂ ਸਰਕਾਰੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚਣ ਬਾਰੇ ਸੂਹ ਮਿਲੀ ਸੀ। ਸੂਹ ਤੋਂ ਇਹ ਵੀ ਖੁਲਾਸਾ ਹੋਇਆ ਕਿ



ਜੈਵੀਰ ਤਿਆਗੀ ਨੇ ਅੰਮ੍ਰਿਤਸਰ ਦੇ ਇਲਾਕੇ ਤੋਂ ਹੈਂਡ ਗ੍ਰਨੇਡ ਦੀ ਖੇਪ ਵੀ ਪ੍ਰਾਪਤ ਕੀਤੀ ਹੈ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਉਹ ਅੰਮ੍ਰਿਤਸਰ ਦੇ ਤਾਰਾਂਵਾਲਾ ਪੁਲ ਨੇੜੇ ਆਪਣੇ ਹੋਰ ਸਾਥੀਆਂ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪੁਖ਼ਤਾ ਸੂਹ 'ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਇਕ ਖੁਫੀਆ ਕਾਰਵਾਈ ਤਹਿਤ ਮੁਲਜ਼ਮ ਜੈਵੀਰ ਤਿਆਗੀ ਨੂੰ ਹੈਂਡ ਗ੍ਰਨੇਡ ਸਮੇਤ ਗ੍ਰਿਫ਼ਤਾਰ ਕਰ ਲਿਆ। ਡੀਜੀਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਜੈਵੀਰ ਪਿਛਲੇ 14-15 ਸਾਲਾਂ ਤੋਂ ਲੁਧਿਆਣਾ 'ਚ ਰਹਿ ਰਿਹਾ ਸੀ ਅਤੇ ਏਨਕ੍ਰਿਪਟਡ ਮੈਸੇਜਿੰਗ ਐਪਸ ਰਾਹੀਂ ਸਹਿਲਾਮ ਦੇ ਸੰਪਰਕ 'ਚ ਸੀ। ਜਾਂਚ ਤੋਂ ਇਹ ਖੁਲਾਸਾ ਵੀ ਹੋਇਆ ਹੈ ਕਿ ਸਹਿਲਾਮ ਦੇ ਨਿਰਦੇਸ਼ਾਂ 'ਤੇ ਹੀ ਮੁਲਜ਼ਮ ਜੈਵੀਰ ਨੇ ਗ੍ਰਨੇਡ ਪ੍ਰਾਪਤ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ। ਇਸ ਸਬੰਧੀ ਅਸਲਾ ਐਕਟ ਦੀ ਧਾਰਾ-25, ਵਿਸਫੋਟਕ ਪਦਾਰਥ ਐਕਟ ਦੀ ਧਾਰਾ 3, 4 ਤੇ 5, ਅਤੇ ਬੀਐੱਨਐੱਸ ਦੀ ਧਾਰਾ 61(2) ਤੇ 111 ਤਹਿਤ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਚੋਣਾਂ ਹਾਰਨ ਕਰਕੇ ਵੀ ਕਾਂਗਰਸ ਦੀ ਆਰਥਿਕ ਸਥਿਤੀ ਹੋਈ ਖਰਾਬ

### ✪ ਕਾਂਗਰਸ ਕੋਲ ਕਰੀਬ 263 ਕਰੋੜ ਰੁਪਏ ਦਾ ਫੰਡ ਸੀ ਅਤੇ ਚੋਣਾਂ ਤੋਂ ਬਾਅਦ 134 ਕਰੋੜ ਬਚਿਆ

ਦਿੱਲੀ-ਕਾਂਗਰਸ ਪਾਰਟੀ ਇਸ ਸਮੇਂ ਆਰਥਿਕ ਸੰਕਟ ਵਿਚੋਂ ਲੰਘ ਰਹੀ ਹੈ। ਪਿਛਲੇ 11 ਸਾਲ ਤੋਂ ਕੇਂਦਰ ਦੀ ਸੱਤਾ 'ਚੋਂ ਬਾਹਰ ਹੋਣ ਅਤੇ ਜ਼ਿਆਦਾਤਰ ਰਾਜਾਂ ਵਿਚ ਚੋਣਾਂ ਹਾਰਨ ਕਰਕੇ ਵੀ ਕਾਂਗਰਸ ਦੀ ਸਥਿਤੀ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਉਹ ਦੇਸ਼ ਦੀ ਇਕ ਦਰਜਨ ਰਾਸ਼ਟਰੀ ਅਤੇ ਵੱਡੀਆਂ ਪ੍ਰਾਦੇਸ਼ਿਕ ਪਾਰਟੀਆਂ 'ਚੋਂ ਸਭ ਤੋਂ ਗ਼ਰੀਬ ਹੈ। ਕਾਮਨਵੈਲਥ ਹਿਊਮਨ ਰਾਈਟਸ ਇਨੀਸ਼ਿਐਟਿਵਜ਼ ਦੇ ਵੇਂਕੇਟੇਸ਼ ਨਾਇਕ ਵਲੋਂ ਕੀਤੇ ਗਏ ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ 'ਚ ਸਭ ਤੋਂ ਘੱਟ ਪੈਸੇ ਇਕੱਤਰ ਕਰਨ ਵਾਲੀਆਂ ਪਾਰਟੀਆਂ 'ਚੋਂ ਇਕ ਕਾਂਗਰਸ ਹੈ ਅਤੇ ਚੋਣਾਂ ਤੋਂ ਬਾਅਦ ਪਾਰਟੀਆਂ ਕੋਲ ਜੋ ਪੈਸਾ ਬਚਿਆ ਹੈ, ਉਸ ਲਿਹਾਜ਼ ਨਾਲ ਵੀ ਕਾਂਗਰਸ ਸਭ ਤੋਂ ਹੇਠਾਂ ਹੈ। ਇਸ ਅਧਿਐਨ 'ਚ ਪਾਰਟੀਆਂ ਦੇ ਕੇਂਦਰੀ ਦਫ਼ਤਰਾਂ ਅਤੇ ਰਾਜ ਦਫ਼ਤਰਾਂ ਦੇ ਫੰਡਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਕ ਦਰਜਨ ਪਾਰਟੀਆਂ ਦੀ ਸੂਚੀ 'ਚ ਬਹੁਤ ਭਾਰੀ ਅੰਤਰ ਦੇ ਨਾਲ ਭਾਜਪਾ ਸਭ ਤੋਂ ਉੱਪਰ ਹੈ ਅਤੇ ਕਾਂਗਰਸ ਸਭ ਤੋਂ ਹੇਠਾਂ ਹੈ। ਵਿਚਕਾਰ ਤਮਾਮ ਪ੍ਰਾਦੇਸ਼ਿਕ ਪਾਰਟੀਆਂ ਹਨ, ਜੋ ਸਰਕਾਰ 'ਚ ਹਨ ਜਾਂ ਸਾਲਾਂ ਤੋਂ ਸੱਤਾ ਤੋਂ ਬਾਹਰ ਹਨ। ਹੈਰਾਨੀ ਦੀ ਗੱਲ ਹੈ ਕਿ ਰਾਜਨੀਤਕ ਹੋਂਦ ਬਚਾਉਣ ਲਈ ਜੂਝ ਰਹੀ ਬਹੁਜਨ ਸਮਾਜ ਪਾਰਟੀ ਕੋਲ ਵੀ ਕਾਂਗਰਸ ਨਾਲੋਂ ਤਿੰਨ ਗੁਣਾ ਜ਼ਿਆਦਾ ਪੈਸਾ ਹੈ। ਇਸ ਅਧਿਐਨ ਦੇ ਮੁਤਾਬਿਕ ਪਿਛਲੇ ਸਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਕੋਲ ਕਰੀਬ 263 ਕਰੋੜ ਰੁਪਏ ਦਾ ਫੰਡ ਸੀ ਅਤੇ ਚੋਣਾਂ ਤੋਂ ਬਾਅਦ 134 ਕਰੋੜ ਬਚਿਆ।

# ਪਿਛਲੇ ਦੋ ਸਾਲ ਵਿਚ ਹੀ ਪੰਜਾਬ ਵਿਚ 117 ਨਵੇਂ ਕੋਲਡ ਸਟੋਰ ਬਣੇ

**ਖੋਜ ਖਬਰ**

### ✪ ਕੌਮੀ ਤੇ ਬਹੁਕੌਮੀ ਕੰਪਨੀਆਂ ਆਲੂ ਪ੍ਰੋਸੈਸਿੰਗ ਸਨਅਤ ਵਿਚ ਨਿਵੇਸ਼ ਕਰਨ ਲਗੀਆਂ

ਦੇਸ਼ ਵਿਚ ਜਿਵੇਂ ਜਿਵੇਂ ਕੌਮੀ ਤੇ ਬਹੁਕੌਮੀ ਕੰਪਨੀਆਂ ਆਲੂ ਪ੍ਰੋਸੈਸਿੰਗ ਸਨਅਤ ਵਿਚ ਨਿਵੇਸ਼ ਕਰ ਰਹੀਆਂ ਹਨ ਉਸੇ ਰਫ਼ਤਾਰ ਨਾਲ ਦੇਸ਼ ਵਿਚ ਕੋਲਡ ਚੇਨ ਵਿਚ ਵੀ ਵਾਧਾ ਹੋ ਰਿਹਾ ਹੈ। ਪੰਜਾਬ ਦਾ ਪੌਣ-ਪਾਣੀ ਕਿਉਂਕਿ ਆਲੂ ਦੇ ਬੀਜ ਅਤੇ ਸ਼ੱਕਰ ਮੁਕਤ ਆਲੂ ਦੀ ਗੁਣਵੱਤਾ ਲਈ ਦੇਸ਼ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਬਿਹਤਰ ਹੈ, ਇਸ ਲਈ ਪੰਜਾਬ ਦੇ ਆਲੂ ਦੀ ਬੀਜ ਅਤੇ ਪ੍ਰੋਸੈਸਿੰਗ ਲਈ ਦੇਸ਼ ਤੇ ਵਿਦੇਸ਼ ਵਿਚ ਬਹੁਤ ਜ਼ਿਆਦਾ ਮੰਗ ਹੈ। ਜਿਸ ਕਾਰਨ ਮੰਗ ਦੀ ਪੂਰਤੀ ਲਈ ਕੋਲਡ ਸਟੋਰਾਂ ਵਿਚ ਆਲੂ ਨੂੰ ਭੰਡਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ, ਇਸ ਕਰਕੇ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਵਿਚ ਕੋਲਡ ਸਟੋਰਾਂ ਵਿਚ ਵੱਡੀ ਗਿਣਤੀ ਵਿਚ ਵਾਧਾ ਹੋਇਆ ਹੈ ਜੋ ਹਰ ਸਾਲ ਤੇਜ਼ੀ ਫੜ ਰਿਹਾ ਹੈ। ਪੰਜਾਬ ਦੀ ਸਥਿਤੀ ਇਸ ਸਮੇਂ ਇਹ ਹੈ ਕਿ ਪਿਛਲੇ ਦੋ ਸਾਲ ਵਿਚ ਹੀ ਇਥੇ 117 ਨਵੇਂ ਕੋਲਡ ਸਟੋਰ ਲੱਗ ਗਏ ਹਨ ਤੇ ਪਹਿਲਾਂ ਤੋਂ ਹੀ ਚੱਲ ਰਹੇ ਕੋਲਡ ਸਟੋਰਾਂ ਦੀ ਸਮਰੱਥਾ ਵਿਚ ਵੀ ਵਾਧਾ ਹੋਇਆ ਹੈ। ਨੈਸ਼ਨਲ ਹਾਰਟੀਕਲਚਰ ਬੋਰਡ (ਐਨ. ਐਚ. ਬੀ.) ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਨਵੰਬਰ 2023 ਤੱਕ ਪੰਜਾਬ ਵਿਚ 761 ਕੋਲਡ ਸਟੋਰ ਸਨ, ਜਿਨ੍ਹਾਂ ਵਿਚ ਦੋ ਸਾਲ ਵਿਚ ਹੀ 18 ਫ਼ੀਸਦੀ ਦਾ ਵਾਧਾ ਹੋਇਆ ਹੈ ਜਦਕਿ ਕਿ ਰਾਸ਼ਟਰੀ ਪੱਧਰ 'ਤੇ ਕੋਲਡ ਸਟੋਰਾਂ ਦੀ ਸਾਲਾਨਾ ਵਾਧਾ ਦਰ ਸਿਰਫ਼ 2 ਫ਼ੀਸਦੀ ਦੇ ਨੇੜੇ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਇਸ ਸਾਲ ਵੀ ਇਹ ਵਾਧਾ ਨਿਰੰਤਰ ਜਾਰੀ ਹੈ, ਕਿਉਂਕਿ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਹੁਣ ਜਦੋਂ ਆਲੂ ਭੰਡਾਰ ਕਰਨ ਦਾ ਸੀਜ਼ਨ ਚੱਲ ਹੀ ਰਿਹਾ ਹੈ ਤਾਂ ਅਗਲੇ ਸੀਜ਼ਨ ਲਈ ਨਵੇਂ ਕੋਲਡ ਸਟੋਰ ਬਣਾਉਣ ਲਈ ਨਿਵੇਸ਼ਕ ਚਾਰਟਡ ਅਕਾਊਂਟੈਂਟਾਂ ਕੋਲ ਪ੍ਰਾਜੈਕਟ ਰਿਪੋਰਟਾਂ ਬਣਵਾਉਣ ਲਈ ਪਹੁੰਚਣੇ ਵੀ ਸ਼ੁਰੂ ਹੋ ਗਏ ਹਨ। ਖੰਨਾ ਸਥਿਤ ਇਕ ਸੀ.ਏ. ਕੋਲ ਅੱਧੀ ਦਰਜਨ ਪ੍ਰਾਜੈਕਟ ਰਿਪੋਰਟਾਂ ਤਿਆਰ ਵੀ ਹੋ ਚੁੱਕੀਆਂ ਹਨ।



ਇਸ ਰੁਝਾਨ ਸਬੰਧੀ ਜਦੋਂ ਕਈ ਕਾਰੋਬਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕੋਲਡ ਚੇਨ ਵਿਚ ਵਧੇ ਨਿਵੇਸ਼ ਲਈ ਸਰਕਾਰ ਵਲੋਂ ਸਬਸਿਡੀਆਂ ਵਿਚ ਕੀਤੇ ਵਾਧੇ ਨੂੰ ਵੀ ਇਕ ਵੱਡਾ ਕਾਰਨ ਦੱਸਿਆ। ਮਿਲੀ ਜਾਣਕਾਰੀ ਅਨੁਸਾਰ 6 ਹਜ਼ਾਰ ਮੀਟਰਿਕ ਟਨ ਦੇ ਕੋਲਡ ਸਟੋਰ 'ਤੇ ਪਿਛਲੇ ਸਾਲਾਂ ਵਿਚ ਤਕਰੀਬਨ 1 ਕਰੋੜ 20 ਲੱਖ ਰੁਪਏ ਦੀ ਸਬਸਿਡੀ ਮਿਲਦੀ ਸੀ, ਜਿਸ ਨੂੰ ਸਰਕਾਰ ਵਲੋਂ ਵਧਾ ਕੇ ਹੁਣ ਲਗਪਗ ਦੁੱਗਣਾ ਕਰ ਦਿੱਤਾ ਗਿਆ ਹੈ। ਕੋਲਡ ਸਟੋਰ ਮਾਲਕਾਂ ਨੇ ਇਹ ਵੀ ਦੱਸਿਆ ਕਿ ਪਿਛਲੇ ਸਾਲਾਂ ਤੋਂ ਕੋਲਡ ਚੇਨ ਵਿਚ ਆਈਆਂ ਨਵੀਆਂ ਤਕਨੀਕਾਂ ਕਾਰਨ ਹੁਣ ਆਲੂ ਤੋਂ ਇਲਾਵਾ ਪਿਆਜ਼, ਸੇਬ, ਕਿੰਨੂ ਅਤੇ ਕਈ ਤਰ੍ਹਾਂ ਦੀਆਂ 'ਸਬਜ਼ੀਆਂ ਤੇ ਫਲਾਂ' ਤੋਂ ਇਲਾਵਾ ਅੰਡਾ, ਮੀਟ, ਮੱਛੀ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਕਾਰਨ ਵਕਤੀ ਤੌਰ 'ਤੇ ਸਟੋਰ ਕਰਨ ਦਾ ਰੁਝਾਨ ਵੱਧ ਰਿਹਾ ਹੈ। ਇਨ੍ਹਾਂ ਸਟੋਰਾਂ ਵਿਚ ਫਾਰਮਾਸਿਊਟੀਕਲ ਉਤਪਾਦਾਂ ਸਮੇਤ ਅਨੇਕਾਂ ਹੋਰ ਖਾਦ ਖੁਰਾਕ ਦੀਆਂ ਵਸਤਾਂ ਨੂੰ ਵੀ ਵਪਾਰੀ ਆਮ ਸਟੋਰ ਦੀ ਥਾਂ 'ਤੇ ਕੋਲਡ ਸਟੋਰਾਂ ਵਿਚ ਸਟਾਕ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ ਕਿਉਂਕਿ ਵਸਤਾਂ ਦੇ ਅਨੁਕੂਲ ਵਾਤਾਵਰਨ ਕਾਰਨ ਭੰਡਾਰ ਕੀਤੀਆਂ ਵਸਤਾਂ ਦੀ ਗੁਣਵੱਤਾ ਬਣੀ ਰਹਿੰਦੀ ਹੈ, ਪਰ ਕੁਝ ਸਟੋਰ ਮਾਲਕਾਂ ਨੇ ਦੱਸਿਆ ਕਿ ਪੰਜਾਬ ਦੀ ਕੋਲਡ ਸਟੋਰ ਸਨਅਤ ਮੁੱਖ ਤੌਰ 'ਤੇ ਆਲੂ 'ਤੇ ਹੀ ਨਿਰਭਰ ਕਰਦੀ ਹੈ।

ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ 117.06 ਹਜ਼ਾਰ ਹੈਕਟੇਅਰ ਤੋਂ ਵੱਧ ਰਕਬੇ ਵਿਚ ਆਲੂ ਦੀ ਫ਼ਸਲ ਉਗਾਈ ਜਾਂਦੀ ਹੈ ਜਿਸ ਦੀ ਸਾਲਾਨਾ ਪੈਦਾਵਾਰ 2023-24 ਦੌਰਾਨ 32.38 ਲੱਖ ਟਨ ਹੋਈ ਹੈ। ਅਮਲੋਹ ਬਲਾਕ ਦੇ ਪਿੰਡ ਭਾਂਬਰੀ ਦੇ ਇਕ ਕਿਸਾਨ ਕਰਮ ਸਿੰਘ ਗਿੱਲ ਜੋ ਪਿਛਲੇ ਲੰਬੇ ਸਮੇਂ ਤੋਂ ਆਲੂ ਦੀ ਖੇਤੀ ਅਤੇ ਕੋਲਡ ਸਟੋਰ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ, ਨੇ ਦੱਸਿਆ ਕਿ ਹੁਣ ਰਾਸ਼ਟਰੀ ਤੇ ਅੰਤਰਰਾਸ਼ਟਰੀ ਮੰਡੀ ਵਿਚ ਸਿਰਫ਼ ਪੰਜਾਬ ਦੇ ਆਲੂ ਦੇ ਬੀਜ ਦੀ ਹੀ ਧਾਕ ਨਹੀਂ ਸਗੋਂ ਪ੍ਰੋਸੈਸਿੰਗ ਇੰਡਸਟਰੀ ਲਈ ਸ਼ੱਕਰ ਮੁਕਤ ਆਲੂ ਦੀ ਪੈਦਾਵਾਰ ਵਿਚ ਵੀ ਪੰਜਾਬ ਇਕ ਮੋਹਰੀ ਸਟੇਟ ਵਜੋਂ ਉੱਭਰਿਆ ਹੈ, ਜਿਸ ਕਾਰਨ ਪੰਜਾਬ ਵਿਚ ਕੋਲਡ ਸਟੋਰ ਸਨਅਤ ਦਾ ਦਾਇਰਾ ਵਧਣ ਲਈ ਆਲੂ ਦੀ ਇਸ ਪ੍ਰੋਸੈਸਿੰਗ ਵਾਲੀ ਕਿਸਮ ਦਾ ਵੱਡਾ ਯੋਗਦਾਨ ਹੈ।


# ਮੈਂ ਤੰਦਰੁਸਤ ਕਿਵੇਂ ਹੋਇਆ ? ਪੁਸਤਕ : ਸਿਹਤਮੰਦ ਰਹਿਣ ਲਈ ਗੁਣਾਂ ਦੀ ਗੁੱਥਲੀ

**ਉਜਾਗਰ ਸਿੰਘ**



ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਪੰਜਾਬੀ ਦਾ ਜਾਣਿਆਂ ਪਛਾਣਿਆਂ ਕਾਲਮ ਨਵੀਸ ਹੈ। ਉਸਦੇ ਦੇਸ ਅਤੇ ਵਿਦੇਸ ਦੇ ਅਖ਼ਬਾਰਾਂ ਵਿੱਚ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਵੱਖੋ-ਵੱਖ ਵਿਸ਼ਿਆਂ 'ਤੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਸ਼ਿੰਗਾਰਾ ਸਿੰਘ ਢਿੱਲੋਂ ਦੀ 'ਮੈਂ ਤੰਦਰੁਸਤ ਕਿਵੇਂ ਹੋਇਆ? 'ਸਿਹਤਮੰਦ ਰਹਿਣ ਲਈ ਗੁਰ ਦੱਸਣ ਵਾਲੀ ਮਹੱਤਵਪੂਰਨ ਪੁਸਤਕ ਹੈ। ਸ਼ਖ਼ਸ਼ੀਅਤ ਬਨਾਉਣ ਲਈ ਨਿਯਮਤ ਢੰਗ ਤਰੀਕੇ ਆਪਨਾਉਣੇ ਪੈਂਦੇ ਹਨ। ਇੱਕ ਕਿਸਮ ਨਾਲ ਇਹ ਪੁਸਤਕ ਤੰਦਰੁਸਤ ਜੀਵਨ ਜਿਓਣ ਲਈ ਜੀਵਨ ਸ਼ੈਲੀ ਦੇ ਢੰਗ ਦੱਸਦੀ ਹੈ। ਚੰਗੀ ਸ਼ਖ਼ਸ਼ੀਅਤ ਬਣਾਉਣ ਲਈ ਚੰਗੀ ਸੋਚ ਤੇ ਤੰਦਰੁਸਤੀ ਜ਼ਰੂਰੀ ਹੈ। ਚੰਗੀ ਇਹ ਪੁਸਤਕ ਸ਼ਿੰਗਾਰਾ ਸਿੰਘ ਢਿੱਲੋਂ ਨੇ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ 'ਤੇ ਅਧਾਰਤ ਲਿਖੀ ਹੈ ਕਿਉਂਕਿ ਉਸਨੂੰ ਕਈ ਗੰਭੀਰ ਕਿਸਮ ਦੀਆਂ ਬਿਮਾਰੀਆਂ ਨੇ ਆ ਘੇਰਿਆ ਸੀ। ਉਨ੍ਹਾਂ ਬਿਮਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜਿਹੜੇ ਗੁਰ ਤੰਦਰੁਸਤ ਹੋਣ ਲਈ ਉਸਨੇ ਵਰਤੇ, ਉਨ੍ਹਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਹੈ। ਤੰਦਰੁਸਤੀ ਦਾ ਸਰੀਰ ਅਤੇ ਮਨ ਦੋਹਾਂ ਨਾਲ ਸੰਬੰਧ ਹੁੰਦਾ ਹੈ। ਗੁਰਬਾਣੀ ਵਿੱਚ ਲਿਖਿਆ ਹੈ ਕਿ 'ਹੱਸਣ ਖੇਡਣ ਮਨ ਕਾ ਚਾਉ'। ਸਰੀਰ ਦੀ ਮਾਲਸ਼ ਨਾਲ ਵੀ ਬਹੁਤ ਸਾਰੇ ਰੋਗਾਂ ਤੋਂ ਮੁਕਤੀ ਮਿਲਦੀ ਹੈ। ਤੰਦਰੁਸਤੀ ਲਈ ਖ਼ੁਸ਼ ਰਹਿਣਾ ਤੇ ਹੱਸਣਾ ਰੂਹ ਦੀ ਖ਼ੁਰਾਕ ਹੁੰਦਾ ਹੈ। ਤਣਾਓ, ਪ੍ਰੇਸ਼ਾਨੀ ਤੇ ਨਖਿਧ ਸੋਚਾਂ ਬਿਮਾਰੀ ਦਾ ਕਾਰਨ ਬਣਦੇ ਹਨ। ਲੇਖਕ ਨੇ ਬਿਮਾਰੀਆਂ ਆਪਣੀ ਜੀਵਨ ਸ਼ੈਲੀ ਨਾਲ ਆਪ ਸਹੇੜੀਆਂ ਸਨ।

ਲੇਖਕ ਨੂੰ ਡਾਕਟਰਾਂ ਨੇ ਕਿਹਾ ਕਿ ਉਹ ਸਿਰਫ 6 ਮਹੀਨੇ ਜੀਵੇਗਾ ਪ੍ਰੰਤੂ ਡਾਕਟਰਾਂ ਦੀ ਸਲਾਹ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀ ਖਾਣ-ਪੀਣ, ਅੱਧ-ਪੱਕੀਆਂ ਸਬਜ਼ੀਆਂ ਖਾਣ, ਸੈਰ, ਹਲਕੀ ਕਸਰਤ ਕਰਨ ਨਾਲ ਉਹ ਜ਼ਿੰਦਾ ਹੈ। ਇੱਕ-ਇੱਕ ਕਰਕੇ ਸਾਰੀਆਂ ਦਵਾਈਆਂ ਤੋਂ ਨਿਜਾਤ ਮਿਲ ਗਈ। ਕਈ ਗੱਲਾਂ ਦਾ ਡਾਕਟਰ ਓਹਲਾ ਰੱਖਦੇ ਹਨ। ਲੇਖਕ ਨੇ ਵਿਸਤਾਰ ਨਾਲ ਇਹ ਵੀ ਦੱਸਿਆ ਹੈ ਕਿ ਸਾਡੇ ਸਰੀਰ ਦੇ ਸਾਰੇ ਅੰਗਾਂ ਦੇ ਕੀ ਕੰਮ ਹਨ? ਤੇ ਉਹ ਕਿਵੇਂ ਆਪਣੇ ਕੰਮ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਨ। ਇਸ ਪੁਸਤਕ ਵਿੱਚ ਉਨ੍ਹਾਂ ਦੇ ਛੋਟੇ-ਛੋਟੇ 72 ਲੇਖ ਹਨ, ਜਿਨ੍ਹਾਂ ਵਿੱਚ ਸਾਰੀ ਜਾਣਕਾਰੀ ਬਾਕਮਾਲ ਢੰਗ ਨਾਲ ਦਿੱਤੀ ਗਈ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਨ ਲਈ ਦਿਲਚਸਪੀ ਬਣੀ ਰਹਿੰਦੀ ਹੈ, ਇਕ ਲੇਖ ਤੋਂ ਬਾਅਦ ਅਗਲਾ ਲੇਖ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਇਹ ਪੁਸਤਕ ਤੰਦਰੁਸਤ ਰਹਿਣ ਲਈ ਇੱਕ ਕਿਸਮ ਨਾਲ ਸੁੰਡ ਦੀ ਗੱਠੀ ਹੈ। ਇਸਨੂੰ ਗੁਣਾਂ ਦੀ ਗੁਥਲੀ ਵੀ ਕਿਹਾ ਜਾ ਸਕਦਾ ਹੈ। ਤੰਦਰੁਸਤੀ ਮਨੁੱਖ ਦੇ ਆਪਣੇ ਹੱਥਾਂ ਵਿੱਚ ਹੁੰਦੀ ਹੈ। ਪੁਸਤਕ ਦਾ ਪਹਿਲਾ ਲੇਖ ਵਿਲੱਖਣ ਢੰਗ ਨਾਲ ਢਿੱਲੋਂ ਦੇ ਸਰੀਰ ਵੱਲੋਂ ਉਸਨੂੰ ਸੰਬੋਧਨ ਕੀਤਾ ਹੋਇਆ ਹੈ ਕਿ 'ਤੂੰ ਮੇਰੀ ਵਰਤੋਂ ਤਾਂ ਹਰ ਕੰਮ ਲਈ ਕਰ ਰਿਹਾ ਹੈਂ ਪ੍ਰੰਤੂ ਮੇਰੀ ਵੇਖ ਭਾਲ ਨਹੀਂ ਕਰਦਾ। ਜੇ ਇਸ ਤਰ੍ਹਾਂ ਕਰਦਾ ਰਿਹਾ ਤਾਂ ਮੈਂ ਤੁਹਾਨੂੰ ਇੱਕ-ਨਾ-ਇੱਕ ਦਿਨ ਜਵਾਬ ਦੇ ਜਾਵਾਂਗਾ'। ਉਦਾਹਰਨਾ ਦੇ ਕੇ ਸਵਾਲ ਜਵਾਬ ਕੀਤੇ ਗਏ ਹਨ। ਜੀਵਨ ਇੱਕ ਅਨਮੋਲ ਗਹਿਣਾ ਹੈ। ਲੇਖਕ ਨੇ ਇਹ ਸਬੂਤਾਂ ਸਮੇਤ ਦੱਸਿਆ ਹੈ ਕਿ ਬਿਮਾਰੀ ਇਨਸਾਨ ਦੀ ਆਪਣੀ ਗ਼ਲਤੀ ਦਾ ਨਤੀਜਾ ਹੁੰਦੀ ਹੈ, ਜੇਕਰ ਮਨੁੱਖ ਇਤਿਹਾਤ ਵਰਤਦਾ ਰਹੇ ਤਾਂ ਕੋਈ ਬਿਮਾਰੀ ਲੱਗ ਹੀ ਨਹੀਂ ਸਕਦੀ।




ਇਨਸਾਨ ਦੇ ਸਰੀਰ ਦੇ ਕਈ ਅੰਗ ਹਨ, ਉਨ੍ਹਾਂ ਦੇ ਵੱਖੋ-ਵੱਖਰੇ ਕੰਮ ਹਨ। ਜੇਕਰ ਮਨੁੱਖ ਇਨ੍ਹਾਂ ਦਾ ਧਿਆਨ ਨਾ ਰੱਖੇ ਤਾਂ ਇਨ੍ਹਾਂ ਸਾਰੇ ਅੰਗਾਂ ਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ। ਬਿਮਾਰੀਆਂ ਨਾਲ ਨਿਪਟਣ ਦੇ ਢੰਗ ਤਰੀਕੇ ਵੀ ਦੱਸੇ ਗਏ ਹਨ। ਉਨ੍ਹਾਂ ਅੰਗਾਂ ਦੀ ਜੇਕਰ ਅਸੀਂ ਵੇਖ ਭਾਲ ਕਰਦੇ ਰਹਾਂਗੇ ਤਾਂ ਉਹ ਸਹੀ ਢੰਗ ਨਾਲ ਕੰਮ ਕਰਦੇ ਰਹਿਣਗੇ। ਬਿਮਾਰੀ ਉਦੋਂ ਹੀ ਲੱਗਦੀ ਹੈ, ਜਦੋਂ ਕੋਈ ਅੰਗ ਆਪਣਾ ਕੰਮ ਕਰਨੋ ਜਵਾਬ ਦੇ ਦਿੰਦਾ ਹੈ। ਜਵਾਬ ਵੀ ਉਹ ਰਾਤੋ-ਰਾਤ ਨਹੀਂ ਦਿੰਦਾ। ਕਾਫੀ ਸਮਾਂ ਪਹਿਲਾਂ ਹੀ ਉਹ ਲੱਛਣਾ ਰਾਹੀਂ ਚੇਤਾਵਨੀ ਦਿੰਦਾ ਹੈ, ਮਨੁੱਖ ਅਣਗੌਲਿਆਂ ਕੰਮ ਕਰਦਾ ਰਹਿੰਦਾ ਹੈ। ਦਵਾਈਆਂ ਬਿਮਾਰੀਆਂ ਦਾ ਇਲਾਜ ਨਹੀਂ ਸਿਰਫ ਬਿਮਾਰੀ ਨੂੰ ਆਰਜ਼ੀ ਕੰਟਰੋਲ ਕਰਦੀਆਂ ਹਨ।

ਹਰ ਦਵਾਈ ਡਾਕਟਰ ਦੀ ਸਲਾਹ ਨਾਲ ਲੈਣੀ ਚਾਹੀਦੀ ਹੈ ਤੇ ਆਪਣੀ ਮਰਜ਼ੀ ਨਾਲ ਬੰਦ ਨਹੀਂ ਕਰਨੀ ਚਾਹੀਦੀ। ਇਲਾਜ਼ ਤਾਂ ਸਰੀਰ ਦੇ ਅੰਦਰੋਂ ਹੀ ਆਪਣੇ ਆਪ ਹੁੰਦਾ ਰਹਿੰਦਾ ਹੈ, ਬਸ਼ਰਤੇ ਕਿ ਮਨੁੱਖ ਸਰੀਰ ਦੀ ਵੇਖ ਭਾਲ ਕਰਦਾ ਰਹੇ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇ, ਕਿਉਂਕਿ ਸਰੀਰ ਤੇ ਮਨ ਦਾ ਗੂੜ੍ਹਾਂ ਸੰਬੰਧ ਹੁੰਦਾ ਹੈ। ਸਰੀਰ ਤੋਂ ਮਸ਼ੀਨ ਦੀ ਤਰ੍ਹਾਂ ਕੰਮ ਨਾ ਲਓ। ਜਿਵੇਂ ਮਨੁੱਖ ਆਪਣੇ ਵਾਹਨ ਦੀ ਸਰਵਿਸ ਕਰਵਾਉਂਦਾ ਹੈ ਤਾਂ ਜੋ ਉਹ ਖ਼ਰਾਬ ਨਾ ਹੋ ਜਾਵੇ। ਬਿਲਕੁਲ ਇਸੇ ਤਰ੍ਹਾਂ ਮਨੁੱਖ ਨੂੰ ਆਪਣੇ ਸਰੀਰ ਦੀ ਵੇਖ ਭਾਲ ਭਾਵ ਸਰਵਿਸ ਕਰਦੇ ਰਹਿਣਾ ਚਾਹੀਦਾ ਹੈ। ਕੁਦਰਤ ਦਾ ਮਕੈਨਿਯਮ ਸਰੀਰ ਵਿੱਚ ਫਿਟ ਹੈ। ਲੋੜ ਤੋਂ ਵੱਧ ਕੋਈ ਚੀਜ਼ ਨਾ ਖਾਉ, ਉਤਨੀ ਚੀਜ਼ ਖਾਧੀ ਜਾਵੇ ਜਿਤਨੀ ਸਰੀਰ ਨੂੰ ਉਸਦੀ ਲੋੜ ਹੈ, ਜਦੋਂ ਮਨੁੱਖ ਸਵਾਦ ਲਈ ਵਧੇਰੇ ਖਾ ਲੈਂਦਾ ਹੈ ਤਾਂ ਬਿਮਾਰੀ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਉਦਾਹਰਣ ਲਈ ਮਨੁੱਖ ਦੇ ਸਰੀਰ ਨੂੰ ਹਰ ਰੋਜ਼ 10 ਗ੍ਰਾਮ ਸ਼ੂਗਰ ਤੇ 5 ਗ੍ਰਾਮ ਲੂਣ ਦੀ ਲੋੜ ਹੁੰਦੀ ਹੈ। ਜਿਹੜੀ ਵੀ ਚੀਜ਼ ਮਨੁੱਖ ਖਾਂਦਾ ਹੈ ਹਰ ਚੀਜ਼ ਵਿੱਚ ਸ਼ੂਗਰ ਹੁੰਦੀ ਹੈ। ਅਸੀਂ ਆਈਸ ਕਰੀਮ, ਜਲੇਬੀਆਂ ਅਤੇ ਹੋਰ ਮਿੱਠੀਆਂ ਚੀਜ਼ਾਂ 'ਤੇ ਜ਼ੋਰ ਦਈ ਜਾਂਦੇ ਹਾਂ, ਜੋ ਨੁਕਸਾਨ ਕਰਦੀ ਹੈ, ਸਵਾਦ ਜ਼ਿੰਦਗੀ ਦਾ ਬੇੜਾ ਗਰਕ ਕਰਦਾ ਹੈ। ਮਨੁਖ ਦੇ ਸਰੀਰ ਵਿੱਚ 80 ਫ਼ੀ ਸਦੀ ਪਾਣੀ ਹੈ, ਪਾਣੀ ਦੀ ਘਾਟ ਨੁਕਸਾਨ ਕਰਦੀ ਹੈ, ਪਾਣੀ ਦੀ ਘਾਟ ਕਰਕੇ ਮੌਤ ਹੋ ਜਾਂਦੀ ਹੈ ਪ੍ਰੰਤੂ ਮਨੁੱਖ ਅਲਸੂ-ਪਲਸੂ ਖਾਈ ਜਾਂਦਾ ਹੈ। ਐਲੋਪੈਥਿਕ ਦਵਾਈ ਦੇ ਸਾਈਡ ਅਫ਼ੈਕਟ ਹੁੰਦੇ ਹਨ।

40 ਸਾਲ ਦੀ ਉਮਰ ਤੋਂ ਬਾਅਦ ਸਰੀਰ ਦਾ ਧਿਆਨ ਰੱਖਣਾ ਅਤਿਅੰਤ ਜ਼ਰੂਰੀ ਹੈ, ਕਿਉਂਕਿ ਅਮਿਊਨ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਸੰਤੁਲਤ ਖ਼ੁਰਾਕ ਬਿਮਾਰੀਆਂ ਤੋਂ ਦੂਰ ਰੱਖੇਗੀ। ਵਿਟਾਮਿਨ ਸਰੀਰ ਲਈ ਜ਼ਰੂਰੀ ਹਨ, ਵਿਟਾਮਿਨ ਕੁਦਰਤ ਵਿੱਚੋਂ ਮਿਲਦੇ ਹਨ, ਜੇ ਘਾਟ ਰਹੇ ਤਾਂ ਬਜ਼ਾਰੋਂ ਲੈ ਕੇ ਖਾ ਲਓ ਪ੍ਰੰਤੂ ਟੈਸਟ ਕਰਵਾਉਂਦੇ ਰਹੋ ਤਾਂ ਜੋ ਤੁਹਾਨੂੰ ਹਰ ਘਾਟ ਦਾ ਪਤਾ ਲੱਗ ਸਕੇ।

ਲੇਖਕ ਨੇ ਵਿਟਾਮਿਨ ਕਿਹੜੀ ਵਸਤਾਂ ਵਿੱਚੋਂ ਮਿਲਦੇ ਹਨ ਦੀ ਜਾਣਕਾਰੀ ਵੀ ਦਿੱਤੀ ਹੈ। ਸਲਾਹਾਂ ਦੇਣ ਵਾਲੇ ਬਜ਼ੁਰਗ ਛੋਟੇ ਪਰਿਵਾਰਾਂ ਕਰਕੇ ਰਹੇ ਨਹੀਂ, ਨੌਜਵਾਨ ਬੇਪ੍ਰਵਾਹ ਹੋ ਗਏ। ਇਹ ਗੱਲਾਂ ਲੇਖਕ ਨੂੰ ਬਿਮਾਰੀਆਂ ਨੇ ਹੀ ਸਮਝਾਈਆਂ ਹਨ। ਮਨੁੱਖ ਬਿਮਾਰੀ ਲੱਗਣ ਤੋਂ ਬਾਅਦ ਹੀ ਅਹਿਸਾਸ ਕਰਦਾ ਹੈ। ਮੋਟਾਪਾ ਮੁੱਖ ਤੌਰ 'ਤੇ ਦਿਲ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀਆਂ ਬਿਮਾਰੀਆਂ ਸਹੇੜਦਾ ਹੈ। ਹਰ ਵਸਤੂ ਦੀ ਵਰਤੋਂ ਨਿਸ਼ਚਤ ਮਾਤਰਾ ਵਿੱਚ ਕਰਨੀ ਲਾਭਦਾਇਕ ਰਹਿੰਦੀ ਹੈ, ਬਹੁਤਾਤ ਨੁਕਸਾਨ ਕਰਦੀ ਹੈ। ਦੰਦਾਂ ਦੀ ਸਫ਼ਾਈ ਜ਼ਰੂਰੀ ਹੈ ਪ੍ਰੰਤੂ ਕੰਨਾਂ ਦੀ ਸਫ਼ਾਈ ਖੁਦ ਨਹੀਂ ਕਰਨੀ ਚਾਹੀਦੀ ਕਿਉਂਕਿ ਕੰਨਾਂ ਵਿੱਚੋਂ ਵੈਕਸ ਆਪਣੇ ਆਪ ਬਾਹਰ ਨਿਕਲ ਜਾਂਦੀ ਹੈ। ਕੰਨਾ ਵਿੱਚ ਪਾਣੀ ਨਹੀਂ ਪੈਣ ਦੇਣਾ ਚਾਹੀਦਾ ਅਤੇ ਨਾ ਹੀ ਕੋਈ ਤੇਲ ਆਦਿ ਪਾਉਣਾ ਚਾਹੀਦਾ ਹੈ। ਨਸ਼ੇ ਅਤੇ ਮਾੜੀਆਂ ਆਦਤਾਂ ਮਨੁੱਖ ਦੀ ਬਰਬਾਦੀ ਦਾ ਕਾਰਨ ਬਣਦੇ ਹਨ। ਸ਼ੋਸ਼ਲ ਮੀਡੀਆ ਵੀ ਇੱਕ ਬਿਮਾਰੀ ਬਣ ਗਿਆ ਹੈ, ਇਸ ਤੋਂ ਬਚਣ ਲਈ ਸੰਜਮ ਨਾਲ ਵਰਤੋਂ ਕੀਤੀ ਜਾਵੇ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ, ਇਨ੍ਹਾਂ ਨੂੰ ਸੁਧਾਰਕੇ ਤੰਦਰੁਸਤ ਬਣ ਸਕਦਾ ਹੈ। ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਦੁੱਖਾਂ ਤੋਂ ਘਬਰਾਕੇ ਕੋਈ ਰੋਗ ਲਗਵਾਉਣ ਤੋਂ ਬਚਣਾ ਚਾਹੀਦਾ ਹੈ। ਦੁੱਖ-ਸੁੱਖ ਹਮੇਸ਼ਾ ਨਹੀਂ ਰਹਿੰਦੇ। ਉਨੀਂਦਰਾ ਕਿਸੇ ਸਮੱਸਿਆ ਦੇ ਹੱਲ ਨਾ ਹੋਣ ਕਰਕੇ ਬਹੁਤਾ ਸੋਚਣ ਨਾਲ ਹੋ ਜਾਂਦਾ ਹੈ। ਇਸ ਲਈ ਬਹੁਤਾ ਸੋਚਣਾ ਨਹੀਂ ਚਾਹੀਦਾ। ਮਨੁੱਖ ਪਦਾਰਥਵਾਦੀ ਹੋ ਗਿਆ, ਪਦਾਰਥਕ ਚੀਜ਼ਾਂ ਦੀਆਂ ਇਛਾਵਾਂ ਵਧਾ ਲੈਂਦਾ ਹੈ, ਉਨ੍ਹਾਂ ਦੇ ਨਾ ਪੂਰਾ ਹੋਣ ਨਾਲ ਕਈ ਰੋਗ ਲੱਗ ਜਾਂਦੇ ਹਨ। ਰੋਗੀ ਨੂੰ ਬਹੁਤ ਲੋਕ ਸਲਾਹਾਂ ਦਿੰਦੇ ਹਨ, ਹਰ ਸਲਾਹ ਮੰਨਣਯੋਗ ਨਹੀਂ ਹੁੰਦੀ, ਸੋਚ ਸਮਝਕੇ ਫ਼ੈਸਲਾ ਕਰਨਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਅੰਤਰਝਾਤ ਮਾਰਕੇ ਸਵੈ-ਮੁਲਾਂਕਣ ਕਰਨਾ ਚਾਹੀਦਾ ਹੈ।

ਬਾਕੀ ਬਿਮਾਰੀਆਂ ਦੀ ਤਰ੍ਹਾਂ ਲਿਵਰ ਦੀ ਬਿਮਾਰੀ ਵੀ ਬਹੁਤ ਖ਼ਤਰਨਾਕ ਹੁੰਦੀ ਹੈ। ਇਸ ਲਈ ਜੰਕ ਫੂਡ ਅਤੇ ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲਾ ਖਾਣਾ ਬਿਲਕੁਲ ਨਹੀਂ ਖਾਣਾ ਚਾਹੀਦਾ। 65 ਨੰਬਰ ਲੇਖ ਵਿੱਚ ਸੰਸਾਰ ਦੇ ਵਿਦਵਾਨਾ ਦੀ ਤੰਦਰੁਸਤ ਸਿਹਤ ਲਈ ਦਿੱਤੇ ਸੁਝਆ ਦੱਸੇ ਗਏ ਹਨ।

67 ਨੰਬਰ ਲੇਖ ਵਿੱਚ ਸਰੀਰ ਦੇ ਵੱਖ-ਵੱਖ ਅੰਗਾਂ ਦੇ ਮਾਪ ਦੰਡ ਲਿਖੇ ਹਨ, ਜਿਨ੍ਹਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਹਰ ਲੇਖ ਦੇ ਅਖ਼ੀਰ ਵਿੱਚ ਇੱਕ ਡੱਬੀ ਵਿੱਚ ਸਿਹਤਮੰਦ ਰਹਿਣ ਲਈ ਨੁਕਤੇ ਦੱਸੇ ਗਏ ਹਨ, ਉਨ੍ਹਾਂ 'ਤੇ ਅਮਲ ਕਰਨ ਨਾਲ ਸਰੀਰ ਤੰਦਰੁਸਤ ਰਹਿ ਸਕਦਾ ਹੈ।

ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਸਾਰਥਿਕ ਜੀਵਨ ਸ਼ੈਲੀ ਮਨੁੱਖ ਨੂੰ ਤੰਦਰੁਸਤ ਬਣਾ ਸਕਦੀ ਹੈ। ਪੁਸਤਕ ਵਿੱਚ ਦੁਹਰਾਓ ਬਹੁਤ ਹੈ, ਸ਼ਾਇਦ ਇਸ ਕਰਕੇ ਕਿ ਸਾਰੀਆਂ ਬਿਮਾਰੀਆਂ ਕਿਸੇ ਨਾ ਕਿਸੇ ਗੱਲ ਕਰਕੇ ਇੱਕ ਦੂਜੀ ਨਾਲ ਜੁੜੀਆਂ ਹੋਈਆਂ ਹਨ। ਇਹ ਵੀ ਹੋ ਸਕਦਾ ਹੈ ਕਿ ਲੇਖਕ ਪਾਠਕਾਂ ਨੂੰ ਸੁਚੇਤ ਕਰਨ ਲਈ ਵਾਰ-ਵਾਰ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਦਾ ਹੋਵੇ ਜੋ ਮਨੁੱਖਤਾ ਲਈ ਵਧੇਰੇ ਨੁਕਸਾਨਦਾਇਕ ਸਾਬਤ ਹੋ ਸਕਦੀਆਂ ਹਨ।

271 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਸਾਹਿਬਦੀਪ ਪਬਲੀਕੇਸ਼ਨ, ਡਾਕਖਾਨਾ:ਭੀਖੀ, ਜ਼ਿਲ੍ਹਾ ਮਾਨਸਾ ਨੇ ਪ੍ਰਕਾਸ਼ਤ ਕੀਤੀ ਹੈ। ਸੰਪਰਕ: ਪਬਲਿਸ਼ਰ : 09988913155

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

## ਗੁਰਗੱਦੀ ਦਿਵਸ ’ਤੇ ਵਿਸ਼ੇਸ਼

# ਭਲੇ ਅਮਰਦਾਸ ਗੁਣ ਤੇਰੇ...

ਰਮੇਸ਼ ਬੱਗਾ ਚੋਹਲਾ
ਮੋਬ:9463132719



ਗੁਰੂ ਨਾਨਕ ਪਾਤਸ਼ਾਹ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਸਰੀਰਕ ਤੌਰ ਤੇ ਬੇਸ਼ੱਕ ਉਮਰ ਦੇ ਉਸ ਪੜਾਅ ’ਤੇ ਵਿਚਰ ਰਹੇ ਸਨ ਜਿੱਥੇ ਪਹੁੰਚ ਕੇ ਆਮ ਮਨੁੱਖ ਜਿਸਮਾਨੀ ਤੌਰ ’ਤੇ ਕੁੱਝ ਥਕਾਵਟ ਅਤੇ ਰੁਕਾਵਟ ਜਿਹੀ ਮਹਿਸੂਸ ਕਰਨ ਲੱਗ ਪੈਂਦਾ ਹੈ, ਪਰ ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਸੇਵਾ ਤੇ ਸਿਮਰਨ ਸਦਕਾ ਜੀਵਨ ਵਿੱਚ ਪੈ ਚੁੱਕੀ ਸ਼ਾਮ ਨੂੰ ਇੱਕ ਸਿਖਰ ਦੁਪਹਿਰ ਵਿੱਚ ਢਾਲ ਲਿਆ। ਉਨ੍ਹਾਂ ਦੁਆਰਾ ਅਧਿਆਤਮਕ ਅਤੇ ਸਮਾਜਿਕ ਖੇਤਰ ਵਿੱਚ ਜੋ ਦੇਣ ਮਨੁੱਖੀ ਕਲਿਆਣ ਹਿੱਤ ਦਿੱਤੀ ਗਈ, ਉਹ ਵੱਡਮੁੱਲੀ ਹੋਣ ਦੇ ਨਾਲ-ਨਾਲ ਲਸਾਨੀ ਕਿਸਮ ਦੀ ਵੀ ਹੈ। ਉਮਰ ਦੀ ਅਗਲੇਰੀ ਅਤੇ ਵਡੇਰੀ ਅਵਸਥਾ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗ ਲੱਗ ਕੇ ਨਾ ਸਿਰਫ ਆਪਣੀ ਸੇਵਾ ਨੂੰ ਹੀ ਘਾਲ ਪਾਇਆ, ਸਗੋਂ ਦੋ ਦਹਾਕਿਆਂ ਤੋਂ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਵੀ ਲਗਾਇਆ। ਗੁਰੂ ਅਮਰਦਾਸ ਦੁਆਰਾ ਸਿੱਖ ਫਿਲਾਸਫੀ ਨੂੰ ਦੂਰ-ਦੁਰਾਡੇ ਪਹੁੰਚਾਉਣ ਲਈ ਕੁੱਝ ਨਿਵੇਕਲੇ ਢੰਗ ਤਰੀਕਿਆਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਇਹ ਢੰਗ ਤਰੀਕੇ ਨਾ ਸਿਰਫ ਸਮੇਂ ਦੀ ਲੋੜ ਮੁਤਾਬਕ ਹੀ ਖਰੇ ਉਤਰੇ, ਸਗੋਂ ਪੂਰਨ ਰੂਪ ਵਿੱਚ ਕਾਮਯਾਬ ਵੀ ਹੋਏ। ਇਸ ਕਾਮਯਾਬੀ ਕਾਰਨ ਹੀ ਭੱਟ ਭੱਲ ਜੀ ਆਪਣੀਆਂ ਪਾਵਨ ਪੰਕਤੀਆਂ ਵਿੱਚ ਫੁਰਮਾਉਂਦੇ ਹਨ-

ਘਨਹਰ ਬੂੰਦ, ਬਸੁਅ ਰੋਮਾਵਲਿ,
ਕੁਸਮ ਬਸੰਤ ਗਨੰਤ ਨਾ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ,
ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ, ਗਿਆਨ ਸਤਿਗੁਰੂ ਕੇ,
ਕਬਿ ਜਨ ਭਲ ਉਨਹੁ ਜੋਗਾਵੈ॥
ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥


ਗੁਰੂ ਅਮਰਦਾਸ ਜੀ ਦਾ ਜਨਮ ਮਈ ਮਹੀਨੇ ਦੇ ਪੰਜਵੇਂ ਦਿਨ 1479 ਈ. ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਹੋਇਆ। ਪਿਤਾ ਤੇਜ ਭਾਨ ਜੀ ਦਾ ਜਨਮ ਸਧਾਰਣ ਪਰ ਆਚਰਣ ਬਹੁਤ ਉੱਚਾ ਤੇ ਸੁੱਚਾ ਸੀ। ਮਾਤਾ ਸੁਲੱਖਣੀ ਜੀ ਵੀ ਬਹੁਤ ਹੀ ਸਹਿਣਸ਼ੀਲ ਅਤੇ ਧਾਰਮਿਕ ਸੁਭਾਅ ਦੀ ਖਵਾਤੀਨ ਸੀ।

ਪਰਿਵਾਰਕ ਪੱਖ ਤੋਂ ਗੁਰੂ ਅਮਰਦਾਸਰ ਜੀ ਚਾਰ ਭਰਾ ਸਨ, ਜਿਨ੍ਹਾਂ ਵਿੱਚ ਭਾਈ ਈਸ਼ਰਦਾਸ ਜੀ (ਪਿਤਾ ਭਾਈ ਗੁਰਦਾਸ ਜੀ) ਭਾਈ ਖੇਮ ਰਾਇ ਜੀ ਅਤੇ ਭਾਈ ਮਾਣਕ ਚੰਦ (ਕੁੜਮ ਸ੍ਰੀ ਗੁਰੂ ਅੰਗਦ ਦੇਵ ਜੀ) ਸਨ। ਇਹ ਚਾਰੇ ਭਾਈ ਬੜੇ ਹੀ ਭਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਂਝ ਭਾਈ ਤੇਜਭਾਨ ਜੀ ਦਾ ਸਾਰਾ ਘਰਾਣਾ ਬਹੁਤ ਹੀ ਸਤਿਕਾਰ ਅਤੇ ਪਿਆਰ ਵਾਲਾ ਸੀ। ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁੱਘੜ ਅਤੇ ਸਿਆਣੀ ਧੀ ਬੀਬੀ ਅਮਰੋ ਦਾ ਨਾਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਭਤੀਜੇ ਭਾਈ ਜੱਸੂ (ਸਪੁੱਤਰ ਮਾਣਕ ਚੰਦ) ਨਾਲ ਜੋੜਿਆ ਹੋਇਆ ਸੀ। ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਕੁੱਝ ਉਪਰਾਮ ਸੁਭਾਅ ਦੇ ਮਾਲਕ ਸਨ, ਪਰ ਮਾਤਾ ਪਿਤਾ ਦੁਆਰਾ ਗ੍ਰਹਿਸਥ ਧਰਮ ਦੀ ਮਹਿਮਾ ਦ੍ਰਿੜ ਕਰਵਾਉਣ ਸਦਕਾ ਆਪ ਜੀ ਦੀ ਸ਼ਾਦੀ ਸਿਆਲਕੋਟ ਜਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਜੀ ਦੀ ਲਾਡਲੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਈ। ਬੀਬੀ ਮਨਸ਼ਾ ਦੇਵੀ ਜੀ ਵੀ ਵੱਡੇ ਹੌਂਸਲੇ ਵਾਲੇ ਸਨ, ਜਿਨ੍ਹਾਂ ਨੇ ਆਪਣੇ ਪਤੀ ਦੀ ਭਗਤੀ ਅਤੇ ਸੇਵਾ ਭਾਵਨਾ ਵਿੱਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਪੈਣ ਦਿੱਤੀ। ਪਤੀ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬੜੀ ਤਨਦੇਹੀ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਇਆ।

ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਹੀ ਜਾਇਆ ਕਰਦੇ ਸਨ। ਗਰਮੀ ਦੇ ਮੌਸਮ ਵਿੱਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ ਵਿੱਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸ਼ੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ।

ਸੰਮਤ 1597 ਵਿਚ ਯਾਤਰਾ ਤੋਂ ਵਾਪਸ ਆਉਂਦੇ ਸਮੇਂ ਬਾਬਾ ਅਮਰਦਾਸ ਜੀ ਦਾ ਮਿਲਾਪ ਇੱਕ ਬ੍ਰਹਮਚਾਰੀ ਸਾਧੂ ਨਾਲ ਹੋ ਗਿਆ। ਇਸ ਮਿਲਾਪ ਦੌਰਾਨ ਗੱਲਬਾਤ ਕਰਦੇ ਸਮੇਂ ਦੋਵਾਂ ਵਿਚ ਗੂੜ੍ਹਾ ਪਿਆਰ ਪੈ ਗਿਆ।ਜਦੋਂ ਦੋਵੇਂ ਪਿੰਡ ਬਾਸਰਕੇ ਵਿਖੇ ਪਹੁੰਚੇ ਤਾਂ ਉਹ ਸਾਧੂ ਉਨ੍ਹਾਂ ਦੇ ਕੋਲ ਹੀ ਠਹਿਰ ਗਿਆ। ਪਹਿਲਾਂ ਤਾਂ ਉਹ ਸਾਧੂ ਆਪ ਪ੍ਰਸ਼ਾਦਾ ਤਿਆਰ ਕਰਦਾ ਅਤੇ ਛੱਕਦਾ ਸੀ ਪਰ ਬਾਅਦ ਵਿਚ ਉਹ ਬਾਬਾ ਅਮਰਦਾਸ ਜੀ ਦੇ ਘਰ ਦਾ ਪ੍ਰਸ਼ਾਦਾ ਵੀ ਖਾਣ ਲੱਗ ਪਿਆ। ਇੱਕ ਦਿਨ ਉਸ ਨੇ ਉਨ੍ਹਾਂ ਨੂੰ ਪੁੱਛ ਲਿਆ ਕਿ ਤੁਹਾਡਾ ਗੁਰੂ ਕੌਣ ਹੈ? ਜਵਾਬ ਵਿਚ ਬਾਬਾ ਅਮਰਦਾਸ ਜੀ ਨੇ ਕਿਹਾ ਕਿ ਮੈਂ ਤਾਂ ਅਜੇ ਤੱਕ ਕੋਈ ਗੁਰੂ ਧਾਰਿਆ ਹੀ ਨਹੀਂ।ਜਵਾਬ ਸੁਣਦਿਆਂ ਸਾਰ ਹੀ ਸਾਧੂ ਗੁੱਸੇ ਵਿਚ ਆ ਗਿਆ ਅਤੇ ਕਹਿਣ ਲੱਗਾ, “ਅਰੇ ਇਹ ਕੀ ਹੋ ਗਿਆ ਨਿਗੁਰੇ ਦਾ ਤਾਂ ਦਰਸ਼ਨ ਹੀ ਬੁਰਾ ਹੁੰਦਾ ਹੈ,ਮੈਂ ਤਾਂ ਮਹੀਨੇ ਤੋਂ ਵਧ ਨਿਗੁਰੇ ਦਾ ਸੰਗ ਕੀਤਾ ਹੈ।ਨਿਗੁਰੇ ਦਾ ਧਾਨ ਵਰਤਿਆ ਅਤੇ ਰਿੱਧਾ-ਪੱਕਾ ਖਾਂਦਾ ਪੀਂਦਾ ਰਿਹਾ ਹਾਂ ਮੰਦੇ ਭਾਗ ! ਮੇਰਾ ਤਾਂ ਜਨਮ ਹੀ ਗਿਆ।’ . ਬੋਲ-ਕਬੋਲ ਬੋਲਦਾ ਬ੍ਰਹਮਚਾਰੀ ਸਾਧੂ ਤਾਂ ਚਾਲੇ ਪਾ ਗਿਆ ਪਰ ਬਾਬਾ ਅਮਰਦਾਸ ਜੀ ਨੂੰ ਉਦਾਸੀ ਦਾ ਆਲਮ ਬਖ਼ਸ਼ ਗਿਆ। ਹੁਣ ਹਰ ਪਲ ਇਸ ਆਲਮ ਵਿਚ ਹੀ ਬਤੀਤ ਹੋਣ ਲੱਗਾ। ਦਿਲ ਵਿੱਚ ਸਾਈਂ ਦੇ ਮਿਲਾਪ ਦੀ ਤੜਪ ਜੋਰ ਪਾਉਣ ਲੱਗੀ । ਇਸ ਤੜਪ ਨੂੰ ਘਟਾਉਣ ਅਤੇ ਮੰਜ਼ਿਲ ਨੂੰ ਨੇੜੇ ਲਿਆਉਣ ਵਿੱਚ ਆਪ ਜੀ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਬੜਾ ਹੀ ਇਤਿਹਾਸਕ ਤੇ ਸਹਾਈ ਰੋਲ ਅਦਾ ਕੀਤਾ, ਕਿਉਂਕਿ ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ ’ਚੋਂ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਤੇ ਰਸੀਲੀ ਬਾਣੀ ਪੜ੍ਹਦੇ ਤਾਂ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇੱਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚੱਲੇ ਗਏ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਲੱਗਿਆ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਰੂਹ ਪਿਆਸੀ ਹੀ ਰਹਿ ਗਈ ਹੋਵੇ। ਜਦੋਂ ਉਨ੍ਹਾਂ ਦੀ ਪਿਆਸ ਵਧੀ ਤਾਂ ਉਨ੍ਹਾਂ ਨੇ ਇਸ ਦਾ ਜ਼ਿਕਰ ਆਪਣੀ ਭਾਬੀ ਭਾਗੋ ਜੀ ਨਾਲ ਕੀਤਾ। ਭਾਬੀ ਭਾਗੋ ਨੇ ਕਿਹਾ ਕਿ ਜੇਕਰ ਤੈਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਕਿਉਂ ਨਹੀਂ ਉਸ ਦੇ ਪਿਤਾ (ਗੁਰੂ ਅੰਗਦ ਦੇਵ ਜੀ) ਪਾਸ ਹੀ ਚੱਲਾ ਜਾਂਦਾ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿੱਚ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੋਲਕ ਵਚਨ “ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ” ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਗੁਰੂ ਅਮਰਦਾਸ ਜੀ ਦੀ ਵੀ ਸੀ। ਉਨ੍ਹਾਂ ਨੇ ਇਹ ਸ਼ਬਦ ਬੜੇ ਹੀ ਧਿਆਨ ਨਾਲ ਸੁਣਿਆ। ਸੁਣ ਕੇ ਇੰਜ ਲੱਗਾ ਜਿਵੇਂ ਚਾਤ੍ਰਿਕ ਨਾਮੀ ਸੁਆਂਤ ਬੂੰਦ ਮਿਲ ਗਈ ਹੋਵੇ। ਮਨ ਇਸ ਕਦਰ ਪਿਘਲ ਗਿਆ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ। ਕੁੜਮਾਚਾਰੀ ਦੇ ਸਤਿਕਾਰ ਵੱਜੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਗਲੇ ਲਗਾਉਣਾ ਚਾਹਿਆ ਪਰ ਗਲੇ ਮਿਲਣ ਦੀ ਬਜਾਏ ਆਪ ਜੀ ਨੇ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ ਅਤੇ ਕਿਹਾ ਕਿ ਮੈਨੂੰ ਆਪਣਾ ਦਾਸ ਹੀ ਸਮਝੋ ਅਤੇ ਨਾਲ ਹੀ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਪ੍ਰਾਪਤ ਹੋ ਗਿਆ ਹੈ, ਪਰ ਗੁਰੂ ਪਾਤਸ਼ਾਹ ਨੇ ਕਿਹਾ ਕਿ ਆਪਣੀ ਭਾਵਨਾ ਹੀ ਫਲਦੀ ਹੈ। ਆਪਣਾ ਮਨ ਹੀ ਦੇਵਤਾ ਹੈ। ਮਿਲਾਪ ਦੇ ਇਸ ਪੜਾਅ ਤੇ ਗੁਰੂ ਅਮਰਦਾਸ ਦੀ ਵਰੇਸ ਛੇਵੇਂ ਦਹਾਕੇ ਨੂੰ ਪਾਰ ਕਰ ਚੁੱਕੀ ਸੀ।

ਲੱਗਭੱਗ ਇੱਕ ਦਰਜਨ ਸਾਲ ਗੁਰੂ ਅਮਰਦਾਸ ਜੀ ਨੇ ਦੂਸਰੇ ਨਾਨਕ (ਗੁਰੂ ਅੰਗਦ ਦੇਵ ਜੀ) ਦੀ ਤਨ ਮਨ ਨਾਲ ਸੇਵਾ ਕੀਤੀ। ਸੇਵਾ ਕਰਦਿਆਂ ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਆਪ ਧੀਰਜ ਦੀ ਮੂਰਤੀ ਬਣ ਗਏ। ਨਿਤ ਦੀ ਕਾਰ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਪਾਤਸ਼ਾਹ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡਿਆਂ ਦੀ ਮਾਂਜਈ ਆਦਿ। ਇੱਕ ਦਿਨ ਗਾਗਰ ਵਿੱਚ ਜਲ ਭਰਦੇ ਸਮੇਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਇੱਕ ਵਿਚਾਰ ਆਇਆ ਕਿ ਮੈਂ ਬਿਨਾਂ ਇਸ਼ਨਾਨ ਹੀ ਗਾਗਰ ਭਰ ਕੇ ਲੈ ਜਾਂਦਾ ਰਿਹਾ ਹਾਂ। ਇਸ ਤਰ੍ਹਾਂ ਕਰਕੇ ਗੁਰੂ ਪਾਤਸ਼ਾਹ ਦੀ ਘੋਰ ਬੇਅਦਬੀ ਹੁੰਦੀ ਰਹੀ ਹੈ। ਪਸ਼ਚਾਤਾਪ ਦੇ ਸੇਕ ਨੂੰ ਘੱਟ ਕਰਨ ਲਈ ਉਨ੍ਹਾਂ ਨੇ ਕੁੱਝ ਸਮਾਂ ਇਸ਼ਨਾਨ ਕਰਕੇ ਗਾਗਰ ਕੈ ਲੇ ਜਾਣੀ ਆਰੰਭ ਕਰ ਦਿੱਤੀ। ਪਰ ਇਸ ਤਰ੍ਹਾਂ ਕਰਨ ਨਾਲ ਵੀ ਤਸੱਲੀ ਨਾ ਹੋ ਸਕੀ। ਸੋਚਿਆ ਮਨਾ ਇਸ ਤਰ੍ਹਾਂ ਕਰਕੇ ਵੀ ਆਪਣੇ ਗੁਰੂ ਤੋਂ ਪਹਿਲਾਂ ਹੀ ਇਸ਼ਨਾਨ ਕਰ ਲਵੇ। ਬਿਰਧ ਸ਼ਰੀਰ ਹੋਣ ਦੇ ਬਾਵਜੂਦ



ਦੋਚਿਤੀ ਵਿੱਚੋਂ ਨਿਕਲਣ ਦਾ ਇਹ ਫੈਸਲਾ ਕੀਤਾ ਗਿਆ ਕਿ ਗਾਗਰ ਸਿਰ ਤੇ ਧਰ ਕੇ ਹੀ ਦਰਿਆ ਵਿੱਚ ਪ੍ਰਵੇਸ਼ ਕੀਤਾ ਜਾਵੇ ਅਤੇ ਜਲ ਭਰਿਆ ਜਾਵੇ। ਇਸ ਤਰ੍ਹਾਂ ਨਾਲੇ ਇਸ਼ਨਾਨ ਹੋ ਜਾਵੇ ਅਤੇ ਨਾਲੇ ਗਾਗਰ ਭਰ ਲਈ ਜਾਵੇ। ਪਾਣੀ ਦੀ ਸੇਵਾ ਕਰਦਿਆਂ ਇੱਕ ਦਿਨ ਬੜੇ ਜ਼ੋਰ ਦੀ ਬਾਰਸ਼ ਹੋਣ ਲੱਗੀ।


ਬਾਰਸ਼ ਦੇ ਕੁੱਝ ਥੰਮਣ ਤੇ ਜਦ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਨੂੰ ਚਾਲੇ ਪਾਏ ਤਾਂ ਰਸਤੇ ਵਿੱਚ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਪਏ। ਠੇਡਾ ਬੇਸ਼ੱਕ ਜੋਰਦਾਰ ਸੀ, ਪਰ ਪੂਰੇ ਯਤਨਾਂ ਨਾਲ ਗਾਗਰ ਨੂੰ ਸੰਭਾਲ ਲਿਆ। ਰਾਤ ਸਮੇਂ ਖੜਾਕ ਸੁਣ ਕੇ ਜੁਲਾਹੇ ਨੇ ਕਿਹਾ ਕਿ ਕੌਣ ਹੈ ਬਈ? ਜੁਲਾਹੀ ਜੋ ਆਵਾਜ਼ ਸੁਣ ਰਹੀ ਸੀ ਜੁਲਾਹੇ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੀ ਚੁੱਪ ਕਰਕੇ ਸੁੱਤਾ ਰਹਿ, ਕਿਉਂ ਆਪਣੀ ਨੀਂਦ ਖਰਾਬ ਕਰ ਰਿਹਾ ਹੈਂ। ਇਹ ਉਹੀ ਅਮਰੀ ਨਿਥਾਵਾਂ ਹੈ,ਜੋ ਕੁੜਮਾਂ ਦੇ ਟੁੱਕੜੇ ਖਾਣ ਲਈ ਰਾਤ-ਦਿਨ ਇੱਕ ਕਰੀ ਫਿਰਦਾ ਹੈ। ਜੁਲਾਹੀ ਦੇ ਬੋਲਾਂ ਦਾ ਜਵਾਬ ਗੁਰੂ ਅਮਰਦਾਸ ਜੀ ਬੜੇ ਨਿਮਰ ਸ਼ਬਦਾਂ ਨਾਲ ਦਿੰਦਿਆਂ ਕਿਹਾ ਕਿ ਕਮਲੀਏ ! ਮੈਂ ਨਿਥਾਵਾਂ ਨਹੀਂ ਰਿਹਾ। ਮੇਰੀ ਥਾਂ ਤਾਂ ਉਸ ਦੇ ਚਰਨਾਂ ਵਿੱਚ ਹੈ ਜੋ ਦੀਨ ਦੁਨੀ ਦਾ ਮਾਲਕ ਹੈ। ਦਿਲਾਂ ਦੀਆਂ ਜਾਣਨ ਵਾਲੇ ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਿਹਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਜਦ ਵਿੱਚ ਆ ਕੇ ਕਹਿਣ ਲੱਗੇ ਪੁਰਖਾ ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਗਹਿਣਿਆਂ ਨੂੰ ਭੱਠੀ ਵਿੱਚ ਪਾ ਕੇ ਇੱਕ ਕਰ ਲਈਦਾ ਹੈ ਤਿਵੇਂ ਤੂੰ ਵੀ ਆਪਣੇ ਆਪ ਨੂੰ ਢਾਲ ਲਿਆ ਹੈ। ਸੰਨ 1552 ਮਾਰਚ ਮਹੀਨੇ ਦਾ ਆਖਰੀ ਪੱਖ। ਗੁਰੂ ਅੰਗਦ ਦੇਵ ਜੀ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਬਚਨ ਕੀਤਾ ਤਜਹਿ ਸਰੀਰ ਅਬਹਿ ਚਿਤ ਆਈ॥ ਬਚਨ ਸੁਣ ਕੇ ਗੁਰੂ ਅਮਰਦਾਸ ਜੀ ਕੁੱਝ ਉਦਾਸ ਜਿਹੇ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਤੀਸਰਾ ਪਹਿਰੇਦਾਰ ਥਾਪ ਦਿੱਤਾ। ਪਹਿਲਾਂ ਤਾਂ ਗੁਰੂ ਜੀ ਨੇ ਆਪ ਨਮਸਕਾਰ ਕੀਤੀ ਅਤੇ ਫਿਰ ਹਾਜ਼ਰ ਸੰਗਤਾਂ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕਰਨ ਲਈ ਕਿਹਾ। ਗੁਰੂ ਨਾਨਕ ਦੀ ਸੋਚ ਦਾ ਵਾਰਸ ਬਣਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਗੁਜਾਰੇ।

ਬਾਕੀ ਹਿਸਾ ਸਫ਼ਾ 59 ਤੇ ਪੜ੍ਹੋ

# ਚੈਲੇਂਜ ਤੋਂ ਘੱਟ ਨਹੀਂ ਹੈ ਮਾਂ ਅਤੇ ਨਵਜੰਮੇ ਬੱਚੇ ਨੂੰ ਰੋਗਾਂ ਤੋਂ ਬਚਾਉਣਾ

## ਵਿਸ਼ਵ ਸਿਹਤ ਦਿਵਸ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)






"ਵਿਸ਼ਵ ਸਿਹਤ ਸੰਗਠਨ ਨੇ ਅਧਿਕਾਰਤ ਤੌਰ ਤੇ ਵਿਸ਼ਵ ਸਿਹਤ ਦਿਵਸ 2025 ਦਾ ਥੀਮ ਐਲਾਨ ਕੀਤਾ ਹੈ- ਸਿਹਤਮੰਦ ਸ਼ੁਰੂਆਤ, ਉਮੀਦ ਵਾਲਾ ਭਵਿੱਖ, ਜੋ ਕਿ ਮਾਂ ਅਤੇ ਨਵਜੰਮੇ ਬੱਚਿਆਂ ਦੀ ਸਿਹਤ 'ਤੇ ਬਚਾਅ ਨੂੰ ਬਿਹਤਰ ਬਣਾਉਣ 'ਤੇ ਫੋਕਸ ਕੀਤਾ ਜਾਵੇਗਾ। ਇਸ ਨਾਲ ਮਾਂ-ਬੱਚੇ ਦੀ ਤੰਦਰੁਸਤੀ ਪ੍ਰਤੀ ਪਤੀ ਦੇ ਨਾਲ-ਨਾਲ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਜ਼ਿੰਮੇਵਾਰੀ ਵੀ ਵੱਧ ਜਾਂਦੀ ਹੈ"-

ਹੈਲਥ ਮੀਡੀਆ ਕੈਨੇਡਾ : (ਡਾ. ਅਨਿਲ ਧੀਰ) ਵਿਸ਼ਵ ਸਿਹਤ ਦਿਵਸ 2025 ਦੇ ਮੌਕੇ 'ਤੇ ਔਰਤਾਂ 'ਤੇ ਬੱਚਿਆਂ ਦੇ ਬਚਾਅ ਨੂੰ ਯਕੀਨੀ ਬਣਾਉਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਵਿਸ਼ਵ ਭਰ ਵਿਚ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਹੈਲਥ ਅਵੇਅਰਨੈਸ ਪ੍ਰੋਗਰਾਮ ਕੀਤੇ ਜਾ ਰਹੇ ਹਨ। ਵਿਸ਼ਵ ਸਿਹਤ ਦਿਵਸ 1948 ਵਿਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰੇਗੰਢ ਦੀ ਯਾਦ 'ਚ ਹਰ ਸਾਲ 7 ਅਪ੍ਰੈਲ ਵਾਲੇ ਦਿਨ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟ੍ਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ। ਜਿਸ ਨਾਲ ਕਮਿਉਨਿਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਹਰ ਸਾਲ ਲਗਭਗ 3000,000 ਔਰਤਾਂ ਗਰਭ ਅਵਸਥਾ ਜਾਂ ਜਣੇਪੇ ਕਾਰਨ ਜਾਨ ਗੁਆ ਦਿੰਦੀਆਂ ਹਨ, ਜਦੋਂ ਕਿ 20 ਲੱਖ ਤੋਂ ਵੱਧ ਬੱਚੇ ਆਪਣੀ ਜ਼ਿੰਦਗੀ ਦੇ ਪਹਿਲੇ ਮਹੀਨੇ ਵਿਚ ਮੌਤ ਦਾ ਸ਼ਿਕਾਰ ਅਤੇ ਕਰੀਬਨ 21 ਲੱਖ ਮਰੇ ਹੋਏ ਪੈਦਾ ਹੁੰਦੇ ਹਨ। ਮੌਜੂਦਾ ਆਂਕੜਿਆਂ ਮੁਤਾਬਕ 2030 ਤੱਕ ਮਾਂ 'ਤੇ ਬੱਚੇ ਨੂੰ ਬਚਾਉਣ ਲਈ ਹਰ ਯਤਨ ਕੀਤੇ ਜਾਣਗੇ। ਬਿਹਤਰ ਮਾਵਾਂ ਦੀ ਹੈਲਥ ਦਾ ਮਤਲਬ ਹੈ ਔਰਤਾਂ ਦੇ ਅਧਿਕਾਰਾਂ ਵਿਚ ਸੁਧਾਰ ਕਰਨਾ ਤਾਂ ਜੋ ਉਹ ਆਪਣੇ ਜੀਵਨ ਦੀ ਯੋਜਨਾ ਬਣਾ ਸਕਣ ਅਤੇ ਆਪਣੀ ਸਿਹਤ ਦੀ ਰੱਖਿਆ ਕਰ ਸਕਣ। ਇਸ ਸਾਲ ਵਿਸ਼ਵ ਸਿਹਤ ਅਸੈਂਬਲੀ ਦੇ 194 ਦੇਸ਼ਾਂ ਨੇ ਇੱਕ ਮੱਤਾ ਪਾਸ ਕੀਤਾ ਜਿਸ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ, ਦੌਰਾਨ ਅਤੇ ਬਾਅਦ 'ਚ ਗੁਣਵੱਤਾ ਵਾਲੀ ਕੇਅਰ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਗਿਆ। ਵਿਸ਼ਵ ਸਿਹਤ ਦਿਵਸ 2025 ਜੋ ਕਿ ਟਿਕਾਊ ਵਿਕਾਸ ਟੀਚਿਆਂ ਦੀ ਆਖਰੀ ਤਾਰੀਕ ਤੋਂ 5 ਸਾਲ ਬਾਅਦ ਹੁੰਦਾ ਹੈ- ਮਾਂ ਅਤੇ ਨਵਜੰਮੇ ਬੱਚੇ ਦੀ ਸਿਹਤ ਤੇ ਕੇਂਦ੍ਰਿਤ ਹੋਵੇਗਾ। ਅੱਜ ਗਰੀਬ ਮੁਲਕਾਂ ਵਿਚ ਮੌਤਾਂ ਦਾ ਅੰਕੜਾ ਵੱਧਿਆ ਹੈ।

### ਧਿਆਨ ਦੇਣ ਯੋਗ ਗੱਲਾਂ :

ਪ੍ਰੈਨੈਂਸੀ ਦੌਰਾਨ ਮਾਂ ਅਤੇ ਬੱਚੇ ਦੀ ਸਿਹਤ ਅਤੇ ਜੀਵਨ ਦੇ ਪਹਿਲੇ ਸਾਲ ਸਿਹਤਮੰਦ ਵਿਕਾਸ ਬਹੁਤ ਮਹੱਤਵਪੂਰਨ ਹੁੰਦੇ ਹਨ। ਇਹ ਸਮਾਂ ਗਰਭ ਧਾਰਨ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ, ਪ੍ਰੈਗਨੈਂਸੀ, ਜਨਮ, ਜਣੇਪੇ ਤੋਂ ਬਾਅਦ ਦੀ ਮਿਆਦ, ਬਚਪਨ, 'ਤੇ ਬਚਪਨ ਦੇ ਪਹਿਲੇ ਕੁੱਝ ਸਾਲਾਂ ਤੱਕ। ਗਰਭ ਅਵਸਥਾ ਅਤੇ ਜਣੇਪੇ ਦਾ ਔਰਤਾਂ ਅਤੇ ਉਨਾਂ ਦੇ ਪਰਿਵਾਰਾਂ ਦੀ ਸਰੀਰਕ-ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ-ਆਰਥਿਕ ਸਿਹਤ 'ਤੇ ਮਹੱਤਵਪੂਰਨ ਅਸਰ ਪੈਂਦਾ ਹੈ।

ਮਾਂ ਅਤੇ ਬੱਚੇ ਦੀ ਸਿਹਤ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਨੀਂਹ ਹੈ, ਜੋ ਸਾਡੇ ਸਾਰਿਆਂ ਲਈ ਉਮੀਦ ਭਰੇ ਭਵਿੱਖ ਨੂੰ ਯਕੀਨੀ ਬਣਾਉਣ ਵਿਚ ਹੈਲਪ ਕਰਦੀ ਹੈ।

ਅੱਜ ਔਰਤਾਂ ਅਤੇ ਪਰਿਵਾਰਾਂ ਨੂੰ ਹਰ ਥਾਂ ਉੱਚ ਗੁਣਵੱਤਾ ਵਾਲੀ ਦੇਖਭਾਲ ਦੀ ਲੋੜ ਹੈ, ਜੋ ਉਨਾਂ ਨੂੰ ਸਰੀਰਕ 'ਤੇ ਭਾਵਨਾਤਮਕਤੌਰ 'ਤੇ, ਜਨਮ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਮਦਦ ਕਰਦੀ ਹੈ।

ਸਿਹਤ ਪ੍ਰਣਾਲੀਆਂ ਨੂੰ ਬਹੁਤ ਸਾਰੇ ਸਿਹਤ ਮੁੱਦਿਆਂ ਦਾ ਪ੍ਰਬੰਧਨ ਕਰਨ ਲਈ ਵਿਕਸਿਤ ਹੋਣਾ ਚਾਹੀਦਾ ਹੈ। ਜੋ ਮਾਵਾਂ ਅਤੇ ਨਵਜੰਮੇ ਬੱਚੇ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਹਨਾਂ ਵਿਚ ਨਾ ਸਿਰਫ ਸਿੱਧੀਆਂ ਪ੍ਰਸੂਤੀ ਪੇਚੀਦਗੀਆਂ ਸ਼ਾਮਲ ਹਨ ਬਲਕਿ ਮਾਨਸਿਕ ਸਿਹਤ ਹਾਲਾਤ, ਗੈਰ-ਸੰਚਾਰੀ ਰੋਗ ਅਤੇ ਪਰਿਵਾਰ ਨਿਯੋਜਨ ਵੀ ਸ਼ਾਮਲ ਹਨ।

ਇਸ ਤੋਂ ਇਲਾਵਾ, ਔਰਤਾਂ ਅਤੇ ਪਰਿਵਾਰਾਂ ਨੂੰ ਕਾਨੂੰਨਾਂ ਅਤੇ ਨੀਤੀਆਂ ਦੁਆਰਾ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ ਜੋ ਉਨਾਂ ਦੀ ਸਿਹਤ ਅਤੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ।

ਅੱਜ ਮਾਵਾਂ ਅਤੇ ਨਵਜੰਮੇ ਬੱਚਿਆਂ ਦੇ ਬਾਰੇ ਜਾਗਰੂਕਤਾ ਪੈਦਾ ਕਰਨ 'ਤੇ ਔਰਤਾਂ ਦੀ ਲੰਬੇ ਸਮੇਂ ਦੀ ਤੰਦਰੁਸਤੀ ਲਈ ਫੋਕਸ ਦੀ ਲੋੜ ਹੈ।

ਮਾਂ-ਬਾਪ ਦੇ ਨਾਲ-ਨਾਲ ਸਿਹਤ ਪੇਸ਼ੇਵਰਾਂ ਦੀ ਮਦਦ ਲਈ ਸਾਮੂਹਿਕ ਕਾਰਵਾਈ ਨੂੰ ਉਤਸ਼ਾਹਿਤ ਕਰਨਾ ਜੋ ਮਹੱਤਵਪੂਰਨ ਦੇਖਭਾਲ ਮੁਹੱਈਆ ਕਰਵਾਉਂਦੇ ਹਨ।

ਹਰ ਪੱਧਰ 'ਤੇ ਪ੍ਰੈਨੈਂਸੀ ਦੌਰਾਣ, ਜਨਮ ਸਮੇਂ ਅਤੇ ਜਨਮ ਤੋਂ ਬਾਅਦ ਦੀ ਸਿਹਤ ਜਾਣਕਾਰੀ ਦੁਆਰਾ ਜਾਗਰੁੱਕ ਕਰਨ ਦੀ ਲੋੜ ਹੈ।

ਪ੍ਰੈਗਨੈਂਸੀ ਦੌਰਾਣ ਆਪਣੀ ਅਤੇ ਆਉਣ ਵਾਲੇ ਹੈਲਦੀ ਬੱਚੇ ਲਈ ਫੈਮਿਲੀ ਡਾਕਟਰ ਨਾਲ ਬਰਾਬਰ ਸੰਪਰਕ ਰੱਖਣ ਦੀ ਲੋੜ ਹੁੰਦੀ ਹੈ ਤਾਕਿ ਅਲਟਰਾਸਾਉਂਡ ਸਕ੍ਰੀਨਿੰਗ, ਕੰਪਲੀਟ ਬਲੱਡ-ਵਰਕ ਵਗੈਰਾ ਟੈਸਟਾਂ ਦੁਆਰਾ ਗਰਭ ਦੇ ਵਿਕਾਸ ਅਤੇ ਸਰੀਰਕ-ਮਾਨਸਿਕ ਬਿਮਾਰੀਆਂ ਤੋਂ ਬਚਾਅ ਦੀ ਸੰਭਾਵਨਾ ਬਣ ਜਾਂਦੀ ਹੈ। ਆਪਣੇ ਵੈਕਸੀਨੇਸ਼ਨ ਦਾ ਪੂਰਤ ਖਿਆਲ ਰੱਖੋ।

ਗਰਭਵਤੀ ਔਰਤਾਂ ਅਲਕੋਹਲ, ਕੋਕੀਨ, ਤੰਬਾਕੂ, ਮਿਰਚ-ਮਸਾਲੇ ਵਾਲਾ ਜੰਕ ਫੂਡ, ਆਲਸੀਪਨ ਤੋਂ ਪ੍ਰਹੇਜ ਕਰਨ। ਸਰੀਰਕ 'ਤੇ ਮਾਨਸਿਕ ਕ੍ਰਿਆਸ਼ੀਲ ਰਹੋ।

ਗਰਭ ਦੀਆਂ ਹਰਕਤਾਂ-ਤੁਸੀਂ ਆਮਤੌਰ ਤੇ ਪ੍ਰੈਗਨੈਂਸੀ ਦੇ 16 ਤੋਂ 24 ਹਫਤਿਆਂ ਦੇ ਵਿਚਕਾਰ ਆਪਣੇ ਬੱਚੇ ਨੂੰ ਹਿਲਦੇ ਮਹਿਸੂਸ ਕਰਨਾ ਸ਼ੁਰੂ ਕਰ ਸਕਦੇ ਹੋ। ਜੇਕਰ ਹਰਕਤ ਘੱਟ ਜਾਵੇ, ਬੰਦ ਹੋ ਜਾਵੇ, ਜਾਂ ਅਚਾਨਕ ਤੇਜ਼ ਹੋ ਜਾਣ ਦੀ ਹਾਲਤ 'ਚ ਤੁਰੰਤ ਹਸਪਤਾਲ ਜਾਵੋ। ਕਿਉਂ ਕਿ ਜ਼ਿੰਦਗੀ ਦਾ ਮਸਲਾ ਹੈ।

ਚੇਤਾਵਨੀ : ਜੇਕਰ ਯੋਨੀ ਵਿੱਚੋਂ ਖੂਨ ਦਾ ਵਗਣਾ, ਪੇਟ-ਦਰਦ, ਧੁੰਦਲੀ ਨਜ਼ਰ, ਅਚਾਨਕ ਤੇਜ਼ ਜਾਂ ਲਗਾਤਾਰ ਸਿਰ-ਪੀੜ, ਬੱਚੇ ਦੀਆਂ ਹਰਕਤਾਂ ਵਿਚ ਬਦਲਾਅ, ਪੇਟ ਦੀ ਸੱਟ, ਵਗੈਰਾ ਦੀ ਹਾਲਤ ਵਿਚ ਕੁੱਝ ਵੀ ਹੋ ਸਕਦਾ ਹੈ। ਸਾਵਧਾਨ ਰਹਿਣ ਦੀ ਲੋੜ ਹੈ।

*******

### 58 ਸਫ਼ੇ ਦੀ ਬਾਕੀ

ਵਡੇਰੀ ਉਮਰ ਵਿਚ ਸਿੱਖੀ ਨੂੰ ਧਾਰਨ ਕਰਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਗੁਰੂ-ਸੇਵਾ ਅਤੇ ਭਗਤੀ ਵਿਚ ਕਮਾਲ ਕਰ ਦਿੱਤੀ। ਉਸ ਵਕਤ ਸਿੱਖ ਸਮਾਜ ਬਣ ਚੁੱਕਾ ਸੀ,ਇਸ ਲਈ ਗੁਰੂ ਸਾਹਿਬ ਨੇ ਸਮਾਜ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਆਪ ਨੇ ਔਰਤ ਜਾਤੀ ਦੇ ਹੱਕ ਵਿਚ ਭੁਗਤਦਿਆਂ ਸਤੀ ਪ੍ਰਥਾ ਅਤੇ ਪਰਦੇ ਦੀ ਰਸਮ ਨੂੰ ਸਮਾਪਤ ਕਰਨ ਵਿਚ ਅਹਿਮ ਯੋਗਦਾਨ ਪਾਇਆ। ਜ਼ਾਤ-ਪਾਤ ਦੇ ਬੰਧਨ ਨੂੰ ਤੋੜਿਆ ਅਤੇ ਵਿਧਵਾ-ਵਿਆਹ ਦੀ ਆਰੰਭਤਾ ਕੀਤੀ। ਉਚ-ਨੀਚ ਤੇ ਛੂਤ-ਛਾਤ ਦੇ ਭਰਮ ਨੂੰ ਮਿਟਾਉਣ ਲਈ ਗੁਰੂ ਕੇ ਲੰਗਰ ਵਿਚੋਂ ਰਾਣਾ ਤੇ ਰੰਕ ਨੂੰ ਇੱਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛੱਕਣ ਦਾ ਹੁਕਮ ਦਿੱਤਾ। ਇਸ ਹੁਕਮ ਦੀ ਪਾਲਣਾ ਵਕਤ ਦੇ ਬਾਦਸ਼ਾਹ ਅਕਬਰ ਨੂੰ ਵੀ ਕਰਨੀ ਪਈ।

ਸਮਾਜ ਵਿਚੋਂ ਨਸ਼ਿਆਂ ਜਿਹੀ ਬੁਰਾਈ ਨੂੰ ਖ਼ਤਮ ਕਰਨ ਵਿਚ ਵੀ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਬਾਉਲੀ ਸਾਹਿਬ ਨੂੰ ਸਿੱਖੀ ਦਾ ਤੀਰਥ ਬਣਾਇਆ ਅਤੇ ਵੈਸਾਖੀ ਦਾ ਮੇਲਾ ਆਰੰਭ ਕੀਤਾ। ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਦੇ ਮੰਜੀਦਾਰਾਂ/ਪ੍ਰਚਾਰਕਾਂ ਦੇ ਨਾਮ ਇਸ ਪ੍ਰਕਾਰ ਹਨ:-

1 ਭਾਈ ਸਚਨ ਸੱਚ 2 ਸਧਾਰਣ 3 ਅੱਲਹਯਾਰ 4 ਭਾਈ ਸਾਵਣ ਮੱਲ 5 ਸੁਖਣ 6 ਹਿੰਦਾਲ 7 ਕੇਦਾਰੀ 8 ਖੇਡਾ 9 ਗੰਗੂ ਸ਼ਾਹ 10 ਭਾਈ ਪਾਰੋ ਜੁਲਕਾ 11 ਫੇਰਾ 12 ਬੂਆ 13 ਬੇਣੀ 14 ਮਹੇਸ਼ਾ 15 ਮਾਈਦਾਸ 17 ਮਾਣਕ ਚੰਦ 18 ਮੁਰਾਰੀ 19 ਰਾਜਾ ਰਾਮ 20 ਰੰਗ ਸ਼ਾਹ 21 ਰੰਗ ਦਾਸ 22 ਭਾਈ ਲਾਲੋ

ਸਿੱਖ ਇਤਿਹਾਸ ਵਿਚ ਕੁੱਝ ਨਵੀਆਂ ਪਿਰਤਾਂ ਪਾਉਣ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਸੰਸਾਰਿਕ ਯਾਤਰਾ ਨੂੰ ਸੰਪੂਰਨ ਕਰਨ ਤੋਂ ਪਹਿਲਾਂ ਭਾਦੋਂ ਸੁਦੀ 15 ਸੰਮਤ 1631 ਅਰਥਾਤ 1 ਸਤੰਬਰ 1574 ਈ. ਨੂੰ ਆਪਣੇ ਦਮਾਦ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਪੰਜਵਾਂ ਵਾਰਿਸ ਥਾਪ ਕੇ ਜੋਤੀ-ਜੋਤ ਸਮਾ ਗਏ।

### ਕਾਵਿ ਵਿਅੰਗ


## ਵਾੜ

ਤਕੜੀ ਇਨਸਾਫ਼ ਦੀ ਡਾਵਾਂਡੋਲ ਹੋ ਗਈ,
ਪਏ ਡਬਿਆਂ ਵਿਚ ਜਦ ਨੋਟ ਮੀਆਂ।
ਕਰਨੇ ਫ਼ੈਸਲੇ ਕੀ ਨਿਰਪੱਖ ਉਨ੍ਹਾਂ
ਓਪਰੀ ਜੇਬ ਦੀ ਜਿਨ੍ਹਾਂ ਨੂੰ ਓਟ ਮੀਆਂ।
ਸਿਰ ਚੜ੍ਹਕੇ ਬੋਲਦਾ ਜਦੋਂ ਲਾਲਚ,
ਬਿਗਾਨੀ ਲੋਹ ਦਾ ਭਾਲਦਾ ਰੋਟੀ ਮੀਆਂ.
ਵਾੜ ਲੱਗ ਪਈ ਖੇਤ ਨੂੰ ਖਾਣ 'ਚੋਹਲਾ'
ਥਿੰਕ 'ਬੱਗਿਆਂ' ਦਿਸ ਅਬਾਊਟ ਮੀਆਂ।

## ਤਨਖਾਹ

ਦੋ ਮਾਂਹ ਤੋਂ ਸਮਾਂ ਵਧੀਕ ਹੋਇਆ
ਤਨਖਾਹ ਮਿਲੀ ਨਾ ਕੌਮੀ ਨਿਰਮਾਤਿਆਂ ਨੂੰ।
ਏ.ਟੀ.ਐਮ. ਵੀ ਮੂੰਹ ਚਿੜਾਉਣ ਲੱਗੇ,
ਪਿਆ ਸੌਕੜਾ ਬੈਂਕਾਂ ਦੇ ਖਾਤਿਆਂ ਨੂੰ।
ਲਾਉਣੀ ਪਏ ਬਾਜ਼ਾਰ ਦੀ ਜਦੋਂ ਗੇੜੀ,
ਲੰਘਣਾ ਪੈਂਦਾ ਹੈ ਛੁੱਪ ਛੁਪਾਤਿਆਂ ਨੂੰ।
ਰਾਜਨੀਤੀ ਦਾ ਕੁਪ੍ਰਬੰਧ 'ਚੋਹਲਾ'
ਪੜ੍ਹਨੇ ਪਾ ਤਾ ਇਲਮ ਦੇ ਦਾਤਿਆਂ ਨੂੰ।

ਰਮੇਸ਼ ਬੱਗਾ ਚੋਹਲਾ
ਮੋਬਾਇਲ
9463132719



# • ਪੰਜਾਬੀ ਫ਼ਿਲਮ ਦਰਪਣ •

## ਬੰਨੀ ਸ਼ਰਮਾ-ਜੋੜੀ ਵਿੱਚ ਨਾ ਵਿਛੋੜਾ ਰੱਬ ਪਾਏ ਰਜਨੀ ਨਹੀਂ ਰਹੇ



ਪੰਜਾਬੀ ਸੰਗੀਤ ਨਗਰੀ ਦੇ ਦਿੱਗਜ ਤੇ ਟੀ ਸੀਰੀਜ਼ ਦੇ ਗੁਲਸ਼ਨ ਕੁਮਾਰ ਨਾਲ ਕੰਮ ਕਰਨ ਵਾਲੇ ਬੰਨੀ ਸ਼ਰਮਾ ਦੂਰਦਰਸ਼ਨ ਜਲੰਧਰ ਦੇ ਲੋਕ ਪ੍ਰਿਅ ਨਿੱਜੀ ਨਿਰਮਾਤਾ ਤੇ ਨਿਰਦੇਸ਼ਕ ਰਹੇ ਹਨ। ਓਹਨਾਂ ਨੂੰ ਇਸ ਮੰਜ਼ਿਲ ਤੱਕ ਪਹੁੰਚਦਾ ਕਰਨ ਲਈ ਓਹਨਾਂ ਦੀ ਜੀਵਨ ਸਾਥਣ ਰਜਨੀ ਸ਼ਰਮਾ ਦਾ ਮੁੱਖ ਯੋਗਦਾਨ ਰਿਹਾ ਹੈ ਪਰ ਰੱਬ ਅੱਗੇ ਕਾਹਦਾ ਜ਼ੋਰ! ਕਨੇਡਾ ਤੇ ਦੁਬਈ ਆਪਣੇ ਪਤੀ ਬੰਨੀ ਸ਼ਰਮਾ ਨਾਲ ਈਵੈਂਟ ਤੋ ਪਰਤ ਓਹ ਪੰਜਾਬ ਸਨ ਤੇ ਬੱਚੇ ਕਨੇਡਾ ਵਾਸੀ ਨੇ ਪਰ ਅਚਾਨਕ ਬੀਤੇ ਦਿਨੀਂ ਓਹ ਸਵਰਗਵਾਸ ਹੋ ਗਏ।ਬੰਨੀ ਸ਼ਰਮਾ ਦੇ ਗੁਰਦਾਸ ਮਾਨ ਸਾਬ,ਮਲਕੀਤ ਸਿੰਘ,ਜਸਬੀਰ ਜੱਸੀ ਨਾਲ ਅੱਛੇ ਸੰਬੰਧ ਕਿ ਸਭ ਨੂੰ ਰਜਨੀ ਸ਼ਰਮਾ ਅੱਛੀ ਤਰ੍ਹਾਂ ਮਿਲਦੇ ਵਿਚਰਦੇ ਸਨ ਖੈਰ ਤੇਰਾ ਭਾਣਾ ਮੀਠਾ ਲਾਗੇ ਹੀ ਹੈ ਬੰਨੀ ਸ਼ਰਮਾ ਲਈ।

## ਕਰਨ ਲੌਰੀ ਚਰਚਿਤ "ਜਰਨੈਲ ਦਾ ਵਾਰੀਅਰ" ਨਾਲ



ਕਰਨ ਨੇ ਬਹੁਤ ਸੰਘਰਸ਼ ਕੀਤਾ ਹੈ ਪਰ ਓਸ ਦਾ ਮਿੱਠਾ ਫਲ ਓਸ ਨੂੰ ਮਿਲਣਾ ਸ਼ੁਰੂ ਹੋਇਆ ਹੈ। ਕਰਨ ਲੌਰੀ ਨਿਰਦੇਸ਼ਤ ਫ਼ਿਲਮ "ਜਰਨੈਲ ਦਾ ਵਾਰੀਅਰ" ਨੂੰ ਕ੍ਰਿਟਿਕਸ ਐਵਾਰਡ ਮਿਲਿਆ ਹੈ ਤੇ ਚੋਟੀ ਦੀਆਂ ਦੱਸ ਪੰਜਾਬੀ ਵੈੱਬ ਫ਼ਿਲਮਾਂ ਵਿੱਚ ਇਹ ਸ਼ਾਮਿਲ ਹੋਈ ਹੈ। ਰਾਜੂ ਘੁੰਮਣ ਦੇ ਨਾਮ ਤੇ ਓਹ ਟੀਵੀ ਜਲੰਧਰ ਤੇ ਰੰਗਮੰਚ ਲਈ ਸਰਗਰਮ ਰਿਹਾ ਤੇ ਬਾਲੀਵੁੱਡ ਨੇ ਓਸ ਨੂੰ ਕਰਨ ਲੌਰੀ ਦਾ ਨਾਮ ਦਿੱਤਾ। ਚੌਪਾਲ ਟੀਵੀ ਤੇ ਆ ਰਹੀ ਓਸ ਦੀ ਫ਼ਿਲਮ "ਜਰਨੈਲ ਦਾ ਵਾਰੀਅਰ" ਵਿੱਚ ਪੰਜਾਬੀ ਸਿਨੇਮਾ ਦਾ ਦਿੱਗਜ ਸਰਦਾਰ ਸੋਹੀ ਹੈ ਤੇ ਨਾਲ ਮੀਡੀਆ ਵਾਲੀ ਐਕਟ੍ਰੈਸ ਰਜਿੰਦਰ ਕੌਰ ਰੀਤ ਹੈ। ਇਸ ਵਿੱਚ ਗੈਰੀ ਧਾਲੀਵਾਲ ਵੀ ਹੈ ਤੇ ਦਿਲਨੂਰ ਕੌਰ ਏਂਜਲ ਦਾ ਕੰਮ ਵੀ ਚੋਟੀ ਦਾ ਹੈ।ਕਰਨ ਇਸ ਤਰਾਂ ਵੈੱਬ ਫ਼ਿਲਮਾਂ ਤੇ ਵੈੱਬ ਸੀਰੀਜ਼ ਦੇ ਬਾਅਦ ਸਿੱਧਾ ਪਾਲੀਵੁੱਡ ਵੱਡੇ ਪਰਦੇ ਵੱਲ ਜਾਏਗਾ ਤੇ ਕਰਨ ਦਾ ਨਾਮ ਹੁਣ "ਜਰਨੈਲ ਦਾ ਵਾਰੀਅਰ" ਕਰ ਸਾਰੇ ਜਾਣਦੇ ਹਨ।

## ਦੀਪਕ ਬਾਲੀ ਪੰਜਾਬ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਬਣੇ

ਮਨਮੋਹਨ ਵਾਰਿਸ ਦਾ ਸਾਰਾ ਸੰਗੀਤ ਪ੍ਰਬੰਧ ਤੇ ਪਲਾਜ਼ਮਾ ਰਿਕਾਰਡਜ਼ ਕੰਪਨੀ ਦਾ ਸੀਈਓ ਤੇ ਫਿਰ ਆਪਣੀ ਮਿਹਨਤ ਨਾਲ



ਸਮਾਜ ਸੇਵਾ ਤੇ ਵਪਾਰ ਦੀਪਕ ਬਾਲੀ ਨਾਮ ਹੈ ਚਰਚਿਤ ਜਿਹਨਾਂ ਨੂੰ ਪੰਜਾਬ ਸਰਕਾਰ ਨੇ ਸੱਭਿਆਚਾਰਕ ਅਤੇ ਸੈਰ ਸਪਾਟਾ ਵਿਭਾਗ ਦਾ ਸਲਾਹਕਾਰ ਲਾਇਆ ਹੈ।ਦੀਪਕ ਦੀ ਇਹ ਥਾਂ ਬਣਦੀ ਹੈ।ਪੰਜਾਬੀ ਜਾਗ੍ਰਿਤੀ ਮੰਚ ਨਾਲ ਪੰਜਾਬੀ ਬੋਲੀ ਲਈ ਮੁਹਿੰਮ ਹਨ ਦੀਪਕ ਬਾਲੀ ਤੇ ਪੰਜਾਬੀ ਸੰਗੀਤ ਦੇ ਬਾਅਦ ਓਹ ਪੰਜਾਬੀ ਫ਼ਿਲਮਾਂ ਦੀ ਤਰੱਕੀ ਲਈ ਯੋਜਨਾ ਬਣਾ ਰਹੇ ਹਨ। ਦੀਪਕ ਬਾਲੀ ਦਾ ਕਮਲ ਸੰਗਤਾਰ ਬਾਅਦ ਚੋਥਾ ਵੀਰ ਮਨਮੋਹਨ ਵਾਰਿਸ ਦਾ ਆਖਿਆ ਜਾਂਦਾ ਹੈ। ਦੀਪਕ ਆਪ ਪਾਰਟੀ ਲਈ ਜਲੰਧਰ ਖ਼ੂਬ ਮਿਹਨਤ ਕਰ ਰਹੇ ਹਨ। ਉਨ੍ਹਾਂ ਤੋਂ ਪੰਜਾਬੀ ਕਲਚਰ, ਸੰਗੀਤ ਤੇ ਫ਼ਿਲਮਾਂ ਨੂੰ ਵੱਡੀਆਂ ਆਸਾਂ ਹਨ ਤੇ ਪੰਜਾਬ ਟੂਰ ਹੱਬ ਵੀ ਬਣਾਉਣਗੇ।

## "ਅਕਾਲ" ਫ਼ਿਲਮ ਲਈ ਭਖਿਆ ਬਾਲੀਵੁੱਡ, ਦਿੱਗਜ ਆਏ



ਗਿੱਪੀ ਗਰੇਵਾਲ ਦੀ ਵੱਡੀ ਪੰਜਾਬੀ ਫ਼ਿਲਮ "ਅਕਾਲ" ਤਿਆਰ ਹੈ ਤੇ ਇਸ ਲਈ ਬਾਲੀਵੁੱਡ ਨੇ ਇਸ ਦਾ ਟ੍ਰੇਲਰ ਦੇਖ ਗਿੱਪੀ ਗਰੇਵਾਲ ਤੇ ਪੰਜਾਬੀ ਫ਼ਿਲਮਾਂ ਨੂੰ ਮੁਬਾਰਕ ਅਗੇਤ ਦਿੱਤੀ ਹੈ। ਅਕਸ਼ੇ ਕੁਮਾਰ ਨੇ ਇਸ ਨੂੰ ਅਤਿ ਉੱਤਮ ਕਿਹਾ ਹੈ ਤੇ ਹੋਰ ਵੀ ਬੀ ਟਾਊਨ ਦੇ ਦਿੱਗਜ ਫ਼ਿਲਮ ਦੀ ਹਰ ਕੋਣ ਤੋਂ ਸ਼ਲਾਘਾ ਕਰ ਰਹੇ ਹਨ। ਗੁਰਪ੍ਰੀਤ ਘੁੱਗੀ ਤੇ ਸਰਦਾਰ ਸੋਹੀ ਫ਼ਿਲਮ ਦਾ ਹਿੱਸਾ ਨੇ ਜਦ ਕਿ ਖਾਸ ਰੋਲ ਅਸ਼ੀਸ਼ ਦੁੱਗਲ ਦਾ ਵੀ ਹੈ। ਕਰਨ ਜੌਹਰ ਜਿਹੇ ਦਿੱਗਜ "ਅਕਾਲ" ਨਾਲ ਜੁੜੇ ਹਨ ਤੇ ਹਿੰਦੀ ਦੇ ਇਲਾਵਾ ਸਾਊਥ ਵੀ ਇਸ ਲਈ ਆਕਰਸ਼ਕ ਹੈ। ਕਮਲ ਹਾਸਨ ਨੇ ਵੀ ਫ਼ਿਲਮ ਦੀ ਸਿਫ਼ਤ ਕੀਤੀ ਹੈ। ਵੈਰੀ ਨੂੰ ਤੇਗ ਪੱਕੀ ਆਏ ਨੂੰ ਦੇਗ ਪੱਕੀ ਫ਼ਿਲਮ ਦੀ ਟੈਗ ਲਾਈਨ ਹੈ। ਰਵਨੀਤ ਕੌਰ ਗਰੇਵਾਲ ਫ਼ਿਲਮ ਵਿੱਚ ਹੈ ਤੇ ਇੱਕ ਇਤਿਹਾਸਕ ਕਿਰਦਾਰ ਨਿਮਰਤ ਖੈਹਰਾ ਨੇ "ਅਕਾਲ" ਵਿੱਚ ਕੀਤਾ ਹੈ। ਭਾਨਾ ਲਾ ਫ਼ਿਲਮ ਦੇ ਓਵਰ ਆਲ ਸਿਸਟਮ ਦੇਖ ਰਿਹਾ ਹੈ।

## ਬਲਜੀਤ ਸੈਣੀ ਦਾ ਫ਼ਿਲਮੀ ਸਫ਼ਰ ਕਈ ਗੱਲਾਂ ਤੋਂ ਪਰਦੇ ਉਠਾਏ

ਬਲਜੀਤ ਸੈਣੀ ਇਮਾਨਦਾਰ ਐਕਟਰ ਤੇ ਨਾਇਕ ਰਹੇ ਹਨ ਤੇ ਇਥੇ ਇਮਾਨਦਾਰ ਨੂੰ ਉਲਟਾ ਡੰਗ ਇੰਡਸਟਰੀ ਮਾਰਦੀ ਹੈ ਓਹ ਆਖਦੇ ਹਨ।ਓਹਨਾਂ ਨੇ ਆਪਣੀ ਫ਼ਿਲਮ "ਜੱਟੀ ਜੰਮੇ ਸੂਰਮੇ" ਦੀ ਮਿਸਾਲ ਦਿੱਤੀ ਕਿ ਕਿਸ ਨੂੰ ਮੌਕਾ ਲਿਖਣ ਦਾ ਦਿੱਤਾ ਓਸ ਨੇ



ਬਜਟ ਵਧਾ ਦਿੱਤਾ। ਫਿਰ ਵੀ ਦਿਲਜੀਤ ਕੌਰ, ਟੀਨਾ ਘਈ ਨੂੰ ਲਿਆ ਤੇ ਫ਼ਿਲਮ ਓਸ ਬਣਾ ਲਈ। ਸੈਣੀ ਨੇ ਗੁਰਦੀਪ ਸੰਧੂ ਨੂੰ ਵੀ ਦੱਸਿਆ ਕਿ ਓਸ ਦੀ ਫ਼ਿਲਮ "ਇਸ਼ਕ ਮੁਹੱਬਤ" ਵੀ ਇਹਨਾਂ ਕੰਮ ਦਾ ਸ਼ਿਕਾਰ ਬਣੀ ਹੈ। ਬਲਜੀਤ ਸਿੰਘ ਪੜ੍ਹੇ ਲਿਖੇ ਐਡਵੋਕੇਟ ਪੱਧਰ ਦੇ ਐਕਟਰ ਹਨ। ਓਹ ਸੰਗੀਤਕ ਰੰਗਤ ਨਾਲ ਸਮੋਏ ਹੋਏ ਹਨ। ਸੈਣੀ ਨੇ ਫ਼ਿਲਮ ਗਾਇਕ ਸਵਰਗੀ ਮੋਹਮੰਦ ਰਫ਼ੀ ਸਾਬ ਲਈ ਅੰਮ੍ਰਿਤਸਰ ਬਹੁਤ ਪ੍ਰੋਗਰਾਮ ਕਰ ਕਿ ਫਿਲਮੀ ਗਾਇਕੀ ਨੂੰ ਉਤਸ਼ਾਹਿਤ ਕੀਤਾ ਹੈ ਤੇ ਵਕਤ ਆਓਣ ਤੇ ਸ਼ੋਰਟ ਫ਼ਿਲਮਾਂ ਵਿੱਚ ਕੈਰੀਅਰ ਅਜ਼ਮੰਜ ਦਾ ਫੈਸਲਾ ਲਿਆ ਹੈ।

## ਅਸ਼ਮੀਰਹ ਸਿੰਘ-ਡੀ ਜੇ ਜੋਕੀ ਬਣੀ ਹਾਕਮ ਬਖਤੜੀਵਾਲਾ ਦੀ ਬੇਟੀ

ਅਸ਼ਮਰਿਆ ਸਿੰਘ ਨਾਮ ਚੰਨਪ੍ਰੀਤ ਦਾ ਫ਼ਿਲਮੀ ਨਾਮ ਹੈ ਤੇ ਓਹ ਲੋਕ ਪ੍ਰਿਅ ਗੀਤਕਾਰ ਤੇ ਗਾਇਕ ਹਾਕਮ ਬਖਤੜੀਵਾਲਾ ਦੀ ਬੇਟੀ ਹੈ। ਇਹ ਕੁੜੀ ਟੀਵੀ ਸਟਾਰ ਵੀ ਰਹੀ ਹੈ ਤੇ ਸਬ ਟੀਵੀ ਤੇ



"ਜੁਗਨੀ ਚਲੀ ਜਲੰਧਰ" ਨਾਲ ਸਟਾਰ ਬਣੀ ਸੀ। ਅਸ਼ਮਰਹ ਸਿੰਘ ਨੇ ਕੁੱਝ ਕੁ ਫ਼ਿਲਮਜ਼ ਵੀ ਕੀਤੀਆਂ ਤੇ ਸੁਰਿੰਦਰ ਵਾਲੀਆ ਨੇ ਓਸ ਨੂੰ ਨਾਇਕਾ ਲੈਣ ਬਾਅਦ "ਲੰਡਨ ਦੀ ਹੀਰ" ਫ਼ਿਲਮ ਸ਼ੁਰੂ ਕੀਤੀ ਸੀ। ਹੁਣ ਮਾਡਲਿੰਗ ਦੇ ਬਾਅਦ ਓਹ ਡਿਸਕੋ ਜਾਕੀ ਬਣੀ ਹੈ ਜਿਸ ਨੂੰ ਡੀ ਜੇ ਵੀ ਕਿਹਾ ਜਾਂਦਾ ਹੈ। ਇਸ ਨਾਲ ਓਹ ਰਾਜਸਥਾਨ, ਯੂ ਪੀ ਤੇ ਹੋਰ ਸ਼ਹਿਰਾਂ ਵਿੱਚ ਪ੍ਰੋਗਰਾਮ ਕਰ ਰਹੀ ਹੈ। ਲੁਧਿਆਣੇ ਦੀ ਇਸ ਕੁੜੀ ਦੀ ਦੂਜੀ ਭੈਣ ਫ਼ਿਲਮਾਂ ਲਈ ਸਾਊਥ ਵਿੱਚ ਹੈ। ਹਾਕਮ ਬਖਤੜੀਵਾਲਾ ਅਸ਼ ਬਾਬਤ ਆਖਦੇ ਨੇ ਕਿ ਓਸ ਨੂੰ ਲੱਗਿਆ ਕਿ ਡੀ ਜੇ ਅੰਦਰ ਓਸ ਦਾ ਕੈਰੀਅਰ ਠੀਕ ਹੈ ਤਾਂ ਇਸ ਵਿੱਚ ਓਸ ਦਾ ਇਹ ਫੈਸਲਾ ਹੈ। ਹਾਕਮ ਬਖਤੜੀਵਾਲਾ ਬਾਬਤ ਐਸ਼ ਨੇ ਕਿਹਾ ਕਿ ਓਸ ਦੇ ਪਿਤਾ ਮਾਤਾ ਨੇ ਓਹਨਾਂ ਲਈ ਬਹੁਤ ਮਿਹਨਤ ਕੀਤੀ ਹੈ ਤੇ ਓਹ ਫ਼ਿਲਮਜ਼ ਦੇ ਨਾਲ ਡਿਸਕੋ ਜਾਕੀ ਬਣ ਕਿ ਡੀ ਜੇ ਵਿੱਚ ਕੈਰੀਅਰ ਚਲਾ ਕਿ ਖ਼ੁਸ਼ ਹੈ।

-ਅੰਮ੍ਰਿਤ ਪਵਾਰ

## ਗਾਇਕੀ ਦੇ ਖ਼ੇਤਰ ਵਿੱਚ ਮੱਲਾਂ ਮਾਰਕੇ ਨਾਮਵਰ ਗਾਇਕਾਂ ਵਿੱਚ ਨਾਮ ਲਿਖਵਾਉਣ ਵਾਲਾ ਗਾਇਕ ਹਰਦੇਵ ਟੂਸਾ



ਪਿੰਡ ਟੂਸਾ ਜਿਲ੍ਹਾ ਲੁਧਿਆਣਾ ਵਿੱਚ ਮਾਤਾ ਗੁਰਮੇਲ ਕੌਰ ਦੀ ਕੁਖੋਂ ਪਿਤਾ ਸਰਦਾਰ ਸੁਰਤ ਸਿੰਘ ਦੇ ਘਰ 1975 ਵਿੱਚ ਜਨਮਿਆਂ ਗਾਇਕ ਹਰਦੇਵ ਟੂਸਾ ਅੱਜ ਨਾਮਵਰ ਗਾਇਕਾਂ ਦੀ ਕਤਾਰ ਵਿੱਚ ਖੜਾ ਹੋ ਗਿਆ ਹੈ। ਹਰਦੇਵ ਟੂਸਾ ਨੂੰ ਬਚਪਨ ਵਿੱਚ ਹੀ ਗਾਇਕੀ ਦਾ ਸ਼ੌਕ ਸੀ ਉਸ ਨੂੰ ਗਲੇ ਦੀ ਦਾਤ ਪ੍ਰਮਾਤਮਾ ਵਲੋਂ ਮਿਲਿਆ ਹੋਇਆ ਅਨਮੋਲ ਤੋਹਫ਼ਾ ਹੈ। ਹਰਦੇਵ ਟੂਸਾ ਨੇ ਲੋਕ-ਤੱਥ, ਸਿੰਗਲ ਗੀਤ ਅਤੇ ਨਾਮਵਰ ਗਾਇਕਾਵਾਂ ਨਾਲ ਦੋਗਾਣੇ ਗੀਤ ਰਿਕਾਰਡ ਕਰਵਾਏ ਹਨ। ਇਸ ਦੀ ਪਹਿਲੀ ਐਲਬਮ "ਦਿਲ ਸੋਨੇ ਵਰਗਾ" 1991 ਵਿੱਚ, ਦੂਸਰੀ ਐਲਬਮ ਜਾਨ ਤੇਰੀ, ਤੀਸਰੀ ਐਲਬਮ ਭਾਈ ਜੈਤੇ ਦਾ ਇਤਿਹਾਸ, ਇਸ ਤਰਾਂ ਲਗਾਤਾਰ ਗਾਇਕੀ ਦੀ ਸੇਵਾ ਕਰਦਾ ਆ ਰਿਹਾ ਹੈ। ਇਸ ਨੇ ਨੌਜਵਾਨ ਪੀੜ੍ਹੀ ਨੂੰ ਸੇਧ ਦੇਣ ਲਈ ਨਸ਼ਿਆ ਦੀ ਮਾੜੀ ਅਲਾਮਤ ਤੋਂ ਬਚਣ ਲਈ ਅਤੇ ਕਿਰਸਾਣੀ ਸਿਰ ਚੜੇ ਕਰਜ਼ਿਆਂ ਦੇ ਬੋਝ ਦੇ ਸਬੰਧ ਵਿੱਚ ਬਹੁਤ ਗੀਤ ਗਾਏ ਹਨ। ਇਸ ਦੇ ਸਿੰਗਲ ਟਰੈਕ ਪਿੰਡ ਦੀਆਂ ਯਾਦਾਂ, ਤੇਰੀ ਦੀਦ ਨੂੰ ਤਰਸਣ ਅੱਖੀਆਂ, ਡੁੱਬ ਜਾਊ ਨਸ਼ਿਆਂ ਵਿਚ ਜਵਾਨੀ, ਗੁੱਡੀ ਰੱਬ ਨੇ ਚੜ੍ਹਾਈ, 7 ਬੈਂਡ, ਪਿੰਡਾਂ ਵਾਲੇ ਜੱਟ, ਨਿਦਿਆ ਕਦੇ ਨਾ ਕਰੀਏ, ਨੂੰਹ ਸੱਸ ਦਾ ਰਿਸ਼ਤਾ, ਰੀਝ, ਧੀਆਂ, ਯਾਦਾਂ, ਨਖਰਿਆਂ ਪੱਟੀ, ਡੀ ਜੇ ਤੇ ਭੰਗੜਾ, ਸੂਰਮੇ, ਸਾਹਿਬਜਾਦੇ, ਭਗਤ ਸਿੰਘ ਆਦਿ ਅਨੇਕਾਂ ਪਰਿਵਾਰਕ ਗੀਤ ਸਭਿਆਚਾਰ ਦੀ ਝੋਲੀ ਪਾਏ ਅਤੇ ਪਾ ਰਿਹਾ ਹੈ।

ਇਹਦੇ ਗੀਤਾਂ ਦੇ ਗੀਤਕਾਰ ਕੁਲਦੀਪ ਜਖ਼ਮੀ, ਕਰਮਜੀਤ ਟੂਸਾ, ਕਮਲ ਭੈਣੀ ਅਰੋੜਾ, ਗੁਰਵਿੰਦਰ ਕਿੱਲਿਆਂ ਵਾਲੀ, ਰਾਣਾ ਟੂਸਾ, ਹਰਪਾਲ ਹਿੱਸੋਵਾਲ, ਗੁਰਮੀਤ ਸਿੰਘ ਭੱਠਾਧੂਹਾ, ਸੁਖਵਿੰਦਰ ਸਿੰਘ ਮੁੱਲਾਂਪੁਰ, ਸੁਖਚੈਨ ਹੰਭੜਾ, ਸਾਧੂ ਸਿੰਘ ਦਿਲਸ਼ਾਦ, ਪਿਆਰਾ ਸਿੰਘ ਦੁਲੋਂ, ਜਸਵੀਰ ਮਾਣੇਵਾਲ, ਜਸਮੇਲ ਸਿੰਘ ਧਾਲੀਵਾਲ, ਸੁਖਜੀਤ ਜਵਾਹਰ ਕੇ, ਕੁਲਦੀਪ ਫੇਰੂਰਾਏ, ਦੀਪ ਸੁਧਾਰ , ਹਰਪਾਲ ਪਾਲਾ ਬੁਰਜ ਹਕੀਮਾ, ਬੂਟਾ ਸੰਗੋਵਾਲ, ਕੁਲਦੀਪ ਜੌਹਲ, ਹਰਮੇਲ ਜਹੌਲਾਂ, ਸੁਖਚੈਨ ਹੰਭੜਾਂ, ਜੀਤਾ ਧਾਲੀਵਾਲ ਅੱਬੂਵਾਲ, ਜਗਰੂਪ ਸਰਾਭਾ ਆਦਿ ਗੀਤਕਾਰਾਂ ਦੇ ਲਿਖੇ ਗੀਤ ਗਾਏ। ਇਸ ਨੇ ਦੋਗਾਣੇ ਗੀਤ ਸ਼ਹਿਨਾਜ ਅਖ਼ਤਰ, ਰਜਿੰਦਰ ਰੋਜ਼ੀ, ਰੈਨੂੰ ਸਿਵੀਆ, ਜਸਪਾਲ ਸੰਧੂ, ਸੁਖਜੀਤ ਕੌਰ, ਲਵਪ੍ਰੀਤ ਕੌਰ, ਨੇਹਾਂ, ਮਨਦੀਪ ਰਾਏਕੋਟੀ, ਸਾਨੀਆਂ ਸ਼ਰਮਾਂ, ਹਰਪ੍ਰੀਤ ਮਾਨ, ਜੀਤੂ ਆਦਿ ਕਲਾਕਾਰ ਕੁੜੀਆਂ ਨਾਲ ਗੀਤ ਗਾਏ। ਹੁਣ ਇਸ ਦਾ ਨਵਾਂ ਤਾਜਾ ਗੀਤ 'ਸ਼ੌਕੀ' ਜਿਸ ਨੂੰ ਸੁਖਜੀਤ ਜਵਾਰਕੇ ਨੇ ਲਿਖਿਆ ਹੈ ਰਿਲੀਜ਼ ਹੋ ਚੁੱਕਿਆ ਹੈ। ਹਰਦੇਵ ਟੂਸਾ ਸਟੇਜੀ ਸ਼ੋਆਂ ਵਿਚ ਦਰਸ਼ਕਾਂ ਨੂੰ ਕੀਲ ਲੈਂਦਾ ਹੈ। ਪ੍ਰਮਾਤਮਾਂ ਇਸ ਦੀ ਗਾਇਕੀ ਨੂੰ ਹੋਰ ਬਲ ਬਖਸ਼ੇ।

ਸੁਖਵਿੰਦਰ ਸਿੰਘ ਮੁੱਲਾਂਪੁਰ +61 461 530 169

# ਵਡਉਮਰਾ ਮੈਰਾਥਨ ਦੌੜਾਕ ਬਾਬਾ ਫੌਜਾ ਸਿੰਘ





## 115ਵੇਂ ਜਨਮ ਦਿਨ 'ਤੇ

**ਪ੍ਰਿੰ. ਸਰਵਣ ਸਿੰਘ**

1 ਅਪ੍ਰੈਲ 2025 ਬਾਬਾ ਫੌਜਾ ਸਿੰਘ ਦਾ 115ਵਾਂ ਜਨਮ ਦਿਨ ਹੈ/ਸੀ। ਇਹ ਅਪ੍ਰੈਲ ਫੂਲ ਵਾਲਾ ਮਖੌਲ ਨਹੀਂ। ਤੁਸੀਂ ਉਸ ਨੂੰ ਬਿਆਸਪਿੰਡ 'ਚ ਤੁਰਦਾ ਫਿਰਦਾ ਵੇਖ ਸਕਦੇ ਓ। ਉਹ ਬਜ਼ੁਰਗਾਂ ਦਾ ਰੋਲ ਮਾਡਲ ਹੈ ਜੋ 20ਵੀਂ ਸਦੀ ਦੇ ਆਰੰਭ 'ਚ ਜੰਮਿਆ ਸੀ। 20ਵੀਂ ਸਦੀ ਮੁੱਕਣ ਵੇਲੇ ਦੌੜਨ ਲੱਗਾ ਸੀ ਤੇ 21ਵੀਂ ਸਦੀ ਚੜ੍ਹਦਿਆਂ ਖ਼ਬਰਾਂ ਦਾ ਸ਼ਿੰਗਾਰ ਬਣਿਆ ਸੀ। ਮੈਰਾਥਨ ਦਾ ਮਹਾਂਰਥੀ, ਪਗੜੀਧਾਰੀ ਝੱਖੜ, ਬੁੱਢਿਆਂ ਦਾ ਰੋਲ ਮਾਡਲ, ਬੱਲੇ ਬਾਬਾ ਫੌਜਾ ਸਿੰਘ ਦੇ ਤੇ ਨਈਂ ਰੀਸਾਂ ਫੌਜਾ ਸਿੰਘ ਦੀਆਂ...!

ਉਹ ਰੌਣਕੀ ਬੰਦਾ ਹੈ। ਬੇਫਿਕਰ, ਬੇਪਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਸ ਨੇ ਗੁੰਮਨਾਮੀ 'ਚ ਚੱਲ ਵਸਣਾ ਸੀ ਜੇ ਦੌੜਨ ਨਾ ਲੱਗਦਾ। ਬੁੱਢੇਵਾਰੇ ਦੌੜਾਂ ਲਾ ਕੇ ਉਹਨੇ ਜੱਗ ਜਹਾਨ 'ਚ ਬੱਲੇ-ਬੱਲੇ ਕਰਵਾਈ। ਉਸ ਨੂੰ 2004, 2008 ਤੇ 2012 ਵਿਚ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਬਰਤਾਨੀਆ ਦੀ ਮਹਾਰਾਣੀ ਐਲਜ਼ਾਬੈੱਥ ਨੇ ਉਸ ਨੂੰ ਸੌ ਸਾਲ ਦਾ ਸਿਟੀਜ਼ਨ ਹੋਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ 'ਚ ਖਾਣੇ 'ਤੇ ਸੱਦਿਆ। ਮਹਾਰਾਣੀ ਨੂੰ ਮਿਲ ਕੇ ਉਹ ਹੋਰ ਜੁਆਨ ਹੋ ਗਿਆ।

ਸੌ ਸਾਲ ਤੋਂ ਵਡੇਰੀ ਉਮਰ ਦਾ ਉਹ ਪਹਿਲਾ ਮਨੁੱਖ ਹੈ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ ਵਾਟਰ ਫਰੰਟ ਮੈਰਾਥਨ ਪੂਰੀ ਦੌੜੀ। ਉਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਮੁਕਾਇਆ। ਉਹਦਾ ਨਾਂ ਗਿੱਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਹੋ ਜਾਣਾ ਸੀ ਜੇ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਮਿਲ ਜਾਂਦਾ।

ਫੌਜਾ ਸਿੰਘ ਦੀ ਵਡਿਆਈ ਇਸ ਗੱਲ 'ਚ ਨਹੀਂ ਕਿ ਉਹ ਲੰਮੀਆਂ ਦੌੜਾਂ ਦੌੜਦਾ ਰਿਹਾ ਸਗੋਂ ਇਸ ਵਿਚ ਹੈ ਕਿ ਸੌ ਸਾਲਾਂ ਦਾ ਹੋ ਕੇ ਵੀ ਦੌੜੀ ਗਿਆ! 2000 ਵਿਚ ਲੰਡਨ ਦੀ ਫਲੋਰਾ ਮੈਰਾਥਨ ਲਾਉਂਦਿਆਂ ਉਹ 80 ਸਾਲ ਤੋਂ ਵਡੇਰੀ ਉਮਰ ਵਾਲਿਆਂ ਲਈ 6 ਘੰਟੇ 54 ਮਿੰਟ ਦਾ ਨਵਾਂ ਰਿਕਾਰਡ ਰੱਖ ਕੇ ਖ਼ਬਰਾਂ ਵਿਚ ਆਇਆ ਸੀ। ਉਦੋਂ ਪੱਗ 'ਤੇ ਖੰਡਾ ਲਾ ਕੇ ਝੂਲਦੀ ਦਾੜ੍ਹੀ ਨਾਲ ਦੌੜਦੇ ਦੀਆਂ ਤਸਵੀਰਾਂ ਲੰਡਨ ਦੀਆਂ ਸੜਕਾਂ 'ਤੇ ਲੱਗ ਗਈਆਂ ਸਨ। ਨਾਲ ਲਿਖਿਆ ਗਿਆ ਸੀ: ਕੁਝ ਵੀ ਅਸੰਭਵ ਨਹੀਂ। 2003 ਵਿਚ ਟੋਰਾਂਟੋ 'ਚ ਉਸ ਨੇ 42.2 ਕਿਲੋਮੀਟਰ ਦੀ ਦੌੜ 5 ਘੰਟੇ 40 ਮਿੰਟ 04 ਸਕਿੰਟ ਵਿਚ ਪੂਰੀ ਕੀਤੀ। 2004 'ਚ ਟੋਰਾਂਟੋ ਦੀ ਹਾਫ਼ ਮੈਰਾਥਨ ਦੌੜਦਿਆਂ ਉਸ ਨੇ 2 ਘੰਟੇ 29.59 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ ਸੀ। 2012 ਵਿਚ ਉਹ ਆਖ਼ਰੀ ਮੈਰਾਥਨ ਦੌੜ ਹੌਂਗਕਾਂਗ 'ਚ ਦੌੜਿਆ ਤਾਂ ਚੈਰਿਟੀ ਲਈ 25800 ਡਾਲਰ 'ਕੱਠੇ ਹੋਏ ਜੋ ਉਸ ਨੇ ਉਥੇ ਹੀ ਦਾਨ ਕਰ ਦਿੱਤੇ।

ਜੁਲਾਈ 1999 'ਚ ਮੈਂ ਉਸ ਨੂੰ ਪਹਿਲੀ ਵਾਰ ਈਰਥ-ਵੂਲਿਚ ਦੇ ਕਬੱਡੀ ਟੂਰਨਾਮੈਂਟ ਵਿਚ ਵੇਖਿਆ ਸੀ। ਉਹ ਕਬੱਡੀ ਦੇ ਦਾਇਰੇ ਦੁਆਲੇ ਦੌੜ ਰਿਹਾ ਸੀ। ਉਹਦੇ ਸਿਰ 'ਤੇ ਪੱਗ ਸੀ ਤੇ ਪੱਗ ਉਤੇ ਖੰਡਾ। ਤੇਜ਼ ਟਰੈਕ ਸੂਟ ਤੇ ਪੈਰੀਂ ਦੌੜਨ ਵਾਲੇ ਬੂਟ। 2000 ਵਿਚ ਮੈਂ ਉਹਦੀਆਂ ਅੰਗਰੇਜ਼ੀ ਦੇ ਵੱਡੇ ਅਖ਼ਬਾਰਾਂ 'ਚ ਤਸਵੀਰਾਂ ਵੇਖੀਆਂ। ਉਸ ਨੇ ਲੰਡਨ ਦੀ ਮੈਰਾਥਨ ਵਿਚ 80 ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ 'ਚ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ!

28 ਸਤੰਬਰ 2003 ਨੂੰ 'ਸਕੋਸ਼ੀਆਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ ਲੱਗੀ। ਮੈਂ ਉਦੋਂ ਟੋਰਾਂਟੋ ਹੀ ਸਾਂ। ਫੌਜਾ ਸਿੰਘ ਇੰਗਲੈਂਡ ਤੋਂ ਪੁੱਜਾ ਸੀ। ਉਦੋਂ ਉਹਦਾ ਪੱਕਾ ਟਿਕਾਣਾ ਇਲਫੋਰਡ ਵਿਚ ਸੀ। ਟੋਰਾਂਟੋ ਦੇ ਬਿਆਸਪਿੰਡੀਆਂ ਨੇ ਆਪਣੇ ਪੇਂਡੂ ਦੌੜਾਕ ਨੂੰ ਪੂਰੀ ਹੱਲਾਸ਼ੇਰੀ ਦਿੱਤੀ। ਦੌੜ ਮੁੱਕੀ ਤਾਂ ਉਸ ਨੇ ਆਪਣਾ ਹੀ ਰਿਕਾਰਡ ਪਹਿਲਾਂ ਨਾਲੋਂ 31 ਮਿੰਟ ਘੱਟ ਸਮੇਂ ਨਾਲ ਤੋੜ ਦਿੱਤਾ। ਬਿਆਸਪਿੰਡੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਉਹਦੀ ਵਿਲੱਖਣਤਾ ਇਹ ਸੀ ਕਿ ਉਹ ਝੂਲਦੀ ਦਾੜ੍ਹੀ ਨਾਲ ਕੇਸਰੀ ਦਸਤਾਰ ਬੰਨ੍ਹ ਕੇ ਦੌੜਿਆ ਸੀ। ਉਹਦੇ ਨਿਆਰੇ ਸਰੂਪ ਨੇ ਉਹਦੀ ਮਸ਼ਹੂਰੀ ਹੋਰ ਵੀ ਵੱਧ ਕਰਾਈ।

ਫਿਰ ਟੋਰਾਂਟੋ ਦੇ ਇਕ ਬੈਂਕੁਅਟ ਹਾਲ ਵਿਚ ਪਾਰਟੀ ਹੋਈ ਜਿਥੇ ਉਹਦਾ ਮਿਸਾਲੀ ਮਾਣ ਸਨਮਾਨ ਹੋਇਆ। ਇਕ ਕਵੀ ਨੇ ਕਵਿਤਾ ਪੜ੍ਹੀ-ਅਧਰਕ ਦੀ ਤਰੀ ਦਾ ਕਮਾਲ! ਸਟੇਜ ਦੀ ਕਾਰਵਾਈ ਪਿੱਛੋਂ ਕੁਝ ਸੱਜਣ ਦਾਰੂ ਪੀਣ ਲੱਗੇ ਤਾਂ ਬਾਬੇ ਨੂੰ ਪੁੱਛਿਆ ਗਿਆ, "ਬਾਬਾ ਜੀ, ਦੁੱਧ ਪੀਓਗੇ ਜਾਂ ਚਾਹ?"

ਬਾਬੇ ਦਾ ਜੁਆਬ ਸੀ, "ਕਿਉਂ ਮੈਂ ਰੰਡੀ ਦਾ ਜੁਆਈ ਆਂ?" ਖੁਸ਼ੀ 'ਚ ਬਾਬਾ ਵੀ ਸਰਸ਼ਾਰ ਸੀ!

ਫਿਰ ਮੈਂ ਨਵੇਕਲੇ ਬਹਿ ਕੇ ਬਾਬੇ ਤੋਂ ਕੁਛ ਖ਼ਾਸ ਗੱਲਾਂ ਪੁੱਛੀਆਂ। ਉਸ ਨੇ ਆਪਣੀ ਜਨਮ ਤਾਰੀਖ਼ 1 ਅਪ੍ਰੈਲ 1911 ਲਿਖਾਈ ਜੋ ਉਸ ਦੇ ਪਾਸਪੋਰਟ ਉਤੇ ਦਰਜ ਸੀ। ਪਿਤਾ ਦਾ ਨਾਂ ਮਿਹਰ ਸਿੰਘ, ਮਾਤਾ ਦਾ ਭਾਗੋ ਤੇ ਪਤਨੀ ਦਾ ਗਿਆਨ ਕੌਰ ਲਿਖਾਇਆ। ਉਦੋਂ ਪਿੰਡ ਦੀ ਦਾਈ ਰਹਿਮੋ ਸੀ। ਪੰਜ ਸਾਲ ਉਹ ਰਿੜ੍ਹਨ ਤੇ ਖੜ੍ਹਨ ਜੋਗਾ ਨਾ ਹੋਇਆ। ਛੇਵਾਂ ਸਾਲ ਲੱਗਣ 'ਤੇ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰ ਦਿਆਂ ਨੇ ਪਿੰਡ 'ਚ ਕੜਾਹ ਵੰਡਿਆ। ਉਹਦੀ ਮਾਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਉਹ ਨਾਲ ਜਾਣ ਦੀ ਜ਼ਿਦ ਕਰਦਾ ਪਰ ਉਹਤੋਂ ਤੁਰ ਨਾ ਹੁੰਦਾ। ਪੰਦਰਾਂ ਸਾਲ ਦੀ ਉਮਰ ਤਕ ਉਹ ਇਕ ਮੀਲ ਵੀ ਨਾ ਤੁਰ ਸਕਿਆ।

ਉਹਦਾ ਵਿਆਹ ਵੱਡੀ ਉਮਰ ਵਿਚ ਹੋਇਆ। ਬਰਾਤ ਗੱਡੇ ਉਤੇ ਪਿੰਡ ਕਾਲਘਟਾਂ ਗਈ। ਜਨੇਤ ਦੀ ਸੇਵਾ ਬੇਸਣੀ ਪਕੌੜਿਆਂ ਤੇ ਸ਼ੱਕਰ ਘਿਓ ਨਾਲ ਹੋਈ। ਲਾੜਾ ਹੋਣ ਕਰਕੇ ਉਹਨੂੰ ਚਾਬੀ ਦੇ ਲੱਠੇ ਵਾਲੇ ਨਵੇਂ ਕਪੜੇ ਜੁੜੇ। ਉਹਦੇ ਘਰ ਤਿੰਨ ਪੁੱਤਰਾਂ ਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਬਹੁਤਾ ਪੜ੍ਹਾ ਨਾ ਸਕਿਆ ਪਰ ਇਕ ਪੁੱਤਰ ਨੂੰ ਇੰਗਲੈਂਡ ਤੇ ਧੀ ਨੂੰ ਕੈਨੇਡਾ ਭੇਜਣ ਵਿਚ ਕਾਮਯਾਬ ਹੋ ਗਿਆ।

ਫੌਜਾ ਸਿੰਘ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੇ ਗਭਲੇ ਪੁੱਤਰ ਕੁਲਦੀਪ ਸਿੰਘ ਦੀ ਭਰ ਜੁਆਨੀ ਵਿਚ ਮੌਤ ਹੋ ਗਈ। ਪਤਨੀ 1992 ਵਿਚ ਪੂਰੀ ਹੋਈ ਤੇ ਪੁੱਤਰ 1994 ਵਿਚ। ਫਿਰ ਉਸ ਦਾ ਵੱਡਾ ਪੁੱਤਰ ਦਿਲ ਢਾਹੀ ਬੈਠੇ ਬਾਪ ਨੂੰ ਇੰਗਲੈਂਡ ਲੈ ਗਿਆ। ਇੰਗਲੈਂਡ ਵਿਚ ਉਸ ਨੂੰ ਹਰਮੰਦਰ ਸਿੰਘ ਮਿਲਿਆ ਜੋ 10000 ਮੀਟਰ ਦੌੜ ਦਾ ਦੌੜਾਕ ਸੀ। ਉਹ ਪਾਰਕ ਵਿਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਉਦਾਸ ਬੈਠਾ ਵੇਖਦਾ। ਇਕ ਦਿਨ ਉਸ ਨੇ ਉਦਾਸ ਬੈਠੇ ਫੌਜਾ ਸਿੰਘ ਨੂੰ ਕਿਹਾ, ਜੇ ਉਹ ਦੌੜਨ ਲੱਗ ਪਵੇ ਤਾਂ ਉਦਾਸੀ ਚੁੱਕੀ ਜਾਵੇਗੀ। ਉਹਦੀ ਪ੍ਰੇਰਨਾ ਨਾਲ ਉਹ ਦੌੜਨ ਲੱਗ ਪਿਆ। ਹਰਮੰਦਰ ਸਿੰਘ ਉਹਦਾ ਕੋਚ ਬਣ ਗਿਆ ਜਿਸ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਲੁਆਉਣ ਵਿਚ ਸਭ ਤੋਂ ਵੱਧ ਯੋਗਦਾਨ ਪਿਆ।

ਉਸ ਨੇ ਇਹ ਵੀ ਲਿਖਾਇਆ ਕਿ ਪਿੰਡ ਹਲ ਵਾਹੁੰਦਿਆਂ ਕੋਈ ਪਾਣੀ ਨੀ ਸੀ ਪੁੱਛਦਾ। ਹੁਣ ਮੇਮਾਂ ਕੋਕ ਚੁੱਕੀ ਪਿਛੇ-ਪਿਛੇ ਨੱਠੀਆਂ ਫਿਰਦੀਆਂ। ਪਿੰਡ ਵਾਲੇ ਫੌਜੂ ਕਹਿੰਦੇ ਸੀ, ਅਖ਼ਬਾਰਾਂ ਵਾਲੇ ਹੁਣ ਬਾਬਾ ਫੌਜਾ ਸਿੰਘ ਲਿਖੀ ਜਾਂਦੇ ਆ। ਇਹ ਸਭ ਕੁਜਰਤ ਦੀ ਖੇਡ ਐ। ਕੁਦਰਤ ਨੂੰ ਉਹ ਕੁਜਰਤ ਕਹਿ ਰਿਹਾ ਸੀ!

6 ਮਾਰਚ 2025 ਨੂੰ ਅਸੀਂ ਬਿਆਸਪਿੰਡ ਪਹੁੰਚੇ ਤਾਂ ਉਹਦਾ ਮੰਜਾ ਬਾਹਰਲੇ ਬੂਹੇ ਕੋਲ ਡਾਹਿਆ ਹੋਇਆ ਸੀ। ਅਸੀਂ ਬਾਬੇ ਨੂੰ ਬੈਠੇ ਰਹਿਣ ਲਈ ਕਿਹਾ ਪਰ ਉਸ ਨੇ ਸਿਰ 'ਤੇ ਪੱਗ ਰੱਖੀ ਤੇ ਖੂੰਡੀ ਚੁੱਕ ਕੇ ਸਾਨੂੰ ਘਰ ਦੀ ਬੈਠਕ ਵੱਲ ਲੈ ਤੁਰਿਆ। ਮੈਨੂੰ ਲੱਗਾ ਜਿਵੇਂ ਉਸ ਨੂੰ ਕੁਝ ਉੱਚਾ ਸੁਣਦਾ ਹੋਵੇ। ਬੈਠਕ ਉਸ ਦੇ ਖੇਡ ਸਨਮਾਨਾਂ ਨਾਲ ਭਰੀ ਪਈ ਸੀ। ਇਕ ਅਲਮਾਰੀ 'ਚ ਉਹਦਾ ਦੌੜਨ ਵਾਲਾ ਸੁਰਮਈ ਬੂਟ ਪਿਆ ਸੀ ਜੋ ਖੇਡਾਂ ਦਾ ਸਮਾਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਮੁਹੰਮਦ ਅਲੀ ਤੇ ਡੇਵਿਡ ਬੈਕੂਮ ਤੋਂ ਬਾਅਦ 2004 ਵਿਚ ਉਸ ਨੂੰ ਆਪਣਾ ਬਰਾਂਡ ਅੰਬੈਸਡਰ ਬਣਾ ਕੇ ਭੇਟ ਕੀਤਾ ਸੀ। ਉਹਦੇ ਇਕ ਬੂਟ ਉਤੇ 'ਫੌਜਾ ਤੇ ਦੂਜੇ ਉਤੇ 'ਸਿੰਘ ਦੇ ਸਟਿੱਕਰ ਲਾ ਦਿੱਤੇ ਸਨ।

ਚਾਹ ਪੀਂਦਿਆਂ ਪਤਾ ਲੱਗਾ ਕਿ ਉਹਦੀ ਮੁੱਖ ਖ਼ੁਰਾਕ ਦਾਲ ਫੁਲਕਾ ਹੈ। ਸਵੇਰੇ ਚਾਹ ਦੇ ਕੱਪ ਨਾਲ ਅਲਸੀ ਦੀ ਪਿੰਨੀ। ਦੁਪਹਿਰੇ ਦਾਲ/ਸਬਜ਼ੀ ਨਾਲ ਇਕੋ ਰੋਟੀ। ਰਾਤ ਦੀ ਰੋਟੀ ਪਿੱਛੋਂ ਦੁੱਧ ਦਾ ਗਲਾਸ। ਖ਼ਾਸ ਖ਼ੁਰਾਕ ਅਧਰਕ ਦੀ ਤਰੀ। ਦੂਜੀ ਖ਼ੁਰਾਕ ਹਾਸਾ ਮਜ਼ਾਕ ਜੀਹਦੇ 'ਚ ਉਹ ਆਪਣੇ ਆਪ ਨੂੰ ਵੀ ਨਹੀਂ ਬਖਸ਼ਦਾ। ਤੀਜੀ ਖ਼ੁਰਾਕ ਤੁਰਨਾ ਫਿਰਨਾ, ਪਰ੍ਹੇ 'ਚ ਜਾਣਾ ਤੇ ਪਿੰਡ ਤੋਂ ਦੀ ਗੇੜੀ ਦੇਣਾ। ਉਸ ਨੇ ਘਰਦਿਆਂ ਨੂੰ ਆਖ ਰੱਖਿਐ, "ਮੈਨੂੰ ਚੰਗੀ ਖ਼ਬਰ ਦੱਸਿਓ, ਮਾੜੀ ਨਾ ਦੱਸਿਓ। ਮੇਰੀ ਖ਼ੁਸ਼ੀ 'ਚ ਭੰਗਣਾ ਨਾ ਪਾਓ।"

ਫੌਜਾ ਸਿੰਘ ਨਾਲ ਮੇਰੀਆਂ ਪਹਿਲਾਂ ਵੀ ਮੁਲਾਕਾਤਾਂ ਹੋਈਆਂ ਸਨ ਤੇ ਇੰਟਰਵਿਊ ਛਪਦੇ ਰਹੇ ਸਨ। ਕਦੇ ਅਸੀਂ ਇੰਗਲੈਂਡ 'ਚ ਮਿਲਦੇ, ਕਦੇ ਕੈਨੇਡਾ ਵਿਚ ਟੋਰਾਂਟੋ ਤੇ ਵੈਨਕੂਵਰ, ਕਦੇ ਸਾਡੇ ਪਿੰਡ ਚਕਰ ਤੇ ਕਦੇ ਉਹਦੇ ਪਿੰਡ। ਅਸੀਂ ਉਸ ਨੂੰ ਚਕਰ ਦੀ ਮੌਰਗਨ ਝੀਲ 'ਚ ਕਿਸ਼ਤੀ 'ਤੇ ਝੂਟੇ ਦੁਆਏ ਸਨ ਤੇ ਪਿੰਡ ਦੀਆਂ ਮਾਡਰਨ ਸੱਥਾਂ ਵਿਖਾਈਆਂ ਸਨ। ਉਦੋਂ ਉਹ ਚਕਰ ਦੀ ਸਪੋਰਟਸ ਅਕੈਡਮੀ ਨੂੰ ਭਾਗ ਲਾਉਣ ਆਇਆ ਸੀ। ਮੈਂ ਪੁੱਛਿਆ ਸੀ, "ਇਸ ਉਮਰ 'ਚ ਕੀ ਚੰਗਾ ਲੱਗਦੈ?"

ਬਾਕੀ ਹਿਸਾ ਸਫ਼ਾ 62 ਤੇ ਪੜ੍ਹੋ →

61 ਸਫ਼ੇ ਦੀ ਬਾਕੀ

ਜਵਾਬ ਮਿਲਿਆ ਸੀ, "ਬੱਚੇ। ਬੱਚੇ ਰੱਬ ਦਾ ਰੂਪ ਹੁੰਦੇ ਨੇ। ਜਦੋਂ ਮੈਨੂੰ ਸਕੂਲਾਂ 'ਚ ਜਾਣ ਦਾ ਸੱਦਾ ਮਿਲਦੈ ਤਾਂ ਬੱਚਿਆਂ ਨੂੰ ਦੇਖ ਕੇ ਮੇਰੀ ਰੂਹ ਖਿੜ ਜਾਂਦੀ ਐ। ਉਹਨਾਂ ਦੀ ਸੰਗਤ ਮੈਨੂੰ ਖ਼ੁਸ਼ੀ ਬਖ਼ਸ਼ਦੀ ਐ। ਮੈਂ ਆਪ ਤਾਂ ਸਕੂਲੇ ਪੜ੍ਹਨੇ ਨੀ ਪਿਆ, ਪਰ ਕਿੰਨੇ ਚੰਗੇ ਭਾਗ ਆ ਮੇਰੇ ਕਿ ਹੁਣ ਮੈਨੂੰ ਸਕੂਲਾਂ 'ਚ ਜਾਣ ਦੇ ਸੱਦੇ ਮਿਲਦੇ ਆ। ਮੇਰੇ ਦਿਲ 'ਚ ਬੱਚਿਆਂ ਵਰਗੀ ਖ਼ੁਸ਼ੀ ਫੁੱਟਦੀ ਰਹਿੰਦੀ ਆ। ਮੈਂ ਨਵੀਆਂ ਜੰਮੀਆਂ ਬੱਚੀਆਂ ਲਈ ਚੈਰਿਟੀ ਦੌੜਾਂ ਦੌੜਦਾਂ। ਧੁਰ ਅੰਦਰੋਂ ਤਾਂ ਮੈਂ ਬੱਚਾ ਈ ਆਂ!"

ਇੰਟਰਵਿਊ ਦਿੰਦਿਆਂ ਉਹ ਖੁੱਲ੍ਹ ਕੇ ਗੱਲਾਂ ਕਰਦੈ। ਕਿਸੇ ਗੱਲ 'ਚ ਰਹੱਸ, ਕਿਸੇ 'ਚ ਅਟੱਲ ਸਚਾਈ ਤੇ ਕਿਸੇ 'ਚ ਹਾਸਾ ਮਜ਼ਾਕ। ਧਰਮਰਾਜ ਕੋਲ ਜਾਣ ਬਾਰੇ ਪੁੱਛੀਏ ਤਾਂ ਕਹਿੰਦਾ ਹੈ, "ਉਮਰ ਦੀਆਂ ਸਾਰੀਆਂ ਛੱਲੀਆਂ ਚੂੰਡ ਕੇ ਵਿਦਾ ਹੋਵਾਂਗਾ!"

ਟੋਰਾਂਟੋ ਦੀ ਇਕ ਪਾਰਟੀ 'ਚ ਬਰਾਂਡਿਡ ਸੂਟ 'ਚ ਸਜੇ ਬਾਬਾ ਫੌਜਾ ਸਿੰਘ ਨੂੰ ਮੈਂ ਹਾਸੇ ਭਾਣੇ ਪੁੱਛਿਆ ਸੀ, "ਤੁਸੀਂ ਕਪੜਾ ਲੱਤਾ ਬਰਾਂਡਿਡ ਪਾਉਂਦੇ ਓ, ਕਿਤੇ ਕਿਸੇ ਨੂੰ ਪੱਟਣਾ ਤਾਂ ਨੀ?"

ਬਾਬਾ ਮਿੰਨ੍ਹਾ-ਮਿੰਨ੍ਹਾ ਮੁਸਕਰਾਇਆ ਸੀ, "ਇਹ ਸੁਆਲ ਹੋਰ ਪੱਤਰਕਾਰ ਵੀ ਪੁੱਛਦੇ ਆ। ਪਹਿਲੀ ਗੱਲ ਤਾਂ ਇਹ ਆ, ਮੈਂ ਆਪਣੇ ਆਪ ਨੂੰ ਕਦੇ ਬਾਬਾ ਸਮਝਿਆ ਈ ਨੀ। ਰਹੀ ਗੱਲ ਕਿਸੇ ਨੂੰ ਪੱਟਣ ਦੀ। ਪੱਟਣਾ ਪੁਟਣਾ ਮੈਂ ਹੁਣ ਕੀਹਨੂੰ ਐਂ? ਜਦੋਂ ਤਕ ਸਾਹ ਚਲਦੇ ਆ, ਦੌੜਦੇ ਰਹਿਣ ਦੀ ਚਾਹ ਹੈ। ਰੱਬ ਮੇਰੇ ਉਤੇ ਦਿਆਲ ਐ। ਮੈਨੂੰ ਜੋ ਮਿਲ ਰਿਹੈ ਸਭ ਉਹਦੀ ਮਿਹਰ ਐ। ਮੇਰੀ ਔਕਾਤ ਈ ਕੀ ਸੀ? ਐਹੋ ਜੇ ਸੋਹਣੇ ਕਪੜੇ ਮੇਰੇ ਵਿਆਹ ਵੇਲੇ ਵੀ ਨਾ ਸੀ ਜੁੜੇ। ਨਾ ਚੱਜ ਦੀ ਪੱਗ ਜੁੜੀ ਸੀ ਨਾ ਚੱਜ ਦਾ ਝੱਗਾ।"

"ਜੀਵਨ ਜਿਥੇ ਲੈ ਆਇਆ, ਉਸ ਮੁਕਾਮ 'ਤੇ ਕੀ ਮਹਿਸੂਸ ਕਰਦੇ ਓ?"

"ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਂ ਕੌਣ ਆਂ ਦੌੜਨ ਵਾਲਾ? ਇਕ ਗੱਲ ਪੱਕੀ ਐ, ਮੈਂ ਕਦੇ ਲਾਲਚ ਲਈ ਨੀ ਦੌੜਿਆ। ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਿਟੀ ਦੇ ਲੇਖੇ ਲਾਤਾ। ਸੋਚਦਾਂ ਖੌਰੇ ਕਿਸੇ ਓਸ ਗ਼ਰੀਬ ਦਾ ਵੀ ਭਲਾ ਕੀਤਾ ਹੋਊ ਜੀਹਦੀਆਂ ਅਸੀਸਾਂ ਨਾਲ ਮੈਂ ਦੌੜੀ ਜਾ ਰਿਹਾਂ।"

"ਤੁਸੀਂ ਰੱਬ ਨੂੰ ਬਹੁਤ ਮੰਨਦੇ ਓ। ਰੱਬ ਨੂੰ ਪਾਉਣ ਲਈ ਕੀ ਕੀਤਾ ਜਾਵੇ?"

"ਸੱਚ ਦੇ ਨੇੜੇ ਰਹੋ ਤੇ ਕਿਸੇ ਦਾ ਦਿਲ ਨਾ ਦੁਖਾਓ। ਵਾਧੂ ਉਲਝੋ ਨਾ। ਜਦੋਂ ਗੱਲ ਬਹਿਸ 'ਚ ਪੈ ਜਾਂਦੀ ਆ ਤਾਂ ਮਾਮਲਾ ਖਰਾਬ ਹੋ ਜਾਂਦੈ। ਰੱਬ ਬਹਿਸ ਵਿਚ ਨਹੀਂ, ਰਜ਼ਾਮੰਦੀ 'ਚ ਐ।"

ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਬੰਦੇ ਦੇ ਜੀਵਨ ਵਿਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਜੋ ਕੁਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ!

ਜਿਸ ਦਿਨ ਉਹ ਲੰਡਨ ਦੀਆਂ ਓਲੰਪਿਕ ਖੇਡਾਂ ਦੀ ਮਿਸ਼ਾਲ ਲੈ ਕੇ ਦੌੜਿਆ ਸੀ ਰਸਤੇ 'ਚ ਛਬੀਲਾਂ ਤੇ ਲੰਗਰ ਲੱਗ ਗਏ ਸਨ। ਪੱਗ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ ਉਨੀ ਸ਼ਾਇਦ ਕਿਸੇ ਹੋਰ ਸਿੱਖ ਨੇ ਨਹੀਂ ਕਰਾਈ ਹੋਣੀ। ਫੌਜਾ ਸਿੰਘ ਆਪ ਕਹਿੰਦਾ ਹੈ ਕਿ ਮੇਰੀ ਪਛਾਣ ਉਨੀ ਮੇਰੇ ਦੌੜਨ ਕਰਕੇ ਨਹੀਂ ਜਿੰਨੀ ਪੱਗ ਦਾੜ੍ਹੀ ਕਰਕੇ ਹੈ। ਉਹ ਸਿਰੜੀ ਹੈ ਤੇ ਲੋਭ ਲਾਲਚ ਤੋਂ ਪਰੇ ਹੈ।

ਕਹਿੰਦਾ ਹੈ, "ਕਮਾਉਣ ਨੂੰ ਤਾਂ ਭਾਵੇਂ ਮੈਂ ਮਿਲੀਅਨ ਪੌਂਡ ਕਮਾ ਲੈਂਦਾ ਪਰ ਕਰਨੇ ਕੀ ਆ? ਲੋੜ ਜੋਗਾ ਰੱਬ ਦਾ ਦਿੱਤਾ ਬਹੁਤ ਕੁਝ ਹੈ। ਬੱਸ ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਸਾਰੀਆਂ ਦੌਲਤਾਂ।" ਉਹ ਸਰਬੱਤ ਦਾ ਭਲਾ ਲੋਚਦੈ ਤੇ ਹਰ ਇਕ ਨੂੰ ਸਿਹਤਯਾਬ ਵੇਖਣਾ ਚਾਹੁੰਦੈ।

ਐਤਕੀਂ ਉਸ ਨੇ ਭੇਤ ਦੀ ਗੱਲ ਦੱਸੀ ਕਿ ਘੱਟ ਖਾਣ ਵਾਲੇ ਬੰਦੇ ਘੱਟ ਮਰਦੇ ਆ ਤੇ ਵੱਧ ਖਾਣ ਵਾਲੇ ਵੱਧ। ਉਸ ਦੀ ਲੰਮੀ ਉਮਰ ਤੇ ਚੰਗੀ ਸਿਹਤ ਦਾ ਰਾਜ਼ ਵਾਧੂ ਖਾਣ ਪੀਣ ਤੋਂ ਪ੍ਰਹੇਜ਼ ਕਰਨਾ ਹੈ।

ਉਸ ਨੇ ਲੰਡਨ ਦੀਆਂ ਪੰਜ, ਟੋਰਾਂਟੋ ਦੀਆਂ ਦੋ ਤੇ ਨਿਊ ਯੌਰਕ ਦੀ ਇਕ ਮੈਰਾਥਨ ਦੇ ਨਾਲ ਕਈ ਹਾਫ਼ ਮੈਰਾਥਨਾਂ ਤੇ ਹੋਰ ਦੌੜਾਂ ਵੀ ਜਿੱਤੀਆਂ ਹਨ। 94 ਮਿੰਟਾਂ ਵਿਚ ਯੂਕੇ ਦੇ 200, 400, 800 ਤੇ 3000 ਮੀਟਰ ਦੌੜਾਂ ਦੇ ਨਵੇਂ ਰਿਕਾਰਡ ਰੱਖੇ ਹਨ। ਸੌ ਸਾਲ ਦੀ ਉਮਰ ਟੱਪ ਕੇ ਟੋਰਾਂਟੋ ਵਿਚ ਦੌੜਦਿਆਂ ਉਸ ਨੇ ਇਕੋ ਦਿਨ ਅੱਠ ਦੌੜਾਂ ਲਾਈਆਂ ਤੇ ਪੰਜ ਵਿਸ਼ਵ ਰਿਕਾਰਡ ਰੱਖੇ।

ਉਹਨਾਂ ਦੇ 15 ਖੇਤ ਆਪਣੇ ਹਨ ਤੇ ਕੁਝ ਹੋਰ ਖੇਤ ਠੇਕੇ 'ਤੇ ਲੈ ਕੇ ਛੋਟਾ ਪੁੱਤਰ ਖੇਤੀ ਵਾਹੀ ਕਰ ਰਿਹੈ। ਵਿਹੜੇ 'ਚ ਟ੍ਰੈਕਟਰ ਟਰਾਲੀ ਵੀ ਸੀ ਤੇ ਮੱਝਾਂ ਗਾਈਆਂ ਵੀ ਸਨ। ਰੁੱਖ ਵੀ ਤੇ ਫਲਦਾਰ ਬੂਟੇ ਵੀ। ਵਿਦਾ ਹੁੰਦਿਆਂ ਮੈਂ ਪੁੱਛਿਆ, "ਤੁਸੀਂ ਦੁਨੀਆ ਦੇਖੀ ਹੈ, ਸਭ ਤੋਂ ਚੰਗੀ ਥਾਂ ਕਿਹੜੀ ਲੱਗੀ?"

ਮੈਰਾਥਨ ਦਾ ਮਹਾਂਰਥੀ ਮੁਸਕਰਾਇਆ, "ਜਿਥੇ ਤੁਸੀਂ ਵਸਦੇ ਓ, ਓਹੀ ਥਾਂ ਸਭ ਤੋਂ ਚੰਗੀ। ਮੇਰਾ ਮਨਭਾਉਂਦਾ ਗੀਤ ਐ, ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨੀ ਮੰਗੀਦਾ। ਸੱਚ ਇਹੋ ਈ ਐ। ਵੈਸੇ ਬੱਚੇ ਨੂੰ ਉਹ ਥਾਂ ਚੰਗੀ ਲੱਗਦੀ ਐ ਜਿਥੇ ਉਹਦੇ ਮਾਪੇ ਹੋਣ, ਬਾਲਗ ਨੂੰ ਉਹ ਥਾਂ ਚੰਗੀ ਜਿਥੇ ਉਹਨੂੰ ਰੁਜ਼ਗਾਰ ਮਿਲੇ ਤੇ ਪ੍ਰੇਮੀ ਨੂੰ ਉਹ ਥਾਂ ਪਿਆਰੀ ਜਿਥੇ ਉਹਦਾ ਪਿਆਰਾ ਵੱਸਦਾ ਹੋਵੇ।"

ਵਿਦਾ ਹੁੰਦਿਆਂ ਮੈਂ ਆਖ਼ਰੀ ਗੱਲ ਪੁੱਛੀ, "ਹੋਰ ਕਿੰਨੀ ਕੁ ਉਮਰ ਜਿਊਣ ਦਾ ਇਰਾਦੈ?"

ਬਾਬਾ ਰਉਂ ਵਿਚ ਸੀ, "ਦਿਲ ਹੋਣਾ ਚਾਹੀਦੈ ਜੁਆਨ ਉਮਰਾਂ 'ਚ ਕੀ ਰੱਖਿਐ?"

*principalsarwansingh@gmail.com*


# ਮਨੋਰੰਜਨ ਦਾ ਮਹੱਤਵ

ਪ੍ਰੋ. ਕੁਲਬੀਰ ਸਿੰਘ



ਮਨੋਰੰਜਨ ਦੀ ਮਨੁੱਖਾ ਜੀਵਨ ਵਿਚ ਬੜੀ ਮਹੱਤਵਪੂਰਨ ਭੂਮਿਕਾ ਹੈ। ਤਣਾਅ ਨੂੰ ਘਟਾਉਣ ਲਈ, ਮਾਨਸਿਕ ਸਿਹਤ ਦੀ ਬਿਹਤਰੀ ਲਈ, ਸਮਾਜ ਨਾਲ - ਲੋਕਾਂ ਨਾਲ ਸਾਂਝ ਲਈ, ਸਿੱਖਣ ਲਈ ਅਤੇ ਸ਼ਖ਼ਸੀਅਤ ਦੇ ਵਿਕਾਸ ਲਈ। ਰੋਜ਼ਾਨਾ ਦੀ ਭੱਜ-ਦੌੜ ਅਤੇ ਰੁਝੇਵਿਆਂ ਤੋਂ ਰਾਹਤ ਲਈ। ਮਨੋਰੰਜਨ ਕੇਵਲ ਸਮਾਂ ਬਤੀਤ ਕਰਨਾ ਨਹੀਂ ਹੈ। ਇਕ ਚੰਗੀ ਫ਼ਿਲਮ, ਇਕ ਚੰਗੀ ਕਿਤਾਬ, ਸਾਨੂੰ ਚਿੰਤਾਵਾਂ, ਫ਼ਿਕਰਾਂ ਅਤੇ ਓਵਰ ਥਿੰਕਿੰਗ ਤੋਂ ਰਾਹਤ ਦਿੰਦੀ ਹੈ। ਇਸ ਨਾਲ ਸਾਡੀ ਕਲਪਨਾ-ਸ਼ਕਤੀ, ਸਾਡੀ ਸਿਰਜਣਾਤਮਕ-ਸ਼ਕਤੀ ਤਿੱਖੀ ਹੁੰਦੀ ਹੈ। ਨਵੇਂ ਵਿਚਾਰ ਸੁੱਝਦੇ ਹਨ। ਸਾਡੇ ਸੋਚਣ ਦਾ ਤਰੀਕਾ ਬਦਲਦਾ ਹੈ।

ਜਦੋਂ ਅਸੀਂ ਪਰਿਵਾਰ ਜਾਂ ਦੋਸਤਾਂ ਨਾਲ ਫ਼ਿਲਮ ਵੇਖਦੇ ਹਾਂ, ਕਿਸੇ ਸੰਗੀਤਕ ਪ੍ਰੋਗਰਾਮ ਵਿਚ ਸ਼ਾਮਲ ਹੁੰਦੇ ਹਾਂ ਅਤੇ ਬਾਅਦ ਵਿਚ ਉਸ ਬਾਰੇ ਵਿਚਾਰ-ਵਿਟਾਂਦਰਾ ਕਰਦੇ ਹਾਂ ਤਾਂ ਇਕ ਹਾਂ-ਪੱਖੀ ਊਰਜਾ, ਇਕ ਉਤਸ਼ਾਹ, ਇਕ ਵਿਸ਼ਵਾਸ, ਇਕ ਸਾਂਝ ਦਾ ਸੰਚਾਰ ਹੁੰਦਾ ਹੈ। ਮਨ ਹਲਕਾ ਹੁੰਦਾ ਹੈ, ਸ਼ਾਂਤ ਹੁੰਦਾ ਹੈ, ਸਾਫ਼ ਹੁੰਦਾ ਹੈ। ਭਾਵਨਾਤਮਕ ਰਿਸਾਅ ਤੇ ਵਿਹਾਅ ਕਾਰਨ ਮਨ ਤੇ ਸਰੀਰ ਸਕੂਨ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਅਰਾਮ ਤੇ ਚੈਨ ਮਹਿਸੂਸ ਕਰਦੇ ਹਨ। ਨਤੀਜੇ ਵਜੋਂ ਨਾੜੀ-ਪ੍ਰਬੰਧ 'ਤੇ ਦਬਾਅ ਘੱਟਦਾ ਹੈ। ਭਾਵੇਂ ਸਮੇਂ ਨਾਲ ਮਨੋਰੰਜਨ ਦੀ ਦੁਨੀਆਂ ਬਦਲ ਰਹੀ ਹੈ ਪਰੰਤੂ ਫ਼ਿਲਮ ਵੇਖਣ, ਸੰਗੀਤ ਸੁਣਨ,



ਮਨਪਸੰਦ ਟੈਲੀਵਿਜ਼ਨ ਪ੍ਰੋਗਰਾਮ ਵੇਖਣ, ਥੀਏਟਰ ਵਿਚ ਨਾਟਕ ਵੇਖਣ, ਨੱਚਣ ਗਾਉਣ, ਤੈਰਨ, ਮਨਪਸੰਦ ਖੇਡ ਖੇਡਣ, ਬਾਗ਼ ਬਗੀਚੇ ਦੀ ਦੇਖ ਭਾਲ ਕਰਨ, ਪੇਂਟਿੰਗ ਵਿਚ ਸਮਾਂ ਬਤਾਉਣ, ਸ਼ੌਕ ਵਿਚ ਰੁੱਝੇ ਰਹਿਣ, ਸੈਰ-ਕਸਰਤ-ਯੋਗਾ ਕਰਨ, ਸਾਈਕਲ ਚਲਾਉਣ, ਪੁਸਤਕਾਂ ਪੜ੍ਹਨ, ਮਨਪਸੰਦ ਭੋਜਨ ਤਿਆਰ ਕਰਨ, ਸਮਾਜਕ ਭਾਈਚਾਰਕ ਸਰਗਰਮੀਆਂ ਵਿਚ ਸ਼ਾਮਲ ਹੋਣ, ਵਲੰਟੀਅਰ ਵਜੋਂ ਕਾਰਜ ਕਰਨ ਦਾ ਮਹੱਤਵ ਕਦੇ ਵੀ ਘੱਟ ਨਹੀਂ ਸਕਦਾ। ਬਲ ਕਿ ਆਮ, ਸਿਹਤਮੰਦ ਤੇ ਅਰਥ ਭਰਪੂਰ ਜੀਵਨ ਜਿਊਣ ਲਈ ਇਹ ਜ਼ਰੂਰੀ ਹੈ।

### ਅਸੀਂ ਭਾਰਤੀ ਕਿੰਨੇ ਖੁਸ਼ ਹਾਂ?

ਦੁਨੀਆਂ ਦੇ 147 ਦੇਸ਼ਾਂ ਵਿਚ ਹੋਏ ਸਰਵੇ ਦੀ ਰਿਪੋਰਟ ਬੀਤੇ ਦਿਨੀਂ ਬੜੀ ਪ੍ਰਮੁੱਖਤਾ ਨਾਲ ਮੀਡੀਆ ਵਿਚ ਉਭਾਰੀ ਗਈ ਹੈ। ਆਕਸਫੋਰਡ ਯੂਨੀਵਰਸਿਟੀ ਦੇ ਵੈੱਲਬੀਇੰਗ ਰੀਸਰਚ ਸੈਂਟਰ ਦੁਆਰਾ ਜਾਰੀ ਰਿਪੋਰਟ ਤਿਆਰ ਕਰਦਿਆਂ ਲੋਕਾਂ ਦੀ ਮੱਦਦ ਕਰਨ ਦੇ ਰੁਝਾਨ, ਸਾਂਝਾ ਕੰਮ ਕਰਨ ਲਈ ਆਪਣੇ ਆਪ ਅੱਗੇ ਆਉਣ ਦੇ ਰੁਝਾਨ, ਲੱਭੀ ਚੀਜ਼ ਵਾਪਿਸ ਕਰਨ ਅਤੇ ਦਾਨ ਕਰਨ ਦੇ ਰੁਝਾਨ ਨੂੰ ਆਧਾਰ ਬਣਾਇਆ ਗਿਆ। ਇਹ ਰਿਪੋਰਟ ਵਿਸ਼ਵ ਖ਼ੁਸ਼ੀ ਦਿਵਸ ਮੌਕੇ 20 ਮਾਰਚ ਨੂੰ ਜਾਰੀ ਕੀਤੀ ਗਈ।

ਭਾਰਤ ਨੂੰ 147 ਦੇਸ਼ਾਂ ਵਿਚੋਂ 118ਵਾਂ ਸਥਾਨ ਮਿਲਿਆ। ਫਿਨਲੈਂਡ ਦੇ ਲੋਕ ਸਭ ਤੋਂ ਖੁਸ਼ ਹਨ। ਦੂਸਰਾ, ਤੀਸਰਾ ਅਤੇ ਚੌਥਾ ਸਥਾਨ ਡੈਨਮਾਰਕ, ਆਈਸਲੈਂਡ ਅਤੇ ਸਵੀਡਨ ਦਾ ਹੈ। ਅਫ਼ਗਾਨਿਸਤਾਨ ਸੂਚੀ ਵਿਚ ਸੱਭ ਤੋਂ ਅਖੀਰ 'ਤੇ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਦੀ ਖੁਸ਼ੀ ਦੇ ਮਾਮਲੇ ਵਿਚ ਨੇਪਾਲ, ਪਾਕਿਸਤਾਨ, ਫ਼ਲਸਤੀਨ ਅਤੇ ਯੂਕਰੇਨ ਵਰਗੇ ਦੇਸ਼ ਵੀ ਭਾਰਤ ਤੋਂ ਬਿਹਤਰ ਸਥਿਤੀ ਵਿਚ ਹਨ। ਮਜ਼ਬੂਤ ਪਰਿਵਾਰਕ ਢਾਂਚਾ, ਸਮਾਜਕ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਭਾਈਚਾਰਕ ਸਾਂਝ ਜਿਹੇ ਪਹਿਲੂ ਭਾਰਤ ਦੀ ਸਥਿਤੀ ਮਜ਼ਬੂਤ ਕਰਦੇ ਹਨ। ਸਰਕਾਰਾਂ ਦੁਆਰਾ ਆਰੰਭ ਕੀਤੇ ਕਈ ਪ੍ਰੋਗਰਾਮ ਅਤੇ ਸਕੀਮਾਂ ਵੀ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

### ਫਿਨਲੈਂਡ ਨੂੰ ਪਹਿਲਾ ਸਥਾਨ ਕਿਉਂ?

ਫਿਨਲੈਂਡ ਨੂੰ ਪਹਿਲਾਂ ਸਥਾਨ ਕਿਉਂ ਮਿਲਦਾ ਹੈ? ਇਸ ਵਿਚ ਸਮਾਜਕ ਸੁਰੱਖਿਆ-ਪ੍ਰਬੰਧ, ਨਾਮਾਤਰ ਭ੍ਰਿਸ਼ਟਾਚਾਰ, ਉੱਚ ਵਿਸ਼ਵਾਸ-ਪੱਧਰ, ਕੰਮ-ਸਥਾਨ ਦਾ ਸੁਖਾਵਾਂ ਮਾਹੌਲ, ਕੁਦਰਤ ਨਾਲ ਨੇੜਤਾ, ਕੰਮ ਅਤੇ ਜੀਵਨ ਦਰਮਿਆਨ ਸੰਤੁਸ਼ਟੀਜਨਕ ਸੰਤੁਲਨ, ਕੰਮ ਦੇ ਘੱਟ ਘੰਟੇ, ਪ੍ਰਾਕ੍ਰਿਤਕ ਸੁੰਦਰਤਾ, ਹਰਿਆਵਲ, ਝੀਲਾਂ ਅਤੇ ਸਾਫ਼ ਸਫ਼ਾਈ ਦੀ ਅਹਿਮ ਭੂਮਿਕਾ ਸਾਹਮਣੇ ਆਉਂਦੀ ਹੈ।


ਅਜਾਦੀ, ਉਦਾਰਤਾ ਅਤੇ ਸਿਹਤਮੰਦ ਜੀਵਨ ਦੀ ਉਮੀਦ ਹੋਰ ਮਹੱਤਵਪੂਰਨ ਪਹਿਲੂ ਹਨ। 'ਹਰੇਕ ਵਿਅਕਤੀ ਦਾ ਹੱਕ' ਕਾਨੂੰਨ ਵੀ ਫਿਨਲੈਂਡ ਨੂੰ ਪਹਿਲਾ ਸਥਾਨ ਦਵਾਉਣ ਵਿਚ ਯੋਗਦਾਨ ਪਾਉਂਦਾ ਹੈ। ਇਹ ਉਹ ਕਾਨੂੰਨ ਹੈ ਜਿਸ ਤਹਿਤ ਫਿਨਲੈਂਡ ਦੇ ਹਰੇਕ ਨਾਗਰਿਕ ਨੂੰ ਇਹ ਅਧਿਕਾਰ ਮਿਲਦਾ ਹੈ ਕਿ ਆਪਣੇ ਨੇੜੇ ਦੇ ਕਿਸੇ ਵੀ ਜੰਗਲ ਨੂੰ, ਝੀਲ ਨੂੰ ਜਾਂ ਸਮੁੰਦਰੀ ਕਿਨਾਰੇ ਨੂੰ ਕੈਂਪ ਲਗਾਉਣ, ਹਾਈਕਿੰਗ ਅਤੇ ਫਲ਼ ਚੁਗਣ ਜਿਹੀਆਂ ਸਰਗਰਮੀਆਂ ਲਈ ਵਰਤ ਸਕਦੇ ਹੋ। ਫਿਨਲੈਂਡ ਨੂੰ ਲਗਾਤਾਰ ਅਠਵੀਂ ਵਾਰ ਇਹ ਸਥਾਨ ਮਿਲਿਆ ਹੈ। ਉਥੋਂ ਦੇ ਲੋਕ ਭਲਾਈ ਦੇ ਕੰਮਾਂ ਦਾ ਮਹੱਤਵ ਸਮਝਦੇ ਹਨ। ਦੂਸਰਿਆਂ ਦੀ ਖੁਸ਼ੀ ਵਿਚ ਖੁਸ਼ ਹੁੰਦੇ ਹਨ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬੁਨਿਆਦੀ ਆਰਥਿਕ ਲੋੜਾਂ ਦੀ ਪੂਰਤੀ ਉਪਰੰਤ ਹੀ ਕੋਈ ਵਿਅਕਤੀ ਖੁਸ਼ੀ ਤੇ ਸੰਤੁਸ਼ਟੀ ਅਨੁਭਵ ਕਰਦਾ ਹੈ ਅਤੇ ਦੂਸਰਿਆਂ ਦੀ ਭਲਾਈ ਨੂੰ ਮਦਦ ਲਈ ਨਿਕਲਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਫਿਨਲੈਂਡ ਦੇ ਲੋਕ ਇਸ ਪੱਖੋਂ ਖੁਸ਼ ਤੇ ਸੰਤੁਸ਼ਟ ਹਨ।

* * * * * * *

# ਮਹਾਸ਼ਾ ਬਰਾਦਰੀ ਦਾ ਮਾਣ ਵਧਾਉਣ ਵਾਲੇ:-ਗੁਰੂ ਨਾਭਾ ਦਾਸ ਜੀ

## ਗੁਰਗੱਦੀ ਦਿਵਸ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
ਮੋਬ:9463132719




ਭਾਵੇਂ ਗੁਰੂ, ਪੀਰ ਅਤੇ ਪੈਗੰਬਰ ਸਾਰਿਆਂ ਦੇ ਸਾਂਝੇ ਹੁੰਦੇ ਹਨ ਪਰ ਜਿਹੜੀ ਬਰਾਦਰੀ ਜਾਂ ਭਾਈਚਾਰੇ ਵਿਚ ਉਨ੍ਹਾਂ ਦਾ ਜਨਮ ਹੋਇਆ ਹੁੰਦਾ ਹੈ, ਉਸ ਨਾਲ ਜੁੜੇ ਲੋਕਾਂ ਵੱਲੋਂ ਉਨ੍ਹਾਂ ਮਹਾਂਪੁਰਖਾਂ ਨੂੰ ਵਿਸ਼ੇਸ਼ ਸਤਿਕਾਰ ਅਤੇ ਪਿਆਰ ਦਿੱਤਾ ਜਾਂਦਾ ਹੈ। ਮਹਾਸ਼ਾ (ਡੂਮ) ਬਰਾਦਰੀ ਵਿਚ ਪੈਦਾ ਹੋਏ ਗੋਸਵਾਮੀ ਨਾਭਾ ਦਾਸ ਜੀ ਨੂੰ ਵੀ ਇਸ ਭਾਈਚਾਰੇ ਨਾਲ ਜੁੜੇ ਲੋਕਾਂ (ਮਹਾਸ਼ਿਆਂ) ਵੱਲੋਂ ਰੱਜਵਾਂ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਇਸ ਮਾਣ-ਸਤਿਕਾਰ ਵਜੋਂ ਇਹ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਸਮਝਕੇ ਪੂਜਦੇ ਹਨ ਅਤੇ ਹਰ ਸਾਲ ਅਪਰੈਲ ਮਹੀਨੇ ਦੇ ਅੱਠਵੇਂ ਦਿਨ ਉਨ੍ਹਾਂ ਦਾ ਜਨਮ ਦਿਨ ਬੜੀ ਸ਼ਰਧਾ-ਭਾਵਨਾ ਨਾਲ ਮਨਾਉਂਦੇ ਹਨ।

ਮਹਾਨ ਸੰਤ. ਬ੍ਰਹਮ ਗਿਆਨੀ ਅਤੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਵਜੋਂ ਜਾਣੇ ਜਾਂਦੇ ਗੁਰੂ ਨਾਭਾ ਦਾਸ ਜੀ ਦਾ ਜਨਮ 8 ਅਪ੍ਰੈਲ 1537 ਈ. ਨੂੰ ਗੋਦਾਵਰੀ ਨਦੀ ਦੇ ਕੰਢੇ 'ਤੇ ਵੱਸੇ ਪਿੰਡ ਭਦਰਾਚੱਲ ਵਿਖੇ ਹੋਇਆ। ਇਹ ਪਿੰਡ ਤੇਲੰਗਾਨਾ ਸੂਬੇ ਦੇ ਜ਼ਿਲ੍ਹਾ ਖਮਾਮ ਵਿਚ ਪੈਂਦਾ ਹੈ। ਉਨ੍ਹਾਂ ਦੀ ਮਾਤਾ ਦਾ ਨਾਮ ਜਾਨਕੀ ਦੇਵੀ ਅਤੇ ਪਿਤਾ ਦਾ ਨਾਂ ਸ੍ਰੀ ਰਾਮਦਾਸ ਸੀ। ਪਿੰਡ ਵਾਸੀ ਰਾਮਦਾਸ ਜੀ ਨੂੰ ਅਕਸਰ ਰਾਮਦਾਸੂ ਕਹਿ ਹੀ ਬੁਲਾਉਂਦੇ ਸਨ। ਇਸ ਪਰਿਵਾਰ ਦਾ ਸਬੰਧ ਹਿੰਦੋਸਤਾਨ ਦੀ ਮਿਹਨਤਕਸ਼ ਸ਼੍ਰੇਣੀ ਵਜੋਂ ਜਾਣੀ ਜਾਂਦੀ ਮਹਾਸ਼ਾ/ਡੂਮ ਬਰਾਦਰੀ ਨਾਲ ਹੈ।

ਭਾਵੇਂ ਰਾਮਦਾਸ ਜੀ ਦੀ ਰੋਟੀ-ਰੋਜ਼ੀ ਦਾ ਵਸੀਲਾ ਬੈਂਤ ਦੀਆਂ ਟੋਕਰੀਆਂ ਬਣਾ ਕੇ ਵੇਚਣਾ ਸੀ ਪਰ ਉਹ ਕੁੱਝ ਕੁ ਸੰਗੀਤਕ ਸਾਜਾਂ ਨੂੰ ਵਜਾਉਣ ਵਿਚ ਵੀ ਕਾਫ਼ੀ ਮੁਹਾਰਤ ਰੱਖਦੇ ਸਨ। ਪਿੰਡ ਭਦਰਾਚੱਲ ਵਿਚ ਭਗਵਾਨ ਰਾਮ ਚੰਦਰ ਜੀ ਦਾ ਮੰਦਰ ਬਣਿਆ ਹੋਣ ਕਰਕੇ ਰਾਮਦਾਸ ਦੀ ਭਗਵਾਨ ਰਾਮ ਚੰਦਰ ਜੀ ਦੇ ਪ੍ਰਤੀ ਅਥਾਹ ਸ਼ਰਧਾ ਸੀ।

ਰਾਮਦਾਸ ਅਤੇ ਜਾਨਕੀ ਦੇਵੀ ਦੇ ਵਿਆਹ ਨੂੰ ਲੰਮਾ ਸਮਾਂ ਹੋ ਜਾਣ ਦੇ ਬਾਵਜੂਦ ਵੀ ਉਨ੍ਹਾਂ ਦੇ ਵਿਹੜੇ ਵਿਚ ਕੋਈ (ਔਲਾਦ ਕਰਕੇ) ਰੌਣਕ ਨਹੀਂ ਸੀ ਲੱਗ ਸਕੀ। ਇਸ ਦਾ ਦੋਵਾਂ ਜੀਆਂ ਨੂੰ ਕੁੱਝ ਝੋਰਾ ਵੀ ਲੱਗਾ ਰਹਿੰਦਾ ਸੀ, ਕਿਉਂਕਿ ਪਿੰਡ ਦੇ ਕਈ ਲੋਕ ਅਕਸਰ ਉਨ੍ਹਾਂ ਨੂੰ ਔਂਤਰੇ ਹੋਣ ਦਾ ਮੇਹਣਾ ਵੀ ਮਾਰ ਦਿੰਦੇ ਸਨ। ਪਿੰਡ ਵਾਲਿਆਂ ਦੇ ਮੇਹਣਿਆਂ ਤੋਂ ਤੰਗ ਆ ਕੇ ਦੋਵਾਂ ਜੀਆਂ ਨੇ ਭਗਵਾਨ ਰਾਮ ਚੰਦਰ ਦੇ ਮੰਦਰ ਵਿਚ ਜਾ ਕੇ ਪੁੱਤਰ ਦੇ ਵਰ ਲਈ ਬੇਨਤੀ ਕੀਤੀ। ਰਾਮਦਾਸ ਅਤੇ ਜਾਨਕੀ ਦੇਵੀ ਦੁਆਰਾ ਕੀਤੀ ਗਈ ਇਹ ਬੇਨਤੀ ਪ੍ਰਵਾਨ ਹੋ ਗਈ ਜਿਸ ਦੀ ਬਾਦੌਲਤ ਉਨ੍ਹਾਂ ਦੇ ਗ੍ਰਹਿ ਵਿਖੇ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਨਰਾਇਣਦਾਸ ਰੱਖਿਆ ਗਿਆ। ਮਾਤਾ ਪਿਤਾ ਨੂੰ ਪੁੱਤਰ ਦੇ ਜਨਮ ਦੀ ਖ਼ੁਸ਼ੀ ਤਾਂ



ਮਹਾਨ ਸੰਤ. ਬ੍ਰਹਮ ਗਿਆਨੀ ਅਤੇ ਧਾਰਮਿਕ ਗ੍ਰੰਥਾਂ ਦੇ ਰਚੇਤਾ ਵਜੋਂ ਜਾਣੇ ਜਾਂਦੇ ਗੁਰੂ ਨਾਭਾ ਦਾਸ ਜੀ ਦਾ ਜਨਮ 8 ਅਪ੍ਰੈਲ 1537 ਈ. ਨੂੰ ਗੋਦਾਵਰੀ ਨਦੀ ਦੇ ਕੰਢੇ 'ਤੇ ਵੱਸੇ ਪਿੰਡ ਭਦਰਾਚੱਲ ਵਿਖੇ ਹੋਇਆ। ਇਹ ਪਿੰਡ ਤੇਲੰਗਾਨਾ ਸੂਬੇ ਦੇ ਜ਼ਿਲ੍ਹਾ ਖਮਾਮ ਵਿਚ ਪੈਂਦਾ ਹੈ। ਉਨ੍ਹਾਂ ਦੀ ਮਾਤਾ ਦਾ ਨਾਮ ਜਾਨਕੀ ਦੇਵੀ ਅਤੇ ਪਿਤਾ ਦਾ ਨਾਂ ਸ੍ਰੀ ਰਾਮਦਾਸ ਸੀ। ਪਿੰਡ ਵਾਸੀ ਰਾਮਦਾਸ ਜੀ ਨੂੰ ਅਕਸਰ ਰਾਮਦਾਸੂ ਕਹਿ ਹੀ ਬੁਲਾਉਂਦੇ ਸਨ। ਇਸ ਪਰਿਵਾਰ ਦਾ ਸਬੰਧ ਹਿੰਦੋਸਤਾਨ ਦੀ ਮਿਹਨਤਕਸ਼ ਸ਼੍ਰੇਣੀ ਵਜੋਂ ਜਾਣੀ ਜਾਂਦੀ ਮਹਾਸ਼ਾ/ਡੂਮ ਬਰਾਦਰੀ ਨਾਲ ਹੈ।

ਹੋਈ ਪਰ ਕੁੱਝ ਸਮੇਂ ਬਾਅਦ ਇਹ ਖ਼ੁਸ਼ੀ ਅੱਧੀ ਹੀ ਰਹਿ ਗਈ ਕਿਉਂਕਿ ਜਿਸ ਪੁੱਤਰ ਦਾ ਜਨਮ ਉਨ੍ਹਾਂ ਦੇ ਘਰ ਹੋਇਆ ਸੀ ਉਹ ਦੋਵਾਂ ਨੇਤਰਾਂ ਤੋਂ ਹੀਣਾ ਸੀ। ਨਰਾਇਣਦਾਸ ਦੇ ਨੇਤਰਹੀਣ ਹੋਣ ਕਰਕੇ ਉਸ ਦੀ ਪਾਲਣਾ ਲਈ ਵਧੇਰੇ ਦੇਖਭਾਲ ਅਤੇ ਪਿਆਰ ਦੀ ਲੋੜ ਸੀ ਜਿਸ ਵਿਚ ਉਨ੍ਹਾਂ ਨੇ ਕੋਈ ਕਮੀ ਨਹੀਂ ਆਉਣ ਦਿੱਤੀ। ਕਰਨੀ ਰੱਬ ਦੀ ਨਰਾਇਣਦਾਸ ਦੀ ਦੇਖਭਾਲ ਅਤੇ ਪਿਆਰ ਦਾ ਇਹ ਸਿਲਸਲਾ ਬਹੁਤੀ ਦੇਰ ਨਾ ਚੱਲ ਸਕਿਆ ਕਿਉਂਕਿ ਉਹ ਅਜੇ ਪੰਜ ਕੁ ਸਾਲ ਦਾ ਹੀ ਹੋਇਆ ਸੀ ਕਿ ਮਾਤਾ-ਪਿਤਾ ਦੋਵੇਂ ਹੀ ਅੱਖਾਂ ਮੀਟ ਗਏ। ਮਾਤਾ-ਪਿਤਾ ਦੇ ਇਸ ਤਰ੍ਹਾਂ ਅਚਾਨਕ ਤੁਰ ਜਾਣ 'ਤੇ ਬਾਲਕ ਨਰਾਇਣਦਾਸ ਇਕੱਲਾ ਰਹਿ ਗਿਆ। ਆਪਣੀ ਇਸ ਇਕੱਲਤਾ ਤੋਂ ਘਬਰਾਉਣ ਦੀ ਬਜਾਏ ਉਸ ਨੇ ਇਸ ਨੂੰ ਭਗਵਾਨ ਰਾਮ ਚੰਦਰ ਜੀ ਨੂੰ ਸਮਰਪਿਤ ਕਰ ਦਿੱਤਾ। ਉਹ ਨਿੱਤਨੇਮ ਨਾਲ ਮੰਦਰ ਵਿਚ ਜਾਂਦਾ ਅਤੇ ਆਪਣੇ ਤਨ ਤੇ ਮਨ ਨੂੰ ਪ੍ਰਭੂ-ਭਗਤੀ ਵਿਚ ਰੰਗ ਲੈਂਦਾ। ਮੰਨਿਆ ਜਾਂਦਾ ਹੈ ਕਿ ਉਸ ਦੀ ਇਸ ਭਗਤੀ ਨੇ ਬਚਪਨ ਵਿਚ ਹੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਗੋਦਾਵਰੀ ਦੇ ਕਿਨਾਰੇ 'ਤੇ ਆਪਣੇ ਹਾਣੀਆਂ ਨਾਲ ਖੇਡਣ ਜਾਂਦਾ ਤਾਂ ਉਹ ਨਦੀ ਵਿਚਲੀ ਰੇਤ ਦੇ ਲੱਡੂ ਬਣਾਉਣ ਲੱਗ ਪੈਂਦਾ। ਖੇਡਦਿਆਂ-ਖੇਡਦਿਆਂ ਜਦੋਂ ਉਸ ਦੀ ਬਿਰਤੀ ਭਗਵਾਨ ਨਾਲ ਜੁੜ ਜਾਂਦੀ ਤਾਂ ਇਹ ਲੱਡੂ ਅਸਲੀ ਮਠਿਆਈ ਦਾ ਰੂਪ ਧਾਰਨ ਕਰ ਲੈਂਦੇ। ਇੱਕ ਦਿਨ ਬਾਲਕ ਨਰਾਇਣ ਦਾਸ ਇੱਕ ਦਰਖ਼ਤ ਦੇ ਹੇਠ ਪ੍ਰਭੂ-ਭਗਤੀ ਵਿਚ ਲੀਨ ਬੈਠਾ ਸੀ ਕਿ ਉਸ ਦੇ ਕੋਲ ਦੀ ਸੰਤ ਅਗਰਦਾਸ ਅਤੇ ਕੀਲਦਾਸ ਜੀ ਲੰਘੇ। ਇਹ ਦੋਵੇਂ ਸੰਤ ਆਪਣੇ ਸਮੇਂ ਦੇ ਪਹੁੰਚੇ ਹੋਏ ਸੰਤ ਸਨ। ਅੰਤਰ ਧਿਆਨ ਹੋਏ ਬਾਲਕ ਨੇੜੇ ਜਾ ਕੇ ਇਨ੍ਹਾਂ ਸੰਤਾਂ ਨੇ ਪੁੱਛਿਆ-

'ਹੇ ਬਾਲਕ ! ਤੂੰ ਕੌਣ ਹੈਂ ਅਤੇ ਇੱਥੇ ਕੀ ਕਰ ਰਿਹਾ ਹੈਂ ?'

'ਮੈਂ ਪ੍ਰਭੂ ਦੁਆਰਾ ਬਣਾਇਆ ਹੋਇਆ ਪੰਜ ਤੱਤਾਂ ਦਾ ਪੁਤਲਾ ਹਾਂ ਅਤੇ ਉਸ ਦੀ ਯਾਦ ਵਿਚ ਮਗਨ ਹੋਇਆ ਬੈਠਾ ਹਾਂ।' ਬਾਲਕ ਨੇ ਜੁਆਬ ਦਿੱਤਾ।

ਇੱਕ ਛੋਟੇ ਜਿਹੇ ਬਾਲਕ ਕੋਲੋਂ ਬਹੁਤ ਡੂੰਘਾ ਅਤੇ ਰਮਜ਼ ਭਰਿਆ ਜਵਾਬ ਸੁਣ ਕੇ ਦੋਵੇਂ ਸੰਤ ਬਹੁਤ ਹੈਰਾਨ ਹੋਏ। ਇਸ ਹੈਰਾਨੀ ਦੇ ਨਾਲ-ਨਾਲ ਉਨ੍ਹਾਂ ਨੂੰ ਕੁੱਝ ਪ੍ਰਸੰਨਤਾ ਵੀ ਹੋਈ। ਇਸ ਪ੍ਰਸੰਨਤਾ ਵੱਸ ਉਨ੍ਹਾਂ ਨੇ ਨਰਾਇਣ ਦਾਸ ਨੂੰ ਆਪਣੇ ਨਾਲ ਲੈ ਜਾਣ ਦੀ ਇੱਛਾ ਪ੍ਰਗਟ ਕੀਤੀ ਪਰ ਉਸ ਨੇ ਕਿਹਾ ਕਿ ਉਹ ਨੇਤਰਹੀਣ ਹੋਣ ਕਰਕੇ ਕਿਧਰੇ ਜਾ ਨਹੀਂ ਸਕਦਾ। ਉਸ ਦੀ ਇਹ ਗੱਲ ਸੁਣ ਕੇ ਸੰਤ ਕੀਲ ਦਾਸ ਨੇ ਆਪਣੇ ਹੱਥਾਂ ਨਾਲ ਜਲ ਦੇ ਕੁੱਝ ਛਿੱਟੇ ਬਾਲਕ ਨਰਾਇਣ ਦਾਸ ਦੇ ਨੇਤਰਾਂ 'ਤੇ ਮਾਰੇ ਜਿਸ ਨਾਲ ਉਸ ਨੂੰ ਸਾਫ਼ ਦਿਖਾਈ ਦੇਣ ਲੱਗ ਪਿਆ।

ਸੰਤਾਂ ਦੀ ਕਿਰਪਾ ਨਾਲ ਹੁਣ ਨਰਾਇਣ ਦਾਸ ਨੂੰ ਇੱਕ ਨਵੀਂ ਰੋਸ਼ਨੀ ਮਿਲ ਚੁੱਕੀ ਸੀ। ਇਸ ਰੋਸ਼ਨੀ ਸਦਕਾ ਉਹ ਹੁਣ ਉਨ੍ਹਾਂ ਸੰਤਾਂ ਦੇ ਨਾਲ ਹੀ ਹੋ ਤੁਰਿਆ ਮੰਜ਼ਿਲਾਂ ਨੂੰ ਮਾਰਦੇ ਹੋਏ ਇਹ ਸੰਤ ਉਸ ਨੂੰ ਜੈਪੁਰ (ਰਾਜਸਥਾਨ) ਸ਼ਹਿਰ ਦੇ ਘਲਟਾ ਧਾਮ ਵਿਖੇ ਲੈ ਆਏ।

ਧਾਮ ਵਿਖੇ ਪਹੁੰਚ ਕੇ ਨਰਾਇਣ ਦਾਸ ਨੇ ਸੰਤ ਅਗਰਦਾਸ ਅੱਗੇ ਬੇਨਤੀ ਕੀਤੀ ਉਸ ਨੂੰ ਧਾਮ ਦੀ ਕੋਈ ਪੱਕੀ ਸੇਵਾ/ ਜ਼ਿੰਮੇਵਾਰੀ ਸੌਂਪ ਦਿੱਤੀ ਜਾਵੇ।ਉਸ ਦੀ ਸੇਵਾ-ਭਾਵਨਾ ਨੂੰ ਦੇਖਦਿਆਂ ਸੰਤ ਜੀ ਨੇ ਕਿਹਾ ਕਿ ਜਦੋਂ ਮੈਂ ਸਤਿਸੰਗ ਵਿਚ ਆਈ ਸੰਗਤ ਨੂੰ ਉਪਦੇਸ਼ ਕਰਾਂ ਤਾਂ ਤੂੰ ਹੱਥ-ਪੱਖਾ ਝਲਣ ਦੀ ਸੇਵਾ ਕਰਿਆ ਕਰ।ਗੁਰੂ ਦਾ ਹੁਕਮ ਪਾ ਕੇ ਨਰਾਇਣ ਦਾਸ ਨੇ ਇਸ ਸੇਵਾ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ।

ਇੱਕ ਦਿਨ ਸੰਤ ਅਗਰਦਾਸ ਜੀ ਦਾ ਸਤਿਸੰਗ ਚੱਲ ਰਿਹਾ ਸੀ।ਸੰਤ ਜੀ ਬਚਨ ਭਾਵੇਂ ਕਰ ਰਹੇ ਸਨ ਪਰ ਅੱਜ ਉਨ੍ਹਾਂ ਦੇ ਉਪਦੇਸ਼ ਵਿਚ ਪਹਿਲਾਂ ਵਰਗੀ ਗੱਲ ਨਹੀਂ ਬਣ ਰਹੀ ਸੀ। ਇਸ ਦਾ ਕਾਰਨ ਇਹ ਸੀ ਉਨ੍ਹਾਂ ਦੇ ਇੱਕ ਪਰਮ-ਸੇਵਕ ਦਾ ਵਪਾਰਕ-ਬੇੜਾ ਸਮੁੰਦਰੀ ਤੂਫ਼ਾਨ ਵਿਚ ਘਿਰ ਚੁੱਕਾ ਸੀ ਅਤੇ ਉਹ ਇਸ ਬੇੜੇ ਨੂੰ ਪਾਰ ਲਗਾਉਣ ਲਈ ਸੰਤ ਜੀ ਨੂੰ ਬੇਨਤੀ ਕਰ ਰਿਹਾ ਸੀ। ਸੰਤ ਅਗਰਦਾਸ ਦੀ ਬਿਰਤੀ ਉਸ ਬੇਨਤੀ ਨਾਲ ਜੁੜ ਜਾਣ ਕਾਰਨ ਉਨ੍ਹਾਂ ਦੇ ਉਪਦੇਸ਼ ਉੱਖੜ ਰਹੇ ਸਨ।ਨਰਾਇਣ ਦਾਸ ਨੇ ਆਪਣੇ ਅੰਦਰ ਦੀ ਰੋਸ਼ਨੀ ਨਾਲ ਆਪਣੇ ਗੁਰੂ ਦੀ ਬੇਚੈਨੀ ਨੂੰ ਮਹਿਸੂਸ ਕਰ ਲਿਆ ਅਤੇ ਆਪਣੇ ਪੱਖੇ ਦੀ ਗਤੀ ਨੂੰ ਤੇਜ ਕਰ ਦਿੱਤਾ। ਇਸ ਨਾਲ ਉਸ ਸੇਵਕ ਦਾ ਫਸਿਆ ਹੋਇਆ ਬੇੜਾ ਬੰਨੇ ਲੱਗ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਅਗਰਦਾਸ ਨੂੰ ਆਖ ਦਿੱਤਾ ਕਿ ਉਹ ਆਪਣੇ ਉਪਦੇਸ਼ ਨੂੰ ਜਾਰੀ ਰੱਖਣ ਕਿਉਂਕਿ ਸੇਵਕ ਆਸ/ਅਰਦਾਸ ਪੂਰੀ ਹੋ ਚੁੱਕੀ ਹੈ।

ਨਰਾਇਣ ਦਾਸ ਦੀ ਇਸ ਉੱਚੀ ਤੇ ਸੁੱਚੀ ਪਹੁੰਚ ਤੋਂ ਪ੍ਰਸੰਨਚਿੱਤ ਹੋ ਕੇ ਗੁਰੂ ਅਗਰਦਾਸ ਨੇ ਉਸ ਦੇ ਹੱਥੋਂ ਹੱਥ-ਪੱਖ ਫੜ੍ਹ ਲਿਆ ਅਤੇ ਬਚਨ ਕੀਤਾ ਕਿ ਹੁਣ ਤੂੰ ਅੰਦਰ ਦੀਆਂ ਜਾਨਣ ਲੱਗ ਗਿਆ ਹੈਂ, ਜੋ ਕਿ ਇੱਕ ਮਹਾਨ ਅਤੇ ਪਵਿੱਤਰ ਆਤਮਾ ਵਾਲਾ ਸੰਤ ਹੀ ਕਰ ਸਕਦਾ ਹੈ। ਅੱਜ ਤੋਂ ਤੇਰਾ ਨਾਮ ਨਰਾਇਣ ਦਾਸ ਤੋਂ ਨਾਭਾ ਦਾਸ ਹੋਇਆ। ਹੁਣ ਤੂੰ ਪੱਖਾ ਫੇਰਨ ਦੀ ਸੇਵਾ ਨਹੀਂ ਕਰਨੀ ਸਗੋਂ ਉਨ੍ਹਾਂ ਸੰਤਾਂ-ਮਹਾਤਮਾਂ ਦਾ ਜੀਵਨ-ਇਤਿਹਾਸ ਲਿਖਣਾ ਹੈ ਜਿਹੜੇ ਸਤਿਯੁੱਗ ਤੋਂ ਲੈ ਕੇ ਕਲਿਯੁੱਗ ਤੱਕ ਇਸ ਧਰਤੀ ਉਪਰ ਆਉਂਦੇ ਰਹੇ ਹਨ ਅਤੇ ਲੋਕਾਈ ਦੇ ਕਲਿਆਣ ਹਿੱਤ ਕਾਰਜ ਕਰਦੇ ਰਹੇ ਹਨ। ਇਸ ਦਿਨ ਤੋਂ ਬਾਅਦ ਗੋਸਵਾਮੀ ਨਾਭਾ ਦਾਸ ਜੀ ਨੇ ਧਾਰਮਿਕ ਉਪਦੇਸ਼ ਦੇਣ ਦੇ ਨਾਲ-ਨਾਲ ਲੇਖਣੀ ਦੀ ਸੇਵਾ ਵੀ ਸੰਭਾਲ ਲਈ ਅਤੇ ਕਈ ਮਹਾਨ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ 'ਭਗਤਮਾਲਾ' ਨਾਮ ਦਾ ਗ੍ਰੰਥ ਵਰਨਣਯੋਗ ਹੈ।

# ਸਿੱਖਿਆ ਦਾ ਮਾਪਦੰਡ : ਅੰਕ ਜਾਂ ਅਕਲ?

ਚਾਨਣਦੀਪ ਸਿੰਘ ਔਲਖ,
ਸੰਪਰਕ :
9876888177,
Emial : chanandeep-aulakh@gmial.com





ਅੱਜਕੱਲ੍ਹ, ਸਾਡੀ ਸਿੱਖਿਆ ਪ੍ਰਣਾਲੀ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਅੰਕਾਂ ਨੂੰ ਗਿਆਨ ਅਤੇ ਸਫ਼ਲਤਾ ਦਾ ਪ੍ਰਮੁੱਖ ਮਾਪਦੰਡ ਮੰਨਿਆ ਜਾਂਦਾ ਹੈ। ਮਾਪਿਆਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਲਗਾਤਾਰ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਕਾਰਨ ਵਿਦਿਆਰਥੀਆਂ 'ਤੇ ਬਹੁਤ ਜ਼ਿਆਦਾ ਦਬਾਅ ਪੈਂਦਾ ਹੈ। ਵਿਦਿਆਰਥੀਆਂ ਨੂੰ ਲਗਾਤਾਰ ਉੱਚ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਕਾਬਲੀਅਤ ਨੂੰ ਅਕਸਰ ਉਨ੍ਹਾਂ ਦੇ ਅੰਕਾਂ ਦੇ ਆਧਾਰ 'ਤੇ ਹੀ ਪਰਖਿਆ ਜਾਂਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਇਹ ਸਿੱਖਿਆ ਦਾ ਸਹੀ ਤਰੀਕਾ ਹੈ? ਕੀ ਅੰਕ ਹੀ ਇੱਕ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਤੇ ਭਵਿੱਖ ਦੀ ਸਫ਼ਲਤਾ ਦਾ ਸਹੀ ਮਾਪਦੰਡ ਹੋਣੇ ਚਾਹੀਦੇ ਹਨ?

ਅਸਲ ਸਿੱਖਿਆ, ਅੰਕਾਂ ਦੇ ਛੋਟੇ ਦਾਇਰੇ ਤੋਂ ਕਿਤੇ ਵੱਧ ਵਿਆਪਕ ਹੈ। ਇਹ ਸਿਰਫ਼ ਕਿਤਾਬੀ ਗਿਆਨ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਅਜਿਹੇ ਹੁਨਰ ਅਤੇ ਗਿਆਨ ਪ੍ਰਦਾਨ ਕਰਨਾ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਅਸਲ ਜੀਵਨ ਵਿੱਚ ਸਫ਼ਲ ਹੋਣ ਲਈ ਤਿਆਰ ਕਰਨ। ਇਸ ਵਿੱਚ ਅਲੋਚਨਾਤਮਕ ਸੋਚ, ਸਮੱਸਿਆ ਹੱਲ ਕਰਨ ਦੇ ਹੁਨਰ, ਰਚਨਾਤਮਕਤਾ ਅਤੇ ਸਮਾਜਿਕ ਹੁਨਰ ਸ਼ਾਮਲ ਹਨ। ਅਸਲ ਸਿੱਖਿਆ ਵਿਦਿਆਰਥੀਆਂ ਨੂੰ ਸਿਰਫ਼ ਜਾਣਕਾਰੀ ਯਾਦ ਕਰਨ ਦੀ ਬਜਾਏ, ਸੋਚਣ ਅਤੇ ਸਮਝਣ ਲਈ ਪ੍ਰੇਰਿਤ ਕਰਦੀ ਹੈ।

ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ, ਵਿਦਿਆਰਥੀਆਂ ਨੂੰ ਅਕਸਰ ਰੱਟਾ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਹਨਾਂ ਨੂੰ ਸਿਰਫ਼ ਪਾਠ ਪੁਸਤਕਾਂ ਵਿੱਚ ਦਿੱਤੀ ਜਾਣਕਾਰੀ ਨੂੰ ਯਾਦ ਕਰਨ ਲਈ ਕਿਹਾ ਜਾਂਦਾ ਹੈ। ਇਹ ਵਿਦਿਆਰਥੀਆਂ ਨੂੰ ਅਸਲ ਵਿੱਚ ਸਿੱਖਣ ਅਤੇ ਗਿਆਨ ਨੂੰ ਅਸਲ ਜੀਵਨ ਵਿੱਚ ਲਾਗੂ ਕਰਨ ਤੋਂ ਰੋਕਦਾ ਹੈ। ਇਸ ਦੀ ਬਜਾਏ, ਸਿੱਖਿਆ ਨੂੰ ਅਜਿਹੇ ਤਰੀਕਿਆਂ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਸੋਚਣ, ਸਵਾਲ ਪੁੱਛਣ ਅਤੇ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਅਕਲ, ਸਿੱਖਿਆ ਦਾ ਇੱਕ ਅਨਿੱਖੜਵਾਂ ਅੰਗ ਹੈ। ਇਸ ਵਿੱਚ ਵਿਦਿਆਰਥੀਆਂ ਨੂੰ ਆਪਣੇ ਗਿਆਨ ਨੂੰ ਅਸਲ-ਜ਼ਿੰਦਗੀ ਦੀਆਂ ਸਥਿਤੀਆਂ ਵਿੱਚ ਲਾਗੂ ਕਰਨ ਦੀ ਯੋਗਤਾ ਸ਼ਾਮਲ ਹੈ। ਇਹ ਵਿਦਿਆਰਥੀਆਂ ਨੂੰ ਸਮੱਸਿਆਵਾਂ ਨੂੰ ਹੱਲ ਕਰਨ, ਨਵੇਂ ਵਿਚਾਰਾਂ ਨਾਲ ਆਉਣ ਅਤੇ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ, ਅਕਲ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਅਜਿਹੇ ਹੁਨਰਾਂ ਦੀ ਲੋੜ ਹੁੰਦੀ ਹੈ ਜੋ ਉਹਨਾਂ ਨੂੰ ਨਵੀਂ ਜਾਣਕਾਰੀ ਨੂੰ ਜਲਦੀ ਸਿੱਖਣ ਅਤੇ ਅਨੁਕੂਲ ਬਣਾਉਣ ਵਿੱਚ ਮਦਦ ਕਰਨ।

ਸਾਡੀ ਸਿੱਖਿਆ ਪ੍ਰਣਾਲੀ ਨੂੰ ਅਜਿਹੇ ਤਰੀਕਿਆਂ ਨਾਲ ਬਦਲਣ ਦੀ ਲੋੜ ਹੈ ਜੋ ਅੰਕਾਂ ਦੀ ਬਜਾਏ ਅਕਲ ਨੂੰ ਉਤਸ਼ਾਹਿਤ ਕਰਦੇ ਹਨ। ਇਸ ਵਿੱਚ ਵਿਦਿਆਰਥੀਆਂ ਨੂੰ ਅਸਲ-ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਪ੍ਰੋਜੈਕਟਾਂ 'ਤੇ ਕੰਮ ਕਰਨ ਦੇ ਮੌਕੇ ਪ੍ਰਦਾਨ ਕਰਨਾ ਸ਼ਾਮਲ ਹੈ। ਸਿੱਖਿਆ ਨੂੰ ਅਜਿਹੇ ਤਰੀਕਿਆਂ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਸੋਚਣ, ਸਵਾਲ ਪੁੱਛਣ ਅਤੇ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਦੇ ਹਨ। ਅਧਿਆਪਕਾਂ ਨੂੰ ਸਿਰਫ਼ ਜਾਣਕਾਰੀ ਦੇਣ ਵਾਲੇ ਨਹੀਂ, ਸਗੋਂ ਵਿਦਿਆਰਥੀਆਂ ਦੇ ਸਿੱਖਣ ਦੇ ਮਾਰਗਦਰਸ਼ਕ ਬਣਨਾ ਚਾਹੀਦਾ ਹੈ।

ਇਸ ਤੋਂ ਇਲਾਵਾ, ਸਾਨੂੰ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਭਾਵਨਾਤਮਕ ਹੁਨਰ ਸਿਖਾਉਣ ਦੀ ਲੋੜ ਹੈ। ਇਸ ਵਿੱਚ ਸਹਿਯੋਗ, ਸੰਚਾਰ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਸ਼ਾਮਲ ਹਨ। ਇਹ ਹੁਨਰ ਵਿਦਿਆਰਥੀਆਂ ਨੂੰ ਨਾ ਸਿਰਫ਼ ਉਨ੍ਹਾਂ ਦੇ ਕੈਰੀਅਰ ਵਿੱਚ ਸਫ਼ਲ ਹੋਣ ਵਿੱਚ ਮਦਦ ਕਰਨਗੇ, ਸਗੋਂ ਉਨ੍ਹਾਂ ਨੂੰ ਇੱਕ ਖੁਸ਼ਹਾਲ ਅਤੇ ਸੰਤੁਸ਼ਟ ਜੀਵਨ ਜਿਉਣ ਵਿੱਚ ਵੀ ਮਦਦ ਕਰਨਗੇ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਵੀ ਬਹੁਤ ਜ਼ਰੂਰੀ ਹੈ। ਸਿੱਖਿਆ ਦਾ ਉਦੇਸ਼ ਸਿਰਫ਼ ਵਿਦਿਆਰਥੀਆਂ ਨੂੰ ਗਿਆਨ ਦੇਣਾ ਨਹੀਂ, ਸਗੋਂ ਉਨ੍ਹਾਂ ਨੂੰ ਜ਼ਿੰਮੇਵਾਰ ਅਤੇ ਸਿਹਤਮੰਦ ਨਾਗਰਿਕ ਬਣਾਉਣਾ ਵੀ ਹੈ।

ਅੰਤ ਵਿੱਚ, ਅਸਲ ਸਿੱਖਿਆ ਸਿਰਫ਼ ਅੰਕਾਂ ਤੱਕ ਸੀਮਿਤ ਨਹੀਂ ਹੈ। ਇਹ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫ਼ਲ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਪ੍ਰਦਾਨ ਕਰਨ ਬਾਰੇ ਹੈ। ਸਾਨੂੰ ਆਪਣੀ ਸਿੱਖਿਆ ਪ੍ਰਣਾਲੀ ਵਿੱਚ ਅਜਿਹੇ ਬਦਲਾਅ ਕਰਨੇ ਚਾਹੀਦੇ ਹਨ ਜੋ ਅੰਕਾਂ ਦੀ ਬਜਾਏ ਬੁੱਧੀ, ਰਚਨਾਤਮਕਤਾ ਅਤੇ ਸਮਾਜਿਕ ਹੁਨਰਾਂ ਨੂੰ ਉਤਸ਼ਾਹਿਤ ਕਰਨ। ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਸਾਡੇ ਵਿਦਿਆਰਥੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਸਫ਼ਲ ਹੋਣ ਲਈ ਤਿਆਰ ਹਨ।

* * * * * * * *

# ਕਿੰਨੀਆਂ ਮਾਵਾਂ ਦੇ ਪੁੱਤ ਖਾ ਲਏ ਲੋਕੋ, ਚੰਦਰੇ ਨਸ਼ਿਆਂ ਨੇ

ਭੱਟੀ ਭੜੀ ਵਾਲੇ ਦਾ ਲਿਖਿਆ ਗੀਤ 'ਨਸ਼ੇ' ਟਾਈਟਲ ਹੇਠ ਬਹੁਤ ਚਰਚਾ ਵਿੱਚ ਹੈ........

ਪੇਸ਼ਕਰ ਅਤੇ ਗੀਤਕਾਰ ਭੱਟੀ ਭੜੀ ਵਾਲਾ ਗੀਤਕਾਰੀ ਦੇ ਮੁਕਾਮ ਨੂੰ ਹੱਥ ਪਾ ਚੁੱਕਾ ਹੈ।'ਰੱਬ ਵਰਗਾ ਸੀ ਤੇਰਾ ਯਾਰ ਵੈਰਨੇ' ਦੁਰਗੇ ਰੰਗੀਲੇ ਰਾਹੀ ਗੀਤ ਨੂੰ ਸਰੋਤਿਆਂ ਦੀ ਝੋਲੀ



ਪਾਉਣ ਵਾਲਾ ਗੀਤਕਾਰ ਭੱਟੀ ਭੜੀ ਵਾਲਾ ਹੀ ਹੈ ਜਿਸ ਨੇ ਬਹੁਤ ਵਧੀਆ ਵਧੀਆ ਗੀਤ ਲਿਖ ਕੇ ਸਰੋਤਿਆਂ ਦੀ ਝੋਲੀ ਪਾਏ ਹਨ ਅਤੇ ਪਾ ਰਿਹਾ ਹੈ।

ਹੁਣ ਤਾਜ਼ਾ ਗੀਤ 'ਨਸ਼ੇ' ਜੋ ਰਿਲੀਜ਼ ਹੋ ਚੁੱਕਾ ਹੈ। ਇਹ ਗੀਤ ਪੰਜਾਬ ਦੇ ਬੱਚਿਆਂ ਦੀ ਚੜ੍ਹਦੀ ਉਮਰੇ ਨਸ਼ਿਆਂ ਦੀ ਭੇਟ ਚੜ੍ਹ ਜਾਣ ਦੀ ਕਹਾਣੀ ਬਿਆਨ ਕਰਦਾ ਹੈ। ਕਿਸ ਤਰਾਂ ਪੰਜਾਬ ਦੇ ਕਈ ਮਾਵਾਂ ਦੇ ਪੁੱਤ ਜਿੰਨਾਂ ਦੇ ਸਿਰਾਂ ਤੇ ਸਿਹਰੇ ਸਜਣੇ ਸੀ ਉਹ ਹੋਰ ਰਾਹ ਤੁਰ ਗਏ! ਭੱਟੀ ਭੜੀ ਵਾਲੇ ਨੇ ਜਾਣਕਾਰੀ ਦਿੰਦਿਆ ਦੱਸਿਆ ਪੰਜਾਬ ਦੇ ਉੱਘੇ ਅਫ਼ਸਰ ਸ੍ਰਦਾਰ ਨਰਿੰਜਨ ਸਿੰਘ (ਸਾਬਕਾ ਡਿਪਟੀ ਡਾਇਰੈਕਟਰ ਈ.ਡੀ.) ਦੀ ਸੋਚ ਨੂੰ ਲੈ ਕੇ ਭੱਟੀ ਭੜੀ ਵਾਲੇ ਨੇ ਗੀਤ ਨੂੰ ਲਿਖਿਆ ਹੈ। ਜਿਨਾਂ ਨੇ ਪੰਜਾਬ ਵਿੱਚ ਨਸ਼ਾ ਫ਼ੈਲਾਉਣ ਵਾਲੇ ਅਨਸਰਾਂ ਖਿਲਾਫ਼ ਬਹੁਤ ਵੱਡੀ ਮੁਹਿਮ ਵਿੱਢੀ ਅਤੇ ਸੈਂਕੜੇ ਨਸ਼ਾ ਤਸਕਰਾਂ ਨੂੰ ਸਜਾ ਦਿਵਾਈ।



ਇਸ ਗੀਤ ਨੂੰ ਰਮਨ ਸੰਧੂ ਬਿਲਕੁਲ ਨਵੀਂ ਗਾਇਕਾ ਨੇ ਬਹੁਤ ਖੂਬਸੂਰਤ ਵੈਰਾਗ ਛੇੜਦੀ ਅਵਾਜ਼ ਦਿੱਤੀ ਹੈ।ਇਸ ਗੀਤ ਦਾ ਦਰਦ ਭਰਿਆ ਮਿਊਜ਼ਿਕ ਉੱਘੇ ਸੰਗੀਤਕਾਰ ਰੋਮੀ ਸਿੰਘ ਨੇ ਦਿੱਤਾ ਹੈ। ਇਸ ਗੀਤ ਦੀ ਸ਼ੂਟਿੰਗ ਮੋਹਾਲੀ, ਜਲੰਧਰ, ਸਮਰਾਲਾ ਅਤੇ ਇਸ ਦੇ ਲਾਗਲੇ ਪਿੰਡ ਹਰਿਓਂ ਖੁਰਦ ਵਿੱਖੇ ਵੀਡੀਓ ਡਾਇਰੈਕਟਰ ਸੁਖਇੰਦਰ ਬੇਗੜਾ ਨੇ ਮੁਕੰਮਲ ਕੀਤੀ ਹੈ। ਉੱਘੇ ਐਕਟਰ ਕੁਲਬੀਰ ਸਿੰਘ ਮੁਸ਼ਕਾਬਾਦ ਅਤੇ ਉਹਨਾਂ ਦੀ ਟੀਮ ਦੇ ਮੈਂਬਰਾਂ ਗੁਰਪ੍ਰੀਤ ਗੋਪਨ, ਅਮਰਜੀਤ ਗੋਪਨ, ਮੁਸ਼ਕਾਨ ਸਿੱਧੂ, ਜੀਵਨ, ਦਲਜੀਤ ਲਾਡੀ, ਰਵੀ ਹੰਸ, ਜੁਗਰਾਜ, ਹਨੀ, ਨਵਦੀਪ, ਅੰਮ੍ਰਿਤਪੁਰੀ, ਰੀਆ ਅਤੇ ਤਜਿੰਦਰ ਸਿੰਘ ਤੇਜ਼ੀ ਤੋਂ ਇਲਾਵਾ ਸੰਸਾਰ ਪ੍ਰਸਿੱਧ ਪ੍ਰਮੋਟਰ ਬੰਨੀ ਸ਼ਰਮਾ, ਸਚਿਨ ਮਦਾਨ, ਗੁਰਜੀਤ ਟਰਾਂਟੋ, ਦੀਪਕ ਬਜਾਜ, ਵਿੱਕੀ ਸ਼ਾਹੀ, ਹਨੀ ਧਾਲੀਵਾਲ ਸਾਰਿਆਂ ਨੇ ਬਹੁਤ ਮਿਹਨਤ ਨਾਲ ਕੰਮ ਕੀਤਾ ਹੈ। ਸ੍ਰਦਾਰ ਨਿਰੰਜਨ ਸਿੰਘ (ਸਾਬਕਾ ਈ. ਡੀ ਅਫ਼ਸਰ) ਨੇ ਨੇਕ ਕਾਰਜ਼ ਕਰਦਿਆਂ ਇਸ ਵੀਡੀਓ ਵਿੱਚ ਉੱਚੇ ਆਹੁਦੇ ਵਾਲੇ ਅਫ਼ਸਰ ਦੀ ਭੂਮਿਕਾ ਨਿਭਾ ਕੇ ਵੱਡਮੁੱਲਾ ਯੋਗਦਾਨ ਪਾਇਆ ਹੈ।

ਇਸ ਗੀਤ ਨੂੰ ਪੰਜਾਬ ਦੀ ਮਸ਼ਹੂਰ ਆਡੀਓ ਕੰਪਨੀ " ਲੋਕ ਗੀਤ ਐਂਟਰਟੇਨਮੈਂਟ" ਮੋਹਾਲੀ ਵਲੋਂ ਵਿਸ਼ਵ ਭਰ ਦੀ ਰੇਡਿਓ, ਟੀ ਵੀ ਅਤੇ ਮੀਡੀਆ ਉੱਪਰ ਰਿਲੀਜ਼ ਕੀਤਾ ਗਿਆ। ਭੱਟੀ ਭੜੀ ਵਾਲੇ ਨੇ ਕਿਹਾ ਕੇ ਨਸ਼ਿਆਂ ਖ਼ਾਤਰ ਸਾਡੇ ਵਲੋਂ ਲਾਈ ਪੁਕਾਰ ਦਾ ਸੁਨੇਹਾਂ ਜੇ ਘਰ ਘਰ ਪਹੁੰਚਾਇਆ ਜਾਵੇ ਤਾਂ ਬਹੁਤ ਸਾਰੇ ਘਰ ਨਸ਼ਿਆਂ ਤੋਂ ਬਚਕੇ ਆਮ ਜਿੰਦਗੀ ਦੇ ਰਾਹ ਤੁਰ ਸਕਦੇ ਹਨ।

-ਸੁਖਵਿੰਦਰ ਸਿੰਘ ਮੁੱਲਾਂਪੁਰ +61 461 530 169